
ਭਾਰਤੀ ਰਾਜ ਦੀ ਦਸ਼ਾ ਤੇ ਦਿਸ਼ਾ



ਸੰਪਾਦਕ

ਸੁਰਿੰਦਰ ਕੁਮਾਰੀ ਕੋਛੜ

BVP - 1982

16/3/18

2/5

~~Bha~~ Marti Raj Di Dasha
Te Disha.

ਭਾਰਤੀ ਰਾਜ ਦੀ ਦਸ਼ਾ

ਤੇ

ਦਿਸ਼ਾ

ਸੰਪਾਦਕ:

ਸੁਰਿੰਦਰ ਕੁਮਾਰੀ ਕੋਛੜ

5 ਆਬ

ਪ੍ਰਕਾਸ਼ਨ . ਜਲੰਧਰ

ਤਤਕਰਾ

ਸੰਪਾਦਕੀ ਸ਼ਬਦ

ਹਥਲੀ ਪੁਸਤਕ ਵੰਨ-ਸੁਵੰਨੇ ਲੇਖਾਂ ਦਾ ਸੰਗ੍ਰਹਿ ਹੈ। ਅਜੋਕੇ ਸਮੇਂ ਅੰਦਰ ਮੁਲਕ ਦੀ ਆਰਥਿਕ-ਸਮਾਜਿਕ, ਰਾਜਨੀਤਕ ਦਸ਼ਾ ਅਤੇ ਦਿਸ਼ਾ ਦੇ ਮਹੱਤਵਪੂਰਣ ਅਤੇ ਭਖ਼ਦੇ ਮਸਲੇ ਨੂੰ ਮੁਖ਼ਾਤਬ ਇਹ ਸੰਗ੍ਰਹਿ, ਤੁਹਾਡੇ ਅਮੁੱਲੇ ਸੁਝਾਵਾਂ, ਰਾਵਾਂ ਅਤੇ ਗੰਭੀਰ ਵਿਚਾਰ-ਚਰਚਾ ਦਾ ਸਿਲਸਿਲਾ ਅੱਗੇ ਤੋਰਨ ਵਿਚ ਆਪਣਾ ਬਣਦਾ ਯੋਗਦਾਨ ਪਾ ਸਕੇ, ਇਸ ਮਕਸਦ ਨਾਲ ਇਹ ਪੁਸਤਕ ਤੁਹਾਡੇ ਹੱਥਾਂ ਤੱਕ ਪਹੁੰਚਦੀ ਕਰਨ ਦੀ ਖ਼ੁਸ਼ੀ ਲੈ ਰਹੇ ਹਾਂ।

ਪੁਸਤਕ ਵਿਚ ਸ਼ਾਮਲ ਲੇਖਾਂ ਦੀ ਚੋਣ ਕਰਦੇ ਸਮੇਂ ਲੇਖਕ ਵਿਦਵਾਨਾਂ ਨੂੰ ਆਪਣੇ ਵਿਚਾਰ ਪੂਰੀ ਤਰ੍ਹਾਂ ਆਜ਼ਾਦਾਨਾ ਹੈਸੀਅਤ ਵਿਚ ਪੇਸ਼ ਕਰਨ ਦੇ ਉਹਨਾਂ ਦੇ ਅਧਿਕਾਰ ਦਾ ਅਸੀਂ ਤਹਿ ਦਿਲੋਂ ਧਿਆਨ ਰੱਖਿਆ ਹੈ। ਸਾਡਾ ਆਪਣਾ ਵੀ ਨਜ਼ਰੀਆ ਹੈ। ਸਾਡਾ ਆਪਣਾ ਵੀ ਵਿਸ਼ਲੇਸ਼ਣ ਹੈ। ਅਸੀਂ ਮੁਲਕ ਦੀ ਦਸ਼ਾ ਦੀ ਸਿਰਫ਼ ਤਸਵੀਰ ਖਿੱਚਣ ਜਾਂ ਪੇਸ਼ ਕਰਨ ਤੱਕ ਹੀ ਸੀਮਤ ਨਹੀਂ। ਸਾਡਾ ਆਪਣਾ ਖਿਆਲ ਹੈ ਕਿ ਤਸਵੀਰਕਸ਼ੀ ਤਾਂ ਕਿਸੇ ਹੱਦ ਤੱਕ ਪ੍ਰਿੰਟ ਅਤੇ ਇਲੈਕਟਰੌਨਿਕ ਮੀਡੀਆ ਰਾਹੀਂ ਵੀ ਕਿਸੇ ਹੱਦ ਤੱਕ ਲੋਕਾਂ ਕੋਲ ਪਹੁੰਚ ਰਹੀ ਹੈ। ਸਾਡਾ ਪ੍ਰਮੁੱਖ ਉਦੇਸ਼, ਮੁਲਕ ਦੀ ਅਜੋਕੀ ਦਸ਼ਾ ਅਤੇ ਬੁਨਿਆਦੀ ਕਾਰਨਾਂ ਉੱਪਰ ਉਂਗਲ ਰੱਖਣਾ ਹੈ। ਉਹਨਾਂ ਦਰਸਾਏ ਜਾ ਰਹੇ ਕਾਰਨਾਂ ਦਾ ਪੁਰਜ਼ੋਰ ਖੰਡਨ ਕਰਨਾ ਹੈ ਜਿਹੜੇ, ਹਾਕਮ ਜਮਾਤੀ ਵਿਵਸਥਾ ਦੇ ਅਸਲ ਕੁਹਜ਼ ਨੂੰ ਢਕਣ ਲਈ ਘੜੇ ਅਤੇ ਬਣਾ ਸੁਆਰ ਕੇ ਪੇਸ਼ ਕੀਤੇ ਜਾ ਰਹੇ ਹਨ।

ਦਸ਼ਾ ਦੇ ਹਕੀਕੀ ਅਤੇ ਬੁਨਿਆਦੀ ਕਾਰਨਾਂ ਦੀ ਨਿਸ਼ਾਨਦੇਹੀ ਕਰਨ ਤੱਕ ਹੀ ਮਹਿਦੂਦ ਰਹਿਣ ਦੀ ਬਜਾਏ, ਅਸੀਂ ਅਜੋਕੀ ਵਿਵਸਥਾ ਨੂੰ ਮੂਲ੍ਹੋਂ ਬਦਲਕੇ ਜੋਕਾਂ ਦੀ ਬਜਾਏ ਲੋਕਾਂ ਦੇ ਸਰਵ-ਪੱਖੀ ਵਿਕਾਸ ਦੇ ਮਾਰਗ ਖੋਹਲਣ ਦੀ ਦਿਸ਼ਾ ਪੇਸ਼ ਕਰਨ ਉਪਰ ਪਾਠਕ-ਵਰਗ ਦਾ ਵਿਸ਼ੇਸ਼ ਧਿਆਨ ਖਿੱਚਣ ਦਾ ਚੇਤੰਨ ਯਤਨ ਕਰ ਰਹੇ ਹਾਂ। ਸਾਡੀ ਸਮਝ ਅਨੁਸਾਰ ਘੁੰਮਣਘੇਰੀ, ਭੰਬਲਭੂਸੇ ਅਤੇ ਹਨੇਰੇ 'ਚ ਟੱਕਰਾਂ ਮਾਰਦੇ ਆਮ ਅਵਾਮ ਨੂੰ ਉਹਦੇ ਸਮਝ ਆਉਣ ਵਾਲਾ, ਉਸਨੂੰ ਸਰਗਰਮੀ ਦੇ ਪਿੜ ਵਿਚ ਖਿੱਚਣ ਵਾਲਾ ਸਮੇਂ ਦਾ ਹਾਣੀ ਮਾਰਗ-ਦਰਸ਼ਨ ਅਜੋਕੇ ਵਕਤ ਦਾ ਪ੍ਰਮੁੱਖ ਸੁਆਲ ਬਣਦਾ ਹੈ।

ਅਜੋਕੀ ਚੌਤਰਫ਼ੀ ਹਾਲਤ ਬਹੁਤ ਹੀ ਗੁੰਝਲਦਾਰ ਹੈ। ਇਸਦਾ ਵਕਤੀ ਜਾਂ ਉਪਰੋਂ-ਉਪਰੋਂ ਇਲਾਜ ਵੀ ਸੰਭਵ ਨਹੀਂ। ਇਹ ਪ੍ਰਬੰਧ ਸਿਰਫ ਬੁਨਿਆਦੀ ਇਨਕਲਾਬੀ

ਸਮਾਜਕ ਤਬਦੀਲੀ ਲਈ ਦਸਤਕ ਦੇ ਰਿਹਾ ਹੈ। ਬਿਨਾਂ ਸ਼ੱਕ ਇਸ ਪੁਸਤਕ ਦੇ ਲੇਖ ਅਜੋਕੇ ਸਿਸਟਮ ਦੀਆਂ ਜੜ੍ਹਾਂ ਵਿਚ ਸਮੋਏ ਕਾਰਨਾਂ ਵੱਲ ਆਪਣੇ ਅੰਦਾਜ਼ ਵਿਚ ਸੈਨਤਾਂ ਕਰਦੇ ਹਨ। ਸਾਡੀ ਆਪਣੀ ਇਕ ਸੋਚ-ਦ੍ਰਿਸ਼ਟੀ ਹੈ।

ਸਾਡੀ ਸਮਝ ਅਤੇ ਮਾਰਗ-ਦ੍ਰਿਸ਼ਟੀ ਅਨੁਸਾਰ, ਮਾਰਕਸੀ ਫਿਲਾਸਫੀ (ਦਰਸ਼ਨ) ਅਤੇ ਮਾਰਕਸੀ ਨਜ਼ਰੀਏ ਤੋਂ ਅਜੋਕੀ ਰਾਜਨੀਤਕ ਦਰਸਾਉਂਦੀ ਹੈ ਕਿ ਸੰਸਾਰ ਵਿਆਪੀ ਆਰਥਿਕ ਮੰਦਵਾੜੇ ਵਾਂਗ, ਭਾਰਤੀ ਆਰਥਿਕਤਾ ਵੀ ਬੁਰੀ ਤਰ੍ਹਾਂ ਮੰਦਵਾੜੇ ਦੀ ਜਕੜ ਵਿਚ ਹੈ। ਇਸ ਦਾ ਵਿਸ਼ੇਸ਼ ਲੱਛਣ ਇਹ ਹੈ ਕਿ ਇਹ ਮੰਦਵਾੜਾ, ਕੋਈ ਵਕਤੀ ਵਰਤਾਰਾ ਨਹੀਂ, ਸਗੋਂ ਨਿਰੰਤਰ ਵਰਤਾਰਾ ਹੈ। ਹਾਕਮ ਧੜਿਆਂ ਦੀ ਆਰਥਿਕਤਾ ਦੀ ਵਕਾਲਤ ਕਰਦੇ ਰਹਿੰਦੇ ਅਰਥ-ਸ਼ਾਸਤਰੀ ਵੀ ਹੁਣ ਪ੍ਰਵਾਨ ਕਰਨ 'ਤੇ ਮਜਬੂਰ ਹਨ ਕਿ ਇਹ ਆਰਥਿਕ ਮੰਦਵਾੜਾ ਹੁਣ ਰਵਾਇਤੀ ਤੌਰ ਤਰੀਕਿਆਂ ਨਾਲ ਕਾਬੂ ਆਉਣ ਵਾਲਾ ਨਹੀਂ। ਹਾਕਮ ਜਮਾਤੀ ਗਲਿਆਰਿਆਂ ਅੰਦਰ ਵੀ ਇਹ ਚਰਚਾ ਹੈ ਕਿ ਇਸ ਸੰਕਟ ਵਿਚੋਂ ਨਿਕਲਣ ਦੀ ਨੇੜ ਭਵਿੱਖ ਵਿਚ ਕੋਈ ਸੰਭਾਵਨਾ ਨਜ਼ਰ ਨਹੀਂ ਆਉਂਦੀ।

ਸੋ, ਇਕ ਵਾਰ ਫੇਰ ਮਾਰਕਸੀ ਵਿਚਾਰਧਾਰਾ ਸੰਸਾਰ ਮੰਦਵਾੜੇ ਦੇ ਬੁਨਿਆਦੀ ਕਾਰਣਾਂ ਨੂੰ ਸਮਝਣ ਅਤੇ ਹੱਲ ਕਰਨ ਲਈ ਸਰਵੋਤਮ ਮਾਰਗ-ਦਸੇਰਾ ਹੈ। ਸਾਮਰਾਜੀ ਅਰਥਚਾਰੇ ਅਤੇ ਉਸਦੀ ਸੇਵਾ 'ਚ ਲੱਗੀ ਸਾਡੀ ਮੁਲਕ ਦੀ ਲੋਟੂ ਵਿਵਸਥਾ ਦੇ ਰਖੇਲ ਹਾਕਮਾਂ ਨੂੰ ਇਹ ਭਲੀਭਾਂਤ ਪਤਾ ਹੈ ਕਿ ਸੰਸਾਰ ਭਰ ਅੰਦਰ ਦੱਬੀਆਂ ਕੁਚਲੀਆਂ ਕੌਮਾਂ ਅਤੇ ਲੁੱਟੇ ਪੁੱਟੇ ਜਾ ਰਹੇ ਲੋਕਾਂ ਨੂੰ ਬਲ ਅਤੇ ਛਲ ਦੇ ਜ਼ੋਰ ਬਹੁਤੀ ਦੇਰ ਗੁਲਾਮ ਨਹੀਂ ਰੱਖਿਆ ਜਾ ਸਕਦਾ।

ਸੋ ਵਕਤ ਦੀ ਪ੍ਰਮੁੱਖ ਲੋੜ ਇਹ ਹੈ ਕਿ ਲੋਕਾਂ ਦੀ ਦੁਖਦੀ ਰਗ ਨੂੰ ਸਮਝਦਿਆਂ ਅੱਗੇ ਹੋ ਕੇ ਉਹਨਾਂ ਦੀ ਬਾਂਹ ਫੜੀ ਜਾਵੇ। ਉਹਨਾਂ ਦੀ ਮੁਕਤੀ ਲਈ ਇਨਕਲਾਬੀ ਰਾਹ ਦੀ ਦਿਸ਼ਾ ਉਪਰ ਵਿਸ਼ੇਸ਼ ਜ਼ੋਰ ਦਿੱਤਾ ਜਾਵੇ!

ਇਸ ਪੁਸਤਕ 'ਚ ਸ਼ਾਮਲ ਸਮੂਹ ਲੇਖਕਾਂ ਦੇ ਧੰਨਵਾਦੀ ਹਾਂ ਜਿਹਨਾਂ ਸਾਡੇ ਇਕ ਸੱਦੇ 'ਤੇ ਆਪਣੀਆਂ ਲਿਖਤਾਂ ਭੇਜਣ ਦਾ ਭਰਵਾਂ ਹੁੰਗਾਰਾ ਭਰਿਆ।

4 ਦਸੰਬਰ 2017 **-ਸੁਰਿੰਦਰ ਕੁਮਾਰੀ ਕੋਛੜ**

ਕਿਤਾਬਾਂ ਛਪਵਾਉਣ ਦੇ ਮਕਸਦ ਸਬੰਧੀ ਦੋ ਸ਼ਬਦ

ਮੇਰੇ ਸਤਿਕਾਰਤ ਪਿਤਾ ਕਾਮਰੇਡ ਗੰਧਰਵ ਸੇਨ ਕੋਛੜ 100ਵੇਂ ਸਾਲ 'ਚ ਪ੍ਰਵੇਸ਼ ਕਰਦੇ ਹੋਏ ਜਦੋਂ ਵੀ ਮੇਰੇ ਨਾਲ ਕੋਈ ਗੱਲਬਾਤ ਕਰਦੇ ਹਨ ਤਾਂ ਉਨ੍ਹਾਂ ਦੇ ਹਰ ਬੋਲ 'ਚ ਮਿਨਹਤਕਸ਼ ਲੋਕਾਂ ਦੀ ਹਾਲਤ ਬਾਰੇ ਚਿੰਤਾ ਰਹਿੰਦੀ ਹੈ। ਉਹ ਲੋਕਾਂ 'ਚ ਜਮਾਤੀ ਚੇਤਨਾ ਜਗਾਉਣ ਪ੍ਰਤੀ ਫਿਕਰਮੰਦ ਰਹਿੰਦੇ ਹਨ। ਉਹ ਹਮੇਸ਼ਾ ਪੁਸਤਕ ਸਭਿਆਚਾਰ ਨੂੰ ਪ੍ਰਫੁੱਲਤ ਕਰਨ ਅਤੇ ਹਰਮਨ ਪਿਆਰਾ ਬਣਾਉਣ ਲਈ ਢੁਕਵੀਆਂ ਅਤੇ ਸਾਰਥਕ ਵਿਧੀਆਂ ਅਪਣਾਉਣ ਉੱਪਰ ਜ਼ੋਰ ਦਿੰਦੇ ਆ ਰਹੇ ਹਨ।

ਉਨ੍ਹਾਂ ਨੇ ਆਪ ਮਾਰਕਸਵਾਦੀ ਤੇ ਵਿਗਿਆਨਕ ਵਿਸ਼ਿਆਂ ਉੱਪਰ ਗੰਭੀਰ ਅਧਿਐਨ ਕਰਨ ਦਾ ਯਤਨ ਕੀਤਾ ਹੈ। ਉਹ ਨੂਰਮਹਿਲ ਅਧਿਐਨ ਕੇਂਦਰ, ਵਿੱਦਿਅਕ ਸੰਸਥਾਵਾਂ ਅਤੇ ਦੇਸ਼ ਭਗਤ ਯਾਦਗਾਰ ਹਾਲ ਅੰਦਰ ਭਾਈ ਸੰਤੋਖ ਸਿੰਘ 'ਕਿਰਤੀ' ਲਾਇਬਰੇਰੀ ਵਿਚ ਫ਼ਿਲਾਸਫੀ, ਇਤਿਹਾਸ, ਰਾਜਨੀਤੀ, ਸਮਾਜ-ਸ਼ਾਸਤਰ, ਅਰਥ-ਸ਼ਾਸਤਰ, ਸਾਹਿਤ, ਸਭਿਆਚਾਰ, ਕਲਾ, ਗਿਆਨ, ਵਿਗਿਆਨ, ਆਦਿ ਅਨੇਕਾਂ ਵਿਸ਼ਿਆਂ ਨਾਲ ਸਬੰਧਤ ਕਿਤਾਬਾਂ ਦਾ ਭੰਡਾਰ ਇਕੱਠਾ ਕਰਨ ਦੇ ਕਾਰਜ਼ ਨੂੰ ਹਮੇਸ਼ਾ ਤਰਜੀਹ ਅਤੇ ਅਹਿਮੀਅਤ ਦਿੰਦੇ ਆ ਰਹੇ ਹਨ।

ਸਿਖਿਆਰਥੀ ਚੇਤਨਾ ਕੈਂਪ ਨੂੰ ਮਿਆਰੀ, ਪ੍ਰਸੰਗਕ ਅਤੇ ਨਿਰੰਤਰ ਫੀਚਰ ਬਣਾਉਣ ਦੇ ਕਾਰਜ਼ ਨੂੰ ਪੱਕੇ ਪੈਰੀਂ ਕਰਦਿਆਂ ਉਹ ਚੇਤਨਾ ਕੈਂਪ ਦੀ ਲੜੀ ਸਾਲ ਵਿਚ ਘੱਟੋ ਘੱਟ ਦੋ ਵਾਰ ਕਰਨ ਉੱਪਰ ਜ਼ੋਰ ਦਿੰਦੇ ਆ ਰਹੇ ਹਨ।

ਅਸੀਂ ਪਿਓ-ਧੀ ਨੇ ਮਿਲ ਬੈਠ ਕੇ, ਸੋਚ-ਵਿਚਾਰ ਕਰਨ ਅਤੇ ਰਚਨਾਤਮਕ ਸੰਵਾਦ ਰਚਾਉਣ ਉਪਰੰਤ ਕੁਝ ਅਹਿਮ ਫ਼ੈਸਲੇ ਲਏ। ਜਿਨ੍ਹਾਂ 'ਚੋਂ ਇਕ ਵੰਨਗੀ ਹੈ, ਸਾਹਿਤ ਪ੍ਰਕਾਸ਼ਨਾ ਕਰ ਕੇ, ਇਕੱਤਰ ਕਰ ਕੇ, ਨੌਜਵਾਨ ਕਿਰਤੀ, ਕਿਸਾਨ, ਸਮੂਹ ਮਿਹਨਤਕਸ਼ ਵਰਗ ਅਤੇ ਵਿਸ਼ੇਸ਼ ਕਰ ਕੇ ਔਰਤ ਵਰਗ ਨੂੰ ਜਾਗਰੂਕ ਕਰਨ ਲਈ ਆਪਣਾ ਬਣਦਾ ਯੋਗਦਾਨ ਪਾਉਣਾ ਚਾਹੁੰਦੇ ਹਾਂ। ਇਸ ਤਹਿਤ ਅਸੀਂ 'ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਦਾ ਮੁੱਢ' (ਏਂਗਲਜ਼), 'ਬਾਂਦਰ ਤੋਂ ਮਨੁੱਖ ਤੱਕ ਤਬਦੀਲੀ ਵਿੱਚ ਕਿਰਤ ਵੱਲੋਂ ਪਾਇਆ ਹਿੱਸਾ' (ਏਂਗਲਜ਼) 'ਰਾਜ ਤੇ ਇਨਕਲਾਬ' (ਲੈਨਿਨ), 'ਸਾਮਰਾਜਵਾਦ ਸਰਮਾਏਦਾਰੀ ਦਾ ਸਰਵਉੱਚ ਪੜਾਅ' (ਲੈਨਿਨ) 'ਮਾਰਕਸਵਾਦੀ ਵਿਆਖਿਆ' (ਲੈਨਿਨ), 'ਮਾਰਕਸਵਾਦ ਕੀ ਹੈ' (ਐਮਿਲ ਬਰਨਸ) 'ਵਿਰੋਧ ਵਿਕਾਸੀ ਇਤਿਹਾਸਕ ਪਦਾਰਥਵਾਦ' (ਸਟਾਲਿਨ) 'ਗ਼ੁਲਾਮੀ ਦਾ ਜ਼ਹਿਰ' (ਲਾਲਾ ਹਰਦਿਆਲ)

'ਕ੍ਰਾਂਤੀਕਾਰੀ ਰਿਸ਼ੀ ਕਾਰਲ ਮਾਰਕਸ' (ਲਾਲਾ ਹਰਦਿਆਲ) 'ਅਛੂਤ ਦਾ ਸੁਆਲ ਤੇ ਮੈਂ ਨਾਸਤਿਕ ਕਿਉਂ' (ਸ਼ਹੀਦ ਭਗਤ ਸਿੰਘ), 'ਜਾਤ ਦਾ ਸੁਆਲ (ਮਿਹਨਤਕਸ਼ਾਂ ਦਾ ਪੱਖ)' (ਸੰਪਾਦਕ: ਡਾ. ਭੀਮਇੰਦਰ ਸਿੰਘ, ਜਨ-ਸੰਵਾਦ (ਗੁਰਬਚਨ ਸਿੰਘ ਭੁੱਲਰ)), 'ਇਨਕਲਾਬੀ ਇਤਿਹਾਸ ਦਾ ਪ੍ਰਤੀਕ ਜਲ੍ਹਿਆਂ ਵਾਲਾ ਬਾਗ' (ਅਮੋਲਕ ਸਿੰਘ), 'ਸਮਕਾਲੀ ਮਾਰਕਸੀ ਚਿੰਤਨ' (ਅਨੁਵਾਦ ਤੇ ਸੰਪਾਦਕ ਡਾ. ਭੀਮ ਇੰਦਰ ਸਿੰਘ), 'ਆਰ.ਐਸ.ਐਸ. ਦਾ ਮੂਲ ਪਛਾਣੋ' (ਸ਼ਮਸ਼ੁਲ ਇਸਲਾਮ), ਮਨੱਖ ਮਹਾਂਬਲੀ ਕਿਵੇਂ ਬਣਿਆ?, ਕਾਰਪੋਰੇਟ ਦਾ ਵਿਕਾਸ ਮਾਡਲ ਤੇ ਖਪਤ ਸਭਿਆਚਾਰ, ਭਾਰਤੀ ਰਾਜ ਦੀ ਦਸ਼ਾ ਤੇ ਦਿਸ਼ਾ ਆਦਿ ਪੁਸਤਕਾਂ ਦਾ ਕਾਰਜ ਵਿਦਵਾਨਾਂ ਨਾਲ ਮਸ਼ਵਰਾ ਕਰ ਕੇ ਨੇਪਰੇ ਚਾੜ੍ਹਿਆ ਹੈ।

ਲੋਕਾਂ ਵਿਚ ਚੇਤਨਾ ਪੈਦਾ ਕਰਨ ਲਈ ਗ਼ਦਰ ਪਾਰਟੀ ਵਲੋਂ ਇਕ ਨਵੰਬਰ 1913 ਨੂੰ 'ਗ਼ਦਰ' ਅਖ਼ਬਾਰ ਜਾਰੀ ਕੀਤਾ ਗਿਆ ਸੀ ਜਿਸ ਦੇ ਮੁੱਖ ਪੰਨੇ 'ਤੇ ਲਿਖਿਆ ਹੁੰਦਾ ਸੀ:

'ਪਾਠਕਾਂ ਲਈ ਇਹ ਪਰਚਾ ਮੁਫ਼ਤ ਭੇਜਿਆ ਜਾਂਦਾ ਹੈ।'

ਗ਼ਦਰੀਆਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਅਸੀਂ ਵੀ ਉਨ੍ਹਾਂ ਪਾਠਕਾਂ ਲਈ ਕੁਝ ਮਾਰਕਸਵਾਦੀ ਵਿਚਾਰਧਾਰਾ ਨਾਲ ਸੰਬੰਧਿਤ ਪੁਸਤਕਾਂ ਛਪਵਾ ਕੇ ਮਾਰਕਸਵਾਦੀ ਪਾਰਟੀਆਂ ਵਿਚ ਸਰਗਰਮੀ ਨਾਲ ਕੰਮ ਕਰਨ ਵਾਲਿਆਂ ਲਈ ਮੁਫ਼ਤ ਦੇਣ ਦਾ ਫੈਸਲਾ ਲਿਆ ਹੈ। ਤਾਂ ਕਿ ਉਹ ਮਾਰਕਸਵਾਦ ਨਾਲ ਆਪ ਲੈੱਸ ਹੋ ਕੇ ਹੋਰ ਕੇਡਰ ਨੂੰ ਮਾਰਕਸਵਾਦੀ ਵਿਚਾਰਧਾਰਾ ਨਾਲ ਲੈੱਸ ਕਰਨ। ਮਾਰਕਸਵਾਦੀ ਵਿਚਾਰਧਾਰਾ ਨਾਲ ਲੈੱਸ ਹੋ ਕੇ ਹੀ ਇਸ ਸਰਮਾਏਦਾਰਾ ਲੋਟੂ ਵਿਵਸਥਾ ਨੂੰ ਬਦਲਿਆ ਜਾ ਸਕਦਾ ਹੈ।

ਸ਼ਹੀਦ ਭਗਤ ਸਿੰਘ ਪੜ੍ਹਕੇ ਅਧਿਐਨ ਕਰਦੇ ਸਨ ਤੇ ਹੋਰਾਂ ਨੂੰ ਪੜ੍ਹਣ, ਅਧਿਐਨ ਕਰਨ ਅਤੇ ਅਮਲ 'ਚ ਲਾਗੂ ਕਰਨ ਲਈ ਪ੍ਰੇਰਨਾ ਦਿੰਦੇ ਸਨ।

ਅਜੋਕੀ ਸਾਹਿਤ ਪ੍ਰਕਾਸ਼ਨਾ ਦੀ ਲੜੀ ਤਹਿਤ ਅਸੀਂ ਮਾਰਕਸੀ ਸਾਹਿਤ ਲੋਕਾਂ 'ਚ ਲਿਜਾਣ ਦੇ ਨਾਲ ਨਾਲ ਹੋਰ ਵੀ ਸਮੇਂ ਦੇ ਹਾਣੀ, ਵੰਨ-ਸੁਵੰਨੇ ਵਿਸ਼ਿਆਂ ਉੱਪਰ ਪੁਸਤਕਾਂ ਦੀ ਲੜੀ ਪਾਠਕਾਂ ਦੇ ਹੱਥਾਂ 'ਚ ਲਿਜਾਣ ਲਈ ਯਤਨਸ਼ੀਲ ਹਾਂ।

ਸਾਨੂੰ ਬੇਹੱਦ ਖ਼ੁਸ਼ੀ ਹੋਵੇਗੀ ਜੇ ਪੁਸਤਕ ਸੱਭਿਆਚਾਰ, ਲੋਕਾਂ ਵਿਚ ਲਿਜਾਣ ਦਾ ਇਹ ਉੱਦਮ, ਸਮਾਜ ਨੂੰ ਨਵੀਂ ਸੋਚ ਦੇਣ ਲਈ ਚਾਨਣ ਦੀ ਇਕ ਲੀਕ ਦਾ ਕੰਮ ਕਰ ਸਕੇ।

-ਸੁਰਿੰਦਰ ਕੁਮਾਰੀ ਕੋਛੜ

ਸੰਪਰਕ :-87270-59789,

ਭਾਰਤੀ ਲੋਕਤੰਤਰ ਫਾਸ਼ੀਵਾਦ ਵੱਲ

-ਗੰਧਰਵ ਸੇਨ ਕੋਛੜ

1947 ਵਿਚ ਦੇਸ਼ ਦੇ ਲੋਕਾਂ ਨੇ ਕਾਂਗਰਸ ਦੀ ਅਗਵਾਈ ਵਿਚ ਸੰਘਰਸ਼ ਕਰਕੇ ਅੰਗਰੇਜ਼ਾਂ ਨੂੰ ਦੇਸ਼ ਛੱਡਣ ਲਈ ਮਜਬੂਰ ਕਰ ਦਿੱਤਾ। ਪਰੰਤੂ ਅੰਗਰੇਜ਼ ਸਾਮਰਾਜੀਆਂ ਨੇ ਦੇਸ਼ ਦੇ ਦੋ ਟੁਕੜੇ ਕਰ ਦਿੱਤੇ ਜਿਸਦਾ ਵੱਡਾ ਸੰਤਾਪ ਦੋਵਾਂ ਪਾਸਿਆਂ ਦੇ ਆਮ ਲੋਕਾਂ ਨੂੰ ਭੋਗਣਾ ਪਿਆ। ਦੇਸ਼ ਬਰਤਾਨਵੀ ਸਾਮਰਾਜੀ ਜਕੜ ਤੋਂ ਮੁਕਤ ਹੋ ਗਿਆ। ਲੋਕਾਂ ਨੂੰ ਰਾਜਨੀਤਕ ਆਜ਼ਾਦੀ ਤਾਂ ਮਿਲ ਗਈ ਪਰੰਤੂ ਆਰਥਿਕ ਆਜ਼ਾਦੀ ਨਹੀਂ ਮਿਲ ਸਕੀ।

ਸਾਡੇ ਦੇਸ਼ ਦੀ ਬੁਰਜੁਆਜੀ ਨਾ ਵੱਡੀ ਬੁਰਜੁਆਜੀ ਬਣੀ ਅਤੇ ਨਾ ਹੀ ਕੌਮੀ। ਇਹ ਸਾਮਰਾਜੀਆਂ ਦੀ ਦਲਾਲ ਬੁਰਜੁਆਜੀ (ਕੰਪਰੇਡੋਰ ਬੁਰਜੁਆਜੀ) ਬਣੀ ਰਹੀ। ਇਸ ਚਰਿੱਤਰ ਦੇ ਮੁਤਾਬਕ ਹੀ ਇਹ ਨੀਤੀਆਂ ਲਾਗੂ ਕਰਦੀ ਹੈ।

ਅਜੋਕੇ ਸਮੇਂ ਅੰਦਰ ਸਾਡੇ ਦੇਸ਼ ਨੂੰ ਦਰਪੇਸ਼ ਗੰਭੀਰ ਆਰਥਿਕ, ਰਾਜਨੀਤਕ ਚੁਣੌਤੀਆਂ ਦੀ ਬੁਨਿਆਦ ਨੂੰ ਗਹਿਰਾਈ 'ਚ ਜਾਨਣ ਲਈ ਦੇਸ਼ ਦੇ ਚਰਿੱਤਰ ਨੂੰ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਸਮਝਣਾ ਬੇਹੱਦ ਜ਼ਰੂਰੀ ਹੈ।

ਸਾਡੇ ਦੇਸ਼ ਦੇ ਲੋਕਾਂ ਦੀ ਮਾਨਸਿਕਤਾ ਸਦੀਆਂ ਤੋਂ ਹੀ ਘੱਟ ਮਿਹਨਤ ਨਾਲ ਰੋਟੀ ਕਮਾਉਣ ਦੀ ਸੀ, ਕਿਉਂਕਿ ਜ਼ਮੀਨਾਂ ਜਰਖੇਜ਼ ਸਨ। ਫ਼ਸਲਾਂ ਲਈ ਦਰਿਆਵਾਂ ਤੇ ਬਰਸਾਤ ਦਾ ਪਾਣੀ ਆਸਾਨੀ ਨਾਲ ਉਪਲੱਬਧ ਸੀ। ਪਰੰਤੂ ਬਰਸਾਤ ਨਾ ਹੋਣ ਦੀ ਸੂਰਤ ਵਿਚ ਉਹ ਆਪਣੀ ਕਿਸਮਤ ਨੂੰ ਹੀ ਦੋਸ਼ੀ ਮੰਨਣ ਲੱਗ ਜਾਂਦੇ ਸਨ। ਇਸ ਕਰਕੇ ਆਮ ਲੋਕ ਪੁਰਸ਼ਾਰਥੀ (ਸਖ਼ਤ ਮਿਹਨਤ ਕਰਨ ਵਾਲੇ) ਨਾ ਬਣ ਸਕੇ।

ਆਜ਼ਾਦੀ ਉਪਰੰਤ ਭਾਰਤੀ ਬੁਰਜੁਆਜੀ ਨੇ ਡਾ. ਅੰਬੇਡਕਰ ਦੀ ਅਗਵਾਈ ਹੇਠ ਆਪਣਾ ਸੰਵਿਧਾਨ ਤਿਆਰ ਕੀਤਾ ਜਿਸ ਤਹਿਤ ਲੋਕਾਂ ਨੂੰ ਮੌਲਿਕ ਅਧਿਕਾਰ (Human Rights), ਰੋਟੀ, ਕੱਪੜਾ, ਮਕਾਨ, ਮੁਫ਼ਤ ਪੜ੍ਹਾਈ, ਲਿਖਣ-ਬੋਲਣ ਦੀ ਆਜ਼ਾਦੀ, ਮੁਫ਼ਤ ਸਿਹਤ ਸਹੂਲਤਾਂ, ਆਜ਼ਾਦ ਤੌਰ 'ਤੇ ਆਪਣੇ ਵਿਚਾਰ ਪ੍ਰਗਟ ਕਰਨ ਇਥੋਂ ਤੱਕ ਕਿ ਆਪਣੇ ਵਿਚਾਰਾਂ ਨੂੰ ਪ੍ਰਦਰਸ਼ਨ ਰਾਹੀਂ ਪ੍ਰਗਟ ਕਰਨ ਦੀ ਵੀ ਆਜ਼ਾਦੀ ਦਿੱਤੀ ਗਈ। ਲੋਕ ਵੋਟਾਂ ਰਾਹੀਂ ਆਪਣੇ ਮਨਪਸੰਦ ਨੁਮਾਇੰਦੇ ਚੁਣ ਕੇ ਸਰਕਾਰ ਬਣਾ ਸਕਦੇ ਸਨ। ਕਿਉਂਕਿ ਡਾਕਟਰ ਅੰਬੇਡਕਰ ਖ਼ੁਦ ਭਾਰਤੀ ਸਮਾਜ ਦੀਆਂ ਸਭ ਤੋਂ ਹੇਠਲੀਆਂ ਪੀੜਤ ਸ਼੍ਰੇਣੀਆਂ ਵਿਚੋਂ ਸੀ, ਜਿਨ੍ਹਾਂ ਦੇ ਕਲਿਆਣ ਲਈ ਉਹ ਲਗਾਤਾਰ

ਜਦੋਜਹਿਦ ਕਰਦਾ ਆ ਰਿਹਾ ਸੀ ਪਰ ਸਮੇਂ ਦੀਆਂ ਹਾਕਮ ਸਰਕਾਰ ਦੀਆਂ ਨੀਤੀਆਂ ਕਾਰਨ ਉਹ ਬਹੁਤੀ ਦੇਰ ਇਨ੍ਹਾਂ ਨਾਲ ਚਲ ਨਾ ਸਕਿਆ।

ਆਜ਼ਾਦੀ ਉਪਰੰਤ ਜਵਾਹਰ ਲਾਲ ਨਹਿਰੂ ਨੇ ਜਮਹੂਰੀ ਸਮਾਜਵਾਦ ਦੇ ਨਾਅਰੇ ਹੇਠ ਭਾਰਤ ਨੂੰ ਪੂੰਜੀਵਾਦੀ ਲੀਹਾਂ ਉੱਤੇ ਤੋਰਿਆ। ਨਹਿਰੂ ਦੇ ਉਦਾਰਵਾਦ ਨੇ ਜਿੱਥੇ ਜਗੀਰਦਾਰੀ ਨਾਲ ਸੱਤ੍ਹਾ ਵਿਚ ਭਾਈਵਾਲੀ ਦੀ ਨੀਤੀ ਅਖਤਿਆਰ ਕੀਤੀ, ਉਥੇ ਪੂੰਜੀਵਾਦ ਦੇ ਭਵਿੱਖ ਲਈ ਵੱਡੇ ਵੱਡੇ ਕਾਰਖਾਨੇ, ਭਲਈ, ਰੂੜਕੇਲਾ, ਦੁਰਗਾਪੁਰ ਆਦਿ ਅਤੇ ਦਰਿਆਵਾਂ 'ਤੇ ਡੈਮਾਂ ਦੀ ਉਸਾਰੀ ਸ਼ੁਰੂ ਕੀਤੀ। ਵਿਕਾਸ ਕਰ ਰਹੀ ਸਰਮਾਏਦਾਰੀ ਨੇ ਜਗੀਰਦਾਰਾਂ ਤੇ ਪੇਂਡੂ ਅਮੀਰਾਂ ਨੂੰ ਅਨੇਕਾਂ ਸਹੂਲਤਾਂ ਪ੍ਰਦਾਨ ਕੀਤੀਆਂ ਤੇ ਇਨ੍ਹਾਂ ਨੂੰ ਬੁਰਜੁਆ ਲੀਹਾਂ ਉਤੇ ਤੋਰਨ ਦਾ ਹਰ ਹਰਬਾ ਵਰਤਿਆ। ਇਸ ਤਰ੍ਹਾਂ ਪੁਰਾਣੀ ਜਗੀਰਦਾਰੀ ਰਜਵਾੜਾਸ਼ਾਹੀ ਆਪਣਾ ਰੂਪ ਬਦਲ ਕੇ ਪੂੰਜੀਵਾਦੀ ਭੂਮੀਪਤੀਆਂ ਵਿਚ ਤਬਦੀਲ ਹੁੰਦੀ ਚਲੀ ਗਈ। ਵੀਹਵੀਂ ਸਦੀ ਦੇ ਅੰਤ ਵਿਚ 'ਨਵੀਂ ਆਰਥਿਕ ਨੀਤੀ' ਦੇ ਨਾਂਅ ਹੇਠ ਸਾਮਰਾਜੀ ਸੰਸਾਰੀਕਰਨ ਤੇ ਉਦਾਰੀਕਰਨ ਦੀ ਨੀਤੀ ਨਾਲ ਨੱਥੀ ਕਰਕੇ ਜਨਤਕ ਅਦਾਰਿਆਂ ਨੂੰ ਕਾਰਪੋਰੇਟ ਜਗਤ ਦੇ ਹਵਾਲੇ ਕਰਨਾ ਸ਼ੁਰੂ ਕਰ ਦਿੱਤਾ, ਜਿਹੜਾ ਵਰਤਾਰਾ ਅੱਜ ਵੀ ਜਾਰੀ ਹੈ। ਹੁਣ ਸਥਿਤੀ ਇਹ ਹੈ ਕਿ ਭਾਰਤੀ ਆਰਥਿਕਤਾ ਉਪਰ ਕਾਰਪੋਰੇਟ ਜਗਤ ਦਾ ਪੂਰੀ ਤਰ੍ਹਾਂ ਕਬਜ਼ਾ ਹੋ ਚੁੱਕਾ ਹੈ ਅਤੇ ਭੂਮੀ ਨੂੰ ਵੀ ਕਾਰਪੋਰੇਟ ਬਣਾਉਣ ਦੇ ਮਨਸੂਬੇ ਬਣਾਏ ਜਾ ਰਹੇ ਹਨ। ਭਾਰਤੀ ਆਰਥਿਕਤਾ ਦਾ ਕੋਈ ਵੀ ਖੇਤਰ ਅਜਿਹਾ ਨਹੀਂ ਜਿੱਥੇ ਵੱਡੇ ਪੂੰਜੀਪਤੀਆਂ ਨੇ ਆਪਣਾ ਬਾਹੂ ਬਲ ਸਥਾਪਤ ਨਾ ਕੀਤਾ ਹੋਵੇ।

ਵਿਸ਼ਵ ਸੰਕਟ ਦੀ ਰੌਸ਼ਨੀ ਵਿਚ ਸਰਮਾਏਦਾਰੀ ਸਿਸਟਮ ਦੇ ਤਕਨੀਕੀ ਵਿਕਾਸ ਵਿਚ ਖੜੋਤ ਆ ਗਈ ਹੈ ਅਤੇ ਸਾਡੇ ਦੇਸ਼ ਦੀ ਆਰਥਿਕਤਾ ਉਪਰ ਇਹ ਰਾਜਸੀ ਤਾਕਤ ਹਾਵੀ ਹੁੰਦੀ ਜਾ ਰਹੀ ਹੈ, ਜਿਹੜੀ ਫਾਸ਼ੀਵਾਦੀ ਰੂਪ ਅਖਤਿਆਰ ਕਰਦੀ ਜਾ ਰਹੀ ਹੈ। ਜਿਸਦੀ ਇਕ ਮਿਸਾਲ ਡਾ. ਮਨਮੋਹਨ ਸਿੰਘ ਅਤੇ ਹੋਰ ਆਰਥਿਕ ਮਾਹਿਰਾਂ ਦੇ ਕਥਨ ਤੋਂ ਮਿਲਦੀ ਹੈ। ਜਿਹਨਾਂ ਨੇ ਕਿਹਾ ਕਿ ਨੋਟਬੰਦੀ ਦਾ ਭੁਚੱਲਾਵਾ ਆਮ ਲੋਕਾਂ ਦੀ ਆਰਗੇਨਾਈਜ਼ ਕਾਨੂੰਨੀ ਲੁੱਟ ਹੈ- ਉਨ੍ਹਾਂ ਲੋਕਾਂ ਦੀ ਜਿਹਨਾਂ ਵਿਚੋਂ 80ਫੀਸਦੀ ਲੋਕ ਗਰੀਬੀ ਰੇਖਾ ਤੋਂ ਹੇਠਾਂ ਵਸਦੇ ਹਨ ਅਤੇ ਜਿਹਨਾਂ ਵਿਚੋਂ 40 ਫੀਸਦੀ ਲੋਕ ਕੁਪੋਸ਼ਨ ਦਾ ਸ਼ਿਕਾਰ ਹਨ।

ਸੱਤ੍ਹਾ 'ਤੇ ਵੱਡੀਆਂ ਬਹੁਕੌਮੀ ਕਾਰਪੋਰੇਸ਼ਨਾਂ ਕਾਬਜ਼ ਹਨ। ਭੋਇੰ ਮਾਫ਼ੀਆ, ਡਰੱਗ ਮਾਫੀਆ, ਰੇਤ ਮਾਫੀਆ ਆਮ ਲੋਕਾਂ ਦੀ ਬੇਕਿਰਕੀ ਨਾਲ ਲੁੱਟ ਕਰ ਰਿਹਾ ਹੈ। ਦੇਸ਼ 'ਚ ਵੱਡੇ-ਵੱਡੇ ਘੁਟਾਲੇ ਜਿਵੇਂ ਬੋਫੋਰਸ ਘੁਟਾਲਾ, ਟੂ ਜੀ ਸਪੈਕਟਰਮ, ਖੇਡਾਂ ਦਾ ਘੁਟਾਲਾ, ਪਰਲ ਘੁਟਾਲਾ ਆਦਿ ਦੇ ਕਿਸੇ ਵੀ ਦੋਸ਼ੀ ਨੂੰ ਕੋਈ ਸਜ਼ਾ ਅਜੇ ਤਕ ਨਹੀਂ ਦਿੱਤੀ ਜਾ ਸਕੀ ਤੇ ਨਾਲ ਹੀ ਜਿਵੇਂ ਵਿਜੇ ਮਾਲੀਆ ਵਰਗੇ ਬੈਂਕਾਂ ਦੇ ਕਰੋੜਾਂ ਰੁਪਏ ਡਕਾਰ ਕੇ ਬੜੀ ਬੇਸ਼ਰਮੀ ਨਾਲ ਘੁੰਮ ਰਹੇ ਹਨ। ਦੇਸ਼ ਦਾ ਅੰਨਦਾਤਾ ਛੋਟਾ ਕਿਸਾਨ

ਕਰਜ਼ੇ ਦੀ ਮਾਰ ਹੇਠ ਖ਼ੁਦਕੁਸ਼ੀਆਂ ਕਰਨ ਲਈ ਮਜਬੂਰ ਹੈ। ਹੁਣ ਰਹਿੰਦੀ ਖੂੰਹਦੀ ਕਸਰ ਅੰਬਾਨੀ ਦੀ ਕਾਲੀ ਕਮਾਈ ਨੂੰ ਚਿੱਟੀ ਕਰਨ ਲਈ ਮੋਦੀ ਨੇ ਜੀ.ਆਈ.ਓ. (Ji o) ਮੋਬਾਈਲ ਦਾ ਪ੍ਰਚਾਰ ਕਰ ਕੇ ਉਸ ਨੂੰ ਕਰੋੜਾਂ ਦਾ ਮੁਨਾਫਾ ਪਹੁੰਚਾਉਂਦਿਆਂ ਨੋਟਬੰਦੀ ਕਰਕੇ ਪੂਰੀ ਕਰ ਦਿੱਤੀ।

ਖਾਲੀ ਖਜ਼ਾਨਿਆਂ ਦੀ ਪੂਰਤੀ ਲਈ ਲੋਕਾਂ 'ਤੇ ਸਰਜੀਕਲ ਸਟ੍ਰਾਈਕ ਕਰ ਦਿੱਤਾ। ਕਾਲੇ ਧੰਨ ਨੂੰ ਰੋਕਣ ਲਈ 500 ਤੇ 1000 ਰੁਪਏ ਦੇ ਨੋਟ ਬੰਦ ਕਰਨ ਦੇ ਫੁਰਮਾਨ ਦੇ ਨਾਂ ਹੇਠ 2000 ਰੁਪਏ ਦਾ ਨੋਟ ਜਾਰੀ ਕਰਕੇ ਕਾਲੇ ਧੰਨ ਨੂੰ ਹੋਰ ਬੜ੍ਹਾਵਾ ਮਿਲ ਰਿਹਾ ਹੈ। ਅਨੇਕਾਂ ਥਾਵਾਂ ਉਪਰ 2000 ਰੁਪਏ ਦੇ ਨੋਟ ਕਰੋੜਾਂ ਦੀ ਗਿਣਤੀ ਵਿਚ ਫੜ੍ਹੇ ਜਾ ਰਹੇ ਹਨ, ਜਦਕਿ ਬੈਂਕ ਲੋਕਾਂ ਦੀ ਖ਼ਰਚ ਦੀ ਪੂਰਤੀ ਨਹੀਂ ਕਰ ਪਾ ਰਹੇ।

ਮੋਦੀ ਸਰਕਾਰ ਦੇ ਇਸ ਮੂੰਹ ਜ਼ੁਬਾਨੀ ਤੁਗਲਕੀ ਫ਼ੈਸਲੇ ਨੇ ਦੇਸ਼ ਦਾ ਜੋ ਬੁਰਾ ਹਾਲ ਕੀਤਾ ਹੈ ਅਤੇ ਅੱਗੇ ਜਿਸ ਤਬਾਹੀ ਵਲ ਨੂੰ ਸਥਿਤੀ ਜਾ ਰਹੀ ਹੈ ਉਹ ਹੋਰ ਵੀ ਭਿਆਨਕ ਹੋਵੇਗੀ। ਸਰਕਾਰ ਦੇ ਅਮਲ ਨਾਲ ਦੇਸ਼ ਵਿਚ ਆਰਥਿਕ ਪੱਧਰ 'ਤੇ ਘੁਟਾਲੇ ਵਾਲੀ ਸਥਿਤੀ ਪੈਦਾ ਹੋ ਰਹੀ ਹੈ। ਲੋਕ ਆਪਣੇ ਖ਼ੂਨ ਪਸੀਨੇ ਨਾਲ ਜਮ੍ਹਾਂ ਕੀਤੀ ਆਪਣੀ ਹੀ ਪੂੰਜੀ ਨੂੰ ਕਢਵਾਉਣ ਤੋਂ ਅਸਮਰੱਥ ਹਨ। ਵਿਆਹ ਸ਼ਾਦੀਆਂ 'ਤੇ ਢਾਈ ਲੱਖ ਰੁਪਏ ਕਢਵਾਉਣ 'ਤੇ ਅਨੇਕਾਂ ਸ਼ਰਤਾਂ ਲਗਾ ਦਿੱਤੀਆਂ ਗਈਆਂ ਹਨ। ਜਿਸ ਨਾਲ ਲੋਕਾਂ ਦੀਆਂ ਮੁਸ਼ਕਿਲਾਂ ਹੋਰ ਵਧ ਗਈਆਂ ਹਨ। ਬੈਂਕਾਂ ਅੱਗੇ ਏਨੀਆਂ ਲੰਮੀਆਂ ਕਤਾਰਾਂ ਲੱਗ ਜਾਂਦੀਆਂ ਹਨ ਕਿ ਸਾਰੀ ਦਿਹਾੜੀ ਖੜ੍ਹੇ ਲੋਕ ਖਾਲੀ ਹੱਥ ਆਪਣੇ ਘਰਾਂ ਨੂੰ ਪਰਤ ਜਾਂਦੇ ਹਨ। ਬੈਂਕਾਂ ਅੱਗੇ ਲਾਇਨਾਂ ਲਗਾ ਕੇ ਖੜ੍ਹੇ ਲੋਕਾਂ ਦੀ ਮਰਨ ਗਿਣਤੀ ਲਗਾਤਾਰ ਵਧ ਰਹੀ ਹੈ। ਬੈਂਕਾਂ ਅੱਗੇ ਕਤਾਰਾਂ ਵਿਚ ਖੜ੍ਹੇ ਥੱਕੇ ਟੁੱਟੇ ਲੋਕ ਬੈਂਕ ਅਧਿਕਾਰੀਆਂ ਨਾਲ ਹੀ ਖਹਿਬੜਨ ਲੱਗ ਪਏ ਹਨ। ਸੁਪਰੀਮ ਕੋਰਟ ਮੁਤਾਬਕ ਹੁਣ ਮੌਜੂਦਾ ਸਮੇਂ ਵਿਚ ਸਥਿਤੀ ਅਰਾਜਕਤਾ ਵਲ ਵਧ ਰਹੀ ਹੈ।

ਨੋਟਬੰਦੀ ਦੇ ਨਤੀਜੇ ਕਾਰਨ ਦੇਸ਼ ਦੇ ਛੋਟੇ-ਵੱਡੇ ਕਾਰਖਾਨੇ ਬੰਦ ਹੁੰਦੇ ਜਾ ਰਹੇ ਹਨ, ਉਨ੍ਹਾਂ ਦੀ ਪੈਦਾਵਾਰ (Production) ਦੀ ਖ਼ਪਤ ਨਾ ਹੋਣ ਕਰ ਕੇ ਕਾਰੀਗਰ ਵਾਪਸ ਆਪਣੇ ਘਰਾਂ ਨੂੰ ਜਾਣ ਲਈ ਜਾਂ ਕੰਮ ਦੀ ਤਲਾਸ਼ ਵਿਚ ਭਟਕਣ ਲਈ ਮਜਬੂਰ ਹਨ। ਇਸ ਤਰ੍ਹਾਂ ਨੋਟਬੰਦੀ ਦਾ ਫਾਸਿਸਟ ਸ਼ਿਕੰਜਾ ਜਿਉਂ ਜਿਉਂ ਕੱਸਦਾ ਜਾ ਰਿਹਾ ਹੈ, ਨਤੀਜੇ ਦੇ ਤੌਰ 'ਤੇ ਦੇਸ਼ ਦੀ ਕਿਰਤ ਸ਼ਕਤੀ ਨੂੰ ਵਿਹਲੀ ਕਰਕੇ ਅਰਾਜਕਤਾ ਵੱਲ ਧੱਕਿਆ ਜਾ ਰਿਹੈ ਅਤੇ ਭਾਰਤੀ ਸਮਾਜ ਨੂੰ ਬਰਬਰੀਅਤ (Barbarism) ਵੱਲ ਧੱਕਿਆ ਜਾ ਰਿਹਾ ਹੈ।

ਆਰਥਿਕਤਾ ਉਪਰ ਰਾਜਸੀ ਗਲਬੇ ਦੇ ਇਸ ਫਾਸ਼ੀਵਾਦੀ ਰੂਪ ਦੇ ਖਿਲਾਫ ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਲੋਕਾਂ ਨੂੰ ਉਨ੍ਹਾਂ ਦੇ ਹੱਕਾਂ ਪ੍ਰਤੀ ਜਾਗਰੂਕ ਕਰਨ ਅਤੇ ਉਨ੍ਹਾਂ ਨੂੰ ਰਾਜਨੀਤਕ ਤੌਰ 'ਤੇ ਸਿਆਣੇ (Politicalize) ਕਰਨਾ ਬਹੁਤ ਲਾਜ਼ਮੀ ਕਾਰਜ ਹੈ।

ਇਹ ਕਾਰਜ ਮਾਰਕਸਵਾਦੀ ਵਿਚਾਰਧਾਰਾ ਨੂੰ ਪ੍ਰਣਾਈਆਂ ਪਾਰਟੀਆਂ ਹੀ ਕਰ ਸਕਦੀਆਂ ਹਨ ਜਿਹੜੀਆਂ ਆਮ ਲੋਕਾਂ ਨੂੰ ਲਾਮਬੰਦ ਕਰ ਕੇ ਰਾਜਨੀਤਕ ਚੇਤਨਾ ਰਾਹੀਂ ਸਿਆਣੇ ਕਰਦੀਆਂ ਹੋਈਆਂ ਇਸ ਲੋਟੂ ਵਿਵਸਥਾ ਨੂੰ ਖ਼ਤਮ ਕਰ ਕੇ ਭੇਦ-ਭਾਵ ਮੁਕਤ, ਨਿਆਂ ਅਧਾਰਤ ਬਰਾਬਰੀ ਵਾਲਾ ਸਮਾਜ ਉਸਾਰ ਸਕਦੀਆਂ ਹਨ। ਇਹ ਕਾਰਜ ਕਰਨਾ ਸਬਰ ਤੇ ਲੰਬੇ ਸਿਰੜ ਦੀ ਮੰਗ ਕਰਦਾ ਹੈ।

ਕੀ ਮਾਰਕਸਵਾਦੀ ਪਾਰਟੀਆਂ ਆਪਣੇ ਇਸ ਫ਼ਰਜ਼ ਨੂੰ ਪਹਿਚਾਨਣਗੀਆਂ ਅਤੇ ਇਨ੍ਹਾਂ ਮਿਹਨਤਕਸ਼ ਲੋਕਾਂ ਨਾਲ ਆਤਮਸਾਤ ਹੁੰਦੀਆਂ ਹੋਈਆਂ ਲੋਕਾਂ ਨੂੰ ਸਿਆਸੀ ਸੂਝ ਨਾਲ ਜਾਗਰੂਕ ਕਰਨਗੀਆਂ? ਤਾਂ ਕਿ ਜਾਗਰੂਕ ਲੋਕ ਇਸ ਲੋਟੂ ਵਿਵਸਥਾ ਤੋਂ ਬਰਾਬਰੀ ਆਧਾਰਤ ਸੱਭਿਯ ਸਮਾਜ ਸਿਰਜਣ ਵਲ ਵਧ ਸਕਣ।

ਆਮੀਨ!

ਸਰਮਾਏਦਾਰੀ : ਕਪਟਾਂ ਦੀ ਦਾਸਤਾਨ

—ਅਰੁੰਧਤੀ ਰਾਏ

ਰੌਕੀਫੈਲਰ ਤੋਂ ਮੰਡੇਲਾ, ਵੇਦਾਂਤ ਤੋਂ ਅੰਨਾ ਹਜ਼ਾਰੇ, ਕਾਰਪੋਰੇਟ ਮੰਤਰ ਵਾਲੇ ਪਾਦਰੀ ਸਾਡੇ ਰੋਸ-ਵਿਖਾਵਿਆਂ ਨੂੰ ਕਿੰਨਾ ਕੁ ਸਮਾਂ ਖ਼ਰੀਦ ਸਕਣਗੇ?

ਇਹ ਮਹਿਲ ਹੈ ਜਾਂ ਘਰ? ਨਵੇਂ ਭਾਰਤ ਦਾ ਮੰਦਰ ਜਾਂ ਇੱਥੋਂ ਦੇ ਧੋਖੇਬਾਜ਼ਾਂ ਦਾ ਮਾਲਖ਼ਾਨਾ? ਜਦੋਂ ਤੋਂ ਅੰਟਿਲਾ ਮਹਿਲ ਮੁੰਬਈ ਦੀ ਅਲਟਾਮਾਊਂਟ ਸੜਕ ਉੱਪਰ ਤ੍ਰੇਲੀਆਂ ਲਿਆਉਣ ਵਾਲਾ ਰਹੱਸ ਅਤੇ ਖ਼ਾਮੋਸ਼ ਭੈਅ ਬਣਕੇ ਉੱਭਰਿਆ ਹੈ, ਉੱਥੇ ਪਹਿਲਾਂ ਵਾਲੀ ਗੱਲ ਨਹੀਂ ਰਹੀ। ਜਿਹੜਾ ਦੋਸਤ ਮੈਨੂੰ ਉੱਥੇ ਲੈਕੇ ਗਿਆ ਸੀ, ਕਹਿਣ ਲੱਗਾ, "ਇਹ ਹੈ ਉਹ ਮਹਿਲ, ਆਪਣੇ ਨਵੇਂ ਹਾਕਮ ਨੂੰ ਸਿਜਦਾ ਕਰ।" ਅੰਟਿਲਾ ਦਾ ਮਾਲਕ ਭਾਰਤ ਦਾ ਸਭ ਤੋਂ ਅਮੀਰ ਆਦਮੀ ਮੁਕੇਸ਼ ਅੰਬਾਨੀ ਹੈ। ਮੈਂ ਇਸ, ਹੁਣ ਤੱਕ ਦੇ ਸਭ ਤੋਂ ਮਹਿੰਗੇ ਰੈਣ-ਬਸੇਰੇ ਬਾਰੇ ਪੜ੍ਹਿਆ ਹੋਇਆ ਸੀ, ਜਿਸ ਦੀਆਂ 27 ਮੰਜ਼ਿਲਾਂ, ਤਿੰਨ ਹੈਲੀਪੈਡ, ਨੌਂ ਲਿਫਟਾਂ, ਝੂਲੇਦਾਰ ਬਾਗ਼, ਨਾਚਖ਼ਾਨੇ, ਮੌਸਮ ਅਨੁਕੂਲ ਕਮਰੇ, ਕਸਰਤਖ਼ਾਨੇ, ਛੇ ਮੰਜ਼ਲੀ ਪਾਰਕਿੰਗ ਅਤੇ 600 ਨੌਕਰ-ਚਾਕਰ ਹਨ। 27 ਮੰਜ਼ਲਾ, ਖੜਵੇਂ ਰੁਖ਼ ਲਟਕਵਾਂ ਘਾਹ ਦਾ ਮੈਦਾਨ ਜਿਹਾ ਹੈ ਜੋ ਫੌਲਾਦ ਦੇ ਵਿਸ਼ਾਲ ਜੰਗਲਿਆਂ 'ਚ ਜੜੀ ਘਾਹ ਦੀ ਕੰਧ ਵਾਂਗ ਹੈ—ਇਹ ਦੇਖਣ ਲਈ ਮੈਂ ਕਿਸੇ ਪੱਖੋਂ ਵੀ ਤਿਆਰ ਨਹੀਂ ਸੀ। ਕਿਤਿਓਂ-ਕਿਤਿਓਂ ਘਾਹ ਸੁੱਕਿਆ ਹੋਇਆ ਸੀ, ਸੁਹਣੇ ਮੁਰੱਬੇਦਾਰ ਖ਼ਾਨਿਆਂ ਵਿਚੋਂ ਘਾਹ ਦੇ ਕੁਝ ਹਿੱਸੇ ਝੜੇ ਹੋਏ ਸਨ। ਸਪਸ਼ਟ ਸੀ, "ਬੂੰਦ-ਬੂੰਦ ਲਾਭ ਦਾ ਸਿਧਾਂਤ" ਖ਼ਰਾ ਨਹੀਂ ਉੱਤਰਿਆ।

ਪਰ "ਵਿਕਾਸ-ਉਛਾਲਾ" ਖ਼ਰਾ ਉੱਤਰਿਆ ਹੈ। ਇਹੀ ਵਜ੍ਹਾ ਹੈ ਕਿ ਇਕ ਅਰਬ 20 ਕਰੋੜ ਆਬਾਦੀ ਵਾਲੇ ਮੁਲਕ ਵਿਚ, ਇਕ ਸੌ ਸਭ ਤੋਂ ਅਮੀਰ ਵਿਅਕਤੀ ਕੁਲ ਘਰੇਲੂ ਉਪਜ ਦੇ ਚੌਥੇ ਹਿੱਸੇ ਦੇ ਮਾਲਕ ਬਣੇ ਬੈਠੇ ਹਨ।

ਚਰਚਾ ਹੈ (ਅਤੇ *ਨਿਊਯਾਰਕ ਟਾਈਮਜ਼* ਵਿਚ ਖ਼ਬਰ ਹੈ) ਜਾਂ ਘੱਟੋਘੱਟ ਸੀ, ਕਿ ਐਨੇ ਵੱਡੇ ਉਪਰਾਲੇ ਅਤੇ ਸਜਾਵਟ ਦੇ ਬਾਵਜੂਦ ਅੰਬਾਨੀ ਅੰਟਿਲਾ 'ਚ ਨਹੀਂ ਰਹਿੰਦੇ। ਕਿਸੇ ਨੂੰ ਵੀ ਪੱਕਾ ਪਤਾ ਨਹੀਂ ਹੈ। ਸ਼ਾਇਦ ਉਹ ਹੁਣ ਉੱਥੇ ਰਹਿੰਦੇ ਹੋਣ, ਪਰ ਲੋਕਾਂ 'ਚ ਹਾਲੇ ਵੀ ਭੂਤਾਂ ਅਤੇ ਮਾੜੇ ਕਰਮਾਂ, ਵਾਸਤੂ ਅਤੇ ਫੇਂਗ ਸ਼ੂਈ ਬਾਰੇ ਘੁਸਰ-ਮੁਸਰ ਚੱਲ

ਰਹੀ ਹੈ। ਹੋ ਸਕਦਾ ਹੈ ਇਹ ਸਾਰੀ ਗ਼ਲਤੀ ਕਾਰਲ ਮਾਰਕਸ ਦੀ ਹੋਵੇ। (ਇਹ ਸਾਰੀ ਲਾਹਣਤ।) ਉਸਨੇ ਕਿਹਾ ਸੀ, "ਸਰਮਾਏਦਾਰੀ ਨੇ ਪੈਦਾਵਾਰ ਅਤੇ ਵਟਾਂਦਰੇ ਦੇ ਬਹੁਤ ਵਿਸ਼ਾਲ ਸਾਧਨ ਇਕੱਠੇ ਕਰ ਲਏ ਹਨ, ਉਸ ਜਾਦੂਗਰ ਵਾਂਗ ਜੋ ਉਨ੍ਹਾਂ ਤਾਕਤਾਂ ਨੂੰ ਵੱਸ 'ਚ ਰੱਖਣ ਤੋਂ ਅਸਮਰੱਥ ਹੋ ਜਾਂਦਾ ਹੈ ਜੋ ਉਸਨੇ ਮੰਤਰ ਮਾਰਕੇ ਪਤਾਲ 'ਚੋਂ ਬੁਲਾਈਆਂ ਹੁੰਦੀਆਂ ਹਨ।"

ਸਾਡੇ ਭਾਰਤ ਵਿਚ, ਤੀਹ ਕਰੋੜ ਲੋਕ, ਆਈ ਐੱਮ ਐੱਫ ਦੇ "ਸੁਧਾਰਾਂ" ਤੋਂ ਬਾਦ ਦੀ ਪੈਦਾਇਸ਼ ਨਵਾਂ ਮੱਧ ਵਰਗ ਹੈ—ਨਵੀਂ ਮੰਡੀ। ਇਨ੍ਹਾਂ ਤੋਂ ਬਿਨਾ ਇੱਥੇ ਕਿਸੇ ਹੋਰ ਗ੍ਰਹਿ ਦੀਆਂ ਰੂਹਾਂ ਹਨ, ਸੁੱਕ ਚੁੱਕੇ ਦਰਿਆਵਾਂ, ਸੁੱਕੇ ਖ਼ੂਹਾਂ, ਪੱਧਰੇ ਸਿਰਾਂ ਵਾਲੇ ਪਰਬਤਾਂ ਅਤੇ ਰੁੱਖ਼ਾਂ ਵਿਹੂਣੇ ਜੰਗਲਾਂ ਦੇ ਬਾਸ਼ਿੰਦੇ, ਜਿਨ੍ਹਾਂ ਨੂੰ ਸ਼ਰਾਰਤੀ ਦੱਸਿਆ ਜਾਂਦਾ ਹੈ। ਇੱਥੇ ਢਾਈ ਲੱਖ ਕਰਜ਼ੇ ਵਿੰਨੇ ਕਿਸਾਨਾਂ ਦੇ ਭੂਤ ਹਨ, ਜਿਨ੍ਹਾਂ ਨੇ ਖ਼ੁਦਕੁਸ਼ੀਆਂ ਕਰ ਲਈਆਂ ਹਨ; ਅਤੇ ਨਾਲ ਹੀ 80 ਕਰੋੜ ਉਹ ਲੋਕ ਜੋ ਸਾਡੀ ਤਰੱਕੀ ਦਾ ਰਾਹ ਪੱਧਰਾ ਕਰਨ ਲਈ ਕੰਗਾਲ ਅਤੇ ਵਾਂਝੇ ਬਣਾ ਦਿੱਤੇ ਗਏ। ਅਤੇ ਜੋ ਰੋਜ਼ਾਨਾ ਸਿਰਫ਼ 20 ਰੁਪਏ ਨਾਲ ਗੁਜ਼ਾਰਾ ਕਰਦੇ ਹਨ।

ਸ਼੍ਰੀ ਅੰਬਾਨੀ ਨਿੱਜੀ ਤੌਰ 'ਤੇ 20 ਅਰਬ ਡਾਲਰ ਤੋਂ ਵੱਧ ਦੌਲਤ ਦਾ ਮਾਲਕ ਹੈ। ਰਿਲਾਇੰਸ ਇੰਡਸਟ੍ਰੀਜ਼ ਲਿਮਟਿਡ (ਆਰ ਆਈ ਐੱਲ) ਦੇ ਬਹੁਗਿਣਤੀ ਹਿੱਸੇ ਦਾ ਮਾਲਕ ਉਹੀ ਹੈ। ਜਿਸ ਕੰਪਨੀ ਦੀ ਮੰਡੀ ਸਰਮਾਇਆਕਾਰੀ 2.41 ਖਰਬ ਰੁਪਏ (47 ਅਰਬ ਡਾਲਰ) ਹੈ ਅਤੇ ਜਿਸ ਨੇ ਵੱਡੀ ਗਿਣਤੀ 'ਚ ਆਲਮੀ ਵਪਾਰਕ ਹਿੱਤ ਹੱਥ ਹੇਠ ਕੀਤੇ ਹੋਏ ਹਨ ਜਿਨ੍ਹਾਂ ਵਿਚ ਪੈਟਰੋ ਕੈਮੀਕਲ, ਤੇਲ, ਕੁਦਰਤੀ ਗੈਸ, ਪੋਲਿਸਟਰ ਫਾਈਬਰ, ਵਿਸ਼ੇਸ਼ ਆਰਥਕ ਖੇਤਰ, ਤਾਜ਼ਾ ਭੋਜਨ ਦਾ ਵਪਾਰ, ਹਾਈ ਸਕੂਲ, ਜੀਵਨ ਵਿਗਿਆਨਾਂ ਦੀ ਖੋਜ ਅਤੇ ਮੂਲ-ਕੋਸ਼ਿਕਾ ਭੰਡਾਰ ਸੇਵਾਵਾਂ ਸ਼ਾਮਲ ਹਨ। ਆਰ ਆਈ ਐੱਲ ਨੇ ਹੁਣੇ ਜਿਹੇ ਇਨਫੋਟੈੱਲ 'ਚ 95 ਫ਼ੀ ਸਦੀ ਹਿੱਤ ਖ਼ਰੀਦੇ ਹਨ, ਜਿਸਨੇ ਕੁਝ ਹਫ਼ਤੇ ਪਹਿਲਾਂ ਉਸ ਮੀਡੀਆ ਸਮੂਹ 'ਚ ਵੱਡਾ ਹਿੱਸਾ ਖ਼ਰੀਦਿਆ ਜੋ ਖ਼ਬਰਾਂ ਦੇ 27 ਟੀ ਵੀ ਚੈਨਲ ਅਤੇ ਮਨੋਰੰਜਨ ਚੈਨਲ ਚਲਾਉਂਦਾ ਹੈ ਜਿਨ੍ਹਾਂ ਵਿਚ *ਸੀ ਐੱਨ ਐੱਨ-ਆਈ ਬੀ ਐੱਨ, ਆਈ ਬੀ ਐੱਨ ਲਾਈਵ, ਸੀ ਐੱਨ ਬੀ ਸੀ, ਆਈ ਬੀ ਐੱਨ ਲੋਕ ਮੱਤ* ਅਤੇ ਲੱਗਭਗ ਹਰੇਕ ਭਾਰਤੀ ਜ਼ਬਾਨ 'ਚ *ਈ ਟੀ ਵੀ* ਸ਼ਾਮਲ ਹਨ। ਸਿਰਫ਼ ਇੰਨਫੋਟੈੱਲ ਕੋਲ ਹੀ ਨੈਸ਼ਨਲ 4-ਜੀ ਬਰਾਂਡ ਬੈਂਡ ਲਾਇਸੰਸ ਹੈ, ਤੇਜ਼ ਰਫ਼ਤਾਰ "ਸੂਚਨਾ ਵੰਡ-ਪ੍ਰਣਾਲੀ"। ਜਦੋਂ ਇਹ ਤਕਨਾਲੋਜੀ ਚਾਲੂ ਹੋ ਗਈ ਤਾਂ ਸੂਚਨਾ ਦੇ ਅਦਾਨ-ਪ੍ਰਦਾਨ ਦਾ ਭਵਿੱਖ ਹੋ ਸਕਦੀ ਹੈ। ਅੰਬਾਨੀ ਕੋਲ ਆਪਣੀ ਕ੍ਰਿਕਟ ਟੀਮ ਵੀ ਹੈ।

ਆਰ ਆਈ ਐੱਲ ਉਨ੍ਹਾਂ ਮੁੱਠੀ ਭਰ ਕਾਰਪੋਰੇਸ਼ਨਾਂ ਵਿਚੋਂ ਇਕ ਹੈ ਜੋ ਭਾਰਤ ਨੂੰ ਕੰਟਰੋਲ ਕਰ ਰਹੀਆਂ ਹਨ। ਕੁਝ ਹੋਰ ਹਨ ਟਾਟਾ, ਜਿੰਦਲ, ਵੇਦਾਂਤ, ਮਿੱਤਲ, ਇਨਫੋਸਿਸ, ਐਸ ਆਰ ਅਤੇ ਮੁਕੇਸ਼ ਦੇ ਭਾਈ ਅਨਿਲ ਦੀ ਮਾਲਕੀ ਵਾਲੀ ਦੂਜੀ ਰਿਲਾਇੰਸ (ADAG)। ਇਨ੍ਹਾਂ ਦੀ ਵਿਕਾਸ ਦੌੜ ਯੂਰਪ, ਕੇਂਦਰੀ ਏਸ਼ੀਆ, ਅਫ਼ਰੀਕਾ ਅਤੇ

ਲਾਤੀਨੀ ਅਮਰੀਕਾ ਤੱਕ ਫੈਲੀ ਹੋਈ ਹੈ। ਇਨ੍ਹਾਂ ਨੇ ਦੂਰ-ਦੂਰ ਤੱਕ ਜਾਲ ਫੈਲਾਏ ਹੋਏ ਹਨ; ਜ਼ਾਹਿਰਾ ਅਤੇ ਅਦਿੱਖ, ਸ਼ਰੇਆਮ ਅਤੇ ਗੁਪਤ ਦੋਵੇਂ ਤਰ੍ਹਾਂ ਦੇ। ਮਿਸਾਲ ਵਜੋਂ, ਟਾਟਿਆਂ ਦੀਆਂ 80 ਦੇਸ਼ਾਂ ਵਿਚ 100 ਤੋਂ ਵੱਧ ਕੰਪਨੀਆਂ ਹਨ। ਇਹ ਭਾਰਤ ਦੀਆਂ ਸਭ ਤੋਂ ਪੁਰਾਣੀਆਂ ਅਤੇ ਵੱਡੀਆਂ ਨਿੱਜੀ ਊਰਜਾ ਕੰਪਨੀਆਂ ਵਿਚੋਂ ਇਕ ਹਨ। ਇਹ ਖਾਣਾਂ, ਗੈਸ ਖੇਤਰਾਂ, ਸਟੀਲ ਪਲਾਂਟਾਂ, ਟੈਲੀਫ਼ੋਨ, ਕੇਬਲ ਟੀ ਵੀ ਅਤੇ ਬਰਾਂਡ ਬੈਂਡ ਨੈੱਟਵਰਕ ਦੇ ਮਾਲਕ ਹਨ ਅਤੇ ਸਾਲਮ ਨਗਰਾਂ ਦੇ ਕਰਤਾ-ਧਰਤਾ ਹਨ। ਇਹ ਕਾਰਾਂ ਅਤੇ ਟਰੱਕ ਬਣਾਉਂਦੇ ਹਨ, ਅਤੇ ਤਾਜ ਹੋਟਲਾਂ, ਜੈਗੂਅਰ, ਲੈਂਡ ਰੋਵਰ, ਦਾਇਵੂ, ਟੈਟਲੇ ਟੀ, ਪ੍ਰਕਾਸ਼ਨ ਕੰਪਨੀ, ਕਿਤਾਬ ਸਟੋਰਾਂ ਦੀ ਲੜੀ, ਆਇਓਡੀਨ ਵਾਲੇ ਲੂਣ ਦਾ ਬਰੈਂਡ ਅਤੇ ਹਾਰ-ਸ਼ਿਗਾਰ ਦੀ ਵਿਸ਼ਾਲ ਕੰਪਨੀ *ਲੈਕਮੇ* ਦੇ ਮਾਲਕ ਹਨ। ਇਨ੍ਹਾਂ ਦੀ ਇਸ਼ਤਿਹਾਰਬਾਜ਼ੀ ਦਾ ਅੰਤਰਾ ਇਹ ਹੋ ਸਕਦਾ ਹੈ: ਤੁਹਾਡਾ ਸਾਡੇ ਬਗ਼ੈਰ ਗੁਜ਼ਾਰਾ ਨਹੀਂ।

"ਵਿਕਾਸ-ਫੁਟਾਰੇ ਦੇ ਮੰਤਰ" ਦੇ ਨੇਮਾਂ ਅਨੁਸਾਰ, ਤੁਹਾਡੇ ਕੋਲ ਜਿੰਨੀ ਵੱਧ ਦੌਲਤ ਹੋਵੇਗੀ, ਤੁਸੀਂ ਓਨੀ ਹੀ ਵੱਧ ਰੱਖ ਸਕਦੇ ਹੋ।

ਹਰ ਚੀਜ਼ ਦੇ ਨਿੱਜੀਕਰਨ ਦੇ ਯੁਗ ਦੀ ਆਮਦ ਨਾਲ, ਭਾਰਤੀ ਅਰਥਚਾਰਾ ਦੁਨੀਆ ਦੇ ਸਭ ਤੋਂ ਤੇਜ਼ੀ ਨਾਲ ਵਿਕਾਸ ਕਰ ਰਹੇ ਅਰਥਚਾਰਿਆਂ ਵਿਚੋਂ ਇਕ ਬਣ ਗਿਆ ਹੈ। ਫਿਰ ਵੀ, ਪੁਰਾਣੀ ਤਰਜ਼ ਦੀ ਕਿਸੇ ਆਹਲਾ ਬਸਤੀ ਵਾਂਗ, ਇਸਦੀ ਇਕ ਮੁੱਖ ਬਰਾਮਦਕਾਰੀ ਚੀਜ਼ ਖਣਿਜ ਹਨ। ਟਾਟੇ, ਜਿੰਦਲ, ਐੱਸ. ਆਰ, ਰਿਲਾਇੰਸ, ਸਟਰਲਾਈਟ; ਭਾਰਤ ਦੀਆਂ ਇਨ੍ਹਾਂ ਨਵੀਂਆਂ ਮੈਗਾ ਕਾਰਪੋਰੇਸ਼ਨਾਂ ਨੇ ਹਿੱਕ ਦੇ ਜ਼ੋਰ ਉਸ ਮੂੰਹੋਂ ਤੱਕ ਪਹੁੰਚ ਬਣਾ ਲਈ ਹੈ ਜਿੱਥੋਂ ਧਰਤੀ ਦੀ ਕੁੱਖ ਵਿਚੋਂ ਮਰੁੰਛੀ ਦੌਲਤ ਦਾ ਫੁਟਾਰਾ ਹੋ ਰਿਹਾ ਹੈ। ਕਾਰੋਬਾਰਾਂ ਦੇ ਮਾਲਕਾਂ ਦਾ ਸੁਪਨਾ ਸੱਚ ਹੋ ਗਿਆ ਹੈ—ਕਾਰੋਬਾਰ ਦਾ ਸਮਾਨ ਵੇਚਣ ਲਈ ਹੁਣ ਇਨ੍ਹਾਂ ਨੂੰ ਕੁਝ ਖ਼ਰੀਦਣਾ ਨਹੀਂ ਪਵੇਗਾ।

ਕਾਰਪੋਰੇਟ ਦੌਲਤ ਦਾ ਇਕ ਹੋਰ ਵੱਡਾ ਵਸੀਲਾ ਇਨ੍ਹਾਂ ਦੇ ਜ਼ਮੀਨਾਂ ਦੇ ਜ਼ਖ਼ੀਰੇ ਹਨ। ਦੁਨੀਆ ਭਰ 'ਚ ਕਮਜ਼ੋਰ, ਭ੍ਰਿਸ਼ਟ ਸਥਾਨਕ ਹਕੂਮਤਾਂ ਨੇ *ਵਾਲ ਸਟਰੀਟ* ਦੇ ਦਲਾਲਾਂ, ਖੇਤੀ-ਵਪਾਰ ਕਾਰਪੋਰੇਸ਼ਨਾਂ ਅਤੇ ਚੀਨੀ ਅਰਬਪਤੀਆਂ ਦਾ ਜ਼ਮੀਨ ਦੀਆਂ ਵਿਸ਼ਾਲ ਪੱਟੀਆਂ ਉੱਪਰ ਕਬਜ਼ਾ ਕਰਾਉਣ 'ਚ ਪੂਰਾ ਹੱਥ ਵਟਾਇਆ ਹੈ। (ਨਿਸ਼ਚੇ ਹੀ, ਇਸ ਨਾਲ ਪਾਣੀ ਉੱਪਰ ਕਬਜ਼ਾ ਵੀ ਜੁੜਿਆ ਹੋਇਆ ਹੈ।) ਭਾਰਤ ਵਿਚ, ਦਹਿ ਲੱਖਾਂ ਲੋਕਾਂ ਦੀ ਜ਼ਮੀਨ "ਜਨਤਕ ਹਿੱਤ 'ਚ"—ਵਿਸ਼ੇਸ਼ ਆਰਥਕ ਖੇਤਰਾਂ, ਬੁਨਿਆਦੀ ਢਾਂਚਾ ਪ੍ਰਾਜੈਕਟਾਂ, ਡੈਮਾਂ, ਰਾਜ ਮਾਰਗਾਂ, ਕਾਰ ਸਨਅਤ, ਕੈਮੀਕਲ ਹਬ ਅਤੇ *ਫਾਰਮੂਲਾ ਵੰਨ ਰੇਸਿੰਗ* (ਇਕ ਸੀਟ ਵਾਲੇ ਆਟੋ ਵਾਹਣਾਂ ਦਾ ਦੌੜ ਮੁਕਾਬਲਾ—ਅਨੁਵਾਦਕ)—ਲਈ ਖੋਹਕੇ ਨਿੱਜੀ ਕਾਰਪੋਰੇਸ਼ਨਾਂ ਦੇ ਹਵਾਲੇ ਕੀਤੀ ਜਾ ਰਹੀ ਹੈ। (ਨਿੱਜੀ ਜਾਇਦਾਦ ਦੀ ਪਵਿੱਤਰਤਾ ਦਾ ਅਸੂਲ ਕਦੇ ਵੀ ਗ਼ਰੀਬ ਲਈ ਲਾਗੂ ਨਹੀਂ ਕੀਤਾ ਜਾਂਦਾ।) ਸਦਾ ਹੀ, ਸਥਾਨਕ ਲੋਕਾਂ ਨੂੰ ਭਰੋਸਾ ਦਿਵਾਇਆ ਜਾਂਦਾ ਹੈ ਕਿ ਉਨ੍ਹਾਂ ਦੀ ਜ਼ਮੀਨਾਂ ਤੋਂ

ਬੇਦਖ਼ਲੀ ਅਤੇ ਉਨ੍ਹਾਂ ਤੋਂ ਸਭ ਕੁਝ ਖੋਹ ਲੈਣ ਦੀ ਕਾਰਵਾਈ ਦਰਅਸਲ ਰੋਜ਼ਗਾਰ ਪੈਦਾ ਕਰਨ ਦਾ ਹਿੱਸਾ ਹੈ। ਪਰ ਹੁਣ ਅਸੀਂ ਜਾਣਦੇ ਹਾਂ ਕਿ ਜੀ ਡੀ ਪੀ ਦੇ ਵਾਧੇ ਅਤੇ ਨੌਕਰੀਆਂ ਦਰਮਿਆਨ ਸਬੰਧ ਛਲਾਵਾ ਹੈ। 20 ਸਾਲਾਂ ਦੇ "ਆਰਥਕ ਵਾਧੇ" ਪਿੱਛੋਂ ਭਾਰਤ ਦੀ 60 ਫ਼ੀ ਸਦੀ ਕਾਮਾ-ਸ਼ਕਤੀ ਸਵੈ-ਰੋਜ਼ਗਾਰ 'ਚ ਲੱਗੀ ਹੋਈ ਹੈ; ਭਾਰਤ ਦੀ 90 ਫ਼ੀ ਸਦੀ ਕਿਰਤ ਸ਼ਕਤੀ ਗ਼ੈਰ-ਜਥੇਬੰਦ ਖੇਤਰ ਵਿਚ ਕੰਮ ਕਰਦੀ ਹੈ।

ਆਜ਼ਾਦੀ ਤੋਂ ਬਾਦ 80ਵਿਆਂ ਤੱਕ, ਲੋਕ ਲਹਿਰਾਂ, ਨਕਸਲੀਆਂ ਤੋਂ ਲੈਕੇ ਜੈ ਪ੍ਰਕਾਸ਼ ਨਰਾਇਣ ਦੀ ਸੰਪੂਰਨ ਕ੍ਰਾਂਤੀ ਤੱਕ, ਜ਼ਮੀਨੀ ਸੁਧਾਰਾਂ, ਜਗੀਰੂ ਭੋਂਇ ਸਰਦਾਰਾਂ ਤੋਂ ਜ਼ਮੀਨ ਲੈਕੇ ਬੇਜ਼ਮੀਨੇ ਕਿਸਾਨਾਂ 'ਚ ਵੰਡਣ ਲਈ ਲੜ ਰਹੀਆਂ ਸਨ। ਅੱਜ ਜ਼ਮੀਨ ਜਾਂ ਦੌਲਤ ਦੀ ਮੁੜ ਵੰਡ ਦੀ ਗੱਲ ਨੂੰ ਮਹਿਜ਼ ਗ਼ੈਰ-ਜਮਹੂਰੀ ਹੀ ਨਹੀਂ ਸਗੋਂ ਝੱਲ ਸਮਝਿਆ ਜਾਵੇਗਾ। ਇੱਥੋਂ ਤੱਕ ਕਿ ਸਭ ਤੋਂ ਖਾੜਕੂ ਲਹਿਰਾਂ ਵੀ ਉਸ ਮਾੜੀ-ਮੋਟੀ ਜ਼ਮੀਨ ਉੱਪਰ ਕਬਜ਼ਾ ਬਣਾਈ ਰੱਖਣ ਦੀ ਲੜਾਈ ਤੱਕ ਸੀਮਤ ਹੋ ਗਈਆਂ ਹਨ ਜੋ ਇਸ ਵਕਤ ਉਨ੍ਹਾਂ ਦੇ ਕੋਲ ਹੈ। ਆਪਣੇ ਪਿੰਡਾਂ ਵਿਚੋਂ ਦਬੱਲ ਦਿੱਤੇ ਗਏ ਦਹਿ ਲੱਖਾਂ ਬੇਜ਼ਮੀਨੇ ਲੋਕ, ਜਿਨ੍ਹਾਂ 'ਚ ਬਹੁਗਿਣਤੀ ਦਲਿਤਾਂ ਅਤੇ ਆਦਿਵਾਸੀਆਂ ਦੀ ਹੈ, ਛੋਟੇ ਸ਼ਹਿਰਾਂ ਅਤੇ ਮੈਗਾ ਸ਼ਹਿਰਾਂ ਦੀਆਂ ਗ਼ਰੀਬ ਬਸਤੀਆਂ ਅਤੇ ਝੁੱਗੀਆਂ-ਝੌਂਪੜੀਆਂ 'ਚ ਰਹਿ ਰਹੇ ਹਨ। ਇਹ ਉਹ ਲੋਕ ਹਨ ਜਿਨ੍ਹਾਂ ਦਾ ਕਦੇ ਰੈਡੀਕਲ ਪ੍ਰਵਚਨ 'ਚ ਕਿਤੇ ਜ਼ਿਕਰ ਹੀ ਨਹੀਂ ਹੁੰਦਾ।

ਕਿਉਂਕਿ ਦੌਲਤ ਦਾ ਵਿਕਾਸ-ਫੁਟਾਰਾ ਇਕ ਚਮਕੀਲੇ ਛਿੱਕੂ 'ਚ ਡਿਗ ਰਿਹਾ ਹੈ ਜਿਸ ਨੂੰ ਬੋਚਣ ਲਈ ਸਾਡੇ ਅਰਬਪਤੀ ਪੱਬਾਂ ਭਾਰ ਹੋਏ ਪਏ ਹਨ। ਇਸ ਲਈ ਧਨ ਦੀਆਂ ਛੱਲਾਂ ਜਮਹੂਰੀਅਤ ਦੀਆਂ ਸੰਸਥਾਵਾਂ—ਅਦਾਲਤਾਂ, ਸੰਸਦ ਅਤੇ ਨਾਲ ਹੀ ਸੰਚਾਰ ਸਾਧਨਾਂ—ਨੂੰ ਢਾਹ ਲਾ ਰਹੀਆਂ ਹਨ ਅਤੇ ਜਿਵੇਂ ਇਨ੍ਹਾਂ ਸੰਸਥਾਵਾਂ ਨੇ ਕੰਮ ਕਰਨਾ ਸੀ ਇਹ ਉਸ ਤਰੀਕੇ ਨਾਲ ਕੰਮ ਕਰਨ ਦੀ ਯੋਗਤਾ ਬਾਰੇ ਹੀ ਘੋਰ ਸਮਝੌਤੇ ਕਰ ਰਹੀਆਂ ਹਨ। ਚੋਣਾਂ ਦਾ ਘੜਮੱਸ ਜਿੰਨਾ ਵੱਧ ਸ਼ੋਰੀਲਾ ਹੈ, ਓਨਾ ਹੀ ਸਾਡਾ ਯਕੀਨ ਖ਼ੁਰਦਾ ਜਾ ਰਿਹਾ ਹੈ ਕਿ ਇੱਥੇ ਜਮਹੂਰੀਅਤ ਦੀ ਕੋਈ ਹੋਂਦ ਵੀ ਹੈ।

ਭ੍ਰਿਸ਼ਟਾਚਾਰ ਨਾਲ ਜੁੜਿਆ ਨਵੇਂ ਤੋਂ ਨਵਾਂ ਘੁਟਾਲਾ ਨੰਗਾ ਹੋਣ ਨਾਲ ਇਸ ਤੋਂ ਪਹਿਲਾ ਘੁਟਾਲਾ ਬੌਣਾ ਲਗਣ ਲੱਗ ਜਾਂਦਾ ਹੈ। 2011 ਦੀ ਹੁਨਾਲ ਰੁੱਤੇ, 2-ਜੀ ਸਪੈਕਟ੍ਰਮ ਘੁਟਾਲੇ ਦਾ ਭਾਂਡਾ ਭੱਜਿਆ। ਅਸੀਂ ਜਾਣਿਆ ਕਿ ਕਾਰਪੋਰੇਸ਼ਨਾਂ ਨੇ ਇਕ ਆਪਣੀ ਹਿਤੈਸ਼ੀ ਰੂਹ ਨੂੰ ਕੇਂਦਰੀ ਦੂਰ-ਸੰਚਾਰ ਮੰਤਰੀ ਬਣਾਕੇ 40 ਅਰਬ ਡਾਲਰ ਜਨਤਕ ਧਨ ਉਡਾ ਲਿਆ ਸੀ ਜਿਸਨੇ 2-ਜੀ ਟੈਲੀਕਾਮ ਸਪੈਕਟ੍ਰਮ ਦੇ ਲਾਇਸੰਸਾਂ ਦਾ ਬਹੁਤ ਥੋੜ੍ਹਾ ਮੁੱਲਕੇ ਤੈਅ ਕਰਕੇ ਲਾਇਸੰਸ ਗ਼ੈਰਕਾਨੂੰਨੀ ਰੂਪ 'ਚ ਆਪਣੇ ਲੰਗੋਟੀਏ ਯਾਰਾਂ ਦੇ ਹਵਾਲੇ ਕਰ ਦਿੱਤੇ ਸਨ। ਪ੍ਰੈੱਸ ਦੇ ਹੱਥ ਲੱਗੇ ਟੈਪ ਕੀਤੇ ਫ਼ੋਨ ਵਾਰਤਾਲਾਪਾਂ ਨੇ ਪੋਲ ਖੋਲ੍ਹਿਆ ਕਿ ਕਿਵੇਂ ਸਨਅਤਕਾਰਾਂ ਅਤੇ ਇਨ੍ਹਾਂ ਦੀਆਂ ਮੋਹਰੀ ਕੰਪਨੀਆਂ, ਮੰਤਰੀਆਂ, ਸੀਨੀਅਰ ਪੱਤਰਕਾਰਾਂ ਅਤੇ ਇਕ ਟੀ ਵੀ ਐਂਕਰ ਦਾ ਤਾਣਾਬਾਣਾ ਇਸ ਦਿਨ ਦਿਹਾੜੇ

ਡਾਕੇ ਨੂੰ ਅੰਜਾਮ ਦੇਣ 'ਚ ਸ਼ਾਮਲ ਸੀ। ਇਹ ਟੇਪਾਂ ਮਹਿਜ਼ ਇਕ ਐੱਮ ਆਰ ਆਈ ਟੈਸਟ ਵਾਂਗ ਸਨ, ਜਿਨ੍ਹਾਂ ਨੇ ਉਸ ਬਿਮਾਰੀ ਦੇ ਲੱਛਣਾਂ ਦੀ ਪੁਸ਼ਟੀ ਕਰ ਦਿੱਤੀ ਜੋ ਲੋਕਾਂ ਨੇ ਲੰਮਾ ਸਮਾਂ ਪਹਿਲਾਂ ਬੁੱਝ ਲਈ ਸੀ।

ਨਿੱਜੀਕਰਨ ਅਤੇ ਟੈਲੀਕਾਮ ਸਪੈਕਟ੍ਰਮ ਦੀ ਗ਼ੈਰਕਾਨੂੰਨੀ ਵਿਕਰੀ 'ਚ ਜੰਗ, ਉਜਾੜਾ ਅਤੇ ਵਾਤਾਵਰਣ ਦੀ ਤਬਾਹੀ ਸ਼ਾਮਲ ਨਹੀਂ ਹੈ। ਭਾਰਤ ਦੇ ਪਹਾੜਾਂ, ਦਰਿਆਵਾਂ ਅਤੇ ਜੰਗਲਾਂ ਦੇ ਨਿੱਜੀਕਰਨ 'ਚ ਇਹ ਸ਼ਾਮਲ ਹੈ। ਸ਼ਾਇਦ ਇਹ ਸਧਾਰਨ ਸਪਸ਼ਟਤਾ ਵਾਲਾ ਸਿੱਧੀ, ਮੁਕੰਮਲ ਜਵਾਬਦੇਹੀ ਵਾਲਾ ਘੁਟਾਲਾ ਨਾ ਹੋਣ ਕਰਕੇ ਹੋਵੇ। ਜਾਂ ਸ਼ਾਇਦ ਇਸ ਦੀ ਵਜ੍ਹਾ ਇਹ ਹੈ ਕਿ ਇਹ ਭਾਰਤ ਦੀ "ਤਰੱਕੀ" ਦੇ ਨਾਂ ਹੇਠ ਕੀਤਾ ਜਾ ਰਿਹਾ ਹੈ, ਇਸ ਬਾਰੇ ਮੱਧ ਵਰਗੀ ਕਾਵਾਂਰੌਲੀ ਉਵੇਂ ਸੁਣਾਈ ਨਹੀਂ ਦਿੰਦੀ।

2005 'ਚ ਛੱਤੀਸਗੜ੍ਹ, ਉੜੀਸਾ ਅਤੇ ਝਾਰਖੰਡ ਦੀਆਂ ਸੂਬਾ ਸਰਕਾਰਾਂ ਨੇ ਚੋਖੀ ਗਿਣਤੀ ਨਿੱਜੀ ਕੰਪਨੀਆਂ ਨਾਲ ਸੈਂਕੜੇ ਇਕਰਾਰਨਾਮਿਆਂ ਉੱਪਰ ਸਹੀ ਪਾ ਕੇ ਖਰਬਾਂ ਡਾਲਰ ਮੁੱਲ ਦਾ ਬਾਕਸਾਈਟ, ਕੱਚਾ ਲੋਹਾ ਅਤੇ ਹੋਰ ਖਣਿਜ ਕੌਡੀਆਂ ਦੇ ਭਾਅ ਇਨ੍ਹਾਂ ਦੇ ਹਵਾਲੇ ਕਰ ਦਿੱਤੇ, ਖੁੱਲ੍ਹੀ ਮੰਡੀ ਦੇ ਕੁਢਰ ਤਰਕ ਦਾ ਵੀ ਲਿਹਾਜ਼ ਨਹੀਂ ਕੀਤਾ ਗਿਆ। (ਸਰਕਾਰ ਨੂੰ ਇਸ ਵਿਚੋਂ ਰਾਇਲਟੀ ਸਿਰਫ਼ 0.5 ਫ਼ੀ ਸਦੀ ਤੋਂ ਲੈ ਕੇ 7 ਫ਼ੀ ਸਦੀ ਤੱਕ ਹੀ ਮਿਲਣੀ ਸੀ।)

ਛੱਤੀਸਗੜ੍ਹ ਹਕੂਮਤ ਵਲੋਂ ਟਾਟਾ ਸਟੀਲ ਕੰਪਨੀ ਨਾਲ ਬਸਤਰ ਵਿਚ ਇਕ ਅਜਿਹਾ ਸਟੀਲ ਪਲਾਂਟ ਉਸਾਰਨ ਬਾਬਤ ਇਕਰਾਰਨਾਮਾ ਕਰਨ ਤੋਂ ਕੁਝ ਚਿਰ ਬਾਦ ਹੀ ਇਕ ਗ਼ੈਰਕਾਨੂੰਨੀ ਮਿਲੀਸ਼ੀਆ *ਸਲਵਾ ਜੁਡਮ* ਬਣਾ ਦਿੱਤੀ ਗਈ। ਸਰਕਾਰ ਨੇ ਦਾਵਾ ਕੀਤਾ ਕਿ ਸਲਵਾ ਜੁਡਮ ਜੰਗਲ 'ਚ ਮਾਓਵਾਦੀ ਛਾਪਾਮਾਰਾਂ ਦੇ "ਜਬਰ" ਤੋਂ ਅੱਕੇ-ਸਤੇ ਸਥਾਨਕ ਲੋਕਾਂ ਦੀ ਆਪਮੁਹਾਰੀ ਬਗ਼ਾਵਤ ਹੈ। ਇਹ ਜ਼ਮੀਨ ਖਾਲੀ ਕਰਾਉਣ ਵਾਲੀ ਕਾਰਵਾਈ ਬਣਕੇ ਸਾਹਮਣੇ ਆਈ, ਜਿਸਨੂੰ ਫੰਡ ਅਤੇ ਹਥਿਆਰ ਸਰਕਾਰ ਦੇ ਰਹੀ ਸੀ ਅਤੇ ਇਸ ਵਿਚ ਖਾਣ ਖੋਦਣ ਵਾਲੀਆਂ ਕਾਰਪੋਰੇਸ਼ਨਾਂ ਹਿੱਸਾ ਪਾ ਰਹੀਆਂ ਸਨ। ਹੋਰ ਸੂਬਿਆਂ ਵਿਚ, ਹੋਰ ਨਾਵਾਂ ਹੇਠ ਇਹੋ ਜਹੀਆਂ ਵੱਖੋ-ਵੱਖਰੀਆਂ ਮਿਲੀਸ਼ੀਆ ਬਣਾਈਆਂ ਗਈਆਂ। ਪ੍ਰਧਾਨ ਮੰਤਰੀ ਨੇ ਐਲਾਨ ਕੀਤਾ ਕਿ ਮਾਓਵਾਦੀ "ਭਾਰਤ ਦੀ ਇਕੋ-ਇਕ ਸਭ ਤੋਂ ਵੱਡੀ ਸੁਰੱਖਿਆ ਚੁਣੌਤੀ" ਹਨ। ਇਹ ਇਕ ਜੰਗ ਦਾ ਐਲਾਨ ਸੀ।

2 ਜਨਵਰੀ 2006 ਨੂੰ, ਗੁਆਂਢੀ ਸੂਬੇ ਉੜੀਸਾ ਦੇ ਕਾਲਿੰਗਾਨਗਰ ਵਿਚ ਟਾਟਾ ਸਟੀਲ ਦੇ ਇਕ ਹੋਰ ਤਜਵੀਜ਼ਤ ਪਲਾਂਟ ਵਾਲੀ ਥਾਂ ਪੁਲਿਸ ਦੀਆਂ ਦਸ ਪਲਟਣਾਂ ਆ ਧਮਕੀਆਂ ਅਤੇ ਉੱਥੇ ਰੋਸ ਪ੍ਰਗਟਾਉਣ ਲਈ ਜੁੜੇ ਲੋਕਾਂ ਉੱਪਰ ਗੋਲੀਆਂ ਚਲਾਈਆਂ। ਇਨ੍ਹਾਂ ਲੋਕਾਂ ਨੂੰ ਮਹਿਸੂਸ ਹੋ ਰਿਹਾ ਸੀ ਕਿ ਉਨ੍ਹਾਂ ਤੋਂ ਖੋਹੀ ਜਾ ਰਹੀ ਜ਼ਮੀਨ ਦਾ ਪੂਰਾ ਮੁਆਵਜ਼ਾ ਨਹੀਂ ਦਿੱਤਾ ਜਾ ਰਿਹਾ। ਸ਼ਾਇਦ ਪੁਲਿਸ ਕਾਰਵਾਈ ਇਹ ਦਰਸਾਉਣ ਲਈ ਕੀਤੀ ਗਈ ਸੀ ਕਿ ਹਕੂਮਤ ਆਪਣੇ ਇਰਾਦੇ ਤੋਂ ਪਿੱਛੇ ਹਟਣ ਵਾਲੀ ਨਹੀਂ ਹੈ। ਇਕ ਪੁਲਸੀਏ ਸਣੇ 13 ਲੋਕ ਮਾਰੇ ਗਏ ਅਤੇ 37 ਫੱਟੜ ਹੋ ਗਏ।

ਇਸ ਗੱਲ ਨੂੰ ਛੇ ਵਰ੍ਹੇ ਬੀਤ ਗਏ ਹਨ। ਭਾਵੇਂ ਹਥਿਆਰਬੰਦ ਪੁਲਸੀਆਂ ਨੇ ਇਹ ਪਿੰਡ ਘੇਰੇ ਹੋਏ ਹਨ ਪਰ ਰੋਸ ਪ੍ਰਗਟਾਵੇ ਨੂੰ ਖ਼ਤਮ ਨਹੀਂ ਕੀਤਾ ਜਾ ਸਕਿਆ।

ਇਸੇ ਦੌਰਾਨ ਛੱਤੀਸਗੜ੍ਹ ਵਿਚ, *ਸਲਵਾ ਜੁਡਮ* ਨੇ ਜੰਗਲ ਦੇ ਸੈਂਕੜੇ ਪਿੰਡਾਂ ਵਿਚ ਸਾੜਫੂਕ, ਕਤਲੋਗ਼ਾਰਤ ਅਤੇ ਬਲਾਤਕਾਰਾਂ ਦਾ ਹੱਲਾ ਬੋਲਕੇ 600 ਪਿੰਡ ਉਜਾੜ ਦਿੱਤੇ। ਪੰਜਾਹ ਹਜ਼ਾਰ ਤੋਂ ਵੱਧ ਲੋਕਾਂ ਨੂੰ ਪੁਲਿਸ ਕੈਂਪਾਂ 'ਚ ਜਾਣ ਲਈ ਮਜਬੂਰ ਕਰ ਦਿੱਤਾ ਗਿਆ ਅਤੇ ਸਾਢੇ ਤਿੰਨ ਲੱਖ ਲੋਕ ਘਰ-ਬਾਰ ਛੱਡਣ ਲਈ ਮਜਬੂਰ ਹੋ ਗਏ। ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਜਿਹੜੇ ਲੋਕ ਜੰਗਲਾਂ ਵਿਚੋਂ ਬਾਹਰ ਨਹੀਂ ਆਏ, ਉਨ੍ਹਾਂ ਨੂੰ "ਮਾਓਵਾਦੀ ਦਹਿਸ਼ਤਗਰਦ" ਸਮਝਿਆ ਜਾਵੇਗਾ। ਇਸ ਤਰੀਕੇ ਨਾਲ ਆਧੁਨਿਕ ਭਾਰਤ ਦੇ ਇਸ ਹਿੱਸੇ ਵਿਚ ਖੇਤ ਵਾਹੁਣ ਅਤੇ ਫ਼ਸਲ ਬੀਜਣ ਨੂੰ ਵੀ ਦਹਿਸ਼ਤਗਰਦ ਕਾਰਵਾਈ ਦੀ ਪ੍ਰੀਭਾਸ਼ਾ ਦੀ ਜ਼ੱਦ 'ਚ ਲਿਆਂਦਾ ਗਿਆ। ਆਖ਼ਿਰ, ਸਲਵਾ ਜੁਡਮ ਦੇ ਜ਼ੁਲਮਾਂ ਨੇ ਲੋਕ ਟਾਕਰੇ ਨੂੰ ਹੀ ਮਜ਼ਬੂਤੀ ਬਖ਼ਸ਼ੀ ਅਤੇ ਮਾਓਵਾਦੀ ਛਾਪਾਮਾਰ ਫ਼ੌਜ ਦੀ ਗਿਣਤੀ 'ਚ ਵਾਧਾ ਹੀ ਹੋਇਆ। 2009 'ਚ ਸਰਕਾਰ ਨੇ *ਓਪਰੇਸ਼ਨ ਗਰੀਨ ਹੰਟ* ਦਾ ਐਲਾਨ ਕਰ ਦਿੱਤਾ। ਛੱਤੀਸਗੜ੍ਹ, ਉੜੀਸਾ, ਝਾਰਖੰਡ ਅਤੇ ਪੱਛਮੀ ਬੰਗਾਲ ਵਿਚ ਦੋ ਲੱਖ ਨੀਮ-ਫ਼ੌਜੀ ਦਸਤੇ ਲਾ ਦਿੱਤੇ ਗਏ।

ਤਿੰਨ ਸਾਲ ਤੱਕ ਚੱਲੀ "ਘੱਟ ਤੀਬਰ ਲੜਾਈ" ਵੀ ਜੰਗਲ ਵਿਚੋਂ ਬਾਗ਼ੀਆਂ ਨੂੰ "ਖ਼ਤਮ ਕਰਨ" 'ਚ ਕਾਮਯਾਬ ਨਹੀਂ ਹੋਈ। ਇਸ ਪਿੱਛੋਂ ਕੇਂਦਰੀ ਹਕੂਮਤ ਨੇ ਐਲਾਨ ਕਰ ਦਿੱਤਾ ਕਿ ਇੱਥੇ ਭਾਰਤੀ ਫ਼ੌਜ ਅਤੇ ਹਵਾਈ ਫ਼ੌਜ ਲਗਾਈ ਜਾਵੇਗੀ। ਭਾਰਤ ਵਿਚ, ਅਸੀਂ ਇਸਨੂੰ ਜੰਗ ਨਹੀਂ ਕਹਿੰਦੇ। ਅਸੀਂ ਇਸਨੂੰ "ਪੂੰਜੀ-ਨਿਵੇਸ਼ ਲਈ ਸਾਜ਼ਗਰ ਮਾਹੌਲ ਉਸਾਰਨਾ" ਕਹਿੰਦੇ ਹਾਂ! ਹਜ਼ਾਰਾਂ ਫ਼ੌਜੀ ਪਹਿਲਾਂ ਹੀ ਇੱਥੇ ਘੱਲ ਦਿੱਤੇ ਗਏ ਹਨ। ਇੱਥੇ ਫ਼ੌਜ ਦੇ ਬ੍ਰਿਗੇਡ ਦਾ ਸਦਰ ਮੁਕਾਮ ਅਤੇ ਹਵਾਈ ਕੇਂਦਰ ਬਣਾਏ ਜਾ ਰਹੇ ਹਨ। ਦੁਨੀਆ ਦੀ ਇਕ ਸਭ ਤੋਂ ਵੱਡੀ ਫ਼ੌਜ ਹੁਣ ਆਪਣੀਆਂ ਲੜਾਈ ਵਿਚ ਕੁੱਦਣ ਦੀਆਂ ਸ਼ਰਤਾਂ ਤਿਆਰ ਕਰਨ 'ਚ ਜੁਟੀ ਹੋਈ ਹੈ ਤਾਂ ਜੋ ਦੁਨੀਆ ਦੇ ਸਭ ਤੋਂ ਗ਼ਰੀਬ, ਸਭ ਤੋਂ ਵੱਧ ਭੁੱਖੇ-ਨੰਗੇ, ਸਭ ਤੋਂ ਵੱਧ ਕੁਪੋਸ਼ਣ ਦਾ ਸ਼ਿਕਾਰ ਲੋਕਾਂ ਤੋਂ ਆਪਣੀ "ਰਾਖੀ" ਕਰ ਸਕੇ। ਸਾਨੂੰ ਸਿਰਫ਼ *ਆਰਮਡ ਫੋਰਸਿਜ਼ ਸਪੈਸ਼ਲ ਪਾਵਰ ਐਕਟ* (ਅਫਸਪਾ) ਦੇ ਐਲਾਨ ਦੀ ਉਡੀਕ ਹੈ ਜੋ ਫ਼ੌਜ ਨੂੰ ਕਾਨੂੰਨੀ ਸੁਰੱਖਿਆ ਅਤੇ "ਸ਼ੱਕ ਦੇ ਅਧਾਰ 'ਤੇ" ਗੋਲੀ ਮਾਰਕੇ ਮਾਰ ਦੇਣ ਦਾ ਹੱਕ ਦੇ ਦੇਵੇਗਾ। ਕਸ਼ਮੀਰ, ਮਨੀਪੁਰ ਅਤੇ ਨਾਗਾਲੈਂਡ ਵਿਚ ਦਹਿ ਹਜ਼ਾਰਾਂ ਅਣਗੌਲੀਆਂ ਕਬਰਾਂ ਅਤੇ ਇਸ ਵਲੋਂ ਬੇਪਛਾਣ ਲਾਸ਼ਾਂ ਦੇ ਦਾਹ-ਸੰਸਕਾਰ ਨੇ ਸਾਬਤ ਕਰ ਦਿੱਤਾ ਹੈ ਕਿ ਇਹ ਸੱਚੀਓਂ ਹੀ ਬਹੁਤ ਸ਼ੱਕੀ ਫ਼ੌਜ ਹੈ।

ਫ਼ੌਜ ਲਗਾਉਣ ਦੀਆਂ ਤਿਆਰੀਆਂ ਤਾਂ ਚਲ ਹੀ ਰਹੀਆਂ ਹਨ, ਦੂਜੇ ਪਾਸੇ ਕੇਂਦਰੀ ਭਾਰਤ ਦੇ ਜੰਗਲਾਂ ਨੂੰ ਘੇਰਾ ਵੀ ਘੱਤਿਆ ਹੋਇਆ ਹੈ। ਪਿੰਡਾਂ ਦੇ ਲੋਕ ਜੰਗਲ ਤੋਂ ਬਾਹਰ ਨਿਕਲਣ ਤੋਂ ਜਾਂ ਖਾਣ-ਪੀਣ ਦਾ ਸਮਾਨ ਜਾਂ ਦਵਾਈਆਂ ਲੈਣ ਲਈ ਬਾਹਰ ਆਉਣੋਂ ਤਰਾਹ ਤਰਾਹ ਕਰ ਰਹੇ ਹਨ। ਸੈਂਕੜੇ ਲੋਕ ਜ਼ਾਲਮ, ਗ਼ੈਰਜਮਹੂਰੀ

ਕਾਨੂੰਨ ਤਹਿਤ ਮਾਓਵਾਦੀ ਹੋਣ ਦਾ ਇਲਜ਼ਾਮ ਲਾਕੇ ਜੇਲ੍ਹਾਂ ਵਿਚ ਡੱਕੇ ਹੋਏ ਹਨ। ਜੇਲ੍ਹਾਂ ਆਦਿਵਾਸੀ ਲੋਕਾਂ ਨਾਲ ਤੂੜੀਆਂ ਹੋਈਆਂ ਹਨ, ਉਨ੍ਹਾਂ ਵਿਚੋਂ ਬਹੁਤਿਆਂ ਨੂੰ ਆਪਣੇ ਜੁਰਮ ਦਾ ਕੋਈ ਇਲਮ ਨਹੀਂ ਹੈ। ਪਿੱਛੇ ਜਹੇ, ਬਸਤਰ ਦੀ ਇਕ ਆਦਿਵਾਸੀ ਸਕੂਲ ਅਧਿਆਪਕਾ ਸੋਨੀ ਸੋਰੀ ਨੂੰ ਗ੍ਰਿਫ਼ਤਾਰ ਕਰਕੇ, ਪੁਲਿਸ ਹਿਰਾਸਤ 'ਚ ਤਸੀਹੇ ਦਿੱਤੇ ਗਏ। ਉਸ ਤੋਂ ਇਹ "ਇਕਬਾਲ ਕਰਾਉਣ" ਲਈ ਕਿ ਉਹ ਮਾਓਵਾਦੀਆਂ ਦੀ ਕਾਸਦ ਹੈ, ਉਸਦੇ ਗੁਪਤ ਅੰਗਾਂ 'ਚ ਪੱਥਰ ਧੱਕੇ ਗਏ। ਕਲਕੱਤਾ ਦੇ ਇਕ ਹਸਪਤਾਲ 'ਚ ਉਸਦੇ ਜਿਸਮ ਵਿਚੋਂ ਪੱਥਰ ਕੱਢੇ ਗਏ। ਜਦੋਂ ਬਹੁਤ ਹਾਲ-ਪਾਹਰਿਆ ਮੱਚ ਗਈ ਤਾਂ ਉਸਨੂੰ ਇੱਥੇ ਡਾਕਟਰੀ ਮੁਆਇਨੇ ਲਈ ਭੇਜਿਆ ਗਿਆ ਸੀ। ਸਰਵਉੱਚ ਅਦਾਲਤ ਵਿਖੇ ਇਕ ਤਾਜ਼ਾ ਸੁਣਵਾਈ ਮੌਕੇ, ਕਾਰਕੁੰਨਾਂ ਨੇ ਪਲਾਸਟਿਕ ਦੀ ਥੈਲੀ ਵਿਚ ਲਿਆਂਦੇ ਇਹ ਪੱਥਰ ਜੱਜ ਮੂਹਰੇ ਧਰ ਦਿੱਤੇ। ਉਨ੍ਹਾਂ ਵਲੋਂ ਕੀਤੀ ਚਾਰਾਜੋਈ ਦਾ ਨਤੀਜਾ ਸਿਰਫ਼ ਇਹ ਨਿਕਲਿਆ ਕਿ ਸੋਨੀ ਸੋਰੀ ਨੂੰ ਤਾਂ ਜੇਲ੍ਹ 'ਚ ਡੱਕਿਆ ਹੋਇਆ ਹੈ, ਪਰ ਉਸਨੂੰ ਤਸੀਹੇ ਦੇਣ ਵਾਲੇ ਪੁਲਿਸ ਸੁਪਰਡੈਂਟ ਅੰਕਿਤ ਗਰਗ ਨੂੰ ਗਣਤੰਤਰ ਦਿਵਸ ਮੌਕੇ ਰਾਸ਼ਟਰਪਤੀ ਵਲੋਂ ਪੁਲਿਸ ਬਹਾਦਰੀ ਦੇ ਵਿਸ਼ੇਸ਼ ਇਨਾਮ ਨਾਲ ਸਨਮਾਨਿਆ ਗਿਆ।

ਅਸੀਂ ਸਿਰਫ਼ ਇਹੀ ਸੁਣਦੇ ਹਾਂ ਕਿ ਕੇਂਦਰੀ ਭਾਰਤ ਦੇ ਵਾਤਾਵਰਣ ਦੀ ਅਤੇ ਸਮਾਜੀ ਮੁੜ ਢਾਂਚਾਬੰਦੀ ਦੀ ਵਜ੍ਹਾ ਇੱਥੇ ਜਨਤਕ ਬਗ਼ਾਵਤ ਅਤੇ ਜੰਗ ਹੈ। ਹਕੂਮਤ ਕੁਝ ਨਹੀਂ ਦੱਸ ਰਹੀ। ਸਾਰੇ ਇਕਰਾਰਨਾਮੇ ਗੁਪਤ ਹਨ। ਕੇਂਦਰੀ ਭਾਰਤ ਵਿਚ ਕੀ ਹੋ ਰਿਹਾ ਹੈ, ਸੰਚਾਰ ਮਾਧਿਅਮਾਂ ਦੇ ਕੁਝ ਹਿੱਸਿਆਂ ਨੇ ਇਹ ਦੱਸਣ ਦੀ ਪੂਰੀ ਵਾਹ ਲਾਈ ਹੈ। ਹਾਲਾਂਕਿ ਜ਼ਿਆਦਾਤਰ ਭਾਰਤੀ ਸੰਚਾਰ ਮਾਧਿਅਮਾਂ ਦੀ ਕਮਜ਼ੋਰੀ ਇਹ ਤੱਥ ਹੈ ਕਿ ਇਨ੍ਹਾਂ ਦੀ ਆਮਦਨੀ ਦਾ ਵੱਡਾ ਹਿੱਸਾ ਕਾਰਪੋਰੇਟ ਇਸ਼ਤਿਹਾਰਬਾਜ਼ੀ ਤੋਂ ਆਉਂਦਾ ਹੈ। ਜਿਵੇਂ ਇਹ ਐਨਾ ਮਾੜਾ ਨਹੀਂ ਹੁੰਦਾ, ਹੁਣ ਸੰਚਾਰ ਮਾਧਿਅਮਾਂ ਅਤੇ ਵੱਡੇ ਕਾਰਪੋਰੇਟਾਂ ਵਿਚਲਾ ਨਿਖੇੜਾ ਖ਼ਤਰਨਾਕ ਰੂਪ 'ਚ ਮਿਟਣਾ ਸ਼ੁਰੂ ਹੋ ਗਿਆ ਹੈ। ਅਸੀਂ ਦੇਖਿਆ ਹੈ ਕਿ ਆਰ ਆਈ ਐੱਲ ਅਸਲ ਵਿਚ 27 ਫ਼ੀ ਸਦੀ ਚੈਨਲਾਂ ਦੀ ਮਾਲਕ ਹੈ। ਪਰ ਇਸਦੇ ਉਲਟ ਵੀ ਸੱਚ ਹੈ। ਕੁਝ ਮੀਡੀਆ ਘਰਾਣਿਆਂ ਦੇ ਹੁਣ ਸਿੱਧੇ ਕਾਰੋਬਾਰ ਅਤੇ ਕਾਰਪੋਰੇਟ ਹਿੱਤ ਹਨ। ਮਿਸਾਲ ਵਜੋਂ, ਇਕ ਵੱਡੇ ਰੋਜ਼ਾਨਾ ਅਖ਼ਬਾਰ *ਦੈਨਿਕ ਭਾਸਕਰ*—ਅਤੇ ਇਹ ਸਿਰਫ਼ ਇਕ ਮਿਸਾਲ ਹੈ-ਦੇ 13 ਸੂਬਿਆਂ ਵਿਚ ਅੰਗਰੇਜ਼ੀ ਅਤੇ ਹਿੰਦੀ ਸਮੇਤ ਚਾਰ ਜ਼ੁਬਾਨਾਂ ਦੇ ਪੌਣੇ ਦੋ ਕਰੋੜ ਪਾਠਕ ਹਨ। ਇਹ ਘਰਾਣਾ ਉਨ੍ਹਾਂ 69 ਕੰਪਨੀਆਂ ਦਾ ਵੀ ਮਾਲਕ ਹੈ, ਜਿਨ੍ਹਾਂ ਦੇ ਹਿੱਤ ਖਾਣਾਂ ਖੋਦਣ, ਊਰਜਾ ਦੀ ਪੈਦਾਵਾਰ, ਰੀਅਲ ਇਸਟੇਟ ਅਤੇ ਕੱਪੜਾ ਮਿੱਲਾਂ 'ਚ ਹਨ। ਛੱਤੀਸਗੜ੍ਹ ਉੱਚ ਅਦਾਲਤ 'ਚ ਦਾਇਰ ਕੀਤੀ ਇਕ ਅਰਜ਼ੀ 'ਚ ਡੀ ਬੀ ਪਾਵਰ ਲਿਮ. (ਇਸ ਸਮੂਹ ਦੀ ਇਕ ਕੰਪਨੀ) ਉੱਪਰ ਦੋਸ਼ ਲਾਇਆ ਗਿਆ ਕਿ ਇਹ ਕੰਪਨੀ ਆਪਣੇ ਅਖ਼ਬਾਰਾਂ ਰਾਹੀਂ, ਇਕ ਖੁੱਲ੍ਹੇ ਪਾੜ ਵਾਲੀ ਕੋਲਾ ਖਾਣ ਬਾਰੇ, ਇਕ ਜਨਤਕ ਸੁਣਵਾਈ ਦੇ ਨਤੀਜਿਆਂ ਨੂੰ ਪ੍ਰਭਾਵਿਤ ਕਰਨ

ਲਈ "ਗਿਣੇ-ਮਿਥੇ, ਗ਼ੈਰਕਾਨੂੰਨੀ ਅਤੇ ਹੇਰਾਫੇਰੀ ਵਾਲੇ ਢੰਗ" ਇਸਤੇਮਾਲ ਕਰ ਰਹੀ ਹੈ। ਇਸਨੇ ਨਤੀਜੇ ਨੂੰ ਪ੍ਰਭਾਵਤ ਕਰਨ ਦਾ ਯਤਨ ਕੀਤਾ ਜਾਂ ਨਹੀਂ, ਇਹ ਗ਼ੈਰਪ੍ਰਸੰਗਕ ਹੈ। ਨੁਕਤਾ ਇਹ ਹੈ ਕਿ ਮੀਡੀਆ ਘਰਾਣੇ ਅਜਿਹਾ ਕਰਨ ਦੇ ਸਮਰੱਥ ਹਨ। ਉਨ੍ਹਾਂ ਕੋਲ ਅਜਿਹਾ ਕਰਨ ਦੀ ਤਾਕਤ ਹੈ। ਇਸ ਮੁਲਕ ਦੇ ਕਾਨੂੰਨ ਉਨ੍ਹਾਂ ਨੂੰ ਅਜਿਹੀ ਸਮਰੱਥਾ ਹਾਸਲ ਕਰ ਲੈਣ ਦੀ ਇਜਾਜ਼ਤ ਦਿੰਦੇ ਹਨ, ਜਿਸ ਨਾਲ ਉਹ ਹਿੱਤਾਂ ਦੇ ਗੰਭੀਰ ਟਕਰਾਅ 'ਚ ਸ਼ਾਮਲ ਹੋ ਜਾਂਦੇ ਹਨ।

ਮੁਲਕ ਦੇ ਹੋਰ ਹਿੱਸੇ ਅਜਿਹੇ ਹਨ ਜਿੱਥੋਂ ਕੋਈ ਖ਼ਬਰਾਂ ਨਹੀਂ ਆ ਰਹੀਆਂ। ਬਹੁਤ ਹੀ ਵਿਰਲੀ ਵਸੋਂ ਵਾਲੇ ਪਰ ਫ਼ੌਜ ਵਲੋਂ ਕਬਜ਼ੇ 'ਚ ਲਏ ਉਤਰ-ਪੂਰਬੀ ਰਾਜ ਮਨੀਪੁਰ ਵਿਚ, ਵੱਡੇ-ਵੱਡੇ ਡੈਮ ਬਣਾਏ ਜਾ ਰਹੇ ਹਨ, ਇਨ੍ਹਾਂ ਵਿਚੋਂ ਜ਼ਿਆਦਾਤਰ ਦੀ ਮਾਲਕੀ ਨਿੱਜੀ ਹੈ। ਮਨੀਪੁਰ ਅਤੇ ਕਸ਼ਮੀਰ ਵਿਚ ਅਜਿਹੇ ਵੱਡੇ-ਵੱਡੇ ਡੈਮ ਬਣਾਏ ਜਾ ਰਹੇ ਹਨ ਜਿਨ੍ਹਾਂ ਵਿਚ ਪੂਰੇ ਜ਼ਿਲ੍ਹੇ ਡੁੱਬਣ ਦਾ ਖ਼ਦਸ਼ਾ ਹੈ। ਇਹ ਦੋਵੇਂ ਫ਼ੌਜੀਕਰਨ ਕੀਤੇ ਰਾਜ ਹਨ, ਜਿੱਥੇ ਲੋਕਾਂ ਨੂੰ ਮਹਿਜ਼ ਬਿਜਲੀ ਦੇ ਕੱਟ ਲੱਗਣ ਵਿਰੁੱਧ ਰੋਸ ਪ੍ਰਗਟਾਉਂਦਿਆਂ ਨੂੰ ਮਾਰ ਦਿੱਤਾ ਜਾਂਦਾ ਹੈ। (ਕੁਝ ਹਫ਼ਤੇ ਪਹਿਲਾਂ ਇਹ ਕਸ਼ਮੀਰ ਵਿਚ ਵਾਪਰ ਚੁੱਕਾ ਹੈ।) ਉਹ ਲੋਕ ਡੈਮ ਨੂੰ ਕਿਵੇਂ ਰੋਕ ਸਕਦੇ ਹਨ?

ਸਾਰਿਆਂ ਵਿਚੋਂ ਸਭ ਤੋਂ ਵੱਧ ਭਰਮਗ੍ਰਸਤ ਡੈਮ ਗੁਜਰਾਤ ਵਿਚ ਕਲਪਾਸਰ ਡੈਮ ਹੈ। ਖਾਂਭਟ ਦੀ ਖਾੜੀ ਉੱਪਰ 34 ਕਿਲੋਮੀਟਰ ਲੰਮਾ ਡੈਮ ਬਣਾਉਣ ਦੀ ਯੋਜਨਾ ਹੈ। ਇੱਥੇ 10 ਮਾਰਗੀ ਹਾਈਵੇਅ ਬਣੇਗਾ ਅਤੇ ਡੈਮ ਦੇ ਉੱਪਰ ਰੇਲਵੇ ਪਟੜੀ ਵਿਛਾਈ ਜਾਵੇਗੀ। ਇੱਥੋਂ ਸਮੁੰਦਰ ਦਾ ਖਾਰਾ ਪਾਣੀ ਬਾਹਰ ਕੱਢਕੇ, ਇਸਨੂੰ ਗੁਜਰਾਤ ਦੇ ਦਰਿਆਵਾਂ ਦੇ ਮਿੱਠੇ ਜਲ ਦਾ ਭੰਡਾਰ ਬਣਾਉਣ ਦਾ ਵਿਚਾਰ ਹੈ। (ਇਸ ਦੀ ਕਿਸੇ ਨੂੰ ਪ੍ਰਵਾਹ ਨਹੀਂ ਹੈ ਕਿ ਇਹ ਦਰਿਆ ਤਾਂ ਪਹਿਲਾਂ ਹੀ ਰਸਾਇਣਾਂ ਦੀ ਗਾਰ ਨਾਲ ਜ਼ਹਿਰ ਦੇ ਕੁੰਡ ਬਣੇ ਪਏ ਹਨ।) ਕਲਪਾਸਰ ਡੈਮ ਦਸ ਵਰ੍ਹੇ ਪਹਿਲਾਂ ਹੀ ਭੈੜੇ ਵਿਚਾਰ ਵਜੋਂ ਰੱਦ ਕਰ ਦਿੱਤਾ ਗਿਆ ਸੀ, ਜਿਸਦੇ ਬਨਣ ਨਾਲ ਸਮੁੰਦਰ ਦਾ ਤਲ ਉੱਚਾ ਹੋ ਜਾਵੇਗਾ ਅਤੇ ਸੈਂਕੜੇ ਕਿਲੋਮੀਟਰ ਤੱਟੀ ਖੇਤਰ 'ਚ ਪੌਣਪਾਣੀ ਦਾ ਤਵਾਜ਼ਨ ਵਿਗੜ ਜਾਵੇਗਾ। ਹੁਣ ਇਹ ਡੈਮ ਧੋਲੇਰਾ ਸਪੈਸ਼ਲ ਪੂੰਜੀਨਿਵੇਸ਼ ਖੇਤਰ (ਐੱਸ ਆਈ ਆਰ) ਨੂੰ ਪਾਣੀ ਸਪਲਾਈ ਕਰਨ ਲਈ ਅਚਾਨਕ ਆ ਟਪਕਿਆ ਹੈ, ਜੋ ਨਾ ਸਿਰਫ਼ ਭਾਰਤ ਦੇ ਸਗੋਂ ਦੁਨੀਆ ਦੇ ਸਭ ਤੋਂ ਵੱਧ ਪਾਣੀ ਦੀ ਕਿਲਤ ਵਾਲੇ ਖੇਤਰਾਂ ਵਿਚੋਂ ਇਕ ਖੇਤਰ ਹੈ। ਐੱਸ ਆਈ ਆਰ "ਸਨਅਤੀ ਪਾਰਕਾਂ, ਨਗਰਾਂ ਅਤੇ ਮੈਗਾ ਸ਼ਹਿਰਾਂ" ਦੇ ਆਪਣੇ ਨਿੱਜੀ ਪ੍ਰਸ਼ਾਸਨ ਵਾਲੇ ਕਾਰਪੋਰੇਟ ਸੁਪਨੇ ਦਾ ਦੂਜਾ ਨਾਂ ਹੈ। ਧੋਲੇਰਾ ਪ੍ਰਾਜੈਕਟ ਨੂੰ ਦਸ ਮਾਰਗੀ ਹਾਈਵੇਜ਼ ਦੇ ਜਾਲ ਰਾਹੀਂ ਗੁਜਰਾਤ ਦੇ ਹੋਰ ਸ਼ਹਿਰਾਂ ਨਾਲ ਜੋੜਿਆ ਜਾਵੇਗਾ। ਇਸ ਸਭ ਕਾਸੇ ਲਈ ਪੈਸਾ ਕਿੱਥੋਂ ਆਵੇਗਾ?

ਜਨਵਰੀ 2011 'ਚ ਗੁਜਰਾਤ ਦੇ ਮੁੱਖ ਮੰਤਰੀ ਨਰੇਂਦਰ ਮੋਦੀ ਨੇ ਮਹਾਤਮਾ (ਗਾਂਧੀ) ਮੰਦਰ ਵਿਖੇ ਸੌ ਮੁਲਕਾਂ ਦੇ ਦਸ ਹਜ਼ਾਰ ਕੌਮਾਂਤਰੀ ਕਾਰੋਬਾਰੀਆਂ ਦੇ ਜੋੜਮੇਲੇ

ਦੀ ਪ੍ਰਧਾਨਗੀ ਕੀਤੀ। ਸੰਚਾਰ ਮਾਧਿਅਮਾਂ ਦੀਆਂ ਰਿਪੋਰਟਾਂ ਮੁਤਾਬਿਕ, ਉਨ੍ਹਾਂ ਨੇ ਗੁਜਰਾਤ ਵਿਚ 450 ਅਰਬ ਡਾਲਰ ਦਾ ਪੂੰਜੀਨਿਵੇਸ਼ ਕਰਨ ਦਾ ਇਕਰਾਰ ਕੀਤਾ। ਇਹ ਜੋੜਮੇਲਾ ਫਰਵਰੀ–ਮਾਰਚ 2002 'ਚ ਦੋ ਹਜ਼ਾਰ ਮੁਸਲਮਾਨਾਂ ਦੇ ਕਤਲੇਆਮ ਦੀ 10ਵੀਂ ਵਰ੍ਹੇਗੰਢ ਮੌਕੇ ਵਿਉਂਤਿਆ ਗਿਆ ਸੀ। ਮੋਦੀ ਨਾ ਸਿਰਫ਼ ਕਤਲੋਗ਼ਾਰਤ ਨੂੰ ਅਣਡਿੱਠ ਕਰਨ, ਸਗੋਂ ਸਰਗਰਮੀ ਨਾਲ ਇਸ ਦੀ ਪੁਸ਼ਤ-ਪਨਾਹੀ ਕਰਨ ਦਾ ਮੁਜਰਮ ਹੈ। ਜਿਨ੍ਹਾਂ ਬੇਵਸ ਲੋਕਾਂ ਨੇ ਆਪਣੇ ਪਿਆਰਿਆਂ ਨੂੰ ਬਲਾਤਕਾਰ ਦਾ ਸ਼ਿਕਾਰ ਹੁੰਦੇ, ਮਾਰੇ ਜਾਂਦੇ ਅਤੇ ਜ਼ਿੰਦਾ ਸਾੜੇ ਜਾਂਦੇ ਅੱਖੀਂ ਡਿੱਠਾ, ਉਹ ਦਹਿ ਹਜ਼ਾਰਾਂ ਲੋਕ ਜੋ ਘਰੋਂ ਬੇਘਰ ਕਰ ਦਿੱਤੇ ਗਏ ਹਾਲੇ ਤੱਕ ਨਿਆਂ ਉਡੀਕ ਰਹੇ ਹਨ। ਪਰ ਭਗਵੇਂ ਪਰਨੇ ਅਤੇ ਮੱਥੇ 'ਤੇ ਤਿਲਕ ਵਾਲੇ ਮੋਦੀ ਨੇ ਤੇਜ਼–ਤਰਾਰ ਕਾਰੋਬਾਰੀ ਸੂਟ ਵਾਲਿਆਂ ਨਾਲ ਸੌਦਾ ਮਾਰ ਲਿਆ ਹੈ, ਅਤੇ ਉਸ ਨੂੰ ਆਸ ਹੈ ਕਿ 450 ਅਰਬ ਡਾਲਰ ਦਾ ਪੂੰਜੀਨਿਵੇਸ਼ ਲਹੂ ਵੱਟੇ ਧਨ ਵਜੋਂ ਕੰਮ ਕਰੇਗਾ ਅਤੇ ਲੇਖਾ ਬਰਾਬਰ ਹੋ ਜਾਵੇਗਾ। ਹੋ ਸਕਦਾ ਹੈ ਇਹ ਹੋ ਜਾਵੇ। ਵੱਡੇ ਸਰਮਾਏਦਾਰੀ ਕਾਰੋਬਾਰ ਉਸਦੀ ਪਿੱਠ ਜੋਸ਼ਖਰੋਸ਼ ਨਾਲ ਠੋਕ ਰਹੇ ਹਨ। ਅਨੰਤ ਨਿਆਂ ਦਾ ਅਲਜਬਰਾ ਕਿੰਨੇ ਮੀਸਣੇ ਢੰਗ ਨਾਲ ਕੰਮ ਕਰਦਾ ਹੈ।

ਧੋਲੇਰਾ ਪ੍ਰਾਜੈਕਟ ਉਨ੍ਹਾਂ ਨਿੱਕੀਆਂ *ਮੈਤਰੀਓਸ਼ਕ* ਗੁੱਡੀਆਂ (ਵਿਸ਼ੇਸ਼ ਰੂਸੀ ਗੁੱਡੀਆਂ ਦਾ ਸੈੱਟ ਜਿਨ੍ਹਾਂ ਵਿਚੋਂ ਹਰੇਕ ਆਪਣੇ ਤੋਂ ਵੱਡੀ ਦੇ ਅੰਦਰ ਲੁਕੋਈ ਜਾ ਸਕਦੀ ਹੈ ਅਤੇ ਅੰਤ ਸਾਰੀਆਂ ਸਭ ਤੋਂ ਵੱਡੀ 'ਚ ਲੁਕ ਜਾਂਦੀਆਂ ਹਨ—ਅਨੁਵਾਦਕ) ਵਿਚੋਂ ਇਕ ਹੈ, ਜੋ ਇਕ ਵਿਸ਼ਾਲ ਸੁਪਨੇ ਤਹਿਤ ਵਿਉਂਤੀਆਂ ਜਾ ਰਹੀਆਂ ਹਨ। ਇਸ ਨੂੰ ਦਿੱਲੀ–ਮੁੰਬਈ ਸਨਅਤੀ ਲਾਂਘੇ (Delhi Mumbai Industrial Corridor—DMIC) ਨਾਲ ਜੋੜਿਆ ਜਾਣਾ ਹੈ, 1500 ਕਿਲੋਮੀਟਰ ਲੰਮਾ ਅਤੇ 300 ਕਿਲੋਮੀਟਰ ਚੌੜਾ ਸਨਅਤੀ ਲਾਂਘਾ ਜਿਸ ਵਿਚ ਨੌਂ ਮੈਗਾ ਸਨਅਤੀ ਖੇਤਰ, ਇਕ ਤੇਜ਼ ਰਫ਼ਤਾਰ ਢੋਆ-ਢੁਆਈ ਮਾਰਗ, ਤਿੰਨ ਸਮੁੰਦਰੀ ਬੰਦਰਗਾਹਾਂ, ਛੇ ਹਵਾਈ ਅੱਡੇ, ਇਕ ਛੇ–ਮਾਰਗੀ ਨਿਰਵਿਘਨ ਐਕਸਪ੍ਰੈੱਸ ਮਾਰਗ ਅਤੇ 4000 ਮੈਗਾਵਾਟ ਪਾਵਰ ਪਲਾਂਟ ਹੋਣਗੇ। ਇਹ ਲਾਂਘਾ ਭਾਰਤ ਸਰਕਾਰ ਅਤੇ ਜਪਾਨ ਦੀਆਂ ਸਰਕਾਰਾਂ ਅਤੇ ਇਨ੍ਹਾਂ ਦੇ ਆਪੋ ਆਪਣੇ ਕਾਰਪੋਰੇਟ ਹਿੱਸੇਦਾਰਾਂ ਦਾ ਸਾਂਝਾ ਉੱਦਮ ਹੈ, ਅਤੇ ਇਹ ਮੈਕਿਨਜ਼ੇ ਗਲੋਬਲ ਇੰਸਟੀਚਿਊਟ ਵਲੋਂ ਤਜਵੀਜ਼ ਕੀਤਾ ਗਿਆ ਹੈ।

ਡੀ ਐੱਮ ਆਈ ਸੀ ਦੀ ਵੈੱਬਸਾਈਟ ਕਹਿੰਦੀ ਹੈ ਕਿ ਇਸ ਪ੍ਰਾਜੈਕਟ ਨਾਲ 18 ਕਰੋੜ ਲੋਕ ਪ੍ਰਭਾਵਤ ਹੋਣਗੇ। ਅਸਲ ਵਿਚ ਉਹ ਕਿਵੇਂ ਪ੍ਰਭਾਵਤ ਹੋਣਗੇ, ਸਾਈਟ ਇਹ ਨਹੀਂ ਦੱਸਦੀ। ਇਸ ਦੀ ਯੋਜਨਾ ਬਹੁਤ ਸਾਰੇ ਨਵੇਂ ਸ਼ਹਿਰ ਉਸਾਰਨ ਦੀ ਹੈ ਅਤੇ ਅੰਦਾਜ਼ਾ ਹੈ ਕਿ 2019 ਤੱਕ ਇਸ ਖੇਤਰ ਦੀ ਵਸੋਂ ਮੌਜੂਦਾ 23.10 ਕਰੋੜ ਤੋਂ ਵਧਕੇ 31.4 ਕਰੋੜ ਹੋ ਜਾਵੇਗੀ ਭਾਵ ਸਿਰਫ਼ ਸੱਤ ਸਾਲਾਂ ਵਿਚ। ਜ਼ਰਾ ਚੇਤੇ ਕਰੋ ਕਿਸੇ ਰਾਜ, ਜਾਬਰ ਹਾਕਮ ਜਾਂ ਤਾਨਾਸ਼ਾਹ ਵਲੋਂ ਦਹਿ ਲੱਖਾਂ ਲੋਕਾਂ ਦੀ ਵਸੋਂ ਦਾ ਤਬਾਦਲਾ ਆਖ਼ਰੀ ਵਾਰ ਕਦੋਂ ਕੀਤਾ ਗਿਆ ਸੀ? ਕੀ ਇਹ ਸੰਭਵ ਹੈ ਕਿ ਇਹ ਅਮਲ ਸ਼ਾਂਤਮਈ

ਰਹਿ ਸਕਦਾ ਹੈ?

ਹੋ ਸਕਦਾ ਹੈ ਭਾਰਤੀ ਫ਼ੌਜ ਨੂੰ ਭਰਤੀ ਦੀ ਮੁਹਿੰਮ ਚਲਾਉਣ ਦੀ ਲੋੜ ਪਵੇ ਤਾਂ ਜੋ, ਜਦੋਂ ਇਸ ਨੂੰ ਪੂਰੇ ਭਾਰਤ ਵਿਚ ਲਗਾਏ ਜਾਣ ਦੇ ਹੁਕਮ ਆਉਣ ਤਾਂ ਅਚਿੰਤੇ ਬਾਜ਼ ਆ ਪੈਣ ਵਾਲੀ ਹਾਲਤ ਨਾ ਹੋਵੇ। ਕੇਂਦਰੀ ਭਾਰਤ ਵਿਚ ਆਪਣੀ ਭੂਮਿਕਾ ਦੀ ਤਿਆਰੀ ਵਜੋਂ, ਇਸਨੇ ਯੁੱਧ ਬਾਬਤ ਮਨੋਵਿਗਿਆਨਕ ਕਾਰਵਾਈਆਂ ਬਾਰੇ ਆਪਣਾ ਤਾਜ਼ਾ-ਤਰੀਨ ਮੱਤ ਜਨਤਕ ਤੌਰ 'ਤੇ ਜਾਰੀ ਕੀਤਾ ਹੈ, ਜੋ "ਚੁਣਵੇਂ ਸਰੋਤਿਆਂ ਨੂੰ ਇਕ ਸੁਨੇਹਾ ਦੇਣ ਦੇ ਵਿਉਂਤਬਧ ਅਮਲ" ਦਾ ਖ਼ਾਕਾ ਬਿਆਨ ਕਰਦਾ ਹੈ, "ਖ਼ਾਸ ਵਿਸ਼ਿਆਂ ਨੂੰ ਉਤਸ਼ਾਹਤ ਕਰਨ ਦੇ ਉਦੇਸ਼ ਨਾਲ ਅਮਲ ਜਿਨ੍ਹਾਂ ਦੇ ਸਿੱਟੇ ਵਜੋਂ ਉਨ੍ਹਾਂ (ਵਸੋਂ) ਦਾ ਰਵੱਈਆ ਅਤੇ ਵਤੀਰਾ ਇਸ ਦੀ ਇੱਛਾ ਅਨੁਸਾਰ ਹੋ ਜਾਵੇ, ਜੋ ਮੁਲਕ ਦੇ ਸਿਆਸੀ ਅਤੇ ਫ਼ੌਜੀ ਉਦੇਸ਼ਾਂ ਦੀ ਪ੍ਰਾਪਤੀ ਨੂੰ ਰਾਸ ਆਉਂਦਾ ਹੋਵੇ"। ਇਸ ਨੇ ਦੱਸਿਆ, "ਗਿਆਨ ਸੋਝੀ ਨੂੰ ਵੱਸ 'ਚ ਕਰਨ" ਦਾ ਇਹ ਅਮਲ "ਫ਼ੌਜ ਲਈ ਲਾਹੇਵੰਦ ਮੀਡੀਆ" ਨੂੰ ਵਰਤਕੇ ਚਲਾਇਆ ਜਾਵੇਗਾ।

ਫ਼ੌਜ ਦਾ ਇਹ ਮਹਿਸੂਸ ਕਰ ਲੈਣ ਦਾ ਚੋਖਾ ਤਜ਼ਰਬਾ ਹੈ ਕਿ ਇਕੱਲੀ ਜਾਬਰ ਤਾਕਤ, ਭਾਰਤ ਦੇ ਯੋਜਨਾ-ਘਾੜਿਆਂ ਵਲੋਂ ਚਿਤਵੇ ਗਏ ਪੱਧਰ ਉੱਪਰ ਸਮਾਜੀ ਰੱਦੋਬਦਲ ਨਾ ਤਾਂ ਸੰਭਵ ਬਣਾ ਸਕਦੀ ਹੈ, ਨਾ ਇਸਦਾ ਬੰਦੋਬਸਤ ਕਰ ਸਕਦੀ ਹੈ। ਗ਼ਰੀਬ ਲੋਕਾਂ ਵਿਰੁੱਧ ਜੰਗ ਇਕ ਚੀਜ਼ ਹੈ। ਪਰ ਅਸਾਂ ਬਾਕੀ ਲੋਕਾਂ—ਮੱਧ ਵਰਗ, ਚਿੱਟ ਕਾਲਰੀਏ ਕਾਮਿਆਂ, ਬੁੱਧੀਜੀਵੀਆਂ, "ਰਾਇ ਲਾਮਬੰਦ ਕਰਨ ਵਾਲਿਆਂ"—ਦੀ ਗਿਆਨ-ਸੋਝੀ ਨੂੰ ਵੱਸ 'ਚ ਕਰਨ ਲਈ, ਇਸ ਨੂੰ ਵਿਸ਼ੇਸ਼ ਤਰੱਦਦ ਕਰਨਾ ਪਵੇਗਾ। ਅਤੇ ਇਸ ਖ਼ਾਤਰ ਸਾਨੂੰ ਕਾਰਪੋਰੇਟ ਪਰਉਪਕਾਰ ਦੀ ਜ਼ਹੀਨ ਕਲਾ ਵੱਲ ਧਿਆਨ ਦੇਣਾ ਹੋਵੇਗਾ।

ਪਿੱਛੇ ਜਹੇ, ਮੁੱਖ ਖਦਾਨ ਸਮੂਹਾਂ ਨੇ ਇਹ ਕਲਾਵਾਂ ਆਪਣੇ ਹੱਥ ਲੈ ਲਈਆਂ—ਫਿਲਮਾਂ, ਕਲਾ ਪ੍ਰਬੰਧ ਅਤੇ ਸਾਹਿਤਕ ਮੇਲਿਆਂ ਦਾ ਕੁਲ ਘੜਮੱਸ, ਜਿਸਨੇ 90ਵਿਆਂ ਦੇ ਸੁੰਦਰਤਾ ਮੁਕਾਬਲਿਆਂ ਦੇ ਝੱਲ ਦੀ ਥਾਂ ਲੈ ਲਈ ਹੈ। *ਵੇਦਾਂਤ*, ਜੋ ਬਾਕਸਾਈਟ ਦੀ ਖ਼ਾਤਰ ਉਸ ਖੇਤਰ 'ਚ ਸੰਨ੍ਹ ਲਾਉਣ 'ਚ ਜੁਟੀ ਹੋਈ ਹੈ ਜੋ ਡੌਂਗਰੀਆ ਕੌਂਦ ਕਬੀਲੇ ਦਾ ਘਰ ਹੈ। ਵੇਦਾਂਤ ਹੁਣ ਨੌਜਵਾਨ ਫਿਲਮੀ ਸਿਖਾਂਦਰੂਆਂ ਲਈ "ਆਨੰਦ ਦੇਣ ਵਾਲੇ" ਫਿਲਮ ਮੁਕਾਬਲੇ ਦੀ ਸਰਪ੍ਰਸਤ ਹੈ, ਜਿਨ੍ਹਾਂ ਨੂੰ ਇਸਨੇ 'ਟਿਕਾਊ ਵਿਕਾਸ' ਬਾਰੇ ਫਿਲਮਾਂ ਬਣਾਉਣ ਲਈ ਭਰਤੀ ਕੀਤਾ ਹੈ। ਵੇਦਾਂਤ ਦੀ ਮਸ਼ਹੂਰੀ ਦਾ ਅੰਤਰਾ (ਪ੍ਰਚਾਰ ਨਾਅਰਾ) ਹੈ "ਖਾਣ ਖੁਦਾਈ ਦਾ ਆਨੰਦ"। ਜਿੰਦਲ ਸਮੂਹ ਇਕ ਸਮਕਾਲੀ ਕਲਾ ਰਸਾਲਾ ਕੱਢਦਾ ਹੈ ਅਤੇ ਭਾਰਤ ਦੇ ਕੁਝ ਵੱਡੇ ਕਲਾਕਾਰਾਂ ਦੀ ਮਦਦ ਕਰ ਰਿਹਾ ਹੈ (ਇਹ ਕੁਦਰਤੀ ਹੈ ਕਿ ਉਹ ਸਟੇਨਲੈੱਸ ਸਟੀਲ ਨਾਲ ਕੰਮ ਕਰਦੇ ਹਨ।) ਐੱਸ ਆਰ ਕੰਪਨੀ ਤਹਿਲਕਾ *ਨਿਊਜ਼ਵੀਕ ਚਿੰਤਨ ਮੇਲੇ* ਦੀ ਪ੍ਰਮੁੱਖ ਸਰਪ੍ਰਸਤ ਰਹੀ ਹੈ ਜਿਸਦਾ ਵਾਅਦਾ ਸੀ ਦੁਨੀਆ ਦੇ ਮੋਹਰੀ ਚਿੰਤਕਾਂ ਦੀਆਂ "ਉੱਚ ਮਿਆਰੀ ਬਹਿਸਾਂ" ਕਰਾਉਣਾ ਜਿਨ੍ਹਾਂ

ਵਿਚ ਵੱਡੇ ਲੇਖਕ, ਕਾਰਕੁੰਨ ਅਤੇ ਇੱਥੋਂ ਤੱਕ ਕਿ ਮਸ਼ਹੂਰ ਇਮਾਰਤਸਾਜ਼ ਫਰਾਂਕ ਗੇਗ੍ਰੀ, ਸ਼ਾਮਲ ਸਨ। ਇਹ ਸਭ ਗੋਆ ਵਿਚ ਓਦੋਂ ਹੋ ਰਿਹਾ ਸੀ ਜਦੋਂ ਕਾਰਕੁੰਨ ਤੇ ਪੱਤਰਕਾਰ ਉਨ੍ਹਾਂ ਵਿਆਪਕ ਤੇ ਗ਼ੈਰਕਾਨੂੰਨੀ ਖਾਣ ਖੁਦਾਈ ਦੇ ਘੁਟਾਲਿਆਂ ਦਾ ਭਾਂਡਾ ਭੰਨ ਰਹੇ ਸਨ (ਜਿਨ੍ਹਾਂ ਵਿਚ ਐਸ ਆਰ ਕੰਪਨੀ ਸ਼ਾਮਲ ਸੀ।) ਟਾਟਾ ਸਟੀਲ ਅਤੇ ਰਿਓ ਟਿੰਟੋ (ਜਿਸਦੀ ਕਾਰਗੁਜ਼ਾਰੀ ਬਹੁਤ ਘਿਣਾਉਣੀ ਹੈ) ਦਰਸ਼ਨ ਸਿੰਘ ਕੰਸਟਰਕਸ਼ਨ ਕੰਪਨੀ ਜੈਪੁਰ ਲਿਟਰੇਰੀ ਫੈਸਟੀਵਲ, ਦੇ ਮੁੱਖ ਸਰਪ੍ਰਸਤਾਂ ਵਿਚੋਂ ਇਕ ਸੀ ਜਿਸਦੀ ਮਸ਼ਹੂਰੀ ਪਾਰਖੂਆਂ ਨੇ 'ਧਰਤੀ ਉੱਪਰਲਾ ਸਭ ਤੋਂ ਮਹਾਨ ਸਾਹਿਤਕ ਚਸ਼ਮਾ' ਵਜੋਂ ਕੀਤੀ ਸੀ। (ਇਹ ਕੰਪਨੀ ਇਸ ਮੇਲੇ 'ਤੇ 5 ਲੱਖ ਡਾਲਰ ਸਾਲਾਨਾ ਖਰਚਦੀ ਹੈ) ਮੇਲੇ ਦੇ ਪ੍ਰੈੱਸ ਖ਼ੇਮੇ ਦੀ ਕਰਤਾ-ਧਰਤਾ ਸੀ ਟਾਟਿਆਂ ਦੀ "ਰਣਨੀਤਕ ਬਰੈਂਡ ਮੈਨੇਜਰ" ਫਰਮ *ਕਾਊਂਸਲਿਜ*। ਦੁਨੀਆ ਦੇ ਸਭ ਤੋਂ ਜ਼ਹੀਨ ਅਤੇ ਬੁੱਧੀਮਾਨ ਲੇਖਕ ਮੁਹੱਬਤ, ਸਾਹਿਤ, ਸਿਆਸਤ ਅਤੇ ਸੂਫ਼ੀ ਕਲਾਮ ਬਾਰੇ ਵਿਚਾਰ-ਚਰਚਾ ਕਰਨ ਲਈ ਇੱਥੇ ਜੁੜ ਬੈਠੇ। ਕੁਝ ਨੇ ਸਲਮਾਨ ਰਸ਼ਦੀ ਦੀ ਪਾਬੰਦੀਸ਼ੁਦਾ ਕਿਤਾਬ, *ਸ਼ੈਤਾਨ ਦੀਆਂ ਆਇਤਾਂ*, ਦਾ ਪਾਠ ਕਰਕੇ ਉਸਦੇ ਵਿਚਾਰ ਪ੍ਰਗਟਾਵੇ ਦੇ ਹੱਕ ਦੀ ਵਜਾਹਤ ਕਰਨ ਦਾ ਯਤਨ ਕੀਤਾ। ਹਰੇਕ ਟੀ ਵੀ ਫਰੇਮ ਅਤੇ ਅਖ਼ਬਾਰੀ ਤਸਵੀਰ ਵਿਚ ਮਿਹਰਬਾਨ, ਪਰਉਪਕਾਰੀ ਮੇਜ਼ਬਾਨ ਟਾਟਾ ਸਟੀਲ ਦੀ ਲੋਗੋ (ਇਸਦੀ ਮਸ਼ਹੂਰੀ ਦੀ ਇਬਾਰਤ : ਕਦਰਾਂ-ਕੀਮਤਾਂ ਫੌਲਾਦ ਨਾਲੋਂ ਵੱਧ ਮਜ਼ਬੂਤ ਹਨ) ਮਜਲਿਸ ਪਿੱਛੇ ਲੱਗੇ ਪਰਦੇ ਦਾ ਸ਼ਿੰਗਾਰ ਬਣੀ ਰਹੀ। ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਦੇ ਕਾਲਪਨਿਕ ਕਾਤਲ ਮੁਸਲਿਮ ਹਜੂਮਾਂ ਨੂੰ ਮੰਨਿਆ ਗਿਆ ਸੀ; ਮੇਲੇ ਦੇ ਪ੍ਰਬੰਧਕਾਂ ਅਨੁਸਾਰ ਇਹ ਇੱਥੇ ਜੁੜੇ ਸਕੂਲੀ ਬੱਚਿਆਂ ਦਾ ਨੁਕਸਾਨ ਵੀ ਕਰ ਸਕਦੇ ਸਨ। (ਅਸੀਂ ਇਸਦੇ ਗਵਾਹ ਹਾਂ ਕਿ ਜਦੋਂ ਮੁਸਲਮਾਨਾਂ ਦੀ ਗੱਲ ਆਉਂਦੀ ਹੈ ਤਾਂ ਭਾਰਤੀ ਹਕੂਮਤ ਅਤੇ ਪੁਲਿਸ ਕਿੰਨੀ ਬੇਵਸ ਹੁੰਦੀ ਹੈ।) ਜੀ ਹਾਂ, ਕੱਟੜਪੰਥੀ *ਦਾਰੁਲ-ਉਲੂਮ ਦਿਓਬੰਦੀ ਇਸਲਾਮਿਕ* ਮੁਲਾਣਿਆਂ ਨੇ ਰਸ਼ਦੀ ਨੂੰ ਮੇਲੇ 'ਤੇ ਸੱਦਣ ਖ਼ਿਲਾਫ਼ ਰੋਸ ਪ੍ਰਗਟਾਇਆ। ਜੀ ਹਾਂ, ਕੁਝ ਇਸਲਾਮਵਾਦੀ ਮੇਲੇ ਵਾਲੀ ਥਾਂ ਰੋਸ ਜ਼ਾਹਰ ਕਰਨ ਲਈ ਆ ਜੁੜੇ ਅਤੇ ਹਾਂ, ਹੋਰ ਸਿਤਮ ਦੇਖੋ, ਸੂਬਾ ਸਰਕਾਰ ਨੇ ਥਾਂ ਦੀ ਰਾਖੀ ਕਰਨ ਲਈ ਕੁਝ ਨਹੀਂ ਕੀਤਾ। ਇਸ ਦੀ ਵਜ੍ਹਾ ਇਹ ਕਿ ਸਮੁੱਚੇ ਘਟਨਾਕ੍ਰਮ ਦਾ ਓਨਾ ਹੀ ਸਬੰਧ ਜਮਹੂਰੀਅਤ, ਵੋਟ ਬੈਂਕ ਅਤੇ ਉੱਤਰ ਪ੍ਰਦੇਸ ਦੀਆਂ ਚੋਣਾਂ ਨਾਲ ਸੀ, ਜਿੰਨਾ ਇਸਲਾਮਵਾਦੀ ਮੂਲਵਾਦੀਆਂ ਨਾਲ। ਪਰ ਇਸਲਾਮਵਾਦੀ ਮੂਲਵਾਦੀਆਂ ਵਿਰੁਧ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਦੀ ਲੜਾਈ ਨੇ ਇਸ ਨੂੰ ਆਲਮੀ ਖ਼ਬਰ ਬਣਾ ਦਿੱਤਾ। ਇਹ ਅਹਿਮ ਗੱਲ ਹੈ ਕਿ ਇਸਨੇ ਇਹ ਕੀਤਾ। ਪਰ ਜੰਗਲਾਂ 'ਚ ਜੰਗ ਛੇੜਨ, ਲਾਸ਼ਾਂ ਦੇ ਢੇਰ ਲਾਉਣ ਤੇ ਜੇਲ੍ਹਾਂ ਭਰਨ 'ਚ ਮੇਲੇ ਦੇ ਸਰਪ੍ਰਸਤਾਂ ਦੀ ਭੂਮਿਕਾ ਬਾਰੇ ਕੋਈ ਰਿਪੋਰਟਾਂ ਨਹੀਂ ਆਈਆਂ ਜਾਂ ਗ਼ੈਰਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ ਅਤੇ ਛੱਤੀਸਗੜ੍ਹ ਸਪੈਸ਼ਲ ਪਬਲਿਕ ਸਕਿਊਰਿਟੀ ਐਕਟ ਦੀ ਕੋਈ ਚਰਚਾ ਨਹੀਂ ਹੋਈ, ਜਿਸਨੇ ਹਕੂਮਤ ਵਿਰੁਧ ਸੋਚਣ ਨੂੰ ਵੀ ਅਦਾਲਤ 'ਚ ਸੁਣਵਾਈ ਯੋਗ ਜੁਰਮ ਬਣਾ ਦਿੱਤਾ ਹੈ। ਜਾਂ

ਲੋਹਾਂਡੀਗੁਡਾ 'ਚ ਟਾਟਾ ਸਟੀਲ ਪਲਾਂਟ ਸਬੰਧੀ ਜਨਤਕ ਸੁਣਵਾਈ ਦੇ ਫਰਮਾਨ ਬਾਰੇ ਕੋਈ ਚਰਚਾ ਨਹੀਂ ਹੋਈ, ਜਿਸ ਬਾਰੇ ਸਥਾਨਕ ਲੋਕਾਂ ਨੇ ਸ਼ਿਕਾਇਤ ਕੀਤੀ ਸੀ ਕਿ ਇਹ ਸੁਣਵਾਈ ਜਗਦਲਪੁਰ ਤੋਂ ਸੈਂਕੜੇ ਮੀਲ ਦੂਰ, ਕੁਲੈਕਟਰ ਦੇ ਦਫ਼ਤਰ ਦੇ ਅਹਾਤੇ ਵਿਚ ਹਥਿਆਰਬੰਦ ਪਹਿਰੇ ਹੇਠ ਪੰਜਾਹ ਭਾੜੇ ਦੇ ਟੱਟੂਆਂ ਨੂੰ ਲੈਕੇ ਕੀਤੀ ਗਈ ਸੀ। ਓਦੋਂ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਕਿੱਥੇ ਸੀ? ਕਿਸੇ ਨੇ ਵੀ ਕਾਲਿੰਗਾਨਗਰ ਦਾ ਜ਼ਿਕਰ ਨਹੀਂ ਕੀਤਾ। ਨਾ ਹੀ ਕਿਸੇ ਨੇ ਉਨ੍ਹਾਂ ਪੱਤਰਕਾਰਾਂ, ਸਿਖਿਆ ਸ਼ਾਸਤਰੀਆਂ ਅਤੇ ਫਿਲਮਸਾਜ਼ਾਂ ਨੂੰ ਵੀਜ਼ੇ ਦੇਣ ਤੋਂ ਨਾਂਹ ਕਰਨ ਜਾਂ ਹਵਾਈ ਅੱਡੇ ਤੋਂ ਵਾਪਸ ਮੋੜ ਦੇਣ ਦਾ ਜ਼ਿਕਰ ਕੀਤਾ, ਜੋ ਉਨ੍ਹਾਂ ਵਿਸ਼ਿਆਂ ਉੱਪਰ ਕੰਮ ਕਰ ਰਹੇ ਹਨ ਜੋ ਭਾਰਤੀ ਹਕੂਮਤ ਨੂੰ ਪਸੰਦ ਨਹੀਂ—ਜਿਵੇਂ ਸ੍ਰੀਲੰਕਾ ਦੀ ਜੰਗ ਵਿਚ ਤਾਮਿਲਾਂ ਦੇ ਘਾਣ 'ਚ ਭਾਰਤੀ ਹਕੂਮਤ ਵਲੋਂ ਜੋ ਭੂਮਿਕਾ ਨਿਭਾਈ ਜਾਂ ਕਸ਼ਮੀਰ ਵਿਚ ਪਿੱਛੇ ਜਹੇ ਜੋ ਬੇਪਛਾਣ ਕਬਰਾਂ ਦਾ ਭੇਤ ਖੁੱਲ੍ਹਿਆ ਹੈ।

ਪਰ ਸਾਡੇ ਵਿਚੋਂ ਕਿਹੜਾ ਪਾਪੀ ਹੈ, ਜੋ ਪਹਿਲਾ ਪੱਥਰ ਮਾਰਨ ਦਾ ਜੇਰਾ ਕਰੇਗਾ? ਮੈਂ ਤਾਂ ਨਹੀਂ, ਜੋ ਕਾਰਪੋਰੇਟ ਪ੍ਰਕਾਸ਼ਨ ਸਮੂਹਾਂ ਤੋਂ ਰਾਇਲਟੀਆਂ ਲੈ ਰਹੀ ਹਾਂ। ਅਸੀਂ ਸਾਰੇ ਟਾਟਾ ਸਕਾਈ ਦੇਖਦੇ ਹਾਂ, ਟਾਟਾ ਫ਼ੋਟੋਨ ਨਾਲ ਨੈੱਟ ਚਲਾਉਂਦੇ ਹਾਂ, ਟਾਟਾ ਗੱਡੀਆਂ ਦੀ ਸਵਾਰੀ ਕਰਦੇ ਹਾਂ, ਟਾਟਾ ਦੇ ਹੋਟਲਾਂ 'ਚ ਰਹਿੰਦੇ ਹਾਂ, ਟਾਟਾ ਦੇ ਬਣਾਏ ਚੀਨੀ ਦੇ ਕੱਪਾਂ 'ਚ ਟਾਟਾ ਚਾਹ ਦੀਆਂ ਚੁਸਕੀਆਂ ਲੈਂਦੇ ਹਾਂ ਅਤੇ ਟਾਟਾ ਸਟੀਲ ਦੇ ਬਣੇ ਹੋਏ ਚਮਚੇ ਨਾਲ ਮਿੱਠਾ ਘੋਲਦੇ ਹਾਂ। ਅਸੀਂ ਟਾਟਾ ਕਿਤਾਬ ਘਰਾਂ ਤੋਂ ਟਾਟਾ ਦੀਆਂ ਕਿਤਾਬਾਂ ਖ਼ਰੀਦਦੇ ਹਾਂ। *ਹਮ ਟਾਟਾ ਕਾ ਨਮਕ ਖਾਤੇ ਹੈਂ*। ਅਸੀਂ ਘਿਰੇ ਹੋਏ ਹਾਂ।

ਜੇ ਪੱਥਰ ਮਾਰਨ ਦਾ ਪੈਮਾਨਾ ਖ਼ਾਲਸ ਇਖ਼ਲਾਕ ਦੀ ਵਦਾਣੀ ਸੱਟ ਹੈ ਤਾਂ ਇਸ 'ਤੇ ਖ਼ਰੇ ਉਤਰਨ ਵਾਲੇ ਸਿਰਫ਼ ਉਹੀ ਲੋਕ ਹਨ, ਜਿਨ੍ਹਾਂ ਨੂੰ ਪਹਿਲਾਂ ਹੀ ਖ਼ਾਮੋਸ਼ ਕਰ ਦਿੱਤਾ ਗਿਆ ਹੈ। ਜੋ ਪ੍ਰਬੰਧ ਦੀ ਕੰਨੀ 'ਤੇ ਰਹਿੰਦੇ ਹਨ: ਜੰਗਲਾਂ ਵਿਚਲੇ ਲਾਕਾਨੂੰਨੀ ਲੋਕ ਜਾਂ ਉਹ, ਜਿਨ੍ਹਾਂ ਦੇ ਰੋਸ ਮੁਜ਼ਾਹਰਿਆਂ ਨੂੰ ਪ੍ਰੈੱਸ 'ਚ ਕਦੇ ਜਗ੍ਹਾ ਨਹੀਂ ਦਿੱਤੀ ਜਾਂਦੀ। ਜਾਂ ਉਜਾੜੇ ਗਏ ਸਲੀਕੇਦਾਰ ਲੋਕ, ਜੋ ਕਚਹਿਰੀ-ਦਰ-ਕਚਹਿਰੀ ਗਵਾਹੀਆਂ ਦਿੰਦੇ, ਸਬੂਤ ਪੇਸ਼ ਕਰਦੇ ਧੱਕੇ ਖਾ ਰਹੇ ਹਨ।

ਪਰ ਸਾਹਿਤਕ ਮੇਲੇ ਨੇ ਧੰਨ ਧੰਨ ਕਰਵਾ ਦਿੱਤੀ! ਉਹ ਪਲ ਜਦੋਂ ਓਪਰਾਹ (ਅਮਰੀਕੀ ਅਦਾਕਾਰਾ ਓਪਰਾਹ ਵਿਨਫਰੇ—ਅਨੁਵਾਦਕ) ਆ ਪਹੁੰਚੀ! ਉਸਨੇ ਕਿਹਾ ਕਿ ਉਹ ਭਾਰਤ ਨੂੰ *ਪਿਆਰ ਕਰਦੀ* ਹੈ; ਕਿ ਉਹ *ਮੁੜ-ਮੁੜ* ਆਵੇਗੀ। ਇਸਨੇ ਸਾਡਾ ਸਿਰ ਮਾਣ ਨਾਲ ਉੱਚਾ ਕਰ ਦਿੱਤਾ!

ਇਹ ਮਹਿਜ਼ ਨਫ਼ੀਸ ਕਲਾ ਦਾ ਢੌਂਗੀ ਅੰਤ ਹੈ।

ਭਾਵੇਂ ਟਾਟੇ ਤਕਰੀਬਨ 100 ਸਾਲਾਂ ਤੋਂ ਵਜ਼ੀਫੇ ਦੇ ਕੇ ਅਤੇ ਕੁਝ ਸ਼ਾਨਦਾਰ ਸਿੱਖਿਆ ਸੰਸਥਾਵਾਂ ਅਤੇ ਹਸਪਤਾਲ ਚਲਾਕੇ ਕਾਰਪੋਰੇਟ ਪਰਉਪਕਾਰ 'ਚ ਜੁਟੇ ਹੋਏ ਹਨ, ਭਾਰਤੀ ਕਾਰਪੋਰੇਸ਼ਨਾਂ ਨੂੰ ਸਿਰਫ਼ ਪਿੱਛੇ ਜਹੇ ਹੀ ਆਲਮੀ ਕਾਰਪੋਰੇਟ ਹਕੂਮਤ ਦੀ

ਅੱਖਾਂ ਚੁੰਧਿਆਊ ਦੁਨੀਆ *ਸਟਾਰ ਚੈਂਬਰ*, Camera Stellata, 'ਚ ਲਿਆ ਗਿਆ ਹੈ ਜੋ ਆਪਣੇ ਵਿਰੋਧੀਆਂ ਲਈ ਘਾਤਕ ਹੈ, ਪਰ ਉਂਞ ਐਨਾ ਕਲਾਮਈ ਕਿ ਤੁਹਾਨੂੰ ਮਹਿਸੂਸ ਹੀ ਨਹੀਂ ਹੁੰਦਾ ਕਿ ਇਹ ਇੱਥੇ ਮੌਜੂਦ ਹੈ।

ਇਸ ਲੇਖ 'ਚੋਂ ਜੋ ਸਿੱਟਾ ਨਿਕਲਦਾ ਹੈ ਉਹ ਕਈਆਂ ਨੂੰ ਥੋੜ੍ਹੀ ਕਰੜੀ ਨੁਕਤਾਚੀਨੀ ਲੱਗ ਸਕਦਾ ਹੈ। ਦੂਜੇ ਪਾਸੇ, ਆਪਣੇ ਵਿਰੋਧੀਆਂ ਦਾ ਸਨਮਾਨ ਕਰਨ ਦੀ ਰਵਾਇਤ ਅਨੁਸਾਰ, ਇਸਨੂੰ ਉਨ੍ਹਾਂ ਦੀ ਦੂਰ-ਦ੍ਰਿਸ਼ਟੀ, ਲਚਕ, ਸੂਖ਼ਮਤਾ ਅਤੇ ਅਡੋਲ ਇਰਾਦੇ ਦੀ ਸਨਦ ਵਜੋਂ ਪੜ੍ਹਿਆ ਜਾ ਸਕਦਾ ਹੈ ਜਿਨ੍ਹਾਂ ਨੇ ਆਪਣੀਆਂ ਜ਼ਿੰਦਗੀਆਂ ਦੁਨੀਆ ਨੂੰ ਸਰਮਾਏਦਾਰੀ ਲਈ ਮਹਿਫ਼ੂਜ਼ ਬਣਾਉਣ ਖ਼ਾਤਰ ਸਮਰਪਿਤ ਕੀਤੀਆਂ ਹੋਈਆਂ ਹਨ।

ਇਨ੍ਹਾਂ ਦੇ ਦਿਲਫਰੇਬ ਇਤਿਹਾਸ ਦਾ ਆਗਾਜ਼, ਜੋ ਅਜੋਕੇ ਚੇਤਿਆਂ 'ਚ ਫਿੱਕਾ ਪੈ ਗਿਆ ਹੈ, 20ਵੀਂ ਦੇ ਸ਼ੁਰੂ 'ਚ ਅਮਰੀਕਾ ਤੋਂ ਹੋਇਆ, ਜਦੋਂ ਫੰਡਾਂ ਨਾਲ ਚੱਲਣ ਵਾਲੀਆਂ ਫਾਊਂਡੇਸ਼ਨਾਂ ਦੀ ਸ਼ਕਲ 'ਚ ਕਾਨੂੰਨੀ ਤੌਰ 'ਤੇ ਸਜੇ ਕਾਰਪੋਰੇਟ ਪਰਉਪਕਾਰ ਨੇ, ਸਰਮਾਏਦਾਰੀ (ਅਤੇ ਸਾਮਰਾਜ) ਦਾ ਰਾਹ ਖੋਲ੍ਹਣ ਵਾਲੀ ਅਤੇ ਪ੍ਰਬੰਧ ਦੇ ਰੱਖ-ਰਖਾਅ ਦੀ ਗਸ਼ਤੀ ਟੁਕੜੀ ਵਜੋਂ ਮਿਸ਼ਨਰੀ ਸਰਗਰਮੀ ਦੀ ਥਾਂ ਲੈਣੀ ਸ਼ੁਰੂ ਕਰ ਦਿੱਤੀ। ਅਮਰੀਕਾ 'ਚ ਬਣਾਈਆਂ ਗਈਆਂ ਪਹਿਲੀਆਂ ਫਾਊਂਡੇਸ਼ਨਾਂ ਵਿਚੋਂ ਸਨ : ਕਾਰਨੇਗੀ ਕਾਰਪੋਰੇਸ਼ਨ, ਜਿਸਨੂੰ ਕਾਰਨੇਗੀ ਸਟੀਲ ਕੰਪਨੀ ਦੇ ਮੁਨਾਫ਼ਿਆਂ ਵਿਚੋਂ ਗੱਫੇ ਦਿੱਤੇ ਗਏ; ਅਤੇ ਰੌਕੀਫੈਲਰ ਫਾਊਂਡੇਸ਼ਨ ਜੋ ਸਟੈਂਡਰਡ ਆਇਲ ਕੰਪਨੀ ਦੇ ਬਾਨੀ ਜੇ ਡੀ ਰੌਕੀਫੈਲਰ ਵਲੋਂ 1914 'ਚ ਬਣਾਈ ਗਈ ਸੀ। ਇਹ ਆਪਣੇ ਜ਼ਮਾਨੇ ਦੇ ਟਾਟਾ ਅਤੇ ਅੰਬਾਨੀ ਸਨ।

ਰੌਕੀਫੈਲਰ ਫਾਊਂਡੇਸ਼ਨ ਕੋਲੋਂ ਵਿਤੀ ਮਦਦ, ਮੁਢਲੀ ਸਹਾਇਤਾ ਲੈਣ ਵਾਲੀਆਂ ਕੁਝ ਸੰਸਥਾਵਾਂ ਹਨ ਸੰਯੁਕਤ ਰਾਸ਼ਟਰ, ਸੀ ਆਈ ਏ, ਬਦੇਸ਼ ਸਬੰਧਾਂ ਬਾਰੇ ਕੌਂਸਲ, ਨਿਊਯਾਰਕ ਦਾ ਸਭ ਤੋਂ ਹੈਰਾਨੀਜਨਕ *ਮਿਊਜ਼ੀਅਮ ਆਫ ਮਾਡਰਨ ਆਰਟ* ਅਤੇ ਨਿਸ਼ਚੇ ਹੀ ਨਿਊਯਾਰਕ ਸਥਿਤ ਰੌਕੀਫੈਲਰ ਕੇਂਦਰ (ਜਿੱਥੋਂ ਡੀਗੋ ਰਿਵੀਰਾ ਵਲੋਂ ਕੰਧ 'ਤੇ ਬਣਾਇਆ ਚਿੱਤਰ ਮਿਟਾ ਦਿੱਤਾ ਗਿਆ ਸੀ ਕਿਉਂਕਿ ਇਸ ਵਿਚ ਸਰਮਾਏਦਾਰਾਂ ਨੂੰ ਬਦਕਾਰ ਅਤੇ ਲੈਨਿਨ ਨੂੰ ਸੂਰਮੇ ਵਜੋਂ ਚਿਤਰਿਆ ਗਿਆ ਸੀ। ਉਸ ਦਿਨ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਨੇ ਛੁੱਟੀ ਮਾਰ ਲਈ ਸੀ।)

ਜੇ ਡੀ ਰੌਕੀਫੈਲਰ ਅਮਰੀਕਾ ਦਾ ਪਹਿਲਾ ਅਰਬਪਤੀ ਅਤੇ ਦੁਨੀਆ ਦਾ ਸਭ ਤੋਂ ਅਮੀਰ ਆਦਮੀ ਸੀ। ਉਹ ਗ਼ੁਲਾਮੀ ਦੇ ਖ਼ਾਤਮੇ ਦਾ ਹਾਮੀ, ਅਬਰਾਹਮ ਲਿੰਕਨ ਦਾ ਹਮਾਇਤੀ ਅਤੇ ਸੋਫ਼ੀ ਆਦਮੀ ਸੀ। ਉਸਦਾ ਅਕੀਦਾ ਸੀ ਕਿ ਉਸਨੂੰ ਧਨ-ਦੌਲਤ ਰੱਬ ਦੀ ਵਰੋਸਾਈ ਹੋਈ ਹੈ ਜੋ ਉਸ 'ਤੇ ਲਾਜ਼ਮੀ ਮਿਹਰਬਾਨ ਹੋਇਆ ਹੋਵੇਗਾ।

ਇੱਥੇ ਪਾਬਲੋ ਨੈਰੂਦਾ ਦੀਆਂ ਪਹਿਲੀਆਂ ਨਜ਼ਮਾਂ ਵਿਚੋਂ ਸਟੈਂਡਰਡ ਆਇਲ ਕੰਪਨੀ ਨਾਂ ਦੀ ਨਜ਼ਮ ਦੇ ਅੰਸ਼ ਪੇਸ਼ ਹਨ :

ਉਨ੍ਹਾਂ ਦੇ ਨਿਊਯਾਰਕੀਏ ਢਿੱਡਲ ਸ਼ਹਿਨਸ਼ਾਹ
ਕਾਤਲ ਮਿੱਠਬੋਲੜੇ, ਮੀਸਣੇ
ਸਿਲਕ, ਨਾਈਲੋਨ, ਸਿਗਾਰ ਦੇ ਗਾਹਕ
ਗਲੀਜ਼ ਨਿਰੰਕੁਸ਼ ਅਤੇ ਤਾਨਾਸ਼ਾਹ
ਉਹ ਮੁਲਕਾਂ, ਲੋਕਾਂ, ਸਮੁੰਦਰਾਂ, ਪੁਲਿਸ, ਕਾਊਂਟੀ ਪ੍ਰਸ਼ਾਸਨ ਨੂੰ ਖ਼ਰੀਦਦੇ
ਦੂਰ-ਦਰਾਜ਼ ਖੇਤਰਾਂ ਨੂੰ ਡਕਾਰਦੇ
ਜਿੱਥੇ ਗ਼ਰੀਬ ਆਪਣਾ ਦਾਣਾ-ਫੱਕਾ ਸਾਂਭ-ਸਾਂਭ ਰੱਖਦੇ
ਜਿਵੇਂ ਲੋਭੀ ਸੋਨਾ ਹਿੱਕ ਨਾਲ ਲਾਂਵਦੇ
ਫੇਰ ਕਿਸੇ ਦਿਨ ਸਟੈਂਡਰਡ ਆਇਲ ਉਨ੍ਹਾਂ ਨੂੰ ਆ ਜਗਾਂਵਦੀ
ਵਰਦੀਆਂ 'ਚ ਸਜਾਂਵਦੀ ਅਤੇ ਟਿੱਕ ਦਿੰਦੀ
ਕਿਹੜਾ ਭਰਾ ਵੈਰੀ ਏ!
ਪੈਰਾਗੁਏ ਵਾਲਾ ਆਪਣੀ ਜੰਗ ਲੜ ਰਿਹੈ
ਅਤੇ ਬੋਲੀਵੀਆ ਵਾਲਾ ਜੰਗਲ 'ਚ ਮਸ਼ੀਨਗੰਨ ਚੁੱਕੀ
ਉਜਾੜਾ ਕਰ ਰਿਹੈ
ਪੈਟਰੋਲੀਅਮ ਦੀ ਬੂੰਦ ਲਈ ਕਿਸੇ ਪ੍ਰਧਾਨ ਦਾ ਕਤਲ ਹੋ ਗਿਐ
ਦਹਿ ਲੱਖਾਂ ਏਕੜ ਗਹਿਣੇ ਪੈ ਗਏ
ਇਕ ਸਵੇਰ ਚਾਨਣ ਹੋਣ 'ਤੇ
ਅਚਾਨਕ ਭਿਆਨਕ ਧਾਵਾ ਤੇ ਸੁੰਨ ਵਰਤ ਗਈ
ਬਾਗ਼ੀਆਂ ਲਈ ਨਵਾਂ ਜੇਲ੍ਹ ਕੈਂਪ ਬਣ ਗਿਐ
ਪੈਟਾਗੋਨੀਆ 'ਚ ਵਿਸਾਹਘਾਤ ਹੋ ਗਿਐ, ਤੜ ਤੜ ਚੱਲੀਆਂ ਗੋਲੀਆਂ
ਪੈਟਰੋਲ ਨਾਲ ਸਲਾਬੀ ਚਾਨਣੀ ਰਾਤ ਨੂੰ
ਰਾਜਧਾਨੀ 'ਚ ਕੁਝ ਮੰਤਰੀ ਬਦਲ ਦਿੱਤੇ ਗਏ
ਅਫ਼ਵਾਹਾਂ ਫੈਲੀਆਂ, ਜਿਵੇਂ ਤੇਲ ਦੀ ਛੱਲ ਪਸਰਦੀ,
ਫੇਰ ਇਕਦਮ ਸਦਮਾ ਲੱਗਿਆ
ਤੁਸੀਂ ਦੇਖਿਐ
ਕਿਵੇਂ ਸਟੈਂਡਰਡ ਆਇਲ ਦੇ ਹਰਫ਼ ਅੰਬਰਾਂ 'ਤੇ ਚਮਕਾਂ ਮਾਰਦੇ,
ਸਮੁੰਦਰਾਂ ਤੋਂ ਉਤਾਂਹ, ਤੁਹਾਡੇ ਘਰ 'ਚ,
ਉਨ੍ਹਾਂ ਦੀ ਸਲਤਨਤ ਨੂੰ ਰੁਸ਼ਨਾਂਵਦੇ

ਜਦੋਂ ਕਾਰਪੋਰੇਟ ਫੰਡਾਂ ਨਾਲ ਚੱਲਣ ਵਾਲੀਆਂ ਫਾਊਂਡੇਸ਼ਨਾਂ ਅਮਰੀਕਾ 'ਚ ਪਹਿਲੀ ਵਾਰ ਨਮੂਦਾਰ ਹੋਈਆਂ ਓਦੋਂ ਉਨ੍ਹਾਂ ਦੇ ਸਰੋਤ, ਕਾਨੂੰਨੀ ਵਾਜਬੀਅਤ ਅਤੇ ਜਵਾਬਦੇਹੀ ਦੀ ਘਾਟ ਬਾਰੇ ਤਿੱਖੀ ਬਹਿਸ ਹੋਈ। ਲੋਕਾਂ ਨੇ ਸੁਝਾਅ ਦਿੱਤਾ ਕਿ ਜੇ

ਕੰਪਨੀਆਂ ਕੋਲ ਐਨਾ ਹੀ ਵਾਧੂ ਪੈਸਾ ਹੈ ਤਾਂ ਉਹ ਮਜ਼ਦੂਰਾਂ ਦੀਆਂ ਤਨਖ਼ਾਹਾਂ ਕਿਉਂ ਨਹੀਂ ਵਧਾਉਂਦੀਆਂ। (ਲੋਕਾਂ ਨੇ ਇਹ ਸਖ਼ਤ ਸੁਝਾਅ ਉਨ੍ਹਾਂ ਸਮਿਆਂ ਵਿਚ ਦਿੱਤੇ, ਉਹ ਵੀ ਅਮਰੀਕਾ 'ਚ।) ਇਨ੍ਹਾਂ ਫਾਊਂਡੇਸ਼ਨਾਂ ਦਾ ਖ਼ਿਆਲ, ਜੋ ਹੁਣ ਐਨਾ ਆਮ ਜਿਹਾ ਹੈ, ਅਸਲ ਵਿਚ ਕਾਰੋਬਾਰ ਦੇ ਤਸੱਵਰ ਦੀ ਛਾਲ ਸੀ। ਵਿਆਪਕ ਵਸੀਲਿਆਂ ਅਤੇ ਟੈਕਸ ਨਾ ਦੇਣ ਵਾਲੀਆਂ ਕਾਨੂੰਨੀ ਸੰਸਥਾਵਾਂ ਅਤੇ ਪੂਰੀ ਤਰ੍ਹਾਂ ਗ਼ੈਰ-ਜਵਾਬਦੇਹ, ਅਪਾਰਦਰਸ਼ੀ ਆਰਥਕ ਦੌਲਤ ਦੀ ਸਿਆਸੀ, ਸਮਾਜੀ ਅਤੇ ਸੱਭਿਆਚਾਰਕ ਪੂੰਜੀ ਨਾਲ ਲਗਭਗ ਬੇਅੰਤ ਸੰਖੇਪ ਸੰਧੀ, ਦੌਲਤ ਨੂੰ ਤਾਕਤ 'ਚ ਬਦਲਣ ਦਾ ਇਸ ਤੋਂ ਬਿਹਤਰ ਰਾਹ ਕੀ ਹੋ ਸਕਦਾ ਹੈ? ਸ਼ਾਹੂਕਾਰਾਂ ਲਈ ਆਪਣੇ ਮੁਨਾਫ਼ਿਆਂ ਦਾ ਨਿਗੂਣਾ ਜਿਹਾ ਹਿੱਸਾ ਖ਼ਰਚਕੇ ਦੁਨੀਆ ਨੂੰ ਚਲਾਉਣ ਦਾ ਇਸ ਤੋਂ ਬਿਹਤਰ ਢੰਗ ਕੀ ਹੋ ਸਕਦਾ ਹੈ? ਬਿਲ ਗੇਟਸ, ਜੋ ਮੰਨਦਾ ਹੈ ਕਿ ਉਸ ਨੂੰ ਕੰਪਿਊਟਰਾਂ ਬਾਰੇ ਇਕ-ਦੋ ਗੱਲਾਂ ਹੀ ਪਤਾ ਹਨ, ਸਿੱਖਿਆ, ਸਿਹਤ ਅਤੇ ਖੇਤੀਬਾੜੀ ਨੀਤੀਆਂ ਬਣਾਕੇ ਦੇ ਰਿਹਾ ਹੈ, ਨਾ ਸਿਰਫ਼ ਅਮਰੀਕੀ ਹਕੂਮਤ ਨੂੰ, ਸਗੋਂ ਦੁਨੀਆ ਭਰ ਦੀਆਂ ਹਕੂਮਤਾਂ ਨੂੰ?

ਵਰ੍ਹੇ ਬੀਤ ਗਏ, ਫਿਰ ਜਦੋਂ ਲੋਕਾਂ ਨੇ ਫਾਊਂਡੇਸ਼ਨਾਂ ਵਲੋਂ ਕੀਤੇ ਕੁਝ ਸੱਚੀਓਂ ਭਲਾਈ ਦੇ ਕੰਮ ਦੇਖੇ (ਜਨਤਕ ਲਾਇਬ੍ਰੇਰੀਆਂ ਚਲਾਉਣਾ, ਬੀਮਾਰੀਆਂ ਦਾ ਖ਼ਾਤਮਾ ਕਰਨਾ) ਤਾਂ ਕਾਰਪੋਰੇਸ਼ਨਾਂ ਅਤੇ ਫਾਊਂਡੇਸ਼ਨਾਂ ਦਰਮਿਆਨ ਸਿੱਧਾ ਸਬੰਧ ਉਨ੍ਹਾਂ ਦੇ ਚੇਤਿਆਂ 'ਚ ਧੁੰਦਲਾ ਪੈਣਾ ਸ਼ੁਰੂ ਹੋ ਗਿਆ। ਆਖ਼ਿਰ ਇਹ ਪੂਰੀ ਤਰ੍ਹਾਂ ਮਿਟ ਗਿਆ। ਹੁਣ ਤਾਂ ਖ਼ੁਦ ਨੂੰ ਖੱਬੇਪੱਖੀ ਮੰਨਣ ਵਾਲੇ ਵੀ ਇਨ੍ਹਾਂ ਦੀਆਂ ਬਖ਼ਸ਼ਿਸ਼ਾਂ ਨੂੰ ਪ੍ਰਵਾਨ ਕਰਨ ਤੋਂ ਸੰਕੋਚ ਨਹੀਂ ਕਰਦੇ!

1920 ਤੱਕ, ਅਮਰੀਕੀ ਸਰਮਾਏਦਾਰੀ ਨੇ ਕੱਚੇ ਮਾਲ ਅਤੇ ਦਸੌਰੀ ਮੰਡੀਆਂ ਦੀ ਭਾਲ 'ਚ ਬਾਹਰ ਵੱਲ ਝਾਕਣਾ ਸ਼ੁਰੂ ਕਰ ਦਿੱਤਾ ਸੀ। ਫਾਊਂਡੇਸ਼ਨਾਂ ਨੇ ਆਲਮੀ ਕਾਰਪੋਰੇਟ ਤੰਤਰ ਦੀ ਯੋਜਨਾ ਉਲੀਕਣੀ ਸ਼ੁਰੂ ਕਰ ਦਿੱਤੀ। 1924 'ਚ ਰੌਕੀਫੈਲਰ ਅਤੇ ਕਾਰਨੇਗੀ ਫਾਊਂਡੇਸ਼ਨਾਂ ਨੇ ਮਿਲਕੇ ਉਸਦੀ ਰਚਨਾ ਕੀਤੀ ਜੋ ਅੱਜ ਦੁਨੀਆ ਦਾ ਸਭ ਤੋਂ ਤਾਕਤਵਰ ਬਦੇਸ਼ ਨੀਤੀ ਦਬਾਅ-ਸਮੂਹ ਹੈ—ਬਦੇਸ਼ ਸਬੰਧਾਂ ਬਾਰੇ ਕੌਂਸਲ (Council on Foreign Relations—CFR), ਜਿਸਨੂੰ ਬਾਦ ਵਿਚ ਫੋਰਡ ਫਾਊਂਡੇਸ਼ਨ ਤੋਂ ਫੰਡ ਆਉਣ ਲੱਗੇ। 1947 ਤੱਕ, ਨਵੀਂ ਬਣੀ ਸੀ ਆਈ ਏ ਨੂੰ ਸੀ ਐੱਫ ਆਰ ਦੀ ਮਦਦ ਮਿਲ ਰਹੀ ਸੀ ਅਤੇ ਇਹ ਇਸ ਨਾਲ ਨੇੜਿਓਂ ਜੁੜਕੇ ਕੰਮ ਕਰ ਰਹੀ ਸੀ। ਵਰ੍ਹੇ ਬੀਤਣ 'ਤੇ, ਸੀ ਐੱਫ ਆਰ ਦੇ ਮੈਂਬਰਾਂ 'ਚ 22 ਅਮਰੀਕੀ ਬਦੇਸ਼ ਮੰਤਰੀ ਸ਼ਾਮਲ ਹੋ ਗਏ। 1943 'ਚ ਸਟੀਰਿੰਗ ਕਮੇਟੀ 'ਚ ਸੀ ਐੱਫ ਆਰ ਦੇ ਪੰਜ ਮੈਂਬਰ ਸਨ ਜਿਸਨੇ ਸੰਯੁਕਤ ਰਾਸ਼ਟਰ ਦੀ ਵਿਉਂਤਬੰਦੀ ਕੀਤੀ ਅਤੇ ਜੇ ਡੀ ਰੌਕੀਫੈਲਰ ਵਲੋਂ ਦਿੱਤੀ ਗਈ 85 ਲੱਖ ਡਾਲਰ ਦੀ ਗਰਾਂਟ ਨਾਲ ਉਹ ਜ਼ਮੀਨ ਖ਼ਰੀਦੀ ਗਈ, ਜਿਸ ਉੱਪਰ ਸੰਯੁਕਤ ਰਾਸ਼ਟਰ ਦਾ ਸਦਰ ਮੁਕਾਮ ਬਣਿਆ ਹੋਇਆ ਹੈ।

1946 ਤੋਂ ਲੈਕੇ ਸੰਸਾਰ ਬੈਂਕ ਦੇ ਕੁਲ ਗਿਆਰਾਂ ਪ੍ਰਧਾਨ—ਜਿਹੜੇ ਆਦਮੀ

ਖ਼ੁਦ ਨੂੰ ਗ਼ਰੀਬਾਂ ਦੇ ਮਿਸ਼ਨਰੀ ਦਸਦੇ ਰਹੇ ਹਨ—ਸੀ ਐੱਫ ਆਰ ਦੇ ਮੈਂਬਰ ਰਹੇ ਹਨ। (ਇਨ੍ਹਾਂ ਵਿਚ ਨਿਵੇਕਲਾ ਮਾਮਲਾ ਜਾਰਜ ਵੁੱਡਜ਼ ਦਾ ਸੀ ਅਤੇ ਉਹ ਰੌਕੀਫੈਲਰ ਫਾਊਂਡੇਸ਼ਨ ਦਾ ਟਰੱਸਟੀ ਅਤੇ ਚੇਜ਼ ਮੈਨਹਟਨ ਬੈਂਕ ਦਾ ਮੀਤ ਪ੍ਰਧਾਨ ਸੀ।)

ਬਰੈਟਨ ਵੁੱਡਜ਼ ਵਿਖੇ ਸੰਸਾਰ ਬੈਂਕ ਅਤੇ ਆਈ ਐੱਮ ਐੱਫ ਨੇ ਤੈਅ ਕੀਤਾ ਕਿ ਅਮਰੀਕੀ ਡਾਲਰ ਦੁਨੀਆ ਦੀ ਰਾਖਵੀਂ ਮੁਦਰਾ ਹੋਵੇਗਾ, ਅਤੇ ਆਲਮੀ ਸਰਮਾਏ ਦੀ ਘੁਸਪੈਠ ਵਧਾਉਣ ਲਈ ਖੁੱਲ੍ਹੀਆਂ ਮੰਡੀਆਂ ਦੇ ਕਾਰੋਬਾਰੀ ਅਮਲਾਂ ਨੂੰ ਸਰਵ-ਵਿਆਪਕ ਅਤੇ ਮਿਆਰੀ ਬਣਾਉਣਾ ਜ਼ਰੂਰੀ ਹੋਵੇਗਾ। ਇਸ ਮਕਸਦ ਲਈ ਉਹ ਵਧੀਆ ਪ੍ਰਸ਼ਾਸਨ (ਜਦੋਂ ਤੱਕ ਵਾਗਾਂ ਇਨ੍ਹਾਂ ਦੇ ਹੱਥ ਰਹਿੰਦੀਆਂ ਹਨ), ਕਾਨੂੰਨ ਦੇ ਰਾਜ ਦੇ ਸੰਕਲਪ (ਬਸ਼ਰਤੇ ਕਿ ਕਾਨੂੰਨ ਬਣਾਉਣ 'ਚ ਇਨ੍ਹਾਂ ਦੀ ਪੁੱਗਦੀ ਹੋਵੇ) ਅਤੇ ਸੈਂਕੜੇ ਭ੍ਰਿਸ਼ਟਾਚਾਰ ਵਿਰੋਧੀ ਪ੍ਰੋਗਰਾਮ (ਜਿਹੜਾ ਪ੍ਰਬੰਧ ਇਨ੍ਹਾਂ ਨੇ ਕਾਇਮ ਕੀਤਾ ਹੈ ਉਸਨੂੰ ਲੀਹ 'ਤੇ ਲਿਆਉਣ ਲਈ) ਨੂੰ ਉਤਸ਼ਾਹਤ ਕਰਨ ਲਈ ਵੱਡੀ ਮਾਤਰਾ 'ਚ ਪੈਸਾ ਖ਼ਰਚਦੇ ਹਨ। ਦੁਨੀਆ ਦੀਆਂ ਦੋ ਸਭ ਤੋਂ ਅਪਾਰਦਰਸ਼ੀ, ਗ਼ੈਰਜਵਾਬਦੇਹ ਸੰਸਥਾਵਾਂ ਗ਼ਰੀਬ ਮੁਲਕਾਂ ਦੀਆਂ ਹਕੂਮਤਾਂ ਤੋਂ ਸਾਫ਼ਗੋਈ ਅਤੇ ਜਵਾਬਦੇਹੀ ਦੀ ਮੰਗ ਕਰਦੀਆਂ ਨਹੀਂ ਥੱਕਦੀਆਂ।

ਇਹ ਦੇਖਕੇ ਕਿ ਸੰਸਾਰ ਬੈਂਕ ਨੇ ਆਲਮੀ ਵਿਤੀ ਪੂੰਜੀ ਲਈ ਇਕ ਪਿੱਛੋਂ ਦੂਜੇ ਦੇਸ਼ ਉੱਪਰ ਦਬਾਅ ਪਾ ਕੇ ਅਤੇ ਮੰਡੀਆਂ 'ਚ ਸੰਨ੍ਹ ਲਾਕੇ ਤਕਰੀਬਨ ਤੀਜੀ ਦੁਨੀਆ ਦੀਆਂ ਆਰਥਕ ਨੀਤੀਆਂ ਦੇ ਫਰਮਾਨ ਸੁਣਾਏ ਹਨ, ਤੁਸੀਂ ਕਹਿ ਸਕਦੇ ਹੋ ਕਿ ਕਾਰਪੋਰੇਟ ਪਰਉਪਕਾਰ ਹਰ ਸਮੇਂ ਸਭ ਤੋਂ ਸੁਪਨਮਈ ਕਾਰੋਬਾਰ ਸਿੱਧ ਹੋਇਆ ਹੈ।

ਕਾਰਪੋਰੇਟ ਫੰਡਾਂ ਨਾਲ ਚੱਲਦੀਆਂ ਫਾਊਂਡੇਸ਼ਨਾਂ ਕੁਲੀਨ ਵਰਗਾਂ ਦੇ ਕਲੱਬਾਂ ਅਤੇ ਨੀਤੀ ਘਾੜਿਆਂ ਦੇ ਤੰਤਰ ਰਾਹੀਂ ਆਪਣਾ ਪ੍ਰਸ਼ਾਸਨ ਚਲਾਉਂਦੀਆਂ, ਵਪਾਰ ਕਰਦੀਆਂ ਅਤੇ ਆਪਣੀ ਸੱਤਾ ਨੂੰ ਲੀਹੇ ਪਾਉਂਦੀਆਂ ਅਤੇ ਸ਼ਤਰੰਜ 'ਚ ਆਪਣੇ ਮੋਹਰੇ ਲਗਾਉਂਦੀਆਂ ਹਨ, ਜਿਨ੍ਹਾਂ ਦੇ ਮੈਂਬਰ ਇਕ ਦੂਜੇ 'ਚ ਰਲ਼ਗੱਡ ਹੋਏ ਹੁੰਦੇ ਹਨ ਅਤੇ ਸਾਂਝੇ ਦਰਵਾਜ਼ੇ ਰਾਹੀਂ ਇੱਧਰੋਂ ਉੱਧਰ ਆਉਂਦੇ ਜਾਂਦੇ ਰਹਿੰਦੇ ਹਨ। ਪ੍ਰਚਲਤ ਵੱਖੋ-ਵੱਖਰੇ ਸਿਧਾਂਤਾਂ, ਖ਼ਾਸ ਕਰਕੇ ਖੱਬੇਪੱਖੀ ਧੜਿਆਂ 'ਚ ਪ੍ਰਚਲਤ ਸਾਜ਼ਿਸ਼ ਦੇ ਸਿਧਾਂਤਾਂ ਦੇ ਉਲਟ, ਇਸ ਪ੍ਰਬੰਧ ਬਾਰੇ ਕੁਝ ਵੀ ਗੁਪਤ, ਸ਼ੈਤਾਨੀ ਭਰਿਆ ਜਾਂ ਗੁਪਤ ਜੁੰਡਲੀ ਵਰਗਾ ਨਹੀਂ ਹੈ। ਇਹ ਉਨ੍ਹਾਂ ਤਰੀਕਿਆਂ ਤੋਂ ਬਹੁਤਾ ਵੱਖਰਾ ਨਹੀਂ ਹੈ ਜਿਨ੍ਹਾਂ ਤਰੀਕਿਆਂ ਨਾਲ ਕਾਰਪੋਰੇਸ਼ਨਾਂ, ਅਖੌਤੀ ਕੰਪਨੀਆਂ ਅਤੇ ਸਮੁੰਦਰੋਂ ਪਾਰ ਦੇ ਹਿਸਾਬ-ਕਿਤਾਬ ਦੀ ਵਰਤੋਂ ਆਪਣੇ ਪੈਸੇ ਦਾ ਤਬਾਦਲਾ ਕਰਨ ਅਤੇ ਆਪਣੇ ਪੈਸੇ ਦਾ ਇੰਤਜ਼ਾਮ ਕਰਨ ਲਈ ਕਰਦੀਆਂ ਹਨ—ਇਸਨੂੰ ਛੱਡਕੇ ਕਿ ਮੁਦਰਾ ਤਾਕਤ ਹੁੰਦੀ ਹੈ, ਪੈਸਾ ਨਹੀਂ।

ਸੀ ਐੱਫ ਆਰ ਵਰਗੀ ਹੀ ਪਰਾਕੌਮੀ ਸ਼ੈਅ ਹੈ ਤਿੰਨ ਧਿਰੀ ਕਮਿਸ਼ਨ, ਜੋ ਡੇਵਿਡ ਰੌਕੀਫੈਲਰ, ਅਮਰੀਕਾ ਦੇ ਕੌਮੀ ਸੁਰੱਖਿਆ ਸਲਾਹਕਾਰ ਜ਼ਿਗਨਿਊ ਬਰਜੈਂਜ਼ਿਸਕੀ (ਤਾਲਿਬਾਨ ਦੀ ਪਿਤਾਮਾ *ਅਫ਼ਗਾਨ ਮੁਜਾਹੀਦੀਨ* ਦਾ ਬਾਨੀ ਮੈਂਬਰ), ਚੇਜ਼ ਮੈਨਹਟਨ ਬੈਂਕ ਅਤੇ ਕੁਝ ਹੋਰ ਨਿੱਜੀ ਸ਼ਖਸੀਅਤਾਂ ਵਲੋਂ 1973 'ਚ ਬਣਾਇਆ ਗਿਆ ਸੀ।

ਇਸਦਾ ਮਕਸਦ ਉੱਤਰੀ ਅਮਰੀਕਾ, ਯੂਰਪ ਅਤੇ ਜਪਾਨ ਦੇ ਕੁਲੀਨ ਵਰਗਾਂ ਦਰਮਿਆਨ ਦੋਸਤੀ ਅਤੇ ਸਹਿਯੋਗ ਦਾ ਪਾਏਦਾਰ ਰਿਸ਼ਤਾ ਗੰਢਣਾ ਸੀ। ਇਹ ਹੁਣ ਪੰਜ-ਧਿਰੀ ਕਮਿਸ਼ਨ ਬਣ ਚੁੱਕਾ ਹੈ, ਕਿਉਂਕਿ ਇਸ ਵਿਚ ਚੀਨ ਅਤੇ ਭਾਰਤ ਮੈਂਬਰ ਲੈ ਲਏ ਗਏ ਹਨ। (ਭਾਰਤ 'ਚੋਂ ਸੀ ਆਈ ਆਈ ਦਾ ਤਰੁਨ ਦਾਸ; ਇਨੋਫੋਸਿਸ ਦਾ ਸਾਬਕਾ ਸੀ ਈ ਓ ਨਰਾਇਣ ਮੂਰਤੀ; ਗੋਦਰੇਜ ਦਾ ਪ੍ਰਬੰਧਕੀ ਨਿਰਦੇਸ਼ਕ ਜਮਸ਼ੇਦ ਐਨ ਗੋਦਰੇਜ; ਟਾਟਾ ਸੰਨਜ਼ ਦਾ ਨਿਰਦੇਸ਼ਕ ਜਮਸ਼ੇਦ ਜੀ ਇਰਾਨੀ; ਅਤੇ ਅਵੰਤ ਸਮੂਹ ਦਾ ਸੀ ਈ ਓ ਗੌਤਮ ਥਾਪਰ)।

ਐਸਪਨ ਇੰਸਟੀਚਿਊਟ ਸਥਾਨਕ ਕੁਲੀਨ ਵਰਗਾਂ, ਕਾਰੋਬਾਰੀਆਂ, ਅਫ਼ਸਰਸ਼ਾਹਾਂ, ਸਿਆਸਤਦਾਨਾਂ ਦਾ ਕੌਮਾਂਤਰੀ ਕਲੱਬ ਹੈ ਜਿਨ੍ਹਾਂ ਦੀਆਂ ਕਈ ਮੁਲਕਾਂ 'ਚ ਸ਼ਾਖਾਵਾਂ ਹਨ। ਤਰੁਨ ਦਾਸ ਭਾਰਤ 'ਚ ਐਸਪਨ ਇੰਸਟੀਚਿਊਟ ਦਾ ਪ੍ਰਧਾਨ ਹੈ। ਗੌਤਮ ਥਾਪਰ ਚੇਅਰਮੈਨ ਹੈ। ਮੈਕਿਨਜ਼ੇ ਗਲੋਬਲ ਇੰਸਟੀਚਿਊਟ (ਦਿੱਲੀ-ਮੁੰਬਈ ਸਨਅਤੀ ਲਾਂਘਾ) ਦੇ ਅਨੇਕ ਸੀਨੀਅਰ ਅਫ਼ਸਰ ਸੀ ਐੱਫ ਆਰ, ਤਿੰਨ-ਧਿਰੀ ਕਮਿਸ਼ਨ ਅਤੇ ਐਸਪਨ ਇੰਸਟੀਚਿਊਟ ਦੇ ਮੈਂਬਰ ਹਨ।

ਫੋਰਡ ਫਾਊਂਡੇਸ਼ਨ 1936 'ਚ ਬਣਾਈ ਗਈ ਸੀ (ਇਹ ਵੱਧ ਰੂੜੀਵਾਦੀ ਰੌਕੀਫੈਲਰ ਫਾਊਂਡੇਸ਼ਨ ਦੀ ਉਦਾਰਵਾਦੀ ਤਲਵਾਰ ਹੈ, ਹਾਲਾਂਕਿ ਦੋਵੇਂ ਮਿਲਕੇ ਕੰਮ ਕਰਦੀਆਂ ਹਨ)। ਭਾਵੇਂ ਅਕਸਰ ਹੀ ਇਸਨੂੰ ਲੁਕੋਇਆ ਜਾਂਦਾ ਹੈ ਪਰ ਫੋਰਡ ਫਾਊਂਡੇਸ਼ਨ ਦੀ ਬਹੁਤ ਹੀ ਸਪਸ਼ਟ, ਮੁਕੰਮਲ ਤੌਰ 'ਤੇ ਪ੍ਰੀਭਾਸ਼ਤ ਵਿਚਾਰਧਾਰਾ ਹੈ ਅਤੇ ਇਹ ਅਮਰੀਕੀ ਬਦੇਸ਼ ਵਿਭਾਗ ਨਾਲ ਬਹੁਤ ਨੇੜਿਓਂ ਜੁੜਕੇ ਕੰਮ ਕਰਦੀ ਹੈ। ਇਸਦਾ ਜਮਹੂਰੀਅਤ ਨੂੰ ਡੂੰਘੀ ਕਰਨ ਅਤੇ "ਵਧੀਆ ਪ੍ਰਸ਼ਾਸਨ" ਦਾ ਪ੍ਰਾਜੈਕਟ ਬਰੈਟਨ ਵੁੱਡਜ਼ ਦੇ ਕਾਰੋਬਾਰੀ ਅਮਲ ਨੂੰ ਮਿਆਰੀ ਬਣਾਉਣ ਅਤੇ ਖੁੱਲ੍ਹੀ ਮੰਡੀ ਨੂੰ ਕਾਰਜ ਕੁਸ਼ਲ ਬਣਾਉਣ ਦੀ ਸਕੀਮ ਦਾ ਬਹੁਤ ਵੱਡਾ ਹਿਸਾ ਹੈ। ਦੂਜੀ ਸੰਸਾਰ ਜੰਗ ਤੋਂ ਬਾਦ, ਜਦੋਂ ਕਮਿਊਨਿਸਟਾਂ ਨੇ ਅਮਰੀਕੀ ਹਕੂਮਤ ਦੇ ਨੰਬਰ ਇਕ ਦੁਸ਼ਮਣ ਵਜੋਂ ਫਾਸ਼ੀਵਾਦੀਆਂ ਦੀ ਥਾਂ ਲੈ ਲਈ, ਠੰਡੀ ਜੰਗ ਨਾਲ ਨਜਿੱਠਣ ਲਈ ਨਵੀਂ ਕਿਸਮ ਦੀਆਂ ਸੰਸਥਾਵਾਂ ਦਰਕਾਰ ਸਨ। ਫੋਰਡ ਦੇ ਫੰਡਾਂ ਨਾਲ ਚੱਲਦੀ ਯੁੱਧਨੀਤੀ ਘਾੜਾ ਸੰਸਥਾ *ਰੈਂਡ* (ਖੋਜ ਅਤੇ ਵਿਕਾਸ ਕਾਰਪੋਰੇਸ਼ਨ) ਨੇ ਅਮਰੀਕੀ ਫ਼ੌਜੀ ਸੇਵਾਵਾਂ ਲਈ ਹਥਿਆਰਾਂ ਦੀ ਖੋਜ ਦਾ ਕੰਮ ਵਿੱਢ ਲਿਆ। 1952 'ਚ, ਇਸਨੇ "ਕਮਿਊਨਿਸਟਾਂ ਦੇ ਆਜ਼ਾਦ ਕੌਮਾਂ 'ਚ ਘੁਸਪੈਠ ਕਰਨ ਅਤੇ ਖ਼ਲਲ ਪਾਉਣ ਦੇ ਸਿਰਤੋੜ ਯਤਨਾਂ" ਨੂੰ ਨਾਕਾਮਯਾਬ ਬਣਾਉਣ ਦੇ ਉਦੇਸ਼ ਨਾਲ *ਰਿਪਬਲਿਕ ਲਈ ਫੰਡ* ਕਾਇਮ ਕੀਤਾ ਜੋ ਬਾਅਦ 'ਚ *ਜਮਹੂਰੀ ਸੰਸਥਾਵਾਂ ਦੇ ਅਧਿਐਨ ਲਈ ਕੇਂਦਰ* ਬਣ ਗਿਆ ਜਿਸਦਾ ਸਾਰ ਸੀ ਮੈਕਾਰਥੀਵਾਦੀ ਜ਼ਿਆਦਤੀਆਂ ਕੀਤੇ ਬਗ਼ੈਰ ਅਕਲਮੰਦੀ ਨਾਲ ਠੰਡੀ ਜੰਗ ਚਲਾਉਣਾ। ਭਾਰਤ ਵਿਚ ਫੋਰਡ ਫਾਊਂਡੇਸ਼ਨ ਨੇ ਦਹਿ ਲੱਖਾਂ ਡਾਲਰ ਲਗਾਏ ਹਨ—ਇਹ ਕਲਾਕਾਰਾਂ, ਫਿਲਮਸਾਜ਼ਾਂ ਅਤੇ ਕਾਰਕੁੰਨਾਂ ਨੂੰ ਫੰਡ ਦਿੰਦੀ ਹੈ। ਇਹ ਯੂਨੀਵਰਸਿਟੀ ਕੋਰਸਾਂ ਅਤੇ ਵਜੀਫ਼ਿਆਂ ਲਈ ਖੁੱਲ੍ਹੇ ਦਿਲ

ਨਾਲ ਦਾਨ ਦਿੰਦੀ ਹੈ। ਇਨ੍ਹਾਂ ਐਨਕਾਂ ਰਾਹੀਂ ਸਾਨੂੰ ਇਸਦੇ ਕੰਮਾਂ ਨੂੰ ਘੋਖਣ ਦੀ ਲੋੜ ਹੈ।

ਫੋਰਡ ਫਾਊਂਡੇਸ਼ਨ ਦੇ ਐਲਾਨ ਕੀਤੇ "ਮਨੁੱਖਤਾ ਦੇ ਭਵਿੱਖੀ ਟੀਚਿਆਂ" ਵਿਚ ਬੁਨਿਆਦੀ ਕੰਮ ਕਰਨ ਵਾਲੀਆਂ ਸਿਆਸੀ ਲਹਿਰਾਂ ਅੰਦਰ ਸਥਾਨਕ ਅਤੇ ਕੌਮਾਂਤਰੀ ਪੱਧਰ 'ਤੇ ਦਖ਼ਲਅੰਦਾਜ਼ੀ ਕਰਨਾ ਸ਼ਾਮਲ ਹੈ। ਅਮਰੀਕਾ ਵਿਚ ਇਸਨੇ ਡਿਪਾਰਟਮੈਂਟ ਸਟੋਰਾਂ ਦੇ ਮਾਲਕ ਐਡਵਰਡ ਫਿਲੀਨ ਵਲੋਂ 1919 'ਚ ਸ਼ੁਰੂ ਕੀਤੀ ਗਈ *ਕਰੈਡਿਟ ਯੂਨੀਅਨ ਲਹਿਰ* ਦੀ ਮਦਦ ਲਈ ਦਹਿ ਲੱਖਾਂ ਡਾਲਰ ਦੀਆਂ ਗਰਾਂਟਾਂ ਅਤੇ ਕਰਜ਼ੇ ਦਿੱਤੇ। ਫਿਲੀਨ ਮਜ਼ਦੂਰਾਂ ਦੀ ਕਰਜ਼ੇ ਤੱਕ ਸੁਖਾਲੀ ਪਹੁੰਚ ਬਣਾਕੇ ਖ਼ਪਤਕਾਰੀ ਸਮਾਨ ਦੀ ਜਨਤਕ ਖ਼ਪਤਕਾਰ ਸਭਾ ਬਣਾਉਣ 'ਚ ਵਿਸ਼ਵਾਸ ਰੱਖਦਾ ਸੀ—ਇਹ ਉਸ ਵਕਤ ਅਗਾਂਹਵਧੂ ਖ਼ਿਆਲ ਸੀ। ਅਸਲ ਵਿਚ, ਇਹ ਅੱਧਾ ਰੈਡੀਕਲ ਖ਼ਿਆਲ ਹੀ ਸੀ ਕਿਉਂਕਿ ਫਿਲੀਨ ਦੇ ਵਿਸ਼ਵਾਸ ਦਾ ਦੂਜਾ ਅੱਧਾ ਹਿੱਸਾ ਸੀ ਕੌਮੀ ਆਮਦਨੀ ਦੀ ਵੱਧ ਨਿਆਂਕਾਰੀ ਵੰਡ। ਸਰਮਾਏਦਾਰੀ ਨੇ ਫਿਲੀਨ ਦੇ ਸੁਝਾਅ ਦਾ ਪਹਿਲਾ ਹਿੱਸਾ ਹਥਿਆ ਲਿਆ, ਅਤੇ ਮਿਹਨਤਕਸ਼ ਲੋਕਾਂ ਨੂੰ ਕਰੋੜਾਂ ਡਾਲਰਾਂ ਦੇ "ਅਸਾਨ" ਕਰਜ਼ੇ ਦੇ ਕੇ ਅਮਰੀਕਾ ਮਜ਼ਦੂਰ ਜਮਾਤ ਨੂੰ ਪੱਕੇ ਤੌਰ 'ਤੇ ਕਰਜ਼ਾਈ ਬਣਾ ਦਿੱਤਾ, ਸਰਮਾਏਦਾਰੀ ਦੀ ਤਰਜ਼ੇ-ਜ਼ਿੰਦਗੀ ਨਾਲ ਰਲਣ ਦੀ ਦੌੜ 'ਚ ਜੁੱਟੇ ਕਰਜ਼ਾਈ।

ਕਈ ਸਾਲ ਬਾਦ, ਇਹ ਵਿਚਾਰ ਰਿਸਕੇ ਹੁਣ ਬੰਗਲਾ ਦੇਸ਼ ਦੇ ਕੰਗਾਲ ਹੋਏ ਪਿੰਡਾਂ 'ਚ ਜਾ ਪਹੁੰਚਿਆ ਹੈ ਜਦੋਂ *ਮੁਹੰਮਦ ਯੂਨਸ* ਅਤੇ *ਗ੍ਰਾਮੀਣ ਬੈਂਕ* ਨੇ ਤਬਾਹਕੁਨ ਸਿੱਟਿਆਂ ਵਾਲਾ ਛੋਟਾ ਕਰਜ਼ਾ ਭੁੱਖੇ ਮਰਦੇ ਕਿਸਾਨਾਂ ਤੱਕ ਪਹੁੰਚਾ ਦਿੱਤਾ। ਭਾਰਤ ਦੀਆਂ ਮਾਈਕਰੋ ਫਾਇਨਾਂਸ ਕੰਪਨੀਆਂ ਸੈਂਕੜੇ ਖ਼ੁਦਕੁਸ਼ੀਆਂ ਲਈ ਜ਼ਿੰਮੇਦਾਰ ਹਨ—ਇਕੱਲੇ 2010 'ਚ ਆਂਧਰਾ ਪ੍ਰਦੇਸ਼ 'ਚ 200 ਲੋਕਾਂ ਨੇ ਖ਼ੁਦਕੁਸ਼ੀਆਂ ਕੀਤੀਆਂ। ਇਕ ਕੌਮੀ ਰੋਜ਼ਾਨਾ ਅਖ਼ਬਾਰ ਨੇ ਪਿੱਛੇ ਜਹੇ 18 ਸਾਲ ਦੀ ਕੁੜੀ ਦਾ ਖ਼ੁਦਕੁਸ਼ੀ ਰੁੱਕਾ ਛਾਪਿਆ ਜੋ ਆਪਣੀ ਡੇਢ ਸੌ ਰੁਪਏ ਸਕੂਲ ਫੀਸ ਮਾਈਕਰੋ ਫਾਇਨਾਂਸ ਕੰਪਨੀ ਦੇ ਮੁਲਾਜ਼ਮਾਂ ਨੂੰ ਵੱਢੀ ਵਜੋਂ ਦੇਣ ਲਈ ਮਜਬੂਰ ਹੋ ਗਈ ਸੀ। ਰੁੱਕੇ 'ਚ ਉਸਨੇ ਲਿਖਿਆ ਸੀ, "ਸਖ਼ਤ ਮਿਹਨਤ ਕਰੋ ਅਤੇ ਕਮਾਈ ਕਰੋ। ਪਰ ਕਰਜ਼ਾ ਨਾ ਲਓ।"

ਗ਼ਰੀਬੀ 'ਚ ਬਥੇਰਾ ਪੈਸਾ ਹੈ ਅਤੇ ਕੁਝ ਨੋਬਲ ਇਨਾਮ ਵੀ।

1950ਵਿਆਂ ਤੱਕ, ਰੌਕੀਫੈਲਰ ਅਤੇ ਫੋਰਡ ਫਾਊਂਡੇਸ਼ਨ ਨੇ ਅਨੇਕਾਂ ਐੱਨ ਜੀ ਓ ਅਤੇ ਕੌਮਾਂਤਰੀ ਸਿਖਿਆ ਸੰਸਥਾਵਾਂ ਨੂੰ ਫੰਡ ਦਿੰਦਿਆਂ, ਅਮਰੀਕੀ ਹਕੂਮਤ ਦੀਆਂ ਨੀਮ-ਵਿਸਤਾਰ ਸ਼ਾਖਾਵਾਂ ਵਜੋਂ ਕੰਮ ਕਰਨਾ ਸ਼ੁਰੂ ਕਰ ਦਿੱਤਾ ਜੋ ਉਸ ਵਕਤ ਲਾਤੀਨੀ ਅਮਰੀਕਾ, ਇਰਾਨ ਅਤੇ ਇੰਡੋਨੇਸ਼ੀਆ ਦੀਆਂ ਜਮਹੂਰੀ ਤੌਰ 'ਤੇ ਚੁਣੀਆਂ ਹਕੂਮਤਾਂ ਦਾ ਤਖ਼ਤਾ ਉਲਟਾਉਣ 'ਚ ਜੁਟੀ ਹੋਈ ਸੀ। (ਤਕਰੀਬਨ ਇਸੇ ਹੀ ਸਮੇਂ ਇਨ੍ਹਾਂ ਨੇ ਭਾਰਤ 'ਚ ਘੁਸਪੈਠ ਕੀਤੀ, ਜੋ ਓਦੋਂ ਗੁੱਟ-ਨਿਰਲੇਪ ਮੁਲਕ ਸੀ ਪਰ ਸਪਸ਼ਟ ਤੌਰ 'ਤੇ ਇਸਦਾ ਝੁਕਾਅ ਸੋਵੀਅਤ ਯੂਨੀਅਨ ਵੱਲ ਸੀ।) ਫੋਰਡ ਫਾਊਂਡੇਸ਼ਨ ਨੇ ਇੰਡੋਨੇਸ਼ੀਆਈ

ਯੂਨੀਵਰਸਿਟੀ ਵਿਖੇ ਅਮਰੀਕੀ ਤਰਜ਼ ਦੇ ਅਰਥਸ਼ਾਸਤਰ ਦੇ ਕੋਰਸ ਸ਼ੁਰੂ ਕੀਤੇ। ਕੁਲੀਨ ਵਰਗ ਦੇ ਇੰਡੋਨੇਸ਼ੀਆਈ ਵਿਦਿਆਰਥੀਆਂ ਨੇ, ਜਿਨ੍ਹਾਂ ਨੇ ਅਮਰੀਕੀ ਫ਼ੌਜ ਦੇ ਅਫ਼ਸਰਾਂ ਤੋਂ ਬਗ਼ਾਵਤ ਨਾਲ ਨਜਿੱਠਣ ਦੀ ਸਿਖਲਾਈ ਲਈ ਹੋਈ ਸੀ, 1965 'ਚ ਇੰਡੋਨੇਸ਼ੀਆ ਵਿਚ ਸੀ ਆਈ ਏ ਦੀ ਹਮਾਇਤ ਨਾਲ, ਉਸ ਰਾਜ ਪਲਟੇ 'ਚ ਅਹਿਮ ਭੂਮਿਕਾ ਨਿਭਾਈ ਜਿਸ ਨਾਲ ਜਨਰਲ ਸੁਹਾਰਤੋ ਸੱਤਾ 'ਚ ਆਇਆ। ਜਨਰਲ ਸੁਹਾਰਤੋ ਨੇ ਲੱਖਾਂ ਕਮਿਊਨਿਸਟ ਬਾਗ਼ੀਆਂ ਦਾ ਕਤਲੇਆਮ ਕਰਕੇ ਆਪਣੇ ਗੁਰੂਆਂ ਦਾ ਕਰਜ਼ ਚੁਕਾਇਆ।

ਅੱਠ ਸਾਲ ਬਾਦ, ਚਿੱਲੀ ਦੇ ਨੌਜਵਾਨ ਪਾੜ੍ਹਿਆਂ ਨੂੰ ਸ਼ਿਕਾਗੋ ਯੂਨੀਵਰਸਿਟੀ ਵਿਖੇ ਮਿਲਟਨ ਫਰੀਡਮੈਨ ਕੋਲੋਂ ਨਵਉਦਾਰਵਾਦੀ ਅਰਥਸ਼ਾਸਤਰ ਦੀ ਸਿਖਲਾਈ ਦਿਵਾਉਣ ਲਈ ਅਮਰੀਕਾ ਲਿਜਾਇਆ ਗਿਆ। (ਇਸ ਲਈ ਫੰਡ ਜੇ ਡੀ ਰੌਕੀਫੈਲਰ ਦਿੰਦਾ ਸੀ।) ਇਹ 1973 'ਚ ਸੀ ਆਈ ਏ ਦੀ ਹਮਾਇਤ ਨਾਲ ਕੀਤੇ ਜਾਣ ਵਾਲੇ ਰਾਜ ਪਲਟੇ ਦੀ ਤਿਆਰੀ ਦਾ ਹਿੱਸਾ ਸੀ, ਜਿਸ ਵਿਚ ਸਲਵਾਡੋਰ ਅਲੈਂਡੇ ਨੂੰ ਕਤਲ ਕਰਕੇ ਜਰਨੈਲ ਪਿਨੋਚੇ ਨੂੰ ਸੱਤਾਧਾਰੀ ਬਣਾਇਆ ਗਿਆ ਅਤੇ ਜਿਸ ਰਾਹੀਂ ਕਾਤਲ ਦਸਤਿਆਂ, ਲਾਪਤਾ ਬਣਾ ਦੇਣ ਅਤੇ ਦਹਿਸ਼ਤ ਦਾ ਬੋਲਬਾਲਾ ਹੋ ਗਿਆ, ਜੋ ਸਤਾਰਾਂ ਵਰ੍ਹੇ ਤੱਕ ਜਾਰੀ ਰਿਹਾ। (ਅਲੈਂਡੇ ਦਾ ਜੁਰਮ ਸੀ ਜਮਹੂਰੀ ਤੌਰ 'ਤੇ ਚੁਣਿਆ ਸਮਾਜਵਾਦੀ ਹੋਣਾ ਅਤੇ ਚਿੱਲੀ ਦੀਆਂ ਖਾਣਾਂ ਦਾ ਕੌਮੀਕਰਨ ਕਰਨਾ।)

1957 'ਚ, ਰੌਕੀਫੈਲਰ ਫਾਊਂਡੇਸ਼ਨ ਨੇ ਏਸ਼ੀਆ ਵਿਚ ਲੋਕ ਸਮੂਹਾਂ ਦੇ ਆਗੂਆਂ ਲਈ *ਰੈਮਨ ਮੈਗਸੇਸੇ ਇਨਾਮ* ਦੀ ਸਥਾਪਨਾ ਕੀਤੀ। ਇਹ ਫਿਲੀਪਿਨਜ਼ ਦੇ ਰਾਸ਼ਟਰਪਤੀ ਰੈਮਨ ਮੈਗਸੇਸੇ ਦੇ ਨਾਂ 'ਤੇ ਸ਼ੁਰੂ ਕੀਤਾ ਗਿਆ ਸੀ ਜੋ ਦੱਖਣੀ-ਪੂਰਬੀ ਏਸ਼ੀਆ ਵਿਚ ਕਮਿਊਨਿਜ਼ਮ ਵਿਰੁੱਧ ਅਮਰੀਕੀ ਮੁਹਿੰਮ ਦਾ ਅਹਿਮ ਸੰਗੀ ਰਿਹਾ ਸੀ। ਸੰਨ 2000 'ਚ ਫੋਰਡ ਫਾਊਂਡੇਸ਼ਨ ਨੇ *ਰੈਮਨ ਮੈਗਸੇਸੇ ਉੱਭਰ ਰਹੀ ਲੀਡਰਸ਼ਿਪ ਇਨਾਮ* ਦੀ ਸਥਾਪਨਾ ਕੀਤੀ। ਮੈਗਸੇਸੇ ਇਨਾਮ ਭਾਰਤ ਅੰਦਰ ਕਲਾਕਾਰਾਂ, ਕਾਰਕੁੰਨਾਂ ਅਤੇ ਭਾਈਚਾਰਿਆਂ 'ਚ ਕੰਮ ਕਰਨ ਵਾਲੇ ਕਾਰਕੁੰਨਾਂ 'ਚ ਵੱਕਾਰੀ ਇਨਾਮ ਮੰਨਿਆ ਜਾਂਦਾ ਹੈ। ਇਹ ਇਨਾਮ ਐੱਮ ਐੱਸ ਸੁਬੂਲਕਸ਼ਮੀ ਅਤੇ ਸੱਤਿਆਜੀਤ ਰੇਅ ਦੀ ਝੋਲੀ ਪਿਆ, ਅਤੇ ਇਸੇ ਤਰ੍ਹਾਂ ਜੈਪ੍ਰਕਾਸ਼ ਨਰਾਇਣ ਅਤੇ ਭਾਰਤ ਦੇ ਇਕ ਸਭ ਤੋਂ ਵਧੀਆ ਪੱਤਰਕਾਰ ਪੀ ਸਾਈਨਾਥ ਨੂੰ ਦਿੱਤਾ ਗਿਆ। ਪਰ ਇਨ੍ਹਾਂ ਨੇ ਮੈਗਸੇਸੇ ਇਨਾਮ ਲਈ ਉਸ ਤੋਂ ਵੱਧ ਕੰਮ ਕੀਤਾ ਹੈ, ਜਿੰਨਾ ਮੈਗਸੇਸੇ ਨੇ ਇਨ੍ਹਾਂ ਲਈ ਕੀਤਾ। ਆਮ ਰੂਪ 'ਚ, ਇਹ ਇਨਾਮ ਇਕ ਜ਼ਬਰਦਸਤ ਜੱਜ ਬਣਕੇ ਸਥਾਪਤ ਹੋ ਗਿਆ ਹੈ ਕਿ ਕਿਸ ਤਰ੍ਹਾਂ ਦੀ ਸਰਗਰਮੀ "ਪ੍ਰਵਾਨ ਕੀਤੀ ਜਾ ਸਕਦੀ ਹੈ" ਅਤੇ ਕਿਸ ਤਰ੍ਹਾਂ ਦੀ ਨਹੀਂ।

ਮਜ਼ੇ ਦੀ ਗੱਲ ਇਹ ਹੈ ਕਿ ਲੰਘੇ ਹੁਨਾਲ 'ਚ ਚੱਲੀ ਅੰਨਾ ਹਜ਼ਾਰੇ ਦੀ ਭ੍ਰਿਸ਼ਟਾਚਾਰ ਵਿਰੋਧੀ ਲਹਿਰ ਤਿੰਨ ਮੈਗਸੇਸੇ ਇਨਾਮ ਜੇਤੂਆਂ—ਅੰਨਾ ਹਜ਼ਾਰੇ, ਅਰਵਿੰਦ ਕੇਜਰੀਵਾਲ ਅਤੇ ਕਿਰਨ ਬੇਦੀ—ਵਲੋਂ ਚਲਾਈ ਗਈ ਸੀ। ਅਰਵਿੰਦ ਕੇਜਰੀਵਾਲ ਦੀਆਂ ਕਈ

ਐੱਨ ਜੀ ਓ ਹਨ, ਇਨ੍ਹਾਂ ਵਿਚੋਂ ਇਕ ਨੂੰ ਫੰਡ ਫੋਰਡ ਫਾਊਂਡੇਸ਼ਨ ਦਿੰਦੀ ਹੈ। ਕਿਰਨ ਬੇਦੀ ਦੀ ਐੱਨ ਜੀ ਓ ਨੂੰ ਫੰਡ ਕੋਕਾ ਕੋਲਾ ਅਤੇ ਲੇਹਮੈਨ ਬ੍ਰਦਰਜ਼ ਤੋਂ ਆਉਂਦੇ ਹਨ।

ਭਾਵੇਂ ਅੰਨਾ ਹਜ਼ਾਰੇ ਖ਼ੁਦ ਨੂੰ ਗ਼ਾਂਧੀਵਾਦੀ ਕਹਿੰਦਾ ਹੈ, ਪਰ ਜਿਸ ਕਾਨੂੰਨ ਦੀ ਉਹ ਮੰਗ ਕਰਦਾ ਸੀ—ਜਨ ਲੋਕਪਾਲ ਬਿੱਲ—ਉਹ ਗ਼ੈਰਗਾਂਧੀਵਾਦੀ, ਕੁਲੀਨ ਵਰਗ ਦੀ ਸੇਵਾ ਲਈ ਅਤੇ ਖ਼ਤਰਨਾਕ ਸੀ। ਕਾਰਪੋਰੇਟ ਸੰਚਾਰ ਮਾਧਿਅਮਾਂ ਵਲੋਂ ਦਿਨ-ਰਾਤ ਚਲਾਈ ਗਈ ਮੁਹਿੰਮ 'ਚ ਉਸ ਨੂੰ "ਲੋਕਾਂ ਦੀ ਆਵਾਜ਼" ਦੱਸਿਆ ਗਿਆ। ਅਮਰੀਕਾ ਦੀ *ਵਾਲ ਸਟਰੀਟ 'ਤੇ ਕਬਜ਼ਾ ਕਰੋ* ਤਹਿਰੀਕ ਦੇ ਉਲਟ, ਹਜ਼ਾਰੇ ਤਹਿਰੀਕ ਨੇ ਨਿੱਜੀਕਰਨ, ਕਾਰਪੋਰੇਟ ਪਾਵਰ ਜਾਂ ਆਰਥਕ "ਸੁਧਾਰਾਂ" ਵਿਰੁੱਧ ਇਕ ਲਫ਼ਜ਼ ਵੀ ਨਹੀਂ ਬੋਲਿਆ। ਉਲਟਾ, ਇਸਦੇ ਪ੍ਰਮੁੱਖ ਹਿਮਾਇਤੀ ਸੰਚਾਰ ਮਾਧਿਅਮਾਂ ਨੇ ਕਾਰਪੋਰੇਟਾਂ ਵਲੋਂ ਕੀਤੇ ਗਏ ਵਿਆਪਕ ਭ੍ਰਿਸ਼ਟਾਚਾਰ ਦੇ ਘੁਟਾਲਿਆਂ (ਜਿਨ੍ਹਾਂ ਨਾਲ ਉੱਚ ਕੋਟੀ ਦੇ ਪੱਤਰਕਾਰ ਵੀ ਨੰਗੇ ਹੋਏ) ਅਤੇ ਅਵਾਮ ਵਲੋਂ ਸਿਆਸਤਦਾਨਾਂ ਦੀ ਦੁਰਗਤ ਕੀਤੇ ਜਾਣ ਦਾ ਲਾਹਾ ਸਰਕਾਰਾਂ ਦੀਆਂ ਇਖ਼ਤਿਆਰੀ ਤਾਕਤਾਂ ਹੋਰ ਖੋਹਣ, ਸੁਧਾਰਾਂ ਦੀ ਕੁੜਿੱਕੀ ਹੋਰ ਕੱਸਣ, ਹੋਰ ਵੱਧ ਨਿੱਜੀਕਰਨ ਦੀ ਮੰਗ ਕਰਨ ਲਈ ਲਿਆ। (2008 'ਚ, ਅੰਨਾ ਹਜ਼ਾਰੇ ਨੂੰ ਉੱਘੀ ਲੋਕ ਸੇਵਾ ਬਦਲੇ ਸੰਸਾਰ ਬੈਂਕ ਨੇ ਇਨਾਮ ਨਾਲ ਸਨਮਾਨਿਆ ਸੀ) ਵਾਸ਼ਿੰਗਟਨ ਤੋਂ ਸੰਸਾਰ ਬੈਂਕ ਨੇ ਬਿਆਨ ਦਿੱਤੇ ਕਿ ਅੰਨਾ ਹਜ਼ਾਰੇ ਤਹਿਰੀਕ ਸਾਡੀ ਨੀਤੀ ਨਾਲ "ਮੇਲ ਖਾਂਦੀ" ਹੈ।

ਸਭਨਾਂ ਭਲੇ ਸਾਮਰਾਜੀਆਂ ਵਾਂਗ ਪਰਉਪਕਾਰੀਆਂ ਨੇ ਇਕ ਕੌਮਾਂਤਰੀ ਕਾਡਰ ਖੜ੍ਹਾ ਕਰਨ ਅਤੇ ਸਿਖਲਾਈ ਦੇਣ ਦਾ ਕਾਰਜ ਉਲੀਕਿਆ, ਜਿਸ ਕਾਡਰ ਦਾ ਇਹ ਵਿਸ਼ਵਾਸ ਹੋਵੇ ਕਿ ਸਰਮਾਏਦਾਰੀ ਅਤੇ ਇਸਦੇ ਵਿਸਤਾਰ ਵਜੋਂ ਅਮਰੀਕਾ ਦੀ ਧੌਂਸ, ਉਨ੍ਹਾਂ ਦੇ ਆਪਣੇ ਹਿੱਤ 'ਚ ਹੈ। ਅਤੇ ਜੋ ਫਿਰ ਉਨ੍ਹਾਂ ਢੰਗਾਂ ਰਾਹੀਂ ਆਲਮੀ ਕਾਰਪੋਰੇਟ ਹਕੂਮਤ ਦਾ ਪ੍ਰਸ਼ਾਸਨ ਚਲਾਉਣ 'ਚ ਹੱਥ ਵਟਾਉਣਾ ਸ਼ੁਰੂ ਕਰੇ, ਜਿਵੇਂ ਦੇਸੀ ਕੁਲੀਨ ਵਰਗ ਸਦਾ ਬਸਤੀਵਾਦ ਦੀ ਸੇਵਾ ਕਰਦੇ ਰਹੇ ਸਨ। ਇੰਞ ਸਿੱਖਿਆ ਅਤੇ ਕਲਾ ਖੇਤਰਾਂ 'ਚ ਫਾਊਂਡੇਸ਼ਨਾਂ ਦੇ ਮੰਚ ਸ਼ੁਰੂ ਕੀਤੇ ਗਏ ਜੋ ਬਦੇਸ਼ ਅਤੇ ਘਰੇਲੂ ਆਰਥਕ ਨੀਤੀ ਤੋਂ ਬਾਦ ਇਨ੍ਹਾਂ ਦਾ ਤੀਜਾ ਪ੍ਰਭਾਵ ਖੇਤਰ ਬਣਕੇ ਉੱਭਰਨਗੇ। ਇਨ੍ਹਾਂ ਨੇ ਅਕਾਦਮਿਕ ਸੰਸਥਾਵਾਂ ਅਤੇ ਸਿੱਖਿਆ ਸ਼ਾਸਤਰੀਆਂ ਦੀ ਸਿਖਲਾਈ ਉੱਪਰ ਦਹਿ-ਲੱਖਾਂ ਡਾਲਰ ਖ਼ਰਚੇ (ਅਤੇ ਹੁਣ ਵੀ ਖ਼ਰਚੇ ਜਾ ਰਹੇ ਹਨ)।

ਜੋਨ ਰੋਏਲੋਫਸ ਆਪਣੀ ਸ਼ਾਨਦਾਰ ਕਿਤਾਬ *'ਫਾਊਂਡੇਸ਼ਨਾਂ ਅਤੇ ਜਨਤਕ ਨੀਤੀ: ਬਹੁਵਾਦ ਦਾ ਮਖੌਟਾ'* ਵਿਚ ਬਿਆਨ ਕਰਦੀ ਹੈ ਕਿਵੇਂ ਫਾਊਂਡੇਸ਼ਨਾਂ ਨੇ ਇਨ੍ਹਾਂ ਪੁਰਾਣੇ ਵਿਚਾਰਾਂ ਨੂੰ ਨਵਾਂ ਰੂਪ ਦਿੱਤਾ ਕਿ ਰਾਜਨੀਤੀ ਵਿਗਿਆਨ ਕਿਵੇਂ ਪੜ੍ਹਾਇਆ ਜਾਵੇ, ਅਤੇ ਇਸਨੇ "ਕੌਮਾਂਤਰੀ" ਅਤੇ "ਇਲਾਕਾਈ" ਅਧਿਐਨਾਂ ਦੇ ਬੰਧੇਜ਼ ਘੜੇ। ਇਸ ਨਾਲ ਅਮਰੀਕੀ ਖ਼ੁਫ਼ੀਆ ਅਤੇ ਸੁਰੱਖਿਆ ਸੇਵਾਵਾਂ ਨੂੰ ਬਦੇਸ਼ੀ ਜ਼ੁਬਾਨਾਂ ਅਤੇ ਸੱਭਿਆਚਾਰ ਵਿਚੋਂ ਆਪਣੇ ਲਈ ਭਰਤੀ ਕਰਨ ਦੀ ਮੁਹਾਰਤ ਹਾਸਲ ਹੋਈ। ਸੀ ਆਈ

ਅਤੇ "ਮਨੁੱਖੀ ਹੱਕਾਂ" ਦੇ ਖੇਤਰਾਂ 'ਚ ਕੋਰਸਾਂ ਲਈ ਫੰਡ ਅਤੇ ਪੜ੍ਹਾਈ ਵਜੀਫ਼ੇ ਦੇ ਰਹੀਆਂ ਹਨ। ਜਦੋਂ ਅਮਰੀਕੀ ਯੂਨੀਵਰਸਿਟੀਆਂ ਨੇ ਕੌਮਾਂਤਰੀ ਵਿਦਿਆਰਥੀਆਂ ਲਈ ਆਪਣੇ ਦਰਵਾਜ਼ੇ ਖੋਲ੍ਹੇ ਤਾਂ ਇਨ੍ਹਾਂ ਵਿਚ ਤੀਜੀ ਦੁਨੀਆ ਦੇ ਕੁਲੀਨ ਵਰਗਾਂ ਦੇ ਲੱਖਾਂ ਵਿਦਿਆਰਥੀਆਂ ਦਾ ਤਾਂਤਾ ਲਗ ਗਿਆ। ਜਿਨ੍ਹਾਂ 'ਚ ਫ਼ੀਸਾਂ ਦੇਣ ਦੀ ਪੁੱਜਤ ਨਹੀਂ ਸੀ, ਉਨ੍ਹਾਂ ਨੂੰ ਵਜੀਫ਼ੇ ਦਿੱਤੇ ਗਏ। ਇਸ ਵਕਤ ਭਾਰਤ ਅਤੇ ਪਾਕਿਸਤਾਨ ਵਰਗੇ ਮੁਲਕਾਂ 'ਚ, ਸ਼ਾਇਦ ਹੀ ਮੱਧ ਵਰਗਾਂ ਦੇ ਉੱਤਲੇ ਹਿੱਸਿਆਂ 'ਚ ਕੋਈ ਪਰਿਵਾਰ ਐਸਾ ਹੋਵੇਗਾ, ਜਿਸਦਾ ਬੱਚਾ ਅਮਰੀਕਾ 'ਚ ਨਾ ਪੜ੍ਹਦਾ ਹੋਵੇ। ਇਨ੍ਹਾਂ ਦੀਆਂ ਸਫ਼ਾਂ ਵਿਚੋਂ ਵਧੀਆ ਵਿਦਿਆਰਥੀ ਅਤੇ ਸਿਖਿਆ ਵਿਗਿਆਨੀ ਤਾਂ ਉੱਭਰੇ ਹੀ ਹਨ, ਪਰ ਨਾਲ ਹੀ ਉਹ ਪ੍ਰਧਾਨ ਮੰਤਰੀ, ਵਿੱਤ ਮੰਤਰੀ, ਅਰਥਸ਼ਾਸਤਰੀ, ਕਾਰਪੋਰੇਟ, ਬੈਂਕਰ ਅਤੇ ਨੌਕਰਸ਼ਾਹ ਵੀ ਉੱਭਰੇ ਹਨ ਜਿਨ੍ਹਾਂ ਨੇ ਆਪਣੇ ਮੁਲਕਾਂ ਦੇ ਦਰਵਾਜ਼ੇ ਆਲਮੀ ਕਾਰਪੋਰੇਸ਼ਨਾਂ ਲਈ ਚੌਪਟ ਖੋਲ੍ਹਣ 'ਚ ਹੱਥ ਵਟਾਇਆ ਹੈ।

ਅਰਥਸ਼ਾਸਤਰ ਅਤੇ ਰਾਜਨੀਤੀ ਵਿਗਿਆਨ ਦੇ ਫਾਊਂਡੇਸ਼ਨ ਹਿਤੈਸ਼ੀ ਵੰਨਗੀ ਦੇ ਵਿਦਿਆਰਥੀਆਂ ਨੂੰ ਫੈਲੋਸ਼ਿਪ, ਖੋਜ ਸਹਾਇਤਾ, ਗਰਾਂਟਾਂ, ਦਾਨ ਅਤੇ ਨੌਕਰੀਆਂ ਨਾਲ ਨਿਵਾਜ਼ਿਆ ਗਿਆ। ਜਿਨ੍ਹਾਂ ਦੇ ਵਿਚਾਰ ਫਾਊਂਡੇਸ਼ਨਾਂ ਨੂੰ ਪਸੰਦ ਨਹੀਂ ਸਨ ਉਨ੍ਹਾਂ ਨੂੰ ਫੰਡਾਂ ਤੋਂ ਵਾਂਝੇ ਰੱਖਕੇ, ਖੂੰਜੇ ਲਾਕੇ ਅਤੇ ਅਛੂਤਾਂ ਵਾਂਗ ਵਰਤਾਓ ਕੀਤਾ ਗਿਆ। ਉਨ੍ਹਾਂ ਦੇ ਕੋਰਸ ਅੱਧ-ਵਿਚਾਲੇ ਬੰਦ ਕਰ ਦਿੱਤੇ ਗਏ। ਸਹਿਜੇ-ਸਹਿਜੇ, ਇਕਹਿਰੀ, ਭਾਰੂ, ਬਹੁਤ ਹੀ ਖ਼ਾਸ ਵੰਨਗੀ ਦੀ ਆਰਥਕ ਵਿਚਾਰਧਾਰਾ ਦੀ ਛੱਤਰੀ ਹੇਠ ਇਕ ਖ਼ਾਸ ਕਿਸਮ ਦਾ ਤਸੱਵਰ, ਸਹਿਣਸ਼ੀਲਤਾ ਅਤੇ ਬਹੁਸੱਭਿਆਚਾਰਵਾਦ ਦਾ ਬਾਹਰੀ ਢੌਂਗ (ਜੋ ਪਲ 'ਚ ਨਸਲਵਾਦ, ਹਲਕਾਏ ਹੋਏ ਕੌਮਵਾਦ, ਨਸਲੀ-ਸੱਭਿਆਚਾਰਕ ਹੰਕਾਰਵਾਦ ਜਾਂ ਜੰਗਬਾਜ਼ ਇਸਲਾਮਿਕ ਹਊਏ 'ਚ ਵਟ ਜਾਂਦਾ ਹੈ) ਪ੍ਰਵਚਨ ਹਾਵੀ ਹੋਣਾ ਸ਼ੁਰੂ ਹੋ ਗਿਆ। ਅੰਤ ਇਹ ਇਕ ਪੱਕਾ ਨਜ਼ਰੀਆ ਤੇ ਇਕ ਸੁਭਾਵਿਕ ਢੰਗ ਬਣ ਗਿਆ। ਇਸਨੇ ਸਹਿਜਤਾ 'ਚ ਘਰ ਕਰ ਲਿਆ, ਸਧਾਰਨਤਾ ਨੂੰ ਆਪਣੀ ਗੋਲੀ ਬਣਾ ਲਿਆ ਅਤੇ ਇਸਨੂੰ ਚੁਣੌਤੀ ਦੇਣਾ ਸੱਚ ਨੂੰ ਚੁਣੌਤੀ ਦੇਣ ਵਾਂਗ ਬੇਤੁਕਾ ਜਾਂ ਰਹੱਸਮਈ ਲਗਣਾ ਸ਼ੁਰੂ ਹੋ ਗਿਆ। ਇੱਥੋਂ, 'ਕੋਈ ਬਦਲ ਹੀ ਨਹੀਂ ਹੈ' ਵੱਲ ਫਟਾਫਟ ਸਹਿਜੇ ਹੀ ਪੈਰ ਪੁੱਟਿਆ ਜਾ ਸਕਦਾ ਸੀ।

ਸਿਰਫ਼ ਹੁਣ, *ਕਬਜ਼ਾ ਕਰੋ* ਲਹਿਰ ਦੀ ਬਦੌਲਤ, ਅਮਰੀਕਾ ਦੀਆਂ ਸੜਕਾਂ ਅਤੇ ਯੂਨੀਵਰਸਿਟੀਆਂ 'ਚ ਇਕ ਹੋਰ ਬੋਲੀ ਉੱਭਰੀ ਹੈ। ਮੁਸ਼ਕਲਾਂ ਦੇ ਬਾਵਜੂਦ 'ਜਮਾਤੀ ਜੰਗ' ਜਾਂ 'ਸਾਨੂੰ ਤੁਹਾਡੇ ਅਮੀਰ ਹੋਣ ਉੱਪਰ ਇਤਰਾਜ਼ ਨਹੀਂ ਹੈ, ਪਰ ਤੁਹਾਡੇ ਵਲੋਂ ਹਕੂਮਤ ਨੂੰ ਖ਼ਰੀਦ ਲੈਣ ਉੱਤੇ ਇਤਰਾਜ਼ ਹੈ' ਦੇ ਬੈਨਰ ਚੁੱਕੀ ਵਿਦਿਆਰਥੀਆਂ ਦਾ ਮੰਜ਼ਰ ਆਪਣੇ ਆਪ 'ਚ ਇਕ ਇਨਕਲਾਬ ਹੈ।

ਆਪਣਾ ਮੁੱਢ ਬੱਝਣ ਤੋਂ ਸੌ ਸਾਲ ਬਾਦ, ਕਾਰਪੋਰੇਟ ਪਰਉਪਕਾਰ ਸਾਡੀ ਜ਼ਿੰਦਗੀ ਦਾ ਉਸੇ ਤਰ੍ਹਾਂ ਹਿੱਸਾ ਬਣ ਗਿਆ ਹੈ ਜਿਵੇਂ ਕੋਕਾ ਕੋਲਾ ਬਣਿਆ ਹੋਇਐ।

ਹੁਣ ਇੱਥੇ ਦਹਿ-ਲੱਖਾਂ ਮੁਨਾਫ਼ੇ ਤੋਂ ਬਿਨਾ ਕੰਮ ਕਰਨ ਵਾਲੀਆਂ ਸੰਸਥਾਵਾਂ ਹਨ, ਜਿਨ੍ਹਾਂ 'ਚੋਂ ਕਈਆਂ ਦੀਆਂ ਤਾਰਾਂ ਕਮਾਲ ਦੇ ਵਿੱਤੀ ਗੋਰਖਧੰਦੇ ਰਾਹੀਂ ਵੱਡੀਆਂ ਫਾਊਂਡੇਸ਼ਨਾਂ ਨਾਲ ਜੁੜੀਆਂ ਹੋਈਆਂ ਹਨ। ਇਨ੍ਹਾਂ ਦਰਮਿਆਨ ਇਸ "ਆਜ਼ਾਦ" ਖੇਤਰ ਕੋਲ ਲਗਭਗ 450 ਅਰਬ ਡਾਲਰ ਦੇ ਅਸਾਸੇ (ਜਾਇਦਾਦ) ਹਨ। ਇਨ੍ਹਾਂ ਵਿਚ ਸਭ ਤੋਂ ਵੱਡੀ ਹੈ 21 ਅਰਬ ਡਾਲਰ ਅਸਾਸਿਆਂ ਵਾਲੀ ਬਿੱਲ ਗੇਟਸ ਫਾਊਂਡੇਸ਼ਨ, ਇਸ ਪਿੱਛੋਂ ਲਿੱਲੀ ਇਨਡਾਓਮੈਂਟ (16 ਅਰਬ ਡਾਲਰ) ਅਤੇ ਫੋਰਡ ਫਾਊਂਡੇਸ਼ਨ (15 ਅਰਬ ਡਾਲਰ) ਆਉਂਦੀਆਂ ਹਨ।

ਜਦੋਂ ਆਈ ਐੱਮ ਐੱਫ ਨੇ ਢਾਂਚਾ ਢਲਾਈ ਥੋਪਕੇ ਸਿਹਤ, ਸਿੱਖਿਆ, ਬੱਚਿਆਂ ਦੀ ਪਰਵਰਿਸ਼, ਵਿਕਾਸ ਵਗੈਰਾ ਉੱਪਰ ਸਰਕਾਰੀ ਖ਼ਰਚਾਂ 'ਚ ਕਟੌਤੀ ਕਰਨ ਲਈ ਹਕੂਮਤਾਂ ਦੀ ਬਾਂਹ ਮਰੋੜਨੀ ਸ਼ੁਰੂ ਕਰ ਦਿੱਤੀ ਤਾਂ ਐੱਨ ਜੀ ਓ ਨਮੂਦਾਰ ਹੋ ਗਈਆਂ। ਹਰ ਚੀਜ਼ ਦੇ ਨਿੱਜੀਕਰਨ ਦਾ ਭਾਵ ਹੈ, ਹਰ ਚੀਜ਼ ਦਾ ਐੱਨ ਜੀ ਓ ਕਰਨ। ਜਦੋਂ ਨੌਕਰੀਆਂ ਅਤੇ ਗੁਜ਼ਾਰੇ ਦੇ ਸਾਧਨ ਗਾਇਬ ਹੋ ਗਏ, ਓਦੋਂ ਐਨ ਜੀ ਓ ਰੋਜ਼ਗਾਰ ਦਾ ਅਹਿਮ ਵਸੀਲਾ ਬਣ ਗਈਆਂ, ਉਨ੍ਹਾਂ ਲਈ ਵੀ ਜੋ ਜਾਣਦੇ ਹਨ ਕਿ ਇਨ੍ਹਾਂ ਦਾ ਮਕਸਦ ਕੀ ਹੈ। ਇਹ ਸਾਰੇ ਲੋਕ ਮਾੜੇ ਨਹੀਂ ਹਨ। ਦਹਿ-ਲੱਖਾਂ ਐੱਨ ਜੀ ਓ ਵਿਚੋਂ ਕੁਝ ਕੁ ਸ਼ਾਨਦਾਰ, ਤਿੱਖਾ ਕੰਮ ਕਰਦੀਆਂ ਹਨ। ਸਾਰੀਆਂ ਐੱਨ ਜੀ ਓ ਨੂੰ ਇੱਕੋ ਰੱਸੇ ਬੰਨਣਾ ਹਾਸੋਹੀਣਾ ਹੋਵੇਗਾ। ਐਪਰ, ਕਾਰਪੋਰੇਟ ਜਾਂ ਫਾਊਂਡੇਸ਼ਨਾਂ ਤੋਂ ਫੰਡ ਲੈਣ ਵਾਲੀਆਂ ਐੱਨ ਜੀ ਓ ਦੇ ਰੂਪ 'ਚ ਆਲਮੀ ਵਿੱਤ ਦਾ ਟਾਕਰਾ ਲਹਿਰਾਂ ਨੂੰ ਖ਼ਰੀਦਣ ਦਾ ਇੰਨਬਿੰਨ ਓਹੀ ਢੰਗ ਹੈ ਜਿਵੇਂ ਸ਼ੇਅਰਧਾਰਕ ਕੰਪਨੀਆਂ 'ਚ ਹਿੱਸੇ ਖ਼ਰੀਦਕੇ ਉਨ੍ਹਾਂ ਉੱਪਰ ਅੰਦਰੋਂ ਕਬਜ਼ਾ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਹ ਉਸ ਕੇਂਦਰੀ ਨਾੜੀ ਤੰਤਰ ਉੱਪਰ ਮੂਹਿਆਂ ਵਾਂਗ ਮੌਜੂਦ ਹਨ ਜਿਸ ਰਸਤਿਓਂ ਆਲਮੀ ਵਿੱਤ ਦੀ ਧਾਰਾ ਵਗਦੀ ਹੈ। ਇਹ ਸੰਚਾਰ ਵਾਹਕਾਂ, ਸੰਚਾਰ ਰਿਸੀਵਰਾਂ, ਝਟਕਾ ਸੋਖਕ ਯੰਤਰਾਂ ਵਾਂਗ ਕੰਮ ਕਰਦੀਆਂ ਹਨ, ਉਕਸਾਹਟ ਤੋਂ ਹਮੇਸ਼ਾ ਖ਼ਬਰਦਾਰ ਰਹਿੰਦੀਆਂ ਹਨ। ਕਦੇ ਵੀ ਆਪਣੇ ਮੇਜ਼ਬਾਨ ਮੁਲਕਾਂ ਦੀਆਂ ਹਕੂਮਤਾਂ ਨੂੰ ਨਾਰਾਜ਼ ਨਹੀਂ ਕਰਦੀਆਂ। (ਫੋਰਡ ਫਾਊਂਡੇਸ਼ਨ ਤੋਂ ਫੰਡ ਲੈਣ ਵਾਲੀਆਂ ਜਥੇਬੰਦੀਆਂ ਨੂੰ ਇਸਦਾ ਲਿਖਤੀ ਹਲਫ਼ ਲੈਣਾ ਪੈਂਦਾ ਹੈ।) ਇਹ ਅਚੇਤ ਤੌਰ 'ਤੇ (ਅਤੇ ਕਈ ਵਾਰ ਸੋਚ-ਸਮਝਕੇ) ਆਪਣੀਆਂ ਰਿਪੋਰਟਾਂ ਅਤੇ ਵਰਕਸ਼ਾਪਾਂ ਅਤੇ ਹੋਰ ਮਿਸ਼ਨਰੀ ਸਰਗਰਮੀਆਂ ਦੌਰਾਨ ਜੁਟਾਈ ਜਾਣਕਾਰੀ ਦੇ ਵੇਰਵੇ ਉਨ੍ਹਾਂ ਰਾਜਾਂ ਦੇ ਹਮਲਾਵਰ ਖੁਫ਼ੀਆਤੰਤਰ ਨੂੰ ਦੇਣ ਵਾਲੇ ਸੂਚਨਾ ਜੁਟਾਊ ਕੇਂਦਰ ਦਾ ਕੰਮ ਕਰਦੀਆਂ ਹਨ ਜਿਹੜੇ ਰਾਜ ਸਖ਼ਤ ਤੇਵਰ ਅਖ਼ਤਿਆਰ ਕਰ ਰਹੇ ਹਨ। ਕਿਸੇ ਖੇਤਰ 'ਚ ਜਿੰਨੀ ਗੜਬੜ ਹੋਵੇਗੀ, ਉੱਥੇ ਐੱਨ ਜੀ ਓ ਦੀ ਤਾਦਾਦ ਓਨੀ ਹੀ ਵਧੇਰੇ ਹੁੰਦੀ ਹੈ।

ਨਰਮਦਾ ਬਚਾਓ ਅੰਦੋਲਨ ਜਾਂ ਕੁਡਨਕੁਲਮ ਪ੍ਰਮਾਣੂ ਪ੍ਰਾਜੈਕਟ ਵਿਰੁੱਧ ਰੋਸ ਮੁਜ਼ਾਹਰਿਆਂ ਵਰਗੀਆਂ ਸੱਚੀਆਂ ਲੋਕ ਲਹਿਰਾਂ ਨੂੰ ਭੰਡਣ ਲਈ ਸਰਕਾਰ ਜਾਂ ਕਾਰਪੋਰੇਟ

ਪ੍ਰੈੱਸ ਦੇ ਕਈ ਹਿੱਸੇ, ਚਲਾਕੀ ਨਾਲ, ਇਨ੍ਹਾਂ ਲਹਿਰਾਂ ਉੱਪਰ ਇਲਜ਼ਾਮ ਲਾਉਂਦੇ ਹਨ ਕਿ ਇਨ੍ਹਾਂ ਐੱਨ ਜੀ ਓ ਨੂੰ "ਬਦੇਸ਼ਾਂ ਤੋਂ ਫੰਡ ਆਉਂਦੇ" ਹਨ। ਉਹ ਭਲੀਭਾਂਤ ਜਾਣਦੇ ਹਨ ਕਿ ਜ਼ਿਆਦਾਤਰ ਐੱਨ ਜੀ ਓ, ਖ਼ਾਸ ਕਰਕੇ ਫੰਡਾਂ ਦੇ ਗੱਫੇ ਵਸੂਲਣ ਵਾਲੀਆਂ ਨੂੰ, ਕਾਰਪੋਰੇਟ ਵਿਸ਼ਵੀਕਰਨ ਨੂੰ ਅੱਗੇ ਵਧਾਉਣ ਦਾ ਆਦੇਸ਼ ਮਿਲਿਆ ਹੁੰਦਾ ਹੈ ਨਾ ਕਿ ਇਸ ਵਿਚ ਖ਼ਲਲ ਪਾਉਣ ਦਾ।

ਅਰਬਾਂ ਡਾਲਰਾਂ 'ਚ ਖੇਡ੍ਹਦੀਆਂ ਇਨ੍ਹਾਂ ਐੱਨ ਜੀ ਓ ਨੇ ਦੁਨੀਆ 'ਤੇ ਧਾਵਾ ਬੋਲਿਆ ਹੋਇਆ ਹੈ। ਇਹ ਹੋਣਹਾਰ ਇਨਕਲਾਬੀਆਂ ਨੂੰ ਤਨਖ਼ਾਹੀਏ ਕਾਰਕੁੰਨਾਂ, ਜ਼ਰਖ਼ਰੀਦ ਕਲਾਕਾਰਾਂ, ਬੁੱਧੀਜੀਵੀਆਂ ਅਤੇ ਫਿਲਮਸਾਜ਼ਾਂ 'ਚ ਬਦਲ ਰਹੀਆਂ ਹਨ ਅਤੇ ਉਨ੍ਹਾਂ ਨੂੰ ਤਿੱਖੇ ਟਕਰਾਅ ਤੋਂ ਸਹਿਜ ਢੰਗ ਨਾਲ ਐਂਜੜੇ ਲਿਜਾਕੇ ਬਹੁਸੱਭਿਆਚਾਰਵਾਦ, ਲਿੰਗ, ਸਮੂਹ ਵਿਕਾਸ, ਪਛਾਣ, ਸਿਆਸਤ ਅਤੇ ਮਨੁੱਖੀ ਹੱਕਾਂ ਦੀ ਭਾਸ਼ਾ 'ਚ ਲਪੇਟੇ ਪ੍ਰਵਚਨ ਦੀ ਪਟੜੀ ਚੜ੍ਹਾ ਰਹੀਆਂ ਹਨ।

ਨਿਆਂ ਦੇ ਸਵਾਲ ਦਾ ਮਨੁੱਖੀ ਹੱਕਾਂ ਦੀ ਸਨਅਤ 'ਚ ਬਦਲ ਜਾਣਾ ਧਾਰਨਾ ਦੇ ਪੱਧਰ 'ਤੇ ਬੁਨਿਆਦੀ ਤਬਦੀਲੀ ਹੈ ਜਿਸ ਵਿਚ ਐੱਨ ਜੀ ਓ ਅਤੇ ਫਾਊਂਡੇਸ਼ਨਾਂ ਨੇ ਅਹਿਮ ਭੂਮਿਕਾ ਨਿਭਾਈ ਹੈ। ਮਨੁੱਖੀ ਹੱਕਾਂ ਦਾ ਸੌੜਾ ਦਾਇਰਾ ਜ਼ੁਲਮਾਂ ਦੇ ਅਧਾਰ 'ਤੇ ਅਜਿਹੇ ਵਿਸ਼ਲੇਸ਼ਣ ਨੂੰ ਸੰਭਵ ਬਣਾ ਦਿੰਦਾ ਹੈ, ਜਿਸ ਦੇ ਤੰਗ ਚੌਖਟੇ ਵਿਚ ਇਕ ਵਿਆਪਕ ਤਸਵੀਰ ਨੂੰ ਤੁੱਥਮੁੱਥ ਕਰਕੇ ਸੁੰਗੇੜਿਆ ਜਾ ਸਕਦਾ ਹੈ ਅਤੇ ਲੜਾਈ 'ਚ ਸ਼ਾਮਲ ਦੋਹਾਂ ਧਿਰਾਂ ਨੂੰ ਮਨੁੱਖੀ ਹੱਕਾਂ ਦੀ ਉਲੰਘਣਾ ਕਰਨ ਵਾਲਿਆਂ ਵਜੋਂ ਫਿਟਕਾਰ ਪਾਈ ਜਾ ਸਕਦੀ ਹੈ—ਮਿਸਾਲ ਵਜੋਂ, ਮਾਓਵਾਦੀ ਅਤੇ ਭਾਰਤੀ ਹਕੂਮਤ ਜਾਂ ਇਸਰਾਇਲੀ ਫ਼ੌਜ ਅਤੇ ਹਮਾਸ। ਖਾਣਾਂ ਖੋਦਣ ਵਾਲੀਆਂ ਕਾਰਪੋਰੇਸ਼ਨਾਂ ਵਲੋਂ ਜ਼ਮੀਨ ਹੜੱਪ ਲੈਣ ਜਾਂ ਇਸਰਾਇਲੀ ਰਿਆਸਤ ਵਲੋਂ ਫਲਸਤੀਨ ਦੀ ਸਰਜ਼ਮੀਨ ਧੱਕੇ ਨਾਲ ਵਗਲ ਲੈਣ ਦਾ ਇਤਿਹਾਸ ਅਜਿਹੇ ਫੁੱਟਨੋਟ ਬਣਕੇ ਰਹਿ ਜਾਂਦੇ ਹਨ, ਜਿਨ੍ਹਾਂ ਦੀ ਪ੍ਰਵਚਨ ਅੰਦਰ ਅਹਿਮੀਅਤ ਬਹੁਤ ਨਿਗੂਣੀ ਹੁੰਦੀ ਹੈ। ਇਸਦਾ ਮਤਲਬ ਇਹ ਨਹੀਂ ਕਿ ਮਨੁੱਖੀ ਹੱਕਾਂ ਦੀ ਕੋਈ ਅਹਿਮੀਅਤ ਨਹੀਂ ਹੈ! ਅਹਿਮੀਅਤ ਹੈ, ਪਰ ਇਹ ਅਜਿਹੀ ਭਰੋਸੇਯੋਗ ਪ੍ਰਿਜ਼ਮ ਨਹੀਂ ਹੈ, ਜਿਸ ਵਿਚੋਂ ਦੀ ਉਸ ਦੁਨੀਆ ਦੀਆਂ ਘੋਰ ਬੇਇਨਸਾਫ਼ੀਆਂ ਨੂੰ ਦੇਖਿਆ ਜਾ ਸਕੇ ਜਾਂ ਦੂਰੋਂ ਸਮਝਿਆ ਜਾ ਸਕੇ ਜਿੱਥੇ ਅਸੀਂ ਰਹਿ ਰਹੇ ਹਾਂ।

ਸੰਕਲਪ ਨੂੰ ਉਲਟਪੁਲਟ ਕਰਨ ਦੀ ਇਕ ਹੋਰ ਕੜੀ, ਨਾਰੀਵਾਦੀ ਲਹਿਰ 'ਚ ਫਾਊਂਡੇਸ਼ਨਾਂ ਦਾ ਦਖ਼ਲ ਹੈ। ਭਾਰਤ ਦੀਆਂ ਜ਼ਿਆਦਾਤਰ "ਅਧਿਕਾਰਤ" ਨਾਰੀਵਾਦੀ ਅਤੇ ਔਰਤ ਜਥੇਬੰਦੀਆਂ, 90,000 ਮੈਂਬਰਾਂ ਵਾਲੇ *ਕ੍ਰਾਂਤੀਕਾਰੀ ਆਦਿਵਾਸੀ ਮਹਿਲਾ ਸੰਗਠਨ* ਵਰਗੀਆਂ ਜਥੇਬੰਦੀਆਂ ਤੋਂ ਮਹਿਫੂਜ਼ ਵਿੱਥ ਰੱਖਕੇ ਕਿਉਂ ਚਲਦੀਆਂ ਹਨ ਜੋ ਦੰਡਕਾਰਣੀਆਂ ਦੇ ਜੰਗਲਾਂ ਵਿਚ ਆਪਣੇ ਭਾਈਚਾਰਿਆਂ ਦੀ ਤਰਫੋਂ ਆਪਣੇ ਲੋਕਾਂ ਦੇ ਉਜਾੜੇ ਵਿਰੁੱਧ ਲੜ ਰਹੀਆਂ ਹਨ? ਜੋ ਜ਼ਮੀਨਾਂ ਉਨ੍ਹਾਂ ਦੀਆਂ ਆਪਣੀਆਂ ਹਨ ਅਤੇ ਜਿੱਥੇ ਉਹ ਕੰਮ ਕਰਿਆ ਕਰਦੀਆਂ ਸਨ, ਉਹ ਜ਼ਮੀਨਾਂ ਖੋਹੇ ਜਾਣ ਅਤੇ ਉੱਥੋਂ

ਦਹਿ ਲੱਖਾਂ ਔਰਤਾਂ ਨੂੰ ਬੇਦਖ਼ਲ ਕੀਤੇ ਜਾਣ ਨੂੰ, ਨਾਰੀਵਾਦੀ ਮਸਲੇ ਵਜੋਂ ਕਿਉਂ ਨਹੀਂ ਦੇਖਿਆ ਜਾਂਦਾ?

ਜੋ ਲਹਿਰਾਂ ਸਾਮਰਾਜ ਵਿਰੋਧੀ ਬੁਨਿਆਦੀ ਕੰਮ 'ਚ ਜੁਟੀਆਂ ਹੋਈਆਂ ਹਨ ਅਤੇ ਜੋ ਸਰਮਾਏਦਾਰੀ ਵਿਰੁੱਧ ਲੜ ਰਹੀਆਂ ਹਨ, ਇਨ੍ਹਾਂ ਲੋਕ ਲਹਿਰਾਂ ਤੋਂ ਉਦਾਰਵਾਦੀ ਨਾਰੀਵਾਦੀ ਲਹਿਰ ਦੇ ਦੂਰ ਰਹਿਣ ਦਾ ਮੁੱਢ ਫਾਊਂਡੇਸ਼ਨਾਂ ਦੇ ਚੰਦਰੇ ਮਨਸੂਬਿਆਂ ਨਾਲ ਨਹੀਂ ਬੱਝਿਆ। ਇਸਦਾ ਆਗਾਜ਼ ਉਨ੍ਹਾਂ ਲਹਿਰਾਂ ਵਲੋਂ ਖ਼ੁਦ ਨੂੰ ਔਰਤਾਂ ਦੇ ਤਿੱਖੇ ਇਨਕਲਾਬੀਕਰਨ ਅਨੁਸਾਰ ਨਾ ਢਾਲ ਸਕਣ ਅਤੇ ਇਸ ਇਨਕਲਾਬੀਕਰਨ ਨੂੰ ਥਾਂ ਦੇਣ 'ਚ ਨਾਕਾਬਿਲ ਰਹਿਣ ਨਾਲ ਹੋਇਆ ਸੀ ਜੋ 60ਵਿਆਂ ਅਤੇ 70ਵਿਆਂ 'ਚ ਚੱਲੀਆਂ ਸਨ। ਸਬੰਧਤ ਰਵਾਇਤੀ ਸਮਾਜ 'ਚ ਹਿੰਸਾ ਅਤੇ ਨਾਲ ਹੀ ਖੱਬੀਆਂ ਲਹਿਰਾਂ ਦੇ ਅਗਾਂਹਵਧੂ ਮੰਨੇ ਜਾਂਦੇ ਆਗੂਆਂ ਵਿਚ ਮੌਜੂਦ ਪਿਤਰ-ਸੱਤਾ ਪ੍ਰਤੀ ਔਰਤਾਂ 'ਚ ਵਧ ਰਹੀ ਔਖ ਨੂੰ ਬੁੱਝਣ ਅਤੇ ਇਸ ਨੂੰ ਮਦਦ ਅਤੇ ਫੰਡ ਦੇਣ ਪੱਖੋਂ, ਫਾਊਂਡੇਸ਼ਨਾਂ ਨੇ ਕਮਾਲ ਦੀ ਯੋਗਤਾ ਦਿਖਾਈ। ਭਾਰਤ ਵਰਗੇ ਮੁਲਕਾਂ 'ਚ ਇਹ ਪਾੜਾ ਪੇਂਡੂ-ਸ਼ਹਿਰੀ ਵੰਡ ਦੇ ਅਧਾਰ 'ਤੇ ਵੀ ਚਲਿਆ। ਵੱਧ ਤਿੱਖੀਆਂ, ਸਰਮਾਏਦਾਰੀ ਵਿਰੋਧੀ ਲਹਿਰਾਂ ਪਿੰਡਾਂ 'ਚ ਕੇਂਦਰਤ ਸਨ, ਜਿੱਥੇ ਜ਼ਿਆਦਾਤਰ ਔਰਤਾਂ ਦੀਆਂ ਜ਼ਿੰਦਗੀ ਉੱਪਰ ਪਿਤਰ-ਸੱਤਾ ਦਾ ਗ਼ਲਬਾ ਬਣਿਆ ਹੋਇਆ ਸੀ। ਜਿਹੜੀਆਂ ਸ਼ਹਿਰੀ ਕਾਰਕੁੰਨ ਇਨ੍ਹਾਂ ਲਹਿਰਾਂ 'ਚ ਸ਼ਾਮਲ ਹੋਈਆਂ (ਜਿਵੇਂ ਨਕਸਲੀ ਲਹਿਰ) ਉਨ੍ਹਾਂ ਦੀ ਪ੍ਰੇਰਣਾ ਪੱਛਮੀ ਨਾਰੀਵਾਦੀ ਲਹਿਰ ਸੀ, ਜਿਸ ਤੋਂ ਉਹ ਪ੍ਰਭਾਵਿਤ ਸਨ ਅਤੇ ਮੁਕਤੀ ਵੱਲ ਉਨ੍ਹਾਂ ਦਾ ਆਪਣਾ ਸਫ਼ਰ ਅਕਸਰ ਹੀ ਉਸ ਨਾਲ ਟਕਰਾਉਂਦਾ ਸੀ ਜਿਸ ਨੂੰ ਔਰਤ ਕਾਰਕੁੰਨਾਂ ਦੇ ਮਰਦ ਆਗੂ ਔਰਤਾਂ ਦਾ ਫਰਜ਼ ਸਮਝਦੇ ਸਨ: 'ਜਨਤਾ' 'ਚ ਥਾਂ ਬਣਾਉਣਾ। ਅਨੇਕਾਂ ਔਰਤ ਕਾਰਕੁੰਨ ਹੁਣ ਆਪਣੀਆਂ ਜ਼ਿੰਦਗੀਆਂ 'ਚ ਨਿੱਤ ਦੇ ਦਾਬੇ ਅਤੇ ਵਿਤਕਰੇ, ਜਿਸ ਨੂੰ ਅਮਲ ਵਿਚ ਲਿਆਉਣ 'ਚ ਉਨ੍ਹਾਂ ਦੇ ਆਪਣੇ ਸੰਗੀ-ਸਾਥੀ ਵੀ ਸ਼ਾਮਲ ਸਨ, ਦਾ ਅੰਤ ਕਰਨ ਲਈ "ਇਨਕਲਾਬ" ਨੂੰ ਉਡੀਕਣ ਲਈ ਤਿਆਰ ਨਹੀਂ ਸਨ। ਉਹ ਲਿੰਗ ਬਰਾਬਰੀ ਨੂੰ ਇਨਕਲਾਬੀ ਅਮਲ ਦਾ ਮੁਕੰਮਲ, ਤੁਰੰਤ ਅਤੇ ਸਮਝੌਤਾ-ਰਹਿਤ ਹਿੱਸਾ ਸਮਝਦੀਆਂ ਸਨ; ਨਾ ਕਿ ਮਹਿਜ਼ ਇਨਕਲਾਬ ਤੋਂ ਬਾਦ ਪੂਰਾ ਹੋਣ ਵਾਲਾ ਵਾਅਦਾ। ਬੁੱਧੀਮਾਨ, ਰੋਹ ਭਰੀਆਂ ਅਤੇ ਬਦਜ਼ਨ ਔਰਤਾਂ ਨੇ ਲਹਿਰਾਂ ਤੋਂ ਦੂਰ ਹੋਣਾ ਸ਼ੁਰੂ ਕਰ ਦਿੱਤਾ ਅਤੇ ਮਦਦ ਅਤੇ ਜਿਊਣ ਦੇ ਸਹਾਰੇ ਲਈ ਹੋਰ ਰਾਹ ਤਲਾਸ਼ਣੇ ਸ਼ੁਰੂ ਕਰ ਦਿੱਤੇ। ਸਿੱਟੇ ਵਜੋਂ, 80ਵਿਆਂ ਦੇ ਅਖ਼ੀਰ ਤੋਂ, ਜਿਸ ਵਕਤ ਭਾਰਤੀ ਮੰਡੀਆਂ ਖੋਹਲੀਆਂ ਗਈਆਂ, ਸਾਡੇ ਵਰਗੇ ਮੁਲਕਾਂ 'ਚ ਉਦਾਰ ਨਾਰੀਵਾਦੀ ਲਹਿਰ ਦਾ ਅਨਿਯਮਤ ਰੂਪ 'ਚ ਐਨ ਜੀ ਓ ਕਰਨ ਹੋ ਗਿਆ। ਇਨ੍ਹਾਂ ਵਿਚੋਂ ਕਈ ਐੱਨ ਜੀ ਓ ਨੇ ਸਮਲਿੰਗੀਆਂ ਦੇ ਹੱਕਾਂ, ਘਰੇਲੂ ਹਿੰਸਾ, ਏਡਜ਼ ਅਤੇ ਵੇਸਵਾਵਾਂ ਦੇ ਹੱਕਾਂ ਲਈ ਬੁਨਿਆਦੀ ਕੰਮ ਕੀਤਾ ਹੈ। ਪਰ ਖ਼ਾਸ ਤੌਰ 'ਤੇ, ਉਦਾਰ ਨਾਰੀਵਾਦੀ ਲਹਿਰਾਂ ਨਵੀਆਂ ਆਰਥਕ ਨੀਤੀਆਂ ਨੂੰ ਲਲਕਾਰਨ ਲਈ ਅੱਗੇ ਨਹੀਂ ਆਈਆਂ, ਹਾਲਾਂਕਿ ਔਰਤਾਂ ਇਨ੍ਹਾਂ ਦਾ ਸਭ ਤੋਂ ਵੱਧ

ਸ਼ਿਕਾਰ ਹੋਈਆਂ ਹਨ। ਫੰਡ ਖ਼ਰਚਣ 'ਚ ਹੇਰਾਫੇਰੀ ਕਰਕੇ, ਫਾਊਂਡੇਸ਼ਨਾਂ ਇਹ ਹੱਦਬੰਦੀ ਕਰਨ 'ਚ ਮੁੱਖ ਤੌਰ 'ਤੇ ਕਾਮਯਾਬ ਹੋ ਗਈਆਂ ਕਿ "ਸਿਆਸੀ" ਸਰਗਰਮੀ ਕੀ ਹੋਵੇਗੀ! ਹੁਣ ਐੱਨ ਜੀ ਓ ਵਲੋਂ ਫੰਡਾਂ ਬਾਬਤ ਸਪਸ਼ਟ ਆਦੇਸ਼ ਆਉਂਦੇ ਹਨ ਕਿ ਕਿਹੜੇ ਮੁੱਦੇ ਔਰਤਾਂ ਦੇ "ਮੁੱਦੇ" ਬਣਦੇ ਹਨ ਅਤੇ ਕਿਹੜੇ ਨਹੀਂ ਬਣਦੇ।

ਔਰਤਾਂ ਦੀ ਲਹਿਰ ਦੇ ਐਨ ਜੀ ਓ ਕਰਨ ਨੇ ਪੱਛਮੀ ਉਦਾਰ ਨਾਰੀਵਾਦ ਨੂੰ (ਇਸਦੇ ਸਭ ਤੋਂ ਵੱਧ ਫੰਡ ਖਿੱਚਣ ਵਾਲੇ ਬਰੈਂਡ ਸਦਕਾ) ਉਸ ਦੀ ਝੰਡਾਬਰਦਾਰ ਬਣਾ ਦਿੱਤਾ, ਜਿਸ ਨੂੰ ਨਾਰੀਵਾਦ ਮੰਨਿਆ ਜਾਂਦਾ ਹੈ। ਆਮ ਵਾਂਗ, ਲੜਾਈਆਂ ਔਰਤਾਂ ਦੇ ਜਿਸਮਾਂ ਉੱਪਰ ਲੜੀਆਂ ਜਾਂਦੀਆਂ ਹਨ। ਇਕ ਪਾਸੇ *ਬੋਟੌਕਸ* (ਚਿਹਰੇ ਦੀਆਂ ਝੁਰੜੀਆਂ ਆਰਜੀ ਤੌਰ 'ਤੇ ਦੂਰ ਕਰਨ ਵਾਲਾ ਕੈਮੀਕਲ) ਨੂੰ ਪਰ੍ਹ ਧੱਕਕੇ ਅਤੇ ਦੂਜੇ ਪਾਸੇ *ਬੁਰਕੇ* ਲੁਹਾਕੇ। (ਅਤੇ ਫਿਰ ਇੱਥੇ ਉਹ ਵੀ ਹਨ ਜੋ *ਬੋਟੌਕਸ* ਅਤੇ *ਬੁਰਕੇ* ਦੀ ਦੂਹਰੀ ਬਲਾ ਤੋਂ ਪੀੜਤ ਹੁੰਦੀਆਂ ਹਨ।) ਜਦੋਂ, ਜਿਵੇਂ ਪਿੱਛੇ ਜਹੇ ਫਰਾਂਸ 'ਚ ਵਾਪਰਿਆ, ਅਜਿਹੀ ਹਾਲਤ ਪੈਦਾ ਕਰਨ ਦੀ ਬਜਾਏ ਜਿਸ ਵਿਚ ਔਰਤਾਂ ਇਹ ਚੋਣ ਕਰ ਸਕਣ ਕਿ ਉਹ ਕੀ ਚਾਹੁੰਦੀਆਂ ਹਨ, ਔਰਤਾਂ ਦੇ ਬੁਰਕੇ ਜਬਰੀ ਲੁਹਾਏ ਜਾਂਦੇ ਹਨ ਤਾਂ ਇਹ ਉਨ੍ਹਾਂ ਨੂੰ ਮੁਕਤੀ ਦੇਣ ਲਈ ਨਹੀਂ, ਸਗੋਂ ਉਨ੍ਹਾਂ ਨੂੰ ਨੰਗੀਆਂ ਕਰਨ ਲਈ ਕੀਤਾ ਜਾਂਦਾ ਹੈ। ਇਹ ਜ਼ਲਾਲਤ ਅਤੇ ਸੱਭਿਆਚਾਰਕ ਸਾਮਰਾਜ ਬਣ ਜਾਂਦਾ ਹੈ। ਇਹ ਬੁਰਕੇ ਦਾ ਮਾਮਲਾ ਨਹੀਂ ਹੈ ਸਗੋਂ ਦਾਬੇ ਦਾ ਮਾਮਲਾ ਹੈ। ਔਰਤ ਦਾ ਜਬਰੀ ਬੁਰਕਾ ਲਾਹੁਣਾ ਉਵੇਂ ਹੀ ਭੈੜਾ ਹੈ ਜਿਵੇਂ ਜਬਰੀ ਬੁਰਕਾ ਪਹਿਨਾਉਣਾ। ਲਿੰਗ ਨੂੰ ਇਸ ਤਰੀਕੇ ਨਾਲ ਸਮਾਜੀ, ਸਿਆਸੀ ਅਤੇ ਆਰਥਕ ਪ੍ਰਸੰਗ ਨਾਲੋਂ ਤੋੜਕੇ ਦੇਖਣ ਨਾਲ ਇਹ ਪਛਾਣ ਦਾ ਮੁੱਦਾ ਬਣਾ ਦਿੱਤਾ ਜਾਂਦਾ ਹੈ, ਬੱਸ ਹਾਰ-ਸ਼ਿੰਗਾਰ ਅਤੇ ਪਹਿਰਾਵੇ ਦੀ ਲੜਾਈ। ਇਸੇ ਨੇ 2001 'ਚ ਅਫ਼ਗਾਨਿਸਤਾਨ ਉੱਪਰ ਹਮਲਾ ਕਰਨ ਸਮੇਂ, ਅਮਰੀਕੀ ਹਕੂਮਤ ਨੂੰ ਪੱਛਮੀ ਨਾਰੀਵਾਦੀ ਧੜਿਆਂ ਨੂੰ ਇਖ਼ਲਾਕੀ ਓਹਲੇ ਵਜੋਂ ਵਰਤਣ ਦੀ ਇਜਾਜ਼ਤ ਦਿੱਤੀ ਸੀ। ਅਫ਼ਗਾਨ ਔਰਤਾਂ ਤਾਲਿਬਾਨ ਹੇਠ ਭਿਆਨਕ ਮੁਸ਼ਕਲ 'ਚ ਘਿਰੀਆਂ ਹੋਈਆਂ ਹਨ, ਪਰ ਉਨ੍ਹਾਂ ਉੱਪਰ ਡੇਜ਼ੀ ਕਟਰ ਬੰਬ ਸੁੱਟਣ ਨਾਲ ਉਨ੍ਹਾਂ ਦੇ ਮਸਲੇ ਹੱਲ ਨਹੀਂ ਹੋਏ।

ਐੱਨ ਜੀ ਓ ਦੀ ਦੁਨੀਆ, ਜਿਸਨੇ ਖ਼ੁਦ ਨੂੰ ਤਸੱਲੀ ਦੇਣ ਵਾਲੀ ਆਪਣੀ ਤਰਾਂ ਦੀ ਅਜੀਬ ਬੋਲੀ ਸਿਰਜ ਲਈ ਹੈ, ਲਈ ਹਰ ਚੀਜ਼ "ਪੀੜਤ", ਇਕ ਵੱਖਰਾ, ਖ਼ਾਸ ਹਿੱਤ ਦਾ ਮੁੱਦਾ ਹੈ ਜਿਸਨੂੰ ਇਸਨੇ ਪੇਸ਼ੇਵਰ ਪੁੱਠ ਚਾੜ੍ਹ ਦਿੱਤੀ ਹੈ। ਭਾਈਚਾਰੇ ਦਾ ਵਿਕਾਸ, ਲੀਡਰਸ਼ਿਪ ਦਾ ਵਿਕਾਸ, ਮਨੁੱਖੀ ਹੱਕ, ਸਿਹਤ, ਸਿਖਿਆ, ਬੱਚਾ ਜੰਮਣ ਦੇ ਹੱਕ, ਏਡਜ਼, ਏਡਜ਼ ਤੋਂ ਪੈਦਾ ਹੋਏ ਅਨਾਥ—ਇਨ੍ਹਾਂ ਸਾਰੇ ਮੁੱਦਿਆਂ ਨੂੰ ਰਹੱਸਮਈ ਢੰਗ ਨਾਲ ਇਨ੍ਹਾਂ ਲਈ ਦਿੱਤੇ ਖ਼ਾਸ ਫੰਡਾਂ ਬਾਰੇ ਆਦੇਸ਼ਾਂ 'ਚ ਕੈਦ ਕਰ ਦਿੱਤਾ ਗਿਆ ਹੈ। ਫੰਡਾਂ ਦੇ ਸਿਲਸਿਲੇ ਨੇ ਇਕਮੁੱਠਤਾ ਨੂੰ ਇਸ ਢੰਗ ਨਾਲ ਲੀਰੋਲੀਰ ਕਰ ਦਿੱਤਾ ਹੈ ਜੋ ਕੰਮ ਜਬਰ ਵੀ ਨਹੀਂ ਸੀ ਕਰ ਸਕਿਆ। ਅਕਸਰ ਹੀ ਨਾਰੀਵਾਦ ਵਾਂਗ ਗ਼ਰੀਬੀ ਨੂੰ ਵੀ ਪਛਾਣ ਦਾ ਮਸਲਾ ਬਣਾਕੇ ਪੇਸ਼ ਕੀਤਾ ਜਾਂਦਾ ਹੈ। ਜਿਵੇਂ ਕਿਤੇ ਗ਼ਰੀਬ ਅਨਿਆਂ ਦੀ ਪੈਦਾਵਾਰ ਨਾ ਹੋਕੇ ਅਜਿਹਾ ਗੁੰਮ ਹੋਇਆ ਕਬੀਲਾ ਹੋਣ, ਜਿਸਦੀ ਕਦੇ ਹੋਂਦ ਹੁੰਦੀ

ਸੀ, ਅਤੇ ਜਿਸਨੂੰ ਸ਼ਿਕਾਇਤ ਦੂਰ ਕਰਨ ਦੇ ਤੰਤਰ (ਐੱਨ ਜੀ ਓ ਵਲੋਂ ਵਿਅਕਤੀਗਤ, ਕੱਲੇ-ਕੱਲੇ ਬੰਦੇ ਦੇ ਅਧਾਰ 'ਤੇ ਚਲਾਕੇ) ਰਾਹੀਂ ਬਚਾਇਆ ਜਾ ਸਕਦਾ ਹੋਵੇ, ਅਤੇ ਜਿਸਦਾ ਲੰਮੇ ਦਾਅ ਤੋਂ ਪੁਨਰ-ਉਭਾਰ ਚੰਗੇ ਪ੍ਰਸ਼ਾਸਨ 'ਚੋਂ ਹੋਵੇਗਾ। ਕਹਿਣ ਦੀ ਲੋੜ ਨਹੀਂ, ਆਲਮੀ ਕਾਰਪੋਰੇਟ ਸਰਮਾਏਦਾਰੀ ਦੇ ਨਿਜ਼ਾਮ ਹੇਠ।

ਮੁਲਕ ਦੀ ਗ਼ੁਰਬਤ ਨੇ, ਭਾਰਤ ਦੇ "ਚਮਕਦਾ ਹੋਣ" ਦੇ ਖ਼ਲਾਅ ਦੇ ਸੰਖੇਪ ਅਰਸੇ ਤੋਂ ਬਾਦ, *ਸਲੱਮਡੌਗ ਮਿਲੀਅਨੇਅਰਜ਼* ਵਰਗੇ ਫਿਲਮੀ ਮੁਹਾਜ਼ ਦੀ ਅਗਵਾਈ 'ਚ ਕਲਾ ਅੰਦਰ ਬਚਿੱਤਰ ਪਛਾਣ ਵਜੋਂ ਮੁੜ ਦਸਤਕ ਦਿੱਤੀ ਹੈ। ਗ਼ਰੀਬ ਲੋਕਾਂ, ਉਨ੍ਹਾਂ ਦੇ ਕਮਾਲ ਦੇ ਜਜ਼ਬੇ ਅਤੇ ਉਨ੍ਹਾਂ 'ਚ ਸਹਿਣਸ਼ੀਲਤਾ ਹੋਣ ਬਾਰੇ ਇਨ੍ਹਾਂ ਕਹਾਣੀਆਂ 'ਚ ਕੋਈ ਖਲਨਾਇਕ ਨਹੀਂ ਹੈ—ਉਨ੍ਹਾਂ ਨਿੱਕੀਆਂ ਜਿੰਦਾਂ ਨੂੰ ਛੱਡਕੇ ਜੋ ਬਿਰਤਾਂਤ ਦੀ ਖਿੱਚੋਤਾਣ ਅਤੇ ਸਥਾਨਕ ਮੁਹਾਂਦਰਾ ਮੁਹੱਈਆ ਕਰਦੀਆਂ ਹਨ। ਇਨ੍ਹਾਂ ਕਲਾ-ਕਿਰਤਾਂ ਦੇ ਰਚੇਤਾ ਅਜੋਕੀ ਦੁਨੀਆ ਦੇ ਪ੍ਰਾਚੀਨ ਮਾਨਵਵਿਗਿਆਨੀਆਂ ਵਾਂਗ ਹਨ, ਅਜਿਹੇ ਲੋਕ ਜਿਨ੍ਹਾਂ ਨੂੰ ਅਣਜਾਣ ਦੁਨੀਆ 'ਚ ਵਿਚਰਨ ਦੇ ਬਹਾਦਰੀ ਭਰੇ ਕਾਰਨਾਮਿਆਂ ਲਈ, "ਜ਼ਮੀਨ" ਉੱਪਰ ਕੀਤੇ ਕੰਮ ਲਈ ਵਡਿਆਇਆ ਅਤੇ ਸਨਮਾਨਿਆ ਗਿਆ। ਇਨ੍ਹਾਂ ਢੰਗਾਂ 'ਚ ਤੁਹਾਨੂੰ ਅਮੀਰ ਦੀ ਪੁਣਛਾਣ ਸ਼ਾਇਦ ਹੀ ਕਿਤੇ ਦਿਖਾਈ ਦਿੰਦੀ ਹੈ।

ਹਕੂਮਤਾਂ, ਸਿਆਸੀ ਪਾਰਟੀਆਂ, ਚੋਣਾਂ, ਅਦਾਲਤਾਂ, ਸੰਚਾਰ ਮਾਧਿਅਮਾਂ ਅਤੇ ਉਦਾਰ ਵਿਚਾਰਾਂ ਨੂੰ ਵੱਸ 'ਚ ਕਰਨ ਦੀ ਮੁਹਾਰਤ ਹਾਸਲ ਕਰਨ ਤੋਂ ਬਾਦ, ਨਵਉਦਾਰਵਾਦੀ ਸਥਾਪਤੀ ਸਾਹਮਣੇ ਇਕ ਹੋਰ ਚੁਣੌਤੀ ਸੀ: ਇਹ ਸੀ ਵਧ ਰਹੀ ਬੇਚੈਨੀ, "ਲੋਕ ਤਾਕਤ" ਦੇ ਖ਼ਤਰੇ ਨਾਲ ਕਿਵੇਂ ਨਜਿੱਠਿਆ ਜਾਵੇ? ਇਨ੍ਹਾਂ ਨੂੰ ਕਾਬੂ ਕਿਵੇਂ ਕੀਤਾ ਜਾ ਸਕਦਾ ਹੈ? ਰੋਸ ਮੁਜ਼ਾਹਰੇ ਕਰਨ ਵਾਲਿਆਂ ਨੂੰ ਪਾਲਤੂ ਕਿਵੇਂ ਬਣਾਇਆ ਜਾ ਸਕਦਾ ਹੈ? ਲੋਕ ਰੋਹ ਨੂੰ ਖਾਰਜ ਕਿਵੇਂ ਕੀਤਾ ਜਾ ਸਕਦਾ ਹੈ, ਅਤੇ ਇਸਨੂੰ ਅੰਨ੍ਹੀ ਗਲੀ ਦੇ ਔਜੜੇ ਰਾਹ ਕਿਵੇਂ ਪਾਇਆ ਜਾ ਸਕਦਾ ਹੈ?

ਇੱਥੇ ਵੀ, ਫਾਊਂਡੇਸ਼ਨਾਂ ਅਤੇ ਇਨ੍ਹਾਂ ਨਾਲ ਜੁੜੀਆਂ ਜਥੇਬੰਦੀਆਂ ਦਾ ਲੰਮਾ ਅਤੇ ਮਸ਼ਹੂਰ ਇਤਿਹਾਸ ਹੈ। ਇਕ ਉੱਘੜਵੀਂ ਮਿਸਾਲ ਹੈ 1960ਵਿਆਂ ਵਿਚ ਅਮਰੀਕਾ ਵਿਚ ਕਾਲੇ ਲੋਕਾਂ ਦੀ ਸ਼ਹਿਰੀ ਹੱਕਾਂ ਦੀ ਲਹਿਰ: ਇਸ ਨੂੰ ਠੁੱਸ ਕਰਨ ਅਤੇ ਇਸਦਾ ਇਨਕਲਾਬੀ ਤੱਤ ਖ਼ਤਮ ਕਰਨ ਅਤੇ ਕਾਲਿਆਂ ਦੀ ਤਾਕਤ ਨੂੰ ਕਾਲੀ ਸਰਮਾਏਦਾਰੀ 'ਚ ਬਦਲਣ 'ਚ ਇਨ੍ਹਾਂ ਦੀ ਭੂਮਿਕਾ।

ਰੌਕੀਫੈਲਰ ਫਾਊਂਡੇਸ਼ਨ, ਜੇ ਡੀ ਰੌਕੀਫੈਲਰ ਦੇ ਆਦਰਸ਼ਾਂ 'ਤੇ ਚਲਦਿਆਂ, ਮਾਰਟਿਨ ਲੂਥਰ ਕਿੰਗ ਸੀਨੀਅਰ (ਮਾਰਟਿਨ ਲੂਥਰ ਕਿੰਗ ਜੂਨੀਅਰ ਦੇ ਬਾਪ) ਨਾਲ ਮਿਲਕੇ ਕੰਮ ਕਰਦੀ ਸੀ। ਪਰ ਵੱਧ ਖਾੜਕੂ ਜਥੇਬੰਦੀਆਂ *ਸਟੂਡੈਂਟ ਨਾਨ-ਵਾਇਲੈਂਟ ਕੋਆਰਡੀਨੇਸ਼ਨ ਕਮੇਟੀ* (ਐੱਸ ਐੱਨ ਸੀ ਸੀ) ਅਤੇ *ਬਲੈਕ ਪੈਂਥਰਜ਼* ਦੇ ਉੱਭਰਨ ਨਾਲ ਉਸ ਦਾ ਰਸੂਖ਼ ਘਟ ਗਿਆ। ਇਸ ਸਮੇਂ ਫੋਰਡ ਅਤੇ ਰੌਕੀਫੈਲਰ ਫਾਊਂਡੇਸ਼ਨਾਂ ਆ ਪਹੁੰਚੀਆਂ। 1970 'ਚ, ਇਨ੍ਹਾਂ ਕਾਲ਼ਿਆਂ ਦੀਆਂ ਜਥੇਬੰਦੀਆਂ ਨੂੰ "ਨਰਮ ਖ਼ਿਆਲ ਬਣਾਉਣ" ਲਈ 1.5 ਕਰੋੜ ਡਾਲਰ ਦਾਨ ਕੀਤੇ ਗਏ, ਲੋਕਾਂ ਨੂੰ ਗਰਾਂਟਾਂ, ਫੈਲੋਸ਼ਿਪ,

ਵਜੀਫ਼ੇ, ਪੜ੍ਹਾਈ ਛੱਡ ਦੇਣ ਵਾਲਿਆਂ ਲਈ ਨੌਕਰੀ ਦੀ ਸਿਖਲਾਈ ਦੇ ਪ੍ਰੋਗਰਾਮ ਅਤੇ ਕਾਲਿਆਂ ਦੀ ਮਾਲਕੀ ਵਾਲੇ ਕਾਰੋਬਾਰਾਂ ਲਈ ਧਨ ਦਿੱਤੇ ਗਏ। ਜਬਰ, ਆਪਸੀ ਲੜਾਈ ਅਤੇ ਫੰਡ ਬਟੋਰਨ ਲਈ ਖਿੱਚਧੂਹ ਦਾ ਸਿੱਟਾ ਗਰਮ-ਖ਼ਿਆਲਾਂ ਦੀਆਂ ਧਾਰਨੀ ਕਾਲੀਆਂ ਜਥੇਬੰਦੀਆਂ ਦੇ ਸਹਿਜੇ-ਸਹਿਜੇ ਕਮਜ਼ੋਰ ਹੋਣ 'ਚ ਨਿਕਲਿਆ।

ਮਾਰਟਿਨ ਲੂਥਰ ਕਿੰਗ ਜੂਨੀਅਰ ਨੇ ਸਰਮਾਏਦਾਰੀ, ਸਾਮਰਾਜਵਾਦ, ਨਸਲਵਾਦ ਅਤੇ ਵੀਅਤਨਾਮ ਜੰਗ ਦਰਮਿਆਨ ਵਰਜਿਤ ਸਬੰਧ ਉਸਾਰ ਦਿੱਤੇ। ਸਿੱਟੇ ਵਜੋਂ, ਉਸਨੂੰ ਕਤਲ ਦਿੱਤੇ ਜਾਣ ਤੋਂ ਬਾਦ, ਉਸ ਦੀ ਯਾਦ ਵੀ ਜਨਤਕ ਅਮਨ ਲਈ ਘਾਤਕ ਖ਼ਤਰਾ ਸਮਝੀ ਜਾਣ ਲੱਗੀ। ਫਾਊਂਡੇਸ਼ਨਾਂ ਅਤੇ ਕਾਰਪੋਰੇਸ਼ਨਾਂ ਨੇ ਉਸਦੇ ਵਿਰਸੇ ਨੂੰ ਮੰਡੀ ਹਿਤੈਸ਼ੀ ਚੌਖਟੇ ਅਨੁਸਾਰ ਮੁੜ ਢਾਲਣ ਲਈ ਸਖ਼ਤ ਮਿਹਨਤ ਕੀਤੀ। 20 ਲੱਖ ਡਾਲਰ ਦੀ ਚਾਲੂ ਗਰਾਂਟ ਦੇ ਕੇ *ਅਹਿੰਸਕ ਸਮਾਜੀ ਤਬਦੀਲੀ ਲਈ ਮਾਰਟਿਨ ਲੂਥਰ ਕਿੰਗ ਜੂਨੀਅਰ ਸੈਂਟਰ* ਕਾਇਮ ਕੀਤਾ ਗਿਆ। ਇਸ ਨੂੰ ਬਣਾਉਣ ਵਾਲਿਆਂ 'ਚ ਫੋਰਡ ਮੋਟਰ ਕੰਪਨੀ, ਜਨਰਲ ਮੋਟਰਜ਼, ਮੋਬਿਲ, ਵੈਸਟਰਨ ਇਲੈਕਟ੍ਰਿਕ, ਪ੍ਰਾਕਟਰ ਐਂਡ ਗੈਂਬਲ, ਯੂ ਐੱਸ ਸਟੀਲ ਐਂਡ ਮੌਨਸੈਂਟੋ ਸ਼ਾਮਲ ਸਨ। ਇਹ ਕੇਂਦਰ ਕਿੰਗ ਲਾਇਬ੍ਰੇਰੀ ਅਤੇ ਸ਼ਹਿਰੀ ਹੱਕਾਂ ਦੀ ਲਹਿਰ ਦਾ ਪੁਰਾਲੇਖ ਸੰਗ੍ਰਹਿ-ਘਰ ਚਲਾਉਂਦਾ ਹੈ। ਇਸ ਕੇਂਦਰ ਵਲੋਂ ਚਲਾਏ ਜਾਂਦੇ ਪ੍ਰੋਗਰਾਮਾਂ 'ਚ ਸ਼ਾਮਲ ਪ੍ਰਾਜੈਕਟ, "ਅਮਰੀਕਾ ਦੇ ਰੱਖਿਆ ਵਿਭਾਗ, ਹਥਿਆਰਬੰਦ ਤਾਕਤਾਂ, ਚੈਪਲੇਨਜ਼ ਬੋਰਡ ਅਤੇ ਹੋਰਾਂ ਨਾਲ "ਨੇੜਿਉਂ ਜੁੜਕੇ ਕੰਮ ਕਰਦੇ ਹਨ"। ਇਹ *'ਮੁਕਤ ਕਾਰੋਬਾਰ ਪ੍ਰਬੰਧ: ਅਹਿੰਸਕ ਸਮਾਜੀ ਤਬਦੀਲੀ ਦਾ ਸਾਧਨ'* ਨਾਂ ਦੀ ਮਾਰਟਿਨ ਲੂਥਰ ਕਿੰਗ ਜੂਨੀਅਰ ਲੈਕਚਰ ਲੜੀ ਦਾ ਸਹਿ-ਸਰਪ੍ਰਸਤ ਵੀ ਹੈ।

ਇਸੇ ਤਰ੍ਹਾਂ ਦੀ ਚੱਕਥੱਲ ਦੱਖਣੀ ਅਫਰੀਕਾ ਵਿਚ ਨਸਲਵਾਦ ਵਿਰੋਧੀ ਘੋਲ 'ਚ ਕੀਤੀ ਗਈ। 1978 'ਚ, ਰੌਕੀਫੈਲਰ ਫਾਊਂਡੇਸ਼ਨ ਨੇ ਦੱਖਣੀ ਅਫਰੀਕਾ ਪ੍ਰਤੀ ਅਮਰੀਕੀ ਨੀਤੀ ਬਾਰੇ ਅਧਿਐਨ ਕਮਿਸ਼ਨ ਜਥੇਬੰਦ ਕੀਤਾ। ਰਿਪੋਰਟ ਨੇ ਅਫਰੀਕਣ ਨੈਸ਼ਨਲ ਕਾਂਗਰਸ (ਏ ਐੱਨ ਸੀ) ਉੱਪਰ ਸੋਵੀਅਤ ਯੂਨੀਅਨ ਦੇ ਵਧ ਰਹੇ ਰਸੂਖ਼ ਬਾਰੇ ਖ਼ਬਰਦਾਰ ਕੀਤਾ ਅਤੇ ਕਿਹਾ ਕਿ ਜੇ ਸਾਰੀਆਂ ਨਸਲਾਂ ਦੀ ਸਿਆਸੀ ਸੱਤਾ 'ਚ ਖ਼ਰੀ ਹਿੱਸੇਦਾਰੀ ਹੋ ਜਾਵੇ ਤਾਂ ਇਹ ਅਮਰੀਕਾ ਦੇ ਯੁੱਧਨੀਤਕ ਅਤੇ ਕਾਰਪੋਰੇਟ ਹਿੱਤਾਂ (ਭਾਵ ਦੱਖਣੀ ਅਫ਼ਰੀਕਾ ਦੇ ਖਣਿਜਾਂ ਤੱਕ ਪਹੁੰਚ) ਦੀ ਬਿਹਤਰੀਨ ਸੇਵਾ ਹੋਵੇਗੀ।

ਫਾਊਂਡੇਸ਼ਨਾਂ ਨੇ ਏ ਐੱਨ ਸੀ ਦੀ ਮਦਦ ਕਰਨੀ ਸ਼ੁਰੂ ਕਰ ਦਿੱਤੀ। ਏ ਐੱਨ ਸੀ ਨੇ ਛੇਤੀ ਹੀ ਸਟੀਵ ਬਾਈਕੋ ਦੀ ਬਲੈਕ ਚੇਤਨਾ ਲਹਿਰ ਵਰਗੀਆਂ ਵੱਧ ਗਰਮ ਖ਼ਿਆਲ ਜਥੇਬੰਦੀਆਂ ਵੱਲ ਨਿਸ਼ਾਨਾ ਸੇਧ ਲਿਆ ਅਤੇ ਤਕਰੀਬਨ ਇਸਦਾ ਸਫ਼ਾਇਆ ਕਰ ਦਿੱਤਾ। ਜਦੋਂ ਨੈਲਸਨ ਮੰਡੇਲਾ ਦੱਖਣੀ ਅਫ਼ਰੀਕਾ ਦਾ ਪਹਿਲਾ ਕਾਲਾ ਰਾਸ਼ਟਰਪਤੀ ਬਣਿਆ, ਉਸ ਨੂੰ ਸੰਤ ਦੀ ਸਾਕਾਰ ਮੂਰਤ ਬਣਾਕੇ ਪੇਸ਼ ਕੀਤਾ ਗਿਆ। ਕਾਰਨ ਮਹਿਜ਼ ਇਹ ਨਹੀਂ ਸੀ ਕਿ ਉਹ ਇਕ ਆਜ਼ਾਦੀ ਘੁਲਾਟੀਆ ਸੀ ਜਿਸਨੇ 27 ਵਰ੍ਹੇ ਜੇਲ੍ਹ ਕੱਟੀ ਸੀ, ਸਗੋਂ ਇਹ ਸੀ ਕਿਉਂਕਿ ਉਸਨੇ ਵਾਸ਼ਿੰਗਟਨ ਦੀ ਆਮ ਸਹਿਮਤੀ ਮੂਹਰੇ ਪੂਰੀ ਤਰ੍ਹਾਂ ਗੋਡੇ ਟੇਕ ਦਿੱਤੇ ਸਨ। ਏ ਐੱਨ ਸੀ ਦੇ ਏਜੰਡੇ ਵਿਚੋਂ ਸਮਾਜਵਾਦ ਗਾਇਬ ਹੋ ਗਿਆ।

ਦੱਖਣੀ ਅਫ਼ਰੀਕਾ ਦੀ ਮਹਾਨ "ਸ਼ਾਂਤਮਈ ਤਬਦੀਲੀ", ਜਿਸਨੂੰ ਐਨਾ ਸਲਾਹਿਆ ਅਤੇ ਵਡਿਆਇਆ ਗਿਆ, ਦਾ ਭਾਵ ਸੀ ਕੋਈ ਜ਼ਮੀਨੀ ਸੁਧਾਰ ਨਹੀਂ ਕੀਤਾ ਜਾਵੇਗਾ, ਹਰਜਾਨੇ ਦੀ ਮੰਗ ਨਹੀਂ ਕੀਤੀ ਜਾਵੇਗੀ ਅਤੇ ਦੱਖਣੀ ਅਫ਼ਰੀਕਾ ਦੀਆਂ ਖਾਣਾਂ ਦਾ ਕੌਮੀਕਰਨ ਨਹੀਂ ਹੋਵੇਗਾ। ਇਸ ਦੀ ਥਾਂ ਨਿੱਜੀਕਰਨ ਅਤੇ ਢਾਂਚਾ ਢਲਾਈ ਨੇ ਲੈ ਲਈ ਸੀ। ਮੰਡੇਲਾ ਨੇ ਅਫ਼ਰੀਕਾ ਦਾ ਸਭ ਤੋਂ ਵੱਡਾ ਸਿਵਲੀਅਨ ਇਨਾਮ– *ਦੀ ਆਰਡਰ ਆਫ ਗੁੱਡ ਹੋਪ*–ਆਪਣੇ ਪੁਰਾਣੇ ਹਮਾਇਤੀ ਅਤੇ ਦੋਸਤ, ਇੰਡੋਨੇਸ਼ੀਆ ਵਿਚ ਕਮਿਊਨਿਸਟਾਂ ਦੇ ਕਾਤਲ, ਜਰਨੈਲ ਸੁਹਾਰਤੋ ਨੂੰ ਦਿੱਤਾ। ਅੱਜ, ਦੱਖਣੀ ਅਫ਼ਰੀਕਾ, ਮਰਸਡੀਜ਼ ਗੱਡੀਆਂ ਵਿਚ ਹੂਟੇ ਲੈਣ ਵਾਲੇ ਸਾਬਕਾ ਰੈਡੀਕਲਾਂ ਅਤੇ ਟਰੇਡ ਯੂਨੀਅਨ ਘੁਲਾਟੀਆਂ ਦੀ ਜਕੜ ਹੇਠ ਹੈ। ਪਰ ਇਹ ਕਾਲਿਆਂ ਦੀ ਸ਼ਕਤੀ ਬਾਰੇ ਭਰਮ ਬਣਾਈ ਰੱਖਣ ਤੋਂ ਕਿਤੇ ਵੱਧ ਭੂਮਿਕਾ ਨਿਭਾਉਂਦੇ ਹਨ।

ਅਮਰੀਕਾ ਅੰਦਰ ਕਾਲਿਆਂ ਦੀ ਤਾਕਤ ਦਾ ਉੱਭਰਨਾ ਭਾਰਤ ਵਿਚ ਰੈਡੀਕਲ, ਅਗਾਂਹਵਧੂ ਦਲਿਤ ਲਹਿਰ ਲਈ ਪ੍ਰੇਰਨਾ ਬਣਿਆ। *ਦਲਿਤ ਪੈਂਥਰ* ਵਰਗੀਆਂ ਜਥੇਬੰਦੀਆਂ ਬਲੈਕ ਪੈਂਥਰ ਦੀ ਖਾੜਕੂ ਸਿਆਸਤ ਦਾ ਪ੍ਰਤੀਬਿੰਬ ਬਣਕੇ ਉੱਭਰੀਆਂ। ਪਰ ਦਲਿਤ ਤਾਕਤ ਵੀ, ਐਨ ਉਸੇ ਢੰਗ ਨਾਲ ਤਾਂ ਨਹੀਂ ਪਰ ਮਿਲਦੇ-ਜੁਲਦੇ ਢੰਗ ਨਾਲ, ਟੁੱਟ-ਭੱਜ ਦਾ ਸ਼ਿਕਾਰ ਅਤੇ ਠੁੱਸ ਹੋਈ ਹੈ। ਅਤੇ ਇਹ ਸੱਜੇਪੱਖੀ ਹਿੰਦੂ ਜਥੇਬੰਦੀਆਂ ਅਤੇ ਫੋਰਡ ਫਾਊਂਡੇਸ਼ਨ ਦੀ ਭਰਪੂਰ ਮਦਦ ਨਾਲ, ਦਲਿਤ ਸਰਮਾਏਦਾਰੀ 'ਚ ਵਟ ਜਾਣ ਦੇ ਰਾਹ ਪਈ ਹੋਈ ਹੈ।

ਲੰਘੇ ਵਰ੍ਹੇ ਦਸੰਬਰ 'ਚ ਇੰਡੀਅਨ ਐਕਸਪ੍ਰੈੱਸ ਨੇ ਰਿਪੋਰਟ ਛਾਪੀ ਸੀ, *'ਕਾਰੋਬਾਰ ਦੀ ਨੁਮਾਇਸ਼ ਲਾਉਣ ਲਈ ਤਿਆਰ ਦਲਿਤ ਇਨਕਾਰਪੋਰੇਸ਼ਨ ਜਾਤਪਾਤ ਨੂੰ ਮਾਤ ਦੇ ਸਕਦੀ ਹੈ'*। ਇਸਨੇ ਦਲਿਤ ਇੰਡੀਆ ਚੈਂਬਰ ਆਫ ਕਾਮਰਸ (ਡੀ ਆਈ ਸੀ ਸੀ ਆਈ) ਦੇ ਗੁਰੂ ਦਾ ਹਵਾਲਾ ਦਿੱਤਾ। ਉਸਨੇ ਕਿਹਾ, "ਕਿਸੇ ਦਲਿਤ ਇਕੱਠ 'ਚ ਪ੍ਰਧਾਨ ਮੰਤਰੀ ਨੂੰ ਲਿਆਉਣਾ ਸਾਡੇ ਸਮਾਜ ਲਈ ਔਖਾ ਨਹੀਂ ਹੈ। ਪਰ ਦਲਿਤ ਕਾਰੋਬਾਰੀਆਂ 'ਚ, ਟਾਟਾ ਅਤੇ ਗੋਦਰੇਜ ਨਾਲ ਖਾਣੇ ਅਤੇ ਚਾਹ ਉੱਪਰ ਤਸਵੀਰ ਲੈਣ ਦੀ ਤਾਂਘ ਰਹਿੰਦੀ ਹੈ–ਅਤੇ ਇਸਦਾ ਸਬੂਤ ਕਿ ਉਹ ਉੱਥੇ ਆਏ ਹਨ।" ਆਧੁਨਿਕ ਭਾਰਤ ਦੀ ਹਾਲਤ ਨੂੰ ਮੁੱਖ ਰੱਖਦਿਆਂ, ਇਹ ਕਹਿਣਾ ਜਾਤਵਾਦੀ ਅਤੇ ਪਿਛਾਖੜੀ ਹੋਵੇਗਾ ਕਿ ਦਲਿਤ ਕਾਰੋਬਾਰੀਆਂ ਨੂੰ ਉੱਚੇ ਮੇਜਾਂ ਉੱਪਰ ਥਾਂ ਨਹੀਂ ਮਿਲਣ ਲੱਗੀ। ਪਰ ਜੇ ਤਾਂਘ ਇਹ ਰਹਿੰਦੀ ਹੈ, ਦਲਿਤ ਸਿਆਸਤ ਦਾ ਵਿਚਾਰਧਾਰਕ ਚੌਖਟਾ ਇਹ ਹੈ, ਤਾਂ ਇਹ ਬਹੁਤ ਤਰਸਯੋਗ ਹਾਲਤ ਹੈ। ਅਤੇ ਇਸ ਨਾਲ ਉਨ੍ਹਾਂ ਦਸ ਲੱਖ ਦਲਿਤਾਂ ਦਾ ਕੁਝ ਨਹੀਂ ਸੌਰਨਾ ਜੋ ਹੱਥਾਂ ਨਾਲ ਗੰਦ ਚੁੱਕ ਕੇ, ਸਿਰਾਂ ਉੱਪਰ ਮਨੁੱਖੀ ਮੈਲਾ ਢੋਹਕੇ ਢਿੱਡ ਭਰਦੇ ਹਨ।

ਫੋਰਡ ਫਾਊਂਡੇਸ਼ਨ ਤੋਂ ਗਰਾਂਟਾਂ ਲੈਣ ਵਾਲੇ ਨੌਜਵਾਨ ਦਲਿਤ ਵਿਦਵਾਨਾਂ ਬਾਰੇ ਨਿਰਣਾ ਐਨੀ ਜਲਦਬਾਜ਼ੀ ਨਾਲ ਨਹੀਂ ਲਿਆ ਜਾ ਸਕਦਾ। ਹੋਰ ਕੌਣ ਹੈ ਜੋ ਭਾਰਤ ਦੇ ਜਾਤਪਾਤੀ ਪ੍ਰਬੰਧ ਦੀ ਗ਼ਰਕਣ ਵਿਚੋਂ ਬਾਹਰ ਨਿੱਕਲਣ ਦੇ ਰਸਤਿਆਂ ਦੀ

ਪੇਸ਼ਕਸ਼ ਕਰ ਰਿਹਾ ਹੈ? ਇਸ ਨਮੋਸ਼ੀ ਅਤੇ ਨਾਲ ਹੀ ਇਸ ਨਾਟਕੀ ਮੋੜੇ ਦਾ ਜ਼ਿਆਦਾਤਰ ਦੋਸ਼ ਭਾਰਤ ਦੀ ਕਮਿਊਨਿਸਟ ਲਹਿਰ ਨੂੰ ਜਾਂਦਾ ਹੈ ਜਿਸਦੇ ਆਗੂਆਂ 'ਚ ਉੱਚ ਜਾਤੀ ਵਾਲੇ ਭਾਰੂ ਰਹੇ ਹਨ। ਸਾਲਾਂ ਤੋਂ ਇਸਨੇ ਜਾਤਪਾਤ ਦੇ ਵਿਚਾਰ ਨੂੰ ਮਾਰਕਸਵਾਦੀ ਜਮਾਤੀ ਵਿਸ਼ਲੇਸ਼ਣ 'ਚ ਧੱਕੇ ਨਾਲ ਫਿੱਟ ਕਰਨ ਦੀ ਕੋਸ਼ਿਸ਼ ਕੀਤੀ ਹੈ। ਸਿਧਾਂਤ ਅਤੇ ਨਾਲ ਹੀ ਅਮਲ 'ਚ ਇਹ ਬੁਰੀ ਤਰ੍ਹਾਂ ਫੇਲ੍ਹ ਹੋਈ ਹੈ। ਦਲਿਤ ਭਾਈਚਾਰੇ ਅਤੇ ਖੱਬੀ ਧਿਰ ਦਰਮਿਆਨ ਪਾੜੇ ਦਾ ਮੁੱਢ ਸੁਪਨਸਾਜ਼ ਦਲਿਤ ਆਗੂ ਡਾ. ਭੀਮ ਰਾਓ ਅੰਬੇਡਕਰ ਅਤੇ ਟਰੇਡ ਯੂਨੀਅਨ ਆਗੂ ਅਤੇ ਭਾਰਤੀ ਕਮਿਊਨਿਸਟ ਪਾਰਟੀ ਦੇ ਬਾਨੀ ਮੈਂਬਰ ਐੱਸ ਏ ਡਾਂਗੇ ਦਰਮਿਆਨ ਰੱਫੜ ਤੋਂ ਬੱਝਿਆ। ਕਮਿਊਨਿਸਟ ਪਾਰਟੀ ਤੋਂ ਡਾ. ਅੰਬੇਡਕਰ ਦਾ ਮੋਹ-ਭੰਗ 1928 ਵਿਚ ਮੁੰਬਈ ਅੰਦਰ ਕੱਪੜਾ ਮਜ਼ਦੂਰਾਂ ਦੀ ਹੜਤਾਲ ਨਾਲ ਹੋਇਆ, ਜਦੋਂ ਉਸਨੂੰ ਮਹਿਸੂਸ ਹੋਇਆ ਕਿ ਮਜ਼ਦੂਰ ਜਮਾਤ ਦੀ ਇਕਮੁੱਠਤਾ ਦੀ ਕੁਲ ਲਫਾਜ਼ੀ ਦੇ ਬਾਵਜੂਦ ਕਮਿਊਨਿਸਟ ਪਾਰਟੀ ਨੂੰ ਇਹ ਇਤਰਾਜ਼ਯੋਗ ਪ੍ਰਤੀਤ ਨਹੀਂ ਹੋਇਆ ਕਿ "ਅਛੂਤਾਂ" ਨੂੰ ਬੁਣਕਰ ਵਿਭਾਗ ਵਿਚੋਂ ਬਾਹਰ ਰੱਖਿਆ ਗਿਆ ਸੀ (ਅਤੇ ਉਨ੍ਹਾਂ ਨੂੰ ਸਿਰਫ਼ ਘੱਟ ਤਨਖ਼ਾਹ ਵਾਲੇ ਕਤਾਈ ਵਿਭਾਗ ਦੇ ਯੋਗ ਸਮਝਿਆ ਗਿਆ ਸੀ) ਕਿਉਂਕਿ ਇਹ ਕੰਮ ਕਰਦੇ ਸਮੇਂ ਧਾਗੇ ਨੂੰ ਥੁੱਕ ਲਾਉਣਾ ਪੈਂਦਾ ਸੀ, ਜਿਸਨੂੰ ਹੋਰ ਜਾਤਾਂ "ਭਿੱਟ" ਮੰਨਦੀਆਂ ਸਨ।

ਅੰਬੇਡਕਰ ਨੇ ਮਹਿਸੂਸ ਕੀਤਾ ਜਿਸ ਸਮਾਜ ਵਿਚ ਛੂਆਛਾਤ ਅਤੇ ਗ਼ੈਰਬਰਾਬਰੀ ਦਾ ਸੰਸਥਾਕਰਨ ਹਿੰਦੂ ਧਰਮ ਗ੍ਰੰਥਾਂ ਵਲੋਂ ਕੀਤਾ ਜਾਂਦਾ ਹੈ, ਉੱਥੇ "ਅਛੂਤਾਂ" ਲਈ ਸਮਾਜੀ ਅਤੇ ਸ਼ਹਿਰੀ ਹੱਕਾਂ ਦੀ ਲੜਾਈ ਐਨੀ ਤੱਦੀ ਵਾਲੀ ਹੈ ਕਿ ਇਸਨੂੰ ਕਮਿਊਨਿਸਟ ਇਨਕਲਾਬ ਦੇ ਇਕਰਾਰ ਤੱਕ ਉਡੀਕਿਆ ਨਹੀਂ ਜਾ ਸਕਦਾ। ਅੰਬੇਡਕਰਵਾਦੀਆਂ ਅਤੇ ਖੱਬੀ ਧਿਰ ਦਰਮਿਆਨ ਰੱਫੜ ਦੀ ਦੋਹਾਂ ਨੂੰ ਵੱਡੀ ਕੀਮਤ ਦੇਣੀ ਪਈ ਹੈ। ਇਸਦਾ ਭਾਵ ਹੈ ਕਿ ਦਲਿਤ ਅਬਾਦੀ ਦੀ ਵੱਡੀ ਬਹੁਗਿਣਤੀ ਨੇ ਮੁਕਤੀ ਅਤੇ ਸਵੈਮਾਣ ਦੀਆਂ ਆਸਾਂ ਸੰਵਿਧਾਨਵਾਦ, ਸਰਮਾਏਦਾਰੀ ਅਤੇ ਬੀ ਐੱਸ ਪੀ ਵਰਗੀਆਂ ਸਿਆਸੀ ਪਾਰਟੀਆਂ 'ਤੇ ਲਾਈਆਂ ਹੋਈਆਂ ਹਨ ਜੋ ਇਕ ਅਹਿਮ ਪਰ ਲੰਮੇ ਦਾਅ ਤੋਂ ਖੜੋਤ ਮਾਰੀ ਪਛਾਣ-ਸਿਆਸਤ 'ਤੇ ਅਮਲ ਕਰ ਰਹੀ ਹੈ।

ਜਿਵੇਂ ਅਸੀਂ ਦੇਖਿਆ ਹੈ, ਅਮਰੀਕਾ ਵਿਚ ਕਾਰਪੋਰੇਟ ਫੰਡਾਂ ਨਾਲ ਚੱਲਣ ਵਾਲੀਆਂ ਫਾਊਂਡੇਸ਼ਨਾਂ ਨੇ ਐੱਨ ਜੀ ਓ ਸੱਭਿਆਚਾਰ ਪੈਦਾ ਕੀਤਾ। ਭਾਰਤ ਵਿਚ ਕਾਰਪੋਰੇਟ ਪਰਉਪਕਾਰ ਦੀ ਗੰਭੀਰਤਾ ਨਾਲ ਸ਼ੁਰੂਆਤ 1990ਵਿਆਂ 'ਚ, ਨਵੀਆਂ ਆਰਥਕ ਨੀਤੀਆਂ ਦੇ ਦੌਰ ਨਾਲ ਹੋਈ। *ਸਟਾਰ ਚੈਂਬਰ* ਦੀ ਮੈਂਬਰੀ ਐਨੀ ਸਸਤੀ ਨਹੀਂ ਮਿਲਦੀ। ਟਾਟਾ ਸਮੂਹ ਨੇ ਇਸ ਲੋੜਵੰਦ ਸੰਸਥਾ, ਹਾਵਰਡ ਬਿਜਨੈੱਸ ਸਕੂਲ ਨੂੰ 5 ਕਰੋੜ ਡਾਲਰ ਅਤੇ ਕਾਰਨੈੱਲ ਯੂਨੀਵਰਸਿਟੀ ਨੂੰ 5 ਕਰੋੜ ਡਾਲਰ ਦਾਨ ਦਿੱਤੇ। ਇਨਫੋਸਿਸ ਦੇ ਨੰਦਨ ਨੀਲਕਲੀ ਅਤੇ ਉਸਦੀ ਪਤਨੀ ਰੋਹਿਨੀ ਨੇ ਯੇਲ ਵਿਖੇ *ਇੰਡੀਆ ਇਨੀਸ਼ੀਏਟਿਵ* ਨੂੰ ਮੁੱਢਲੀ ਬਖ਼ਸ਼ਿਸ਼ ਵਜੋਂ 50 ਲੱਖ ਡਾਲਰ ਦਾਨ ਕੀਤੇ। ਮਹਿੰਦਰਾ ਸਮੂਹ ਦੇ ਆਨੰਦ ਮਹਿੰਦਰਾ ਤੋਂ 1 ਕਰੋੜ ਡਾਲਰ ਦਾ ਦਾਨ ਲੈਣ ਤੋਂ ਪਿੱਛੋਂ *ਹਾਵਰਡ*

ਹਿਊਮੈਨਟੀਜ਼ ਸੈਂਟਰ ਹੁਣ *ਮਹਿੰਦਰਾ ਹਿਊਮੈਨਟੀਜ਼ ਸੈਂਟਰ* ਬਣ ਗਿਆ ਹੈ ਜੋ ਇਸ ਲਈ ਹੁਣ ਤੱਕ ਦਾ ਸਭ ਤੋਂ ਵੱਡਾ ਦਾਨ ਹੈ।

ਦੇਸ਼ ਦੇ ਅੰਦਰ ਜਿੰਦਲ ਸਮੂਹ, ਜਿਸਦੇ ਖਾਣਾਂ ਖੋਦਣ, ਧਾਤਾਂ ਅਤੇ ਊਰਜਾ 'ਚ ਅਹਿਮ ਹਿੱਤ ਸ਼ਾਮਲ ਹਨ, ਜਿੰਦਲ ਗਲੋਬਲ ਲਾਅ ਸਕੂਲ ਚਲਾਉਂਦਾ ਹੈ ਅਤੇ ਛੇਤੀ ਹੀ ਇਹ ਜਿੰਦਲ ਸਕੂਲ ਆਫ ਗਵਰਨਮੈਂਟ ਐਂਡ ਪਬਲਿਕ ਪਾਲਿਸੀ ਖੋਹਲਣ ਜਾ ਰਿਹਾ ਹੈ। (ਫੋਰਡ ਫਾਊਂਡੇਸ਼ਨ ਦਾ ਕਾਂਗੋ ਵਿਚ ਲਾਅ ਸਕੂਲ ਚੱਲ ਰਿਹਾ ਹੈ।) ਨੰਦਨ ਨੀਲਕਲੀ ਦੇ ਫੰਡਾਂ ਨਾਲ ਚਲਾਈ ਜਾਂਦੀ ਨਿਊ ਇੰਡੀਆ ਫਾਊਂਡੇਸ਼ਨ, ਜਿਸਦਾ ਪੈਸਾ ਇਨਫੋਸਿਸ ਦੇ ਮੁਨਾਫ਼ਿਆਂ ਤੋਂ ਆਉਂਦਾ ਹੈ, ਸਮਾਜ ਵਿਗਿਆਨੀਆਂ ਨੂੰ ਇਨਾਮ ਅਤੇ ਫੈਲੋਸ਼ਿਪ ਦਿੰਦੀ ਹੈ। ਜਿੰਦਲ ਐਲਮਿਨੀਅਮ ਤੋਂ ਫੰਡ ਲੈਣ ਵਾਲੀ ਸੀਤਾ ਰਾਮ ਜਿੰਦਲ ਫਾਊਂਡੇਸ਼ਨ ਨੇ ਕਰੋੜ-ਕਰੋੜ ਰੁਪਏ ਦੇ ਪੰਜ ਨਗਦ ਇਨਾਮ ਪੇਂਡੂ ਵਿਕਾਸ, ਗ਼ਰੀਬੀ ਦੂਰ ਕਰਨ, ਵਾਤਾਵਰਣ ਸਿਖਿਆ ਅਤੇ ਇਖ਼ਲਾਕੀ ਤਰੱਕੀ ਲਈ ਕੰਮ ਕਰਨ ਵਾਲਿਆਂ ਨੂੰ ਦੇਣ ਦਾ ਐਲਾਨ ਕੀਤਾ ਹੈ। ਰਿਲਾਇੰਸ ਸਮੂਹ ਦੀ ਆਬਜ਼ਰਵਰ ਰਿਸਰਚ ਫਾਊਂਡੇਸ਼ਨ (ORF), ਜਿਸ ਨੂੰ ਇਸ ਵਕਤ ਫੰਡ ਮੁਕੇਸ਼ ਅੰਬਾਨੀ ਦਿੰਦਾ ਹੈ, ਨੂੰ ਰੌਕੀਫੈਲਰ ਫਾਊਂਡੇਸ਼ਨ ਦੇ ਸੱਚੇ 'ਚ ਢਾਲਿਆ ਗਿਆ ਹੈ। ਇਸ ਦੇ ਰਿਸਰਚ "ਫੈਲੋ" ਅਤੇ ਸਲਾਹਕਾਰਾਂ ਵਿਚ ਸੇਵਾ-ਮੁਕਤ ਖੁਫ਼ੀਆ ਏਜੰਟ, ਯੁੱਧਨੀਤਕ ਵਿਸ਼ਲੇਸ਼ਣਕਾਰ, ਸਿਆਸਤਦਾਨ (ਜੋ ਸੰਸਦ ਵਿਚ ਇਕ ਦੂਜੇ ਦੀ ਭੰਡੀ ਕਰਨ ਦਾ ਨਾਟਕ ਕਰਦੇ ਹਨ) ਸ਼ਾਮਲ ਹਨ।

ਓ ਆਰ ਐੱਫ ਦੇ ਉਦੇਸ਼ ਸਾਫ਼-ਸਪਸ਼ਟ ਹਨ: "ਆਰਥਕ ਸੁਧਾਰਾਂ ਦੇ ਹੱਕ 'ਚ ਸਰਵ ਸੰਮਤੀ ਬਣਾਉਣ 'ਚ ਮਦਦ ਕਰਨਾ" ਅਤੇ "ਪਿਛੜੇ ਜ਼ਿਲ੍ਹਿਆਂ ਵਿਚ ਰੋਜ਼ਗਾਰ ਪੈਦਾ ਕਰਨ ਅਤੇ ਪ੍ਰਮਾਣੂ ਜੀਵ-ਵਿਗਿਆਨਕ ਅਤੇ ਰਸਾਇਣਕ ਜੰਗੀ ਖ਼ਤਰਿਆਂ ਦਾ ਮੁਕਾਬਲਾ ਕਰਨ ਲਈ ਹਾਲਤ ਅਨੁਸਾਰ ਰਣਨੀਤੀਆਂ ਘੜਨ ਵਰਗੇ ਵੰਨ-ਸੁਵੰਨੇ ਖੇਤਰਾਂ 'ਚ ਟਿਕਾਊ, ਬਦਲਵੀਆਂ ਨੀਤੀ ਚੋਣਾਂ" ਮੁਹੱਈਆ ਕਰਦੇ ਹੋਏ, ਜਨਤਕ ਰਾਇ ਬਣਾਉਣਾ ਅਤੇ ਇਸ ਨੂੰ ਪ੍ਰਭਾਵਤ ਕਰਨਾ।

ਪਹਿਲਾਂ ਓ ਆਰ ਐੱਫ ਦੇ ਬਿਆਨ ਕੀਤੇ ਉਦੇਸ਼ਾਂ ਵਿਚ "ਪ੍ਰਮਾਣੂ, ਜੀਵ-ਵਿਗਿਆਨਕ ਅਤੇ ਰਸਾਇਣਕ ਜੰਗ" ਵੱਲ ਧਿਆਨ ਦੇਣ ਦਾ ਜ਼ਿਕਰ ਦੇਖਕੇ ਮੇਰਾ ਦਿਮਾਗ ਚਕਰਾ ਗਿਆ ਸੀ ਪਰ ਜਦੋਂ ਇਸ "ਸੰਸਥਾ ਦੇ ਹਿੱਸੇਦਾਰਾਂ" ਦੀ ਲੰਮੀ ਸੂਚੀ ਵਿਚ ਮੈਂ ਦੁਨੀਆ ਦੀਆਂ ਹਥਿਆਰ ਬਣਾਉਣ ਵਾਲੀਆਂ ਮੋਹਰੀ ਕੰਪਨੀਆਂ *ਰੇਅਥੀਓਨ* ਅਤੇ *ਲਾਕਹੀਡ ਮਾਰਟਿਨ* ਦੇ ਨਾਂ ਦੇਖੇ ਤਾਂ ਸ਼ੰਕੇ ਦੂਰ ਹੋ ਗਏ। 2007 'ਚ *ਰੇਅਥੀਓਨ* ਨੇ ਐਲਾਨ ਕੀਤਾ ਸੀ ਕਿ ਇਹ ਹੁਣ ਭਾਰਤ ਵੱਲ ਧਿਆਨ ਦੇਵੇਗੀ। ਕੀ ਇੰਵ ਨਹੀਂ ਹੋਵੇਗਾ ਕਿ ਭਾਰਤ ਦੇ 32 ਅਰਬ ਡਾਲਰ ਦੇ ਸੁਰੱਖਿਆ ਬਜਟ ਦਾ ਘੱਟੋਘੱਟ ਇਕ ਅਹਿਮ ਹਿੱਸਾ *ਰੇਅਥੀਓਨ* ਅਤੇ *ਲਾਕਹੀਡ ਮਾਰਟਿਨ* ਵਲੋਂ ਬਣਾਏ ਹਥਿਆਰਾਂ, ਨਿਸ਼ਾਨਾ ਢੂੰਡਣ ਵਾਲੀਆਂ ਮਿਸਾਇਲਾਂ, ਹਵਾਈ ਜਹਾਜ਼ਾਂ, ਜੰਗੀ ਜਹਾਜ਼ਾਂ ਅਤੇ ਖੁਫ਼ੀਆ ਨਿਗਰਾਨੀ ਕਰਨ ਵਾਲੇ ਸਾਜ਼ੋਸਮਾਨ ਉੱਪਰ ਖ਼ਰਚਿਆ ਜਾਵੇਗਾ?

ਕੀ ਸਾਨੂੰ ਜੰਗਾਂ ਲੜਨ ਲਈ ਹਥਿਆਰਾਂ ਦੀ ਲੋੜ ਹੈ? ਜਾਂ ਕੀ ਹਥਿਆਰਾਂ ਦੀ ਮੰਡੀ ਪੈਦਾ ਕਰਨ ਲਈ ਸਾਨੂੰ ਜੰਗਾਂ ਦੀ ਲੋੜ ਹੈ? ਆਖ਼ਿਰ, ਯੂਰਪ, ਅਮਰੀਕਾ ਅਤੇ ਇਸਰਾਇਲ ਦੇ ਅਰਥਚਾਰੇ ਆਪਣੀ ਜੰਗੀ ਸਮਾਨ ਦੀ ਸਨਅਤ ਉੱਪਰ ਚੋਖੇ ਨਿਰਭਰ ਹਨ। ਇਹ ਇਕ ਅਜਿਹੀ ਚੀਜ਼ ਹੈ ਜੋ ਇਨ੍ਹਾਂ ਨੇ ਚੀਨ ਨੂੰ ਆਊਟਸੋਰਸ ਨਹੀਂ ਕੀਤੀ (ਬਣਾਉਣ ਲਈ ਨਹੀਂ ਦਿੱਤੀ) ।

ਅਮਰੀਕਾ ਅਤੇ ਚੀਨ ਦਰਮਿਆਨ ਨਵੀਂ ਠੰਡੀ ਜੰਗ ਵਿਚ, ਭਾਰਤ ਨੂੰ ਉਹੀ ਭੂਮਿਕਾ ਨਿਭਾਉਣ ਲਈ ਸ਼ਿਂਗਾਰਿਆ ਜਾ ਰਿਹਾ ਹੈ ਜੋ ਰੂਸ ਨਾਲ ਠੰਡੀ ਜੰਗ ਵਿਚ ਪਾਕਿਸਤਾਨ ਨੇ ਅਮਰੀਕਾ ਦੇ ਸੰਗੀ ਵਜੋਂ ਨਿਭਾਈ ਸੀ। (ਅਤੇ ਦੇਖ ਲਓ ਪਾਕਿਸਤਾਨ ਦਾ ਕੀ ਹਸ਼ਰ ਹੋਇਆ।) ਜਿਹੜੇ ਕਾਲਮਨਵੀਸ ਅਤੇ "ਰਣਨੀਤੀ ਵਿਸ਼ਲੇਸ਼ਣਕਾਰ" ਭਾਰਤ ਅਤੇ ਚੀਨ ਦਰਮਿਆਨ ਵਿਰੋਧਾਂ ਨੂੰ ਵਧਾ-ਚੜ੍ਹਾਕੇ ਪੇਸ਼ ਕਰ ਰਹੇ ਹਨ, ਤੁਸੀਂ ਦੇਖ ਸਕਦੇ ਹੋ, ਇਨ੍ਹਾਂ ਵਿਚ ਜ਼ਿਆਦਾਤਰ ਉਹ ਹਨ ਜੋ ਸਿੱਧੇ ਜਾਂ ਅਸਿੱਧੇ ਤੌਰ 'ਤੇ ਭਾਰਤੀ-ਅਮਰੀਕੀ ਨੀਤੀਆਂ ਅਤੇ ਫਾਊਂਡੇਸ਼ਨਾਂ ਨਾਲ ਜੁੜੇ ਰਹੇ ਹਨ। ਅਮਰੀਕਾ ਦਾ ਰਣਨੀਤਕ ਭਾਈਵਾਲ ਹੋਣ ਦਾ ਇਹ ਮਤਲਬ ਨਹੀਂ ਹੈ ਕਿ ਰਾਜਾਂ ਦੇ ਮੁਖੀ ਇਕ ਦੂਜੇ ਨੂੰ ਘੜੀ-ਘੜੀ ਦੋਸਤਾਨਾ ਫ਼ੋਨ ਕਰਦੇ ਹਨ। ਇਸ ਦਾ ਮਤਲਬ ਹੈ ਕਿ ਹਰ ਪੱਧਰ 'ਤੇ ਸਮਝੌਤਾ (ਦਖ਼ਲਅੰਦਾਜ਼ੀ)। ਮਤਲਬ ਭਾਰਤੀ ਸਰਜ਼ਮੀਨ ਉੱਪਰ ਵਿਸ਼ੇਸ਼ ਅਮਰੀਕੀ ਦਸਤਿਆਂ ਦੀ ਪ੍ਰਾਹੁਣਾਚਾਰੀ (ਪੈਂਟਾਗਾਨ ਦੇ ਇਕ ਕਮਾਂਡਰ ਨੇ ਪਿੱਛੇ ਜਹੇ ਬੀ ਬੀ ਸੀ ਕੋਲ ਇਹ ਸਾਫ਼ ਮੰਨਿਆ ਸੀ)। ਮਤਲਬ ਖ਼ੁਫ਼ੀਆ ਜਾਣਕਾਰੀ ਸਾਂਝੀ ਕਰਨਾ, ਖੇਤੀਬਾੜੀ ਅਤੇ ਊਰਜਾ ਨੀਤੀਆਂ ਬਦਲਣਾ, ਆਲਮੀ ਪੂੰਜੀਨਿਵੇਸ਼ ਲਈ ਸਿਹਤ ਅਤੇ ਸਿੱਖਿਆ ਖੇਤਰ ਖੋਲ੍ਹ ਦੇਣਾ। ਮਤਲਬ ਪ੍ਰਚੂਰ ਵਪਾਰ ਦੇ ਫਾਟਕ ਖੋਲ੍ਹ ਦੇਣਾ। ਮਤਲਬ ਅਸਾਵੀਂ ਹਿੱਸੇਦਾਰੀ, ਜਿਸ ਵਿਚ ਭਾਰਤ ਨੂੰ ਉਸ ਦੇ ਦੂਜੇ ਭਾਈਵਾਲ ਵਜੋਂ ਇੰਵ ਜੱਟ-ਜੱਫਾ ਮਾਰਕੇ ਨਚਾਇਆ ਜਾ ਰਿਹਾ ਹੈ ਕਿ ਜਦੋਂ ਵੀ ਇਹ ਨੱਚਣ ਤੋਂ ਨਾਂਹ ਕਰੇਗਾ ਤਾਂ ਇਸਨੂੰ ਫ਼ਨਾਹ ਕਰ ਦਿੱਤਾ ਜਾਵੇਗਾ।

ਓ ਆਰ ਐੱਫ ਦੇ 'ਸੰਸਥਾ ਭਾਈਵਾਲਾਂ" ਦੀ ਸੂਚੀ ਵਿਚ ਤੁਸੀਂ ਰੈਂਡ ਕਾਰਪੋਰੇਸ਼ਨ, ਫੋਰਡ ਫਾਊਂਡੇਸ਼ਨ, ਸੰਸਾਰ ਬੈਂਕ, ਬਰੁੱਕਿੰਗ ਇੰਸਟੀਟਿਊਸ਼ਨ (ਜਿਸਦਾ ਮਿਸ਼ਨ ਹੈ "ਅਜਿਹੀਆਂ ਨਵੀਆਂ ਨਵੀਆਂ ਅਤੇ ਵਿਹਾਰਕ ਸਿਫਾਰਸ਼ਾਂ ਕਰਨਾ, ਜੋ ਤਿੰਨ ਵਿਸ਼ਾਲ ਟੀਚਿਆਂ ਨੂੰ ਅੱਗੇ ਵਧਾਉਂਦੀਆਂ ਹੋਣ ਅਮਰੀਕੀ ਜਮਹੂਰੀਅਤ ਨੂੰ ਮਜ਼ਬੂਤ ਕਰਨਾ ਸਾਰੇ ਸ਼ਹਿਰੀਆਂ ਲਈ ਆਰਥਕ ਅਤੇ ਸਮਾਜਿਕ ਭਲਾਈ ਦਾ, ਸੁਰੱਖਿਆ ਅਤੇ ਮੌਕਿਆਂ ਦਾ ਵਿਕਾਸ ਕਰਨਾ; ਇਕ ਵੱਧ ਮੋਕਲਾ, ਮਹਿਫੂਜ਼, ਖੁਸ਼ਹਾਲ ਅਤੇ ਸਹਿਕਾਰੀ ਕੌਮਾਂਤਰੀ ਪ੍ਰਬੰਧ ਸੁਰੱਖਿਅਤ ਬਣਾਉਣਾ"।) ਤੁਸੀਂ ਇਸ ਵਿਚ ਜਰਮਨੀ ਦੀ ਰੋਜ਼ਾ ਲਕਸਮਬਰਗ ਫਾਊਂਡੇਸ਼ਨ ਦਾ ਨਾਂ ਵੀ ਦੇਖੋਗੇ। (ਬੇਚਾਰੀ ਰੋਜ਼ਾ, ਜੋ ਕਮਿਊਨਿਜ਼ਮ ਦੇ ਕਾਜ ਲਈ ਕੁਰਬਾਨ ਹੋਈ, ਉਸਦਾ ਨਾਂ ਅਜਿਹੀ ਸੂਚੀ ਵਿਚ!)

ਭਾਵੇਂ ਸਰਮਾਏਦਾਰੀ ਦਾ ਭਾਵ ਮੁਕਾਬਲੇਬਾਜ਼ੀ ਹੈ, ਪਰ ਜਿਹੜੇ ਦਰਜ਼ੇਬੰਦੀ ਦੀ ਟੀਸੀ 'ਤੇ ਬੈਠੇ ਹਨ, ਉਹ ਆਪਣੇ ਬਾਰੇ ਇਹ ਵੀ ਸਾਬਤ ਕਰ ਰਹੇ ਹਨ ਕਿ ਉਹ

ਦੂਜਿਆਂ ਨੂੰ ਆਪਣੇ 'ਚ ਰਲਾਉਣ ਅਤੇ ਉਨ੍ਹਾਂ ਨਾਲ ਇਕਜੁੱਟ ਹੋਣ ਦੇ ਸਮਰਥ ਹਨ। ਮਹਾਂ ਪੱਛਮੀ ਸਰਮਾਏਦਾਰ ਫਾਸ਼ੀਵਾਦੀਆਂ, ਸਮਾਜਵਾਦੀਆਂ, ਤਾਨਾਸ਼ਾਹਾਂ ਅਤੇ ਫ਼ੌਜੀ ਤਾਨਾਸ਼ਾਹਾਂ ਨਾਲ ਮਿਲਕੇ ਕਾਰੋਬਾਰ ਕਰਦੇ ਰਹੇ ਹਨ। ਉਹ ਮੌਕੇ ਅਨੁਸਾਰ ਢਲ ਸਕਦੇ ਹਨ ਅਤੇ ਲਗਾਤਾਰ ਨਵੇਂ ਨਵੇਂ ਢੰਗ ਲੱਭ ਲੈਂਦੇ ਹਨ। ਉਹ ਫੁਰਤੀ ਨਾਲ ਸੋਚਣ ਅਤੇ ਬੇਥਾਹ ਦਾਅਪੇਚਕ ਚਲਾਕੀ ਕਰਨ ਦੇ ਸਮਰੱਥ ਹਨ।

ਪਰ ਆਰਥਕ ਸੁਧਾਰਾਂ ਰਾਹੀਂ ਕਾਮਯਾਬੀ ਨਾਲ ਤਾਕਤ ਹਾਸਲ ਕਰਨ, ਖੁੱਲ੍ਹੀ ਮੰਡੀ ਮਾਰਕਾ "ਜਮਹੂਰੀਅਤ" ਥੋਪਣ ਲਈ ਜੰਗਾਂ ਵਿੱਢਣ ਅਤੇ ਮੁਲਕਾਂ ਨੂੰ ਫ਼ੌਜੀ ਕਬਜ਼ੇ ਹੇਠ ਲੈਣ ਦੇ ਬਾਵਜੂਦ, ਸਰਮਾਏਦਾਰੀ ਸੰਕਟ 'ਚ ਘਿਰੀ ਹੋਈ ਹੈ, ਜਿਸਦੀ ਗੰਭੀਰਤਾ ਹਾਲੇ ਪੂਰੀ ਤਰ੍ਹਾਂ ਸਾਹਮਣੇ ਨਹੀਂ ਆਈ। ਮਾਰਕਸ ਨੇ ਕਿਹਾ ਸੀ, "ਇਸ ਲਈ ਬੁਰਜੂਆਜ਼ੀ ਸਭ ਤੋਂ ਉੱਪਰ ਜੋ ਪੈਦਾ ਕਰਦੀ ਹੈ, ਉਹ ਹਨ ਇਸਦੇ ਆਪਣੇ ਕਬਰ-ਪੁੱਟ। ਇਸਦਾ ਪਤਨ ਅਤੇ ਪ੍ਰੋਲੇਤਾਰੀ ਦੀ ਜਿੱਤ ਲਾਜ਼ਮੀ ਹੈ।"

ਜਿਵੇਂ ਮਾਰਕਸ ਨੇ ਸੋਚਿਆ ਸੀ, ਪ੍ਰੋਲੇਤਾਰੀ ਲਗਾਤਾਰ ਹਮਲੇ ਦੀ ਮਾਰ ਹੇਠ ਹੈ। ਫੈਕਟਰੀਆਂ ਬੰਦ ਹੋ ਰਹੀਆਂ ਹਨ, ਨੌਕਰੀਆਂ ਗਾਇਬ ਹੋ ਗਈਆਂ, ਟਰੇਡ ਯੂਨੀਅਨਾਂ ਦਾ ਭੋਗ ਪੈ ਗਿਆ। ਸਾਲਾਂ ਤੋਂ, ਪ੍ਰੋਲੇਤਾਰੀ ਨੂੰ ਹਰ ਸੰਭਵ ਢੰਗ ਨਾਲ ਇਕ ਦੂਜੇ ਖਿਲਾਫ਼ ਖੜ੍ਹਾ ਕੀਤਾ ਜਾ ਰਿਹਾ ਹੈ। ਭਾਰਤ ਵਿਚ, ਹਿੰਦੂ ਮੁਸਲਮਾਨਾਂ ਖਿਲਾਫ਼, ਹਿੰਦੂ ਈਸਾਈਆਂ ਖਿਲਾਫ਼, ਦਲਿਤ ਆਦਿਵਾਸੀਆਂ ਖਿਲਾਫ਼, ਇਕ ਜਾਤ ਦੂਜੀ ਖਿਲਾਫ਼, ਇਕ ਖੇਤਰ ਦੂਜੇ ਖਿਲਾਫ਼ ਖੜ੍ਹਦੇ ਰਹੇ ਹਨ। ਪਰ ਦੁਨੀਆ ਭਰ ਵਿਚ ਪ੍ਰੋਲੇਤਾਰੀ ਲੜ ਰਿਹਾ ਹੈ। ਚੀਨ ਵਿਚ, ਬੇਸ਼ੁਮਾਰ ਹੜਤਾਲਾਂ ਅਤੇ ਬਗ਼ਾਵਤਾਂ ਹੋਈਆਂ ਹਨ। ਭਾਰਤ ਵਿਚ ਦੁਨੀਆਂ ਦੇ ਸਭ ਤੋਂ ਗ਼ਰੀਬ ਲੋਕ, ਉੱਥੇ ਕੁਝ ਸਭ ਤੋਂ ਵੱਡੀਆਂ ਕਾਰਪੋਰੇਸ਼ਨਾਂ ਨਾਲ ਟੱਕਰ ਲੈ ਰਹੇ ਹਨ।

ਸਰਮਾਏਦਾਰੀ ਸੰਕਟ 'ਚ ਹੈ। ਬੂੰਦ-ਬੂੰਦ ਸਿਧਾਂਤ ਫੇਲ੍ਹ ਹੋ ਗਿਆ। ਹੁਣ ਵਿਕਾਸ-ਫੁਟਾਰਾ ਵੀ ਮੁਸ਼ਕਲ 'ਚ ਘਿਰਿਆ ਹੋਇਆ ਹੈ। ਕੌਮਾਂਤਰੀ ਵਿਤੀ ਗਿਰਾਵਟ ਨੇ ਘੇਰਾ ਘੱਤਿਆ ਹੋਇਆ ਹੈ। ਭਾਰਤ ਦੀ ਵਿਕਾਸ ਦਰ 6.9 ਫ਼ੀ ਸਦੀ 'ਤੇ ਆ ਡਿਗੀ ਹੈ। ਪੂੰਜੀ-ਨਿਵੇਸ਼ ਵਾਪਸ ਲਿਆ ਜਾ ਰਿਹਾ ਹੈ। ਵੱਡੀਆਂ ਕੌਮਾਂਤਰੀ ਕਾਰਪੋਰੇਸ਼ਨਾਂ ਧਨ ਦੇ ਅੰਬਾਰ ਉੱਪਰ ਬੈਠੀਆਂ ਹਨ। ਉਨ੍ਹਾਂ ਨੂੰ ਕੁਝ ਨਹੀਂ ਸੁੱਝ ਰਿਹਾ ਕਿ ਕਿੱਥੇ ਪੂੰਜੀ-ਨਿਵੇਸ਼ ਕਰਨ, ਨਾ ਹੀ ਇਹ ਯਕੀਨੀ ਹੈ ਕਿ ਵਿਤੀ ਸੰਕਟ ਕਿਵੇਂ ਮੁੱਕੇਗਾ? ਆਲਮੀ ਸਰਮਾਏ ਦੇ ਇਸ ਜਗਨ ਨਾਥ ਦੇ ਰੱਥ ਵਿਚ ਵੱਡੀ, ਢਾਂਚਾਗਤ ਤਰੇੜ ਆ ਗਈ ਹੈ।

ਹੋ ਸਕਦਾ ਹੈ ਸਰਮਾਏਦਾਰੀ ਦੇ ਅਸਲ "ਕਬਰਪੁੱਟ" ਅੰਤ ਨੂੰ ਸਰਮਾਏਦਾਰੀ ਦੇ ਭਰਮ ਗ੍ਰਸੇ ਪਾਦਰੀ ਬਣ ਜਾਣ, ਜਿਨ੍ਹਾਂ ਨੇ ਵਿਚਾਰਾਂ ਨੂੰ ਧਾਰਮਿਕ ਸ਼ਰਧਾ 'ਚ ਬਦਲ ਦਿੱਤਾ ਹੋਵੇ। ਆਪਣੀ ਯੁੱਧਨੀਤਕ ਪ੍ਰਤਿਭਾ ਦੇ ਬਾਵਜੂਦ, ਲਗਦਾ ਹੈ ਉਨ੍ਹਾਂ ਨੂੰ ਇਸ ਸਿੱਧੀ-ਸਾਦੀ ਸਚਾਈ ਨੂੰ ਸਮਝਣ 'ਚ ਦਿੱਕਤ ਆ ਰਹੀ ਹੈ—ਸਰਮਾਏਦਾਰੀ ਦੁਨੀਆ ਨੂੰ ਤਬਾਹੀ ਕਰੀ ਜਾ ਰਹੀ ਹੈ। ਜਿਨ੍ਹਾਂ ਦੋ ਪੁਰਾਣੀਆਂ ਜੁਗਤਾਂ—ਜੰਗ ਅਤੇ ਵਸਤਾਂ ਦੀ ਖ਼ਰੀਦ—ਨੇ ਸਰਮਾਏਦਾਰੀ ਨੂੰ ਬੀਤੇ ਸੰਕਟਾਂ 'ਚੋਂ ਕੱਢਿਆ ਸੀ, ਉਹ ਹੁਣ ਕੰਮ ਨਹੀਂ

ਕਰਨਗੀਆਂ।

ਮੈਂ, ਚਿਰਾਂ ਤੋਂ *ਅੰਟਿਲਾ* ਮਹਿਲ ਦੇ ਬਾਹਰ ਖੜ੍ਹੀ, ਅਸਤ ਹੁੰਦੇ ਸੂਰਜ ਨੂੰ ਨਿਹਾਰ ਰਹੀ ਹਾਂ। ਮੈਂ ਕਲਪਨਾ ਕੀਤੀ ਕਿ ਇਹ ਇਮਾਰਤ ਧਰਤੀ 'ਚ ਵੀ ਓਨੀ ਹੀ ਡੂੰਘੀ ਧਸੀ ਹੋਈ ਹੈ, ਜਿੰਨੀ ਇਹ ਉੱਪਰ ਵੱਲ ਉੱਭਰੀ ਹੋਈ ਹੈ। ਕਿ ਇਸਦਾ ਪਤਾਲ 'ਚ ਸਤਾਈ ਮੰਜ਼ਲ ਡੂੰਘਾ ਵਾਢਾ, ਹਾਬੜੇ ਹੋਏ ਢੰਗ ਨਾਲ ਧਰਤੀ ਵਿਚੋਂ ਵਸੀਲੇ ਸੁੜਾਕ ਰਿਹਾ ਹੈ ਅਤੇ ਇਸਨੂੰ ਧੂੰਏ ਅਤੇ ਦੌਲਤ 'ਚ ਬਦਲ ਰਿਹਾ ਹੈ।

ਅੰਬਾਨੀਆਂ ਨੇ ਆਪਣੇ ਮਹਿਲ ਲਈ *ਅੰਟਿਲਾ* ਨਾਂ ਕਿਉਂ ਚੁਣਿਆ? ਅੰਟਿਲਾ ਮਿਥਹਾਸਕ ਟਾਪੂਆਂ ਦੀ ਲੜੀ ਦਾ ਨਾਂ ਹੈ ਜਿਸਦੀ ਕਹਾਣੀ 8ਵੀਂ ਸਦੀ ਦੇ ਇਬੇਰੀਆ ਦੀ ਦੰਦ-ਕਥਾ ਨਾਲ ਜੁੜੀ ਹੋਈ ਹੈ। ਜਦੋਂ ਮੁਸਲਮਾਨਾਂ ਨੇ ਹਿਸਪੇਨੀਆ 'ਤੇ ਫ਼ਤਹਿ ਪਾ ਲਈ ਤਾਂ *ਗੌਥ* ਨਸਲ (5ਵੀਂ ਤੋਂ 8ਵੀਂ ਸਦੀ ਵਿਚ ਫਰਾਂਸ ਅਤੇ ਸਪੇਨ ਵਿਚ ਵਸੀ ਮਨੁੱਖੀ ਨਸਲ—ਅਨੁਵਾਦਕ) ਦੇ ਛੇ ਈਸਾਈ ਪਾਦਰੀ ਅਤੇ ਪਾਦਰੀ ਖੇਤਰ ਦੀ ਜ਼ੱਦ 'ਚ ਰਹਿਣ ਵਾਲੇ ਬਾਸ਼ਿੰਦੇ ਸਮੁੰਦਰੀ ਬੇੜੀਆਂ 'ਤੇ ਸਵਾਰ ਹੋਕੇ ਉੱਥੋਂ ਨਿਕਲ ਗਏ। ਕਈ ਦਿਨ ਜਾਂ ਸ਼ਾਇਦ ਹਫ਼ਤੇ ਸਮੁੰਦਰ 'ਚ ਭਟਕਣ ਤੋਂ ਬਾਦ ਉਹ ਅੰਟਿਲਾ ਦੇ ਟਾਪੂਆਂ 'ਤੇ ਜਾ ਪੁੱਜੇ। ਉਨ੍ਹਾਂ ਉੱਥੇ ਡੇਰੇ ਲਾਕੇ ਨਵੀਂ ਤਹਿਜ਼ੀਬ ਵਸਾਉਣ ਦਾ ਫ਼ੈਸਲਾ ਕੀਤਾ। ਉਨ੍ਹਾਂ ਨੇ ਆਪਣੇ ਜਾਹਲ ਵਤਨ ਨਾਲੋਂ ਨਾਤਾ ਪੱਕੇ ਤੌਰ 'ਤੇ ਤੋੜਨ ਲਈ ਆਪਣੀਆਂ ਬੇੜੀਆਂ ਸਾੜਕੇ ਸੁਆਹ ਕਰ ਦਿੱਤੀਆਂ।

ਆਪਣੇ ਮਹਿਲ ਨੂੰ ਅੰਟਿਲਾ ਨਾਂ ਦੇ ਕੇ, ਕੀ ਅੰਬਾਨੀ ਆਪਣੇ ਵਤਨ ਦੀ ਗ਼ੁਰਬਤ ਅਤੇ ਦਲਿੱਦਰ ਨਾਲੋਂ ਨਾਤਾ ਤੋੜਕੇ ਨਵੀਂ ਤਹਿਜ਼ੀਬ ਵਸਾਉਣਾ ਚਾਹੁੰਦੇ ਹਨ? ਕੀ ਇਹ ਭਾਰਤ ਦੀ ਸਭ ਤੋਂ ਕਾਮਯਾਬ ਵੱਖਵਾਦੀ ਲਹਿਰ ਦਾ ਆਖ਼ਰੀ ਹੱਲਾ ਹੈ? ਮੱਧ ਅਤੇ ਕੁਲੀਨ ਵਰਗਾਂ ਦਾ ਵਤਨ ਤੋਂ ਅੱਡ ਹੋਕੇ ਪੁਲਾੜ 'ਚ ਵਸਣਾ।

ਜਿਉਂ ਹੀ ਮੁੰਬਈ ਉੱਪਰ ਰਾਤ ਪੈ ਗਈ, ਕੜ-ਕੜ ਕਰਦੇ ਵਾਕੀ-ਟਾਕੀ ਚੁੱਕੀ ਲਿਨਨ ਦੀਆਂ ਚੁਸਤ ਕਮੀਜ਼ਾਂ ਪਹਿਨੀ ਸੁਰੱਖਿਆ ਅਮਲਾ ਅੰਟਿਲਾ ਮਹਿਲ ਦੇ ਗੇਟਾਂ ਉੱਪਰ ਨਮੂਦਾਰ ਹੋ ਗਿਆ। ਰੌਸ਼ਨੀਆਂ ਜਗਮਗਾ ਉੱਠਦੀਆਂ ਹਨ, ਸ਼ਾਇਦ ਭੂਤਾਂ ਨੂੰ ਡਰਾਕੇ ਭਜਾਉਣ ਲਈ। ਗੁਆਂਢੀਆਂ ਨੂੰ ਸ਼ਿਕਾਇਤ ਹੈ ਕਿ ਅੰਟਿਲਾ ਦੀਆਂ ਅੱਖਾਂ ਚੁੰਧਿਆਊ ਰੌਸ਼ਨੀਆਂ ਨੇ ਉਨ੍ਹਾਂ ਦੀ ਰਾਤ ਚੁਰਾ ਲਈ ਹੈ।

ਸ਼ਾਇਦ ਹੁਣ ਵਕਤ ਆ ਗਿਆ ਹੈ ਕਿ ਅਸੀਂ ਆਪਣੀ ਰਾਤ ਵਾਪਸ ਲੈਣ ਲਈ ਜ਼ੋਰ ਅਜ਼ਮਾਈਏ!

ਅਨੁਵਾਦਕ: ਬੂਟਾ ਸਿੰਘ

☆☆☆

ਰਾਸ਼ਟਰਵਾਦ ਦਾ ਫਾਸ਼ੀ ਚਿਹਰਾ

-ਕਨ੍ਹਈਆ ਕੁਮਾਰ

ਮੇਰੀ ਮਾਤ ਭਾਸ਼ਾ ਹਿੰਦੀ ਹੈ, ਤੁਹਾਡੀ ਨਹੀਂ, ਇਸ ਲਈ ਤੁਹਾਡੇ 'ਤੇ ਹਿੰਦੀ ਨਾ ਥੋਪੀ ਜਾਵੇ। ਮੇਰੇ ਮੁਤਾਬਕ ਇਹੀ ਰਾਸ਼ਟਰਵਾਦ ਹੈ। ਸਾਡਾ ਰਾਸ਼ਟਰਵਾਦ ਇਹ ਵੀ ਕਹਿੰਦਾ ਹੈ ਕਿ ਤੁਹਾਡੇ ਅੰਦਰ ਸਹਿਣਸ਼ੀਲਤਾ ਹੋਣੀ ਚਾਹੀਦੀ ਹੈ ਤੇ ਵਿਰੋਧੀ ਵਿਚਾਰਾਂ ਪ੍ਰਤੀ ਖੁਲ੍ਹਦਿਲੀ ਵੀ ਹੋਣੀ ਚਾਹੀਦੀ ਹੈ। ਉਨ੍ਹਾਂ ਮਜ਼ਾਕੀਆ ਲਹਿਜ਼ੇ 'ਚ ਕਿਹਾ ਕਿ ਮੈਨੂੰ ਕਿਹਾ ਜਾਂਦਾ ਹੈ ਕਿ ਰਾਸ਼ਟਰਵਾਦ ਤੁਹਾਡੇ ਵੱਲੋਂ ਚਾਲੂ ਕੀਤਾ ਗਿਆ ਹੈ ਪਰ ਰਾਸ਼ਟਰਵਾਦ ਦਾ ਵਿਚਾਰ ਭਾਰਤੀ ਸੱਭਿਆਚਾਰ 'ਚ ਬਹੁਤ ਪੁਰਾਣਾ ਹੈ, ਇੰਨਾ ਪੁਰਾਣਾ ਕਿ ਹੋ ਸਕਦਾ ਹੈ ਕਿ ਉਸ ਦੀ ਸ਼ੁਰੂਆਤ ਅਯੁੱਧਿਆ ਤੋਂ ਹੁੰਦੀ ਹੋਵੇ, ਫਿਰ ਮੇਰੀ ਕੀ ਔਕਾਤ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਇਸ ਨੂੰ ਲਗਾਤਾਰ ਵਧਾਇਆ ਜਾਣਾ ਚਾਹੀਦਾ ਹੈ ਤਾਂ ਮੇਰਾ ਇਕ ਵਿਚਾਰ ਹੈ ਕਿ ਇਸ ਨੂੰ ਪੋਲੀਓ ਬੂੰਦਾਂ ਨਾਲ ਵੀ ਪਿਲਾਇਆ ਜਾਵੇ। ਪਹਿਲਾਂ ਹਰ ਗਰਭਵਤੀ ਮਹਿਲਾ ਨੂੰ ਟੀਕਾ ਲਾਇਆ ਜਾਵੇ ਤੇ ਜਦ ਬੱਚਾ ਪੈਦਾ ਹੋਵੇ ਤਾਂ ਉਸਨੂੰ ਦੋ ਬੂੰਦਾਂ ਜ਼ਿੰਦਗੀ ਦੀਆਂ ਤੇ ਦੋ ਬੂੰਦਾਂ ਰਾਸ਼ਟਰਵਾਦ ਦੀਆਂ ਪਿਲਾਈਆਂ ਜਾਣ। ਮੇਰੀ ਕੀ ਔਕਾਤ ਹੈ ਕਿ ਮੈਂ ਰਾਸ਼ਟਰਵਾਦ 'ਤੇ ਗੱਲ ਕਰਾਂ। ਮੇਰੇ ਕੋਲ ਇਕ Reference point ਹੈ ਜਿੱਥੋਂ ਮੈਂ ਰਾਸ਼ਟਰਵਾਦ ਦੀ ਗੱਲ ਕਰ ਸਕਦਾ ਹਾਂ। ਮੇਰਾ ਉਹ Reference Point ਹੋਰ ਕੋਈ ਨਹੀਂ ਬਲਕਿ ਭਾਰਤੀ ਸੰਵਿਧਾਨ ਹੈ ਜਿਸ ਵਿਚ ਜੋ ਪਹਿਲੀ ਲਾਈਨ ਹੈ ਉਹ ਇਹ ਕਹਿੰਦੀ ਹੈ ਕਿ we the people of india ਤੇ ਇਹੀ ਜੋ ਲਾਈਨ ਹੈ ਜਿਸ ਵਿਚ ਭਾਰਤ ਦੇ ਸਾਰੇ ਸਵਾ ਸੌ ਕਰੋੜ ਲੋਕ ਸ਼ਾਮਿਲ ਹਨ। ਅਸੀਂ ਸਕੂਲ ਵਿਚ ਪ੍ਰਭਾਤ ਫੇਰੀ ਕਰਦੇ ਸੀ। ਉਸ ਵਿਚ ਅਸੀਂ ਇਕ ਨਾਅਰਾ ਲਾਉਂਦੇ ਸੀ: 'ਭਾਰਤ ਮਾਤਾ ਦੇ ਚਾਰ ਸਿਪਾਹੀ ਹਿੰਦੂ, ਮੁਸਲਿਮ ਸਿੱਖ ਇਸਾਈ'। ਬਾਅਦ ਵਿਚ ਜਦ JNU 'ਚ ਆਏ ਤਾਂ ਪਤਾ ਲੱਗਾ ਕਿ ਇਸ ਤੋਂ ਇਲਾਵਾ ਵੀ ਧਰਮ ਹਨ ਇਸ ਦੇਸ਼ 'ਚ। ਤੇ ਕੁਝ ਅਜਿਹੇ ਵੀ ਲੋਕ ਹਨ ਜੋ ਕਿਸੇ ਵੀ ਧਰਮ ਨੂੰ ਨਹੀਂ ਮੰਨਦੇ। ਜੇ ਪਛਾਣ ਦੀ ਗੱਲ ਕਰਾਂਗੇ ਤਾਂ ਇਕ ਹਜ਼ਾਰ ਦੇ ਲਗਪਗ ਬ੍ਰਾਹਮਣ ਹੀ ਹੋਣਗੇ ਇਸ ਦੇਸ਼ 'ਚ। ਇੰਨੀ ਜੋ ਸਾਡੀ ਪਛਾਣ ਹੈ ਉਸ ਨੂੰ Oxford dictionary 'ਚ ਜੋ ਰਾਸ਼ਟਰਵਾਦ ਦੀ ਪਰਿਭਾਸ਼ਾ ਹੈ ਕਿ ਕਿਸੇ ਵੀ ਸੂਰਤ 'ਚ ਤੁਸੀਂ ਆਪਣੇ ਰਾਸ਼ਟਰ ਨੂੰ ਸਰਬੋਤਮ ਸਮਝੋ, ਹਿੰਦੁਸਤਾਨ ਦਾ ਰਾਸ਼ਟਰਵਾਦ ਤਾਂ ਉਸ ਨਾਲ define ਨਹੀਂ ਕੀਤਾ ਜਾ ਸਕਦਾ। ਮੈਂ ਬਿਲਕੁੱਲ

ਇਹ ਗੱਲ ਮੰਨਦਾ ਹਾਂ ਕਿ ਰਾਸ਼ਟਰਵਾਦ ਦਾ discourse Left and right ਵਿਚ ਨਹੀਂ ਵੰਡਿਆ ਜਾ ਸਕਦਾ। ਪਰ ਰਾਸ਼ਟਰਵਾਦ ਦਾ ਇਹ discourse ਜਿਸ ਵਿਚ oneness ਨੂੰ ਥੋਪਿਆ ਜਾਵੇ, ਉਸ ਵਿਚ ਉਸ ਨੂੰ ਨਹੀਂ ਥੋਪਿਆ ਜਾਵੇ। ਇਹ ਬਿਲਕੁਲ ਦੋ ਵੱਖ ਗੱਲਾਂ ਹਨ ਤੇ ਰਾਸ਼ਟਰਵਾਦ ਮੇਰੇ ਲਈ ਇਹੀ ਨਹੀਂ ਹੈ ਕਿ ਇਹ ਪੰਜ ਸਿਤਾਰਾ ਹੋਟਲ ਹੈ ਜਿੱਥੇ ਵਧੀਆ ਰੋਸ਼ਨੀਆਂ 'ਚ ਅਸੀਂ ਰਾਸ਼ਟਰਵਾਦ ਬਾਰੇ ਗੱਲ ਕਰ ਰਹੇ ਹਾਂ। ਇਸੇ ਵਕਤ ਕੋਈ ਮਜ਼ਦੂਰ ਜਾਂ ਕੋਈ ਕਿਸਾਨ ਖੇਤ ਵਿਚ ਪਾਣੀ ਦੇ ਰਿਹਾ ਹੋਵੇਗਾ ਉਸ ਫ਼ਸਲ ਨੂੰ ਜਿਸ ਦਾ ਕਿ ਅਸੀਂ ਖਾਣਾ ਖਾਂਦੇ ਹਾਂ। ਉਹ ਉਸ ਦਾ ਰਾਸ਼ਟਰਵਾਦ ਹੈ। ਇਸ ਦੇਸ਼ 'ਚ ਖੇਤ ਵਿਚ ਕੰਮ ਕਰਨ ਵਾਲੇ ਲੋਕ ਤੇ ਸਰਹੱਦ 'ਤੇ ਜਵਾਨ ਜੋ ਬੰਦੂਕ ਲੈ ਕੇ ਖੜ੍ਹੇ ਹੁੰਦੇ ਹਨ, ਕਿਸੇ ਦੇ ਵੀ ਰਾਸ਼ਟਰਵਾਦ ਨੂੰ ਘੱਟ ਜਾਂ ਜ਼ਿਆਦਾ ਕਰ ਕੇ ਨਹੀਂ ਦੇਖਿਆ ਜਾ ਸਕਦਾ। ਇਸ ਦੇਸ਼ ਦੇ ਅੰਦਰ ਜੋ ਪੇਸ਼ਾ ਹੈ ਤੁਹਾਡਾ। ਚਾਹੇ ਤੁਸੀਂ ਮਜਬੂਰੀ 'ਚ ਚੁਣੇ ਗਏ ਹੋਵੋਂ ਜਾਂ ਆਪਣੀ ਮਰਜ਼ੀ ਨਾਲ, ਹਰ ਕੋਈ ਕਿੱਥੇ ਕ੍ਰਿਕਟਰ ਬਣ ਸਕਦਾ ਹੈ। ਤੇ ਤੁਹਾਨੂੰ ਜੋ ਪੇਸ਼ਾ ਮਿਲਿਆ ਹੈ ਉਸ ਪੇਸ਼ੇ ਨੂੰ ਜਦ ਤੁਸੀਂ ਰਾਸ਼ਟਰੀ ਨੈਤਿਕਤਾ ਨਾਲ ਆਪਣੇ ਦੇਸ਼ ਨੂੰ ਵਧੀਆ ਬਣਾਉਣ ਲਈ ਆਪਣਾ ਯੋਗਦਾਨ ਦਿੰਦੇ ਹੋ ਤਾਂ ਇਹੀ ਰਾਸ਼ਟਰਵਾਦ ਹੈ। ਜੇ ਅਸੀਂ ਜ਼ਿਆਦਾ ਪਿੱਛੇ ਜਾਵਾਂਗੇ ਤਾਂ ਬਹੁਤ ਮੁਸ਼ਕਿਲ ਹੋ ਜਾਵੇਗਾ ਕਿਉਂਕਿ ਹਿੰਦੁਸਤਾਨ ਦਾ ਇਤਿਹਾਸ ਇੰਨਾ ਪੁਰਾਣਾ ਹੈ ਕਿ ਰਾਸ਼ਟਰ ਤਾਂ ਉਸ ਤੋਂ ਬਹੁਤ ਬਾਅਦ 'ਚ ਪੈਦਾ ਹੋਇਆ, ਸਨਅਤੀ ਕ੍ਰਾਂਤੀ ਨਾਲ ਤੇ ਜਦ ਇਹ ਸਨਅਤੀ ਕ੍ਰਾਂਤੀ ਨਹੀਂ ਹੋਈ ਸੀ। ਉਸ ਤੋਂ ਪਹਿਲਾਂ ਮਲਟੀਨੇਸ਼ਨਸ ਸਨ। ਰਾਸ਼ਟਰ ਦੀ ਸਮਝ ਸੀ। ਰਾਸ਼ਟਰਵਾਦ ਸਟੇਟ ਦਾ ਇਕ ਹਿੱਸਾ ਹੋ ਸਕਦਾ ਹੈ ਪਰ ਰਾਸ਼ਟਰਵਾਦ ਦੀ ਸਮੱਗਰੀ ਦਾ ਵਿਕਾਸ ਭਾਰਤੀ ਸਮਾਜ ਦੀ ਕ੍ਰਾਂਤੀ ਦੇ ਨਾਲ ਹੋਇਆ ਹੈ। ਉਸ ਨੂੰ ਜੇ ਅਸੀਂ ਇਕ ਰੰਗ ਨਾਲ ਦਬਾਉਣਾ ਚਾਹਾਂਗੇ ਤਾਂ ਇਹੀ ਪਾਪੂਲਿਜ਼ਮ ਹੈ। ਇਹ ਜੋ ਰਾਸ਼ਟਰ ਦਾ ਏਜੰਡਾ ਹੈ ਜਿਸ ਵਿਚ ਅਸੀਂ ਕਹਿੰਦੇ ਹਾਂ ਅਸੀਂ ਭਾਰਤ ਦੇ ਲੋਕ ਉਸ ਦੇ ਹੱਕਾਂ ਦੀ ਜੋ ਗੱਲ ਕੀਤੀ ਗਈ ਹੈ ਸੰਵਿਧਾਨ ਵਿਚ, ਉਸ ਵਿਚ ਜੋ ਆਜ਼ਾਦੀ ਦੀ ਗੱਲ ਕੀਤੀ ਗਈ ਹੈ, ਉਸ ਆਜ਼ਾਦੀ ਨੂੰ ਜੇਕਰ ਅਸੀਂ ਆਪਣੇ ਵਿਚਾਰਾਂ ਨਾਲ ਦਬਾਉਣਾ ਚਾਹਾਂਗੇ ਤਾਂ ਇਹੀ ਪਾਪੂਲਿਜ਼ਮ ਹੈ। ਹੁਣ ਦੇਖੋ ਇਕ ਢੋਕਲਾ ਮੇਰਾ ਖਾਣਾ ਹੋ ਸਕਦਾ ਹੈ ਤੇ ਜੇ ਮੈਂ ਦੇਸ਼ ਦਾ ਪ੍ਰਧਾਨ ਮੰਤਰੀ ਬਣ ਜਾਵਾਂ ਤੇ ਕਹਾਂ ਕਿ ਪੂਰੇ ਦੇਸ਼ ਦੇ ਲੋਕਾਂ ਨੂੰ ਢੋਕਲਾ ਖਾਣਾ ਪਵੇਗਾ ਤੇ ਭਾਰਤੀ ਤਰਕਵਾਦ ਦੇ ਹਿਸਾਬ ਨਾਲ, ਪ੍ਰਧਾਨ ਮੰਤਰੀ ਜਾਂ ਕਿਸੇ ਹੋਰ ਵੱਲੋਂ ਉਸ ਚੀਜ਼ ਨੂੰ ਕਿਸੇ 'ਤੇ ਥੋਪਣਾ ਨਹੀਂ ਚਾਹੀਦਾ ਤੇ ਅੱਜਕੱਲ੍ਹ ਕੀ ਹੋ ਰਿਹਾ ਹੈ ਕਿ ਰਾਸ਼ਟਰਵਾਦ ਦੀ ਚਰਚਾ ਨੂੰ ਸਰਕਾਰ ਆਪਣੀਆਂ ਨਾਕਾਮੀਆਂ ਨੂੰ ਲੁਕਾਉਣ ਲਈ ਵਰਤ ਰਹੀ ਹੈ। ਮੈਂ ਇਕ ਸਵਾਲ ਪੁੱਛਣਾ ਚਾਹੁੰਦਾ ਹਾਂ ਜਿਵੇਂ ਕਿ ਅਕਸਰ ਕਿਹਾ ਜਾਂਦਾ ਹੈ ਕਿ ਸਿਰਫ਼ ਨਾਅਰੇ ਲਾਉਣ ਨਾਲ ਕੁਝ ਨਹੀਂ ਹੋਵੇਗਾ, ਮੈਂ ਵੀ ਇਹੀ ਕਹਿੰਦਾ ਹਾਂ ਕਿ ਦੇਸ਼ ਕੋਈ ਹਲਵਾ ਤਾਂ ਨਹੀਂ ਹੈ ਜੋ ਕੋਈ ਵੀ ਨਾਅਰਾ ਲਾ ਦੇਵੇਗਾ ਤੇ ਸਾਡਾ ਰਾਸ਼ਟਰਵਾਦ ਭੰਗ ਹੋ ਜਾਵੇਗਾ। ਇੰਨਾ ਕਮਜ਼ੋਰ ਰਾਸ਼ਟਰਵਾਦ

ਹਿੰਦੁਸਤਾਨ ਦਾ ਕਦੇ ਨਹੀਂ ਹੋ ਸਕਦਾ। ਪੰਜ ਹਜ਼ਾਰ ਸਾਲ ਦਾ ਸਾਡਾ ਇਤਿਹਾਸ ਹੈ ਅਤੇ ਉਸ ਇਤਿਹਾਸ ਨਾਲ ਹੀ ਇਸ ਰਾਸ਼ਟਰਵਾਦ ਦਾ ਵਿਕਾਸ ਹੋਇਆ ਹੈ। ਇਸ ਲਈ ਇਹ ਇੰਨੀ ਜਲਦੀ ਨਹੀਂ ਟੁੱਟ ਸਕਦਾ। ਮੈਂ ਪੁੱਛਦਾ ਹਾਂ ਕਿ ਲੋਕਾਂ ਨਾਲ ਝੂਠਾ ਵਾਅਦਾ ਕਰਨਾ ਕਿ ਤੁਹਾਡੇ ਖ਼ਾਤਿਆਂ ਵਿਚ 15-15 ਲੱਖ ਜਮ੍ਹਾਂ ਕਰਵਾਵਾਂਗੇ ਤੇ ਨੋਟਬੰਦੀ ਨਾਲ 100 ਲੋਕਾਂ ਦੀ ਜਾਨ ਲੈਣਾ ਰਾਸ਼ਟਰਵਾਦ ਹੈ ਕਿ ਦੇਸ਼ ਧਰੋਹ ਹੈ। ਮੈਨੂੰ ਲਗਦਾ ਹੈ ਕਿ ਇਤਿਹਾਸ ਨਾਲ ਛੇੜਖਾਨੀ ਕਰਨਾ ਤੇ ਰਾਸ਼ਟਰਵਾਦ ਦੀ ਮੁੜ ਪਰਿਭਾਸ਼ਾ ਦੇਣਾ ਇਹ ਮੌਜੂਦਾ ਹੁਕਮਰਾਨਾਂ ਦਾ ਤਰਕਵਾਦ ਹੈ। ਮੈਂ ਇਸ ਨੂੰ ਇਸ ਤਰੀਕੇ ਨਾਲ ਦੇਖਦਾ ਹਾਂ। ਭਾਈ ਸਾਹਿਬ ਤਾਜ ਮਹੱਲ ਕਿਸ ਨੇ ਬਣਵਾਇਆ ਸਭ ਨੂੰ ਪਤਾ ਹੈ ਤੇ ਇਸ ਵਿਚ ਸਾਨੂੰ ਕੋਈ ਦਿਲਚਸਪੀ ਨਹੀਂ ਹੈ। ਸਾਡੇ ਲਈ ਦਿਲਚਸਪੀ ਦੀ ਗੱਲ ਇਹ ਹੈ ਕਿ ਤਾਜ ਮਹਲ ਦਾ ਉਹ ਛੋਟਾ ਜਿਹਾ ਮਾਡਲ ਜੇ ਅਸੀਂ ਆਪਣੀ ਮਹਿਲਾ ਮਿੱਤਰ ਨੂੰ ਦੇ ਦਿੰਦੇ ਹਾਂ ਤਾਂ ਉਹ ਖ਼ੁਸ਼ ਹੋ ਜਾਂਦੀ ਹੈ। ਉਹ ਖ਼ੁਦ ਨੂੰ ਮੁਮਤਾਜ਼ ਤੇ ਮੈਨੂੰ ਸ਼ਾਹਜਹਾਂ ਸਮਝਣ ਲੱਗ ਪੈਂਦੀ ਹੈ। ਕੀ ਤੁਸੀਂ ਪੂਰੇ ਦੇ ਪੂਰੇ ਇਤਿਹਾਸ ਨੂੰ ਇਸ ਤਰੀਕੇ ਨਾਲ ਸੰਕੁਚਿਤ ਕਰਨਾ ਚਾਹੁੰਦੇ ਹੋ। ਇਕ ਮੁੱਖ ਮੰਤਰੀ ਉਨ੍ਹਾਂ ਦਾ ਨਾਂ ਨਹੀਂ ਲਵਾਂਗਾ। ਨਾਂ ਲੈਣਾ ਮਨ੍ਹਾ ਹੈ, ਕੀ ਪਤਾ ਗੌਰੀ ਲੰਕੇਸ਼ ਵਾਂਗ ਇੱਥੇ ਵੀ ਗੋਲੀ ਚੱਲ ਜਾਵੇ, ਉਹ ਗਏ ਕਿਤੇ ਘੁੰਮਣ ਤੇ ਉਥੇ ਝਾੜੂ ਲੱਗ ਗਿਆ। ਪਾਪੂਲਿਜ਼ਮ ਹੈ ਜੇ ਤੁਸੀਂ ਇਤਿਹਾਸ ਨੂੰ ਦੁਬਾਰਾ ਲਿਖਣ ਦੀ ਕੋਸ਼ਿਸ਼ ਕਰੋਗੇ ਤਾਂ ਇਸ ਤੋਂ ਵਧੀਆ ਏਜੰਡਾ ਹੋਰ ਕੀ ਹੋ ਸਕਦਾ ਹੈ, ਪਰ ਮੈਂ ਸਮਝਦਾ ਹਾਂ ਕਿ ਰਾਸ਼ਟਰਵਾਦ ਇਹ ਹੈ ਕਿ ਗ੍ਰਹਿ ਮੰਤਰੀ, ਮੁੱਖ ਮੰਤਰੀ, ਪ੍ਰਧਾਨ ਮੰਤਰੀ ਨੂੰ ਕਦੀ ਸਰਕਾਰੀ ਸਕੂਲ ਜਾਂ ਸਰਕਾਰੀ ਹਸਪਤਾਲ ਵਿਚ ਵੀ ਘੁੰਮਣਾ ਚਾਹੀਦਾ ਹੈ ਤਾਂ ਕਿ ਉਥੇ ਵੀ ਝਾੜੂ ਲੱਗਣਾ ਸ਼ੁਰੂ ਹੋ ਜਾਵੇ।

ਸਿਰਫ ਸੰਸਦ ਭਵਨ 'ਚ ਝਾੜੂ ਲੱਗੇਗਾ, ਸਿਰਫ ਉਥੇ ਤਕ ਰਾਸ਼ਟਰਵਾਦ ਦੇ ਵਿਚਾਰ ਨੂੰ ਨਾ ਰੱਖੋ। ਇਸ ਦੇਸ਼ ਅੰਦਰ ਸਾਰੇ ਲੋਕ ਸੁਰੱਖਿਅਤ ਤੇ ਸਮਾਨਤਾ ਦੇ ਨਾਲ ਨਾਲ ਆਪਣੀ ਸੁਸਾਇਟੀ 'ਚ ਆਪਣੇ ਹੱਕਾਂ ਨੂੰ ਬਣਾ ਕੇ ਰੱਖ ਸਕਣ, ਜਿਨ੍ਹਾਂ ਹੱਕਾਂ ਦੀ ਗੱਲ ਸਾਡਾ ਸੰਵਿਧਾਨ ਕਰਦਾ ਹੈ, ਉਥੋਂ ਹੀ ਸਾਨੂੰ ਰਾਸ਼ਟਰਵਾਦ ਨੂੰ ਪਰਿਭਾਸ਼ਤ ਕਰਨਾ ਚਾਹੀਦਾ ਹੈ। ਕੋਈ ਕਹਿੰਦਾ ਹੈ ਕਿ ਲਿਬਰਲ ਤੇ ਕੋਈ ਕਹਿੰਦਾ ਹੈ ਕਿ ਕੰਜ਼ਰਟੇਟਿਵ ਖ਼ਤਰੇ 'ਚ ਹਨ ਤੇ ਮੈਂ ਕਹਿੰਦਾ ਹਾਂ ਕਿ ਇਹ ਪੂਰੀ ਦੀ ਪੂਰੀ ਸਮਾਜਿਕ ਵਿਵਸਥਾ ਹੀ ਖ਼ਤਰੇ 'ਚ ਚਲੀ ਗਈ ਹੈ। ਇਕ ਸਵਾਲ ਮੇਰੇ ਮਨ ਵਿਚ ਆ ਰਿਹਾ ਹੈ। ਸਵੇਰੇ ਸਵੇਰੇ ਉੱਠ ਕੇ ਜੋ ਲੋਕ ਨਿੱਕਰਾਂ ਪਾ ਕੇ ਰਾਸ਼ਟਰ ਨਿਰਮਾਣ ਕਰਨਾ ਚਾਹੁੰਦੇ ਹਨ ਉਨਾਂ ਦੀ ਜਗ੍ਹਾ 'ਤੇ ਮੰਤਰੀ.... ਸਮਾਜ ਦਾ ਵੈਲਿਊ ਸਿਸਟਮ ਪੂਰੇ ਤਰੀਕੇ ਨਾਲ ਖ਼ਤਮ ਹੋ ਚੁੱਕਾ ਹੈ, ਉਸ ਨੂੰ ਪੂਰੇ ਤਰੀਕੇ ਨਾਲ ਖ਼ਤਮ ਕੀਤਾ ਜਾ ਰਿਹਾ ਹੈ। ਗੱਲ ਕਿਸੇ ਖ਼ਾਸ ਵਿਚਾਰਧਾਰਾ ਨੂੰ ਨਿਸ਼ਾਨਾ ਬਣਾਉਣ ਦੀ ਨਹੀਂ ਹੈ। ਜੇ ਤੁਹਾਡੇ ਵਿਚ ਕੋਈ ਵਿਚਾਰਧਾਰਾ ਪੱਕੀ ਹੈ ਚਾਹੇ ਉਹ ਲੈਫਟ, ਰਾਈਟ, ਜਾਂ ਸੈਂਟਰ ਕੁਝ ਵੀ ਹੋਵੇ। ਉਹ ਜੋ ਵਿਚਾਰਧਾਰਕ ਸਮਝ ਹੈ। ਉਸ ਵਿਚਾਰਧਾਰਕ ਸਮਝ ਨੂੰ ਅੱਜ ਘੱਟ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਹੋ

ਸਕਦਾ ਹੈ ਕਿ ਤੁਸੀਂ ਇਕ ਖ਼ਾਸ ਸੱਜੇ ਪੱਖੀ, ਖੱਬੇ ਪੱਖੀ ਹੋ ਸਕਦੇ ਹੋ ਪਰ ਰਾਜ ਵਿਵਸਥਾ ਵਿਚ ਹੋ ਸਕਦਾ ਤੁਹਾਨੂੰ ਜਗ੍ਹਾ ਨਾ ਮਿਲੀ ਹੋਵੇ। ਜੇ ਤੁਸੀਂ ਆਪਣੀ ਵਿਚਾਰਧਾਰਾ ਪ੍ਰਤੀ ਦ੍ਰਿੜ੍ਹ ਹੋ ਤੇ ਉਸ ਵਿਵਸਥਾ ਦੇ ਆਲੋਚਕ ਹੋ ਤਾਂ ਤੁਹਾਨੂੰ ਉਸੇ ਤਰੀਕੇ ਨਾਲ ਚੁੱਪ ਕਰਵਾਇਆ ਜਾਵੇ। ਇਸ ਲਈ ਮੇਰਾ ਮੰਨਣਾ ਹੈ ਕਿ ਉਦਾਰਵਾਦ ਨੂੰ ਬਚਾਉਣਾ 'ਰਾਈਟ' ਲਈ ਹੀ ਨਹੀਂ ਬਲਕਿ 'ਲੈਫਟ' ਲਈ ਵੀ ਜ਼ਰੂਰੀ ਹੈ ਤੇ 'ਲੈਫਟ' ਦੇ ਬਾਰੇ ਮੈਂ ਇਕ ਗੱਲ ਕਹਿ ਦੇਵਾਂ। ਮੈਂ ਇਹ ਜਾਣਦਾ ਹਾਂ ਕਿ ਮੈਂ ਕਿਉਂ ਲੈਫਟ ਹਾਂ ਕਿਉਂਕਿ ਵਿਕਾਸ ਦੇ ਦੌਰ 'ਚ ਅਸੀਂ ਪੱਛੜ ਗਏ, ਇਸ ਲਈ ਮੈਂ ਲੈਫਟ ਹਾਂ, ਰੁਜ਼ਗਾਰ ਦੇ ਦੌਰ ਵਿਚ ਮੈਂ ਪੱਛੜ ਗਿਆ, ਇਸ ਲਈ ਮੈਂ ਲੈਫਟ ਹਾਂ, ਅਮੀਰੀ ਦੀ ਉਸ ਦੌੜ ਵਿਚ ਪੱਛੜ ਗਿਆ ਇਸ ਲਈ ਮੈਂ ਲੈਫਟ ਹਾਂ, ਜਾਤੀ ਵਿਵਸਥਾ ਦੀ ਸਰਦਾਰੀ ਹੈ ਉਸ ਵਿਚ ਮੈਂ ਪੱਛੜ ਗਿਆ ਇਸ ਲਈ ਮੈਂ ਲੈਫਟ ਹਾਂ। ਕਦੀ ਲੈਫਟ ਨੂੰ ਇਸ ਨਜ਼ਰੀਏ ਨਾਲ ਵੀ ਦੇਖਣਾ ਚਾਹੀਦਾ ਹੈ। ਜਦ ਤੁਸੀਂ ਸੰਗਠਨ ਦੀ ਗੱਲ ਕਰਦੇ ਹੋ ਤਾਂ ਸੋਚੋ ਕਿ ਉਹ ਕਿਸ ਦੀ ਕਬਰ 'ਤੇ ਖੜ੍ਹਾ ਹੁੰਦਾ ਹੈ ਤੇ ਸੰਗਠਨ ਖ਼ਿਲਾਫ਼ ਬੋਲਣਾ ਅਜਿਹਾ ਕਿਸੇ ਵੀ ਇਨਸਾਨ ਦੇ ਨਾਲ ਹੋ ਸਕਦਾ ਹੈ। ਹਰ ਕੋਈ ਕਿਸੇ ਨਾ ਕਿਸੇ ਵਕਤ ਲੈਫਟ ਹੋ ਜਾਂਦਾ ਹੈ, ਜਦ ਉਹ ਆਪਣੇ ਹੱਕ ਲਈ ਲੜ ਰਿਹਾ ਹੁੰਦਾ ਹੈ। ਇਸ ਲਈ ਇਸ ਤਰੀਕੇ ਦੀ ਜੋ ਬਾਈਨਰੀ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਹਾਂ ਤੁਸੀਂ ਕਮਿਊਨਿਸਟ ਕਹੋ ਤਾਂ ਮੈਂ ਮੰਨ ਲੈਂਦਾ ਹਾਂ ਉਸ ਦੀ ਇਕ ਖ਼ਾਸ ਪਰਿਭਾਸ਼ਾ ਹੈ। ਜਿਵੇਂ ਅੰਗਰੇਜ਼ੀ ਵਿਚ ਅੰਕਲ ਕਿਸੇ ਨੂੰ ਵੀ ਕਹਿ ਦਿਓ ਪਰ ਜੇ ਹਿੰਦੀ ਵਿਚ ਮਾਮਾ ਦੀ ਥਾਂ ਫੁੱਫੜ ਕਹਿ ਦਿਓ ਤਾਂ ਅਰਥ ਹੀ ਬਦਲ ਜਾਂਦੇ ਨੇ। ਇਸੇ ਤਰ੍ਹਾਂ ਹਰੇਕ ਸ਼ਬਦ ਪਿੱਛੇ ਇਕ ਧਾਰਣਾ ਹੁੰਦੀ ਹੈ ਤੇ ਮੈਂ ਸਮਝਦਾ ਹਾਂ ਕਿ ਉਹ ਜੋ ਧਾਰਣਾ ਹੈ ਉਸ ਨੂੰ ਅਸੀਂ ਸਹੀ ਤਰੀਕੇ ਨਾਲ ਸਮਝਣ ਦੀ ਕੋਸ਼ਿਸ਼ ਕਰੀਏ। ਉਦਾਰਵਾਦ ਨੂੰ ਹਮੇਸ਼ਾ ਤਰਕ ਦੇ ਆਧਾਰ 'ਤੇ ਸਮਝਣਾ ਚਾਹੀਦਾ ਹੈ। ਜੇ ਪੁਰਾਣੇ ਸਮੇਂ ਦੇ ਕਿਸੇ ਵਿਅਕਤੀ ਦੀ ਗੱਲ ਕਰੀਏ ਜੋ ਉਸ ਸਮੇਂ ਕਿਸੇ ਵਿਵਸਥਾ ਜਾਂ ਸੰਗਠਨ ਨੂੰ ਚੁਣੌਤੀ ਦੇ ਰਿਹਾ ਸੀ ਤਾਂ ਕੀ ਉਹ ਲਿਬਰਲ ਨਹੀਂ ਸੀ। ਅੱਜ ਕੱਲ੍ਹ ਤਾਂ ਲਿਬਰਲ ਹੋਣ ਦਾ ਮਤਲਬ ਹੈ ਕਿ ਤੁਸੀਂ ਜੇ ਅਥਾਰਟੀ ਹੋ ਤੇ ਤੁਸੀਂ ਆਪਣੀ ਪਾਵਰ ਨੂੰ ਗੈਰਕਾਨੂੰਨੀ ਇਸਤੇਮਾਲ ਕਰਨ ਦੀ ਗੱਲ ਕਰ ਰਹੇ ਹੋ ਤਾਂ ਤੁਹਾਨੂੰ ਚੈਲੰਜ ਕਰਨਾ ਤੇ ਤੁਹਾਡੀ ਸਮਝ ਦਾ ਵਿਚਾਰਧਾਰਕ ਤਰੀਕੇ ਨਾਲ ਵਿਰੋਧ ਕਰਨਾ, ਇਹ ਲਿਬਰਲ ਦਾਇਰਾ ਹੈ। ਤੇ ਇਸ ਲਿਬਰਲ ਦਾਇਰੇ ਵਿਚ ਉਹ ਤਮਾਮ ਲੋਕ ਸ਼ਾਮਿਲ ਹੁੰਦੇ ਹਨ ਜੋ ਇਸ ਦੇਸ਼ ਅਤੇ ਪੂਰੀ ਦੁਨੀਆ ਸਭ ਦੇ ਹੱਕਾਂ ਤੇ ਬਰਾਬਰੀ ਦੀ ਮੰਗ ਕਰ ਰਹੇ ਹਨ। ਇਸ ਲਈ ਮੇਰਾ ਇਹ ਮੰਨਣਾ ਹੈ ਕਿ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਮੈਂ ਲਿਬਰਲ ਹਾਂ ਤੇ ਲਿਬਰਲ ਹੋਣ ਦੀ ਹਮੇਸ਼ਾ ਕੋਸ਼ਿਸ਼ ਕਰਦਾ ਹਾਂ। ਕਿਉਂਕਿ ਕਿਤੇ ਅਸੀਂ ਲਿਬਰਲ ਹੁੰਦੇ ਹਾਂ ਤੇ ਕਿਤੇ ਕੰਜ਼ਰਟੇਟਿਵ ਹੋ ਜਾਂਦੇ ਹਾਂ। ਜਦ ਅਸੀਂ ਔਰਤਾਂ ਦੇ ਹੱਕਾਂ ਦੀ ਗੱਲ ਕਰਦੇ ਹਾਂ ਤਾਂ ਅਸੀਂ ਲਿਬਰਲ ਹੋ ਜਾਂਦੇ ਹਾਂ ਅਤੇ ਜਦ ਸਮਲਿੰਗੀਆਂ ਦੇ ਹੱਕਾਂ ਦੀ ਗੱਲ ਹੋਵੇ ਤਾਂ ਉਥੇ ਅਸੀਂ ਕੰਜ਼ਰਟੇਟਿਵ ਹੋ ਜਾਂਦੇ ਹਾਂ। ਇਕ ਹੀ ਇਨਸਾਨ ਜਦ ਉਸ ਦਾ ਸੰਦਰਭ

ਬਦਲਦਾ ਹੈ ਤਾਂ ਉਸ ਦਾ ਅਲੋਚਨਾਤਮਕ ਤਰੀਕਾ ਵੀ ਬਦਲ ਜਾਂਦਾ ਹੈ। ਇਸ ਲਈ ਮੈਂ ਮੰਨਦਾ ਹਾਂ ਕਿ ਅੱਜ ਜੋ ਵਿਚਾਰ ਪ੍ਰਗਟਾਵੇ 'ਤੇ ਹਮਲਾ ਹੈ, ਆਪਣੀ ਰਾਇ ਰੱਖਣ ਦਾ ਜੋ ਤੁਹਾਡਾ ਹੱਕ ਹੈ ਉਸ 'ਤੇ ਜੋ ਹਮਲਾ ਹੈ, ਇਹ ਪੂਰੀ ਦੀ ਪੂਰੀ ਸਮਾਜਿਕ ਵਿਵਸਥਾ ਨੂੰ ਖ਼ਤਰੇ ਵਿਚ ਪਾਉਂਦਾ ਹੈ ਤੇ ਉਦਾਰਵਾਦ ਤਾਂ ਹੈ ਹੀ ਖ਼ਤਰੇ 'ਚ।

ਇਲੀਟ ਲੋਕਾਂ ਨੂੰ ਲਿਬਰਲ ਹੋਣ ਦੀ ਕੋਈ ਲੋੜ ਨਹੀਂ ਹੈ ਕਿਉਂਕਿ ਉਹ ਪਹਿਲਾਂ ਹੀ ਲਿਬਰਲ ਹੋਣ ਕਾਰਨ ਇਲੀਟ ਹੋਏ ਹਨ। ਮੇਰਾ ਇਹ ਕਹਿਣਾ ਹੈ ਕਿ ਅੱਜ ਦੇ ਦੌਰ ਵਿਚ ਜੋ ਸਥਾਨ ਦੀ ਲੜਾਈ ਹੈ ਅਸੀਂ ਉਸ ਨੂੰ ਲਿਬਰਲਿਜ਼ਮ ਨਾਲ ਸੰਕੁਚਿਤ ਨਹੀਂ ਕਰਨਾ ਚਾਹੁੰਦੇ। ਸੋਨੀ ਸੂਰੀ ਕੋਈ ਇਲੀਟ ਮਹਿਲਾ ਨਹੀਂ ਸੀ। ਰੋਹਿਤ ਵੇਮੂਲਾ ਕੋਈ ਇਲੀਟ ਲੜਕਾ ਨਹੀਂ ਸੀ। ਗੋਬਿੰਦ ਪੰਸਾਰੇ ਦੀ ਜੋ ਹੱਤਿਆ ਹੋਈ ਉਹ ਵੀ ਇਲੀਟ ਨਹੀਂ ਸੀ। ਇਕ ਗੱਲ ਹੋਰ ਕਿ ਜੋ ਸਮਾਜ ਬਦਲਣ ਲਈ ਤਤਪਰ ਵਿਚਾਰਧਾਰਕ ਲੋਕ ਹਨ, ਜੇ ਉਹ ਚੋਣਾਂ 'ਚ ਸਫਲ ਨਹੀਂ ਹੋ ਰਹੇ ਹਨ ਤਾਂ ਉਨ੍ਹਾਂ ਦੀਆਂ ਸਰਗਰਮੀਆਂ ਨੂੰ ਬੇਕਾਰ ਸਮਝਿਆ ਜਾਂਦਾ ਹੈ, ਮੈਂ ਇਸ ਗੱਲ ਨੂੰ ਨਹੀਂ ਮੰਨਦਾ। ਇਸ ਲਈ ਜੋ ਲਿਬਰਲ ਸੋਚ ਦੀ ਲੜਾਈ ਹੈ। ਉਸ ਨੂੰ ਸਿਰਫ ਚੋਣਾਂ ਦੇ ਨਤੀਜਿਆਂ ਨਾਲ ਸੰਕੁਚਿਤ ਕਰ ਕੇ ਨਹੀਂ ਦੇਖਿਆ ਜਾ ਸਕਦਾ। ਇਕ ਗੱਲ ਪੱਕੀ ਕਹਿੰਦਾ ਹਾਂ ਕਿ ਜੇ ਲੋਕਾਂ ਦੀ ਦਿਲ ਦੀ ਨਾ ਕਹੋ ਤਾਂ ਕੋਈ ਕਿਰਾਏ 'ਤੇ ਨਹੀਂ ਆਉਂਦੇ। ਉਹ ਜ਼ਬਰਦਸਤੀ ਤਾੜੀ ਕਦੀ ਨਹੀਂ ਵਜਾਉਣਗੇ।

(ਉਪਰੋਕਤ ਵਿਚਾਰ 29 ਅਕਤੂਬਰ 2017 ਨੂੰ ਬੰਗਲੌਰ ਵਿਖੇ 'ਬੰਗਲੌਰ ਲਿਟਰੇਚਰ ਫੈਸਟੀਵਲ' ਕਨ੍ਹਈਆ ਕੁਮਾਰ ਵਲੋਂ ਪੇਸ਼ ਕੀਤੇ ਗਏ।)

***

ਅਣਐਲਾਨੀ ਐਮਰਜੈਂਸੀ ਦੇ ਦੌਰ ਵਿਚ

-ਪ੍ਰੋ. ਏ.ਕੇ. ਮਲੇਰੀ
ਪ੍ਰੋ. ਜਗਮੋਹਣ ਸਿੰਘ

ਇਹ ਦੌਰ ਸੋਚਣ ਸਮਝਣ ਅਤੇ ਜਾਗਰੂਕ ਕਰਨ ਦੀ ਭੂਮਿਕਾ ਨਿਭਾਉਣ ਵਾਲੇ ਵਿਅਕਤੀਆਂ ਲਈ ਅਸਥਿਰਤਾ ਅਤੇ ਬੇਚੈਨੀ ਦਾ ਦੌਰ ਹੈ। ਚਿੰਤਾ ਇਹ ਨਹੀਂ ਕਿ ਦੇਸ਼ ਅੰਦਰ ਅਤਿ ਪਿਛਾਖੜੀ ਸੋਚ ਵਾਲੀਆਂ ਤਾਕਤਾਂ ਦਾ ਬੋਲਬਾਲਾ ਪਸਰ ਰਿਹਾ ਹੈ, ਸਗੋਂ ਇਹ ਵੀ ਹੈ ਕਿ ਜਿਹੜੀਆਂ ਤਾਕਤਾਂ ਨੇ ਸੱਤਾ ਸੰਭਾਲ ਲਈ ਹੈ ਅਤੇ ਅਗਲੇਰੇ ਕੁੱਝ ਸਾਲਾਂ ਲਈ ਸਮਾਜ ਲਈ ਸੰਤਾਪ ਬਣੀਆਂ ਰਹਿਣਗੀਆਂ, ਉਹ ਦ੍ਰਿਸ਼ਟੀਹੀਣ, ਸਵੈਕੁੰਠਤ (ਆਤਮ ਮੁਗਧ), ਅਭਿਮਾਨੀ ਤੇ ਹੰਕਾਰੀ ਹਨ। ਇਹਨਾਂ ਪਿੱਛੇ ਜਿਹੜੀ ਬੌਧਿਕ ਤਾਕਤ ਬੈਠੀ ਹੈ ਅਤੇ ਕੰਟਰੋਲ ਕਰ ਰਹੀ ਹੈ ਉਹ ਜਨਤਾ ਨੂੰ ਮਧਯੁਗੀ ਵਿਚਾਰਾਂ ਵਿਚ ਉਲਝਾ ਕੇ ਕਾਰਪੋਰੇਟ ਲੁੱਟ ਦਾ ਵਿਸਤਾਰ ਕਰ ਰਹੀ ਹੈ। ਉਹ ਸ਼ੈਤਾਨ ਚੇਤੰਨ ਰੂਪ ਵਿੱਚ ਇਹ ਕੰਮ ਰਹੀ ਹੈ ਅਤੇ ਉਹਦੇ ਵਿਚਾਰਾਂ ਵਿੱਚ ਹੈਵਾਨੀਅਤ ਛੁਪੀ ਹੋਈ ਹੈ। ਇਹਦੇ ਪ੍ਰਭਾਵ ਪਿਛਲੇ ਸਾਲਾਂ 'ਚ ਜੋ ਸਾਹਮਣੇ ਆਏ ਉਸ ਤੋਂ ਅਗਲੇਰੇ ਦੂਰਗਾਮੀ ਪ੍ਰਭਾਵਾਂ ਦੀ ਘਾਤਕਤਾ ਦੀ ਨਿਸ਼ਾਨਦੇਹੀ ਚਿੰਨਤ ਹੁੰਦੀ ਹੈ।

ਆਜ਼ਾਦੀ ਦੀ ਲੰਮੀ ਲੜਾਈ 'ਚ ਅੰਗਰੇਜ਼ਾਂ ਵਿਰੁੱਧ ਜਦੋਜਹਿਦ ਕਰਕੇ ਜਿਹੜੇ ਮਨੁੱਖੀ ਅਧਿਕਾਰ ਹਾਸਲ ਕੀਤੇ ਸਨ ਉਨ੍ਹਾਂ ਸਭ ਨੂੰ ਨੇਸਤੋਨਾਬੂਦ ਹੀ ਨਹੀਂ ਕੀਤਾ ਜਾ ਰਿਹਾ, ਸਗੋਂ ਸੁਚੇਤ ਰੂਪ ਵਿਚ ਵਿਚਾਰ ਪ੍ਰਗਟ ਕਰਨ, ਸੋਚਣ ਤੇ ਵਿਚਾਰਾਂ ਦੇ ਅਦਾਨ ਪ੍ਰਦਾਨ ਕਰਨ ਦੇ ਅਧਿਕਾਰਾਂ ਤੋਂ ਲੈ ਕੇ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਲਾਮਬੰਦ ਹੋਣ, ਜਥੇਬੰਦ ਰੋਹ ਪ੍ਰਗਟ ਕਰਨ ਅਤੇ ਜਥੇਬੰਦੀ ਬਨਾਉਣ ਤੱਕ ਦੇ ਅਧਿਕਾਰਾਂ ਪ੍ਰਤੀ ਰਾਜ ਤੇ ਰਾਜ ਦੇ ਸਾਰੇ ਅੰਗਾਂ ਵੱਲੋਂ ਹਾਕਮ ਧਿਰ ਦੀ ਇੱਕ ਸੁਯੋਜਿਤ/ਵਿਉਂਤਬੱਧ ਸੋਚ ਸਾਹਮਣੇ ਆ ਰਹੀ ਹੈ। ਅਤੇ ਰਾਜ ਲਈ ਇਹ ਹੁਣ ਬਰਦਾਸ਼ਤ ਤੋਂ ਬਾਹਰ ਹੈ ਜਿੱਥੇ ਰਾਜ ਪਹਿਲਾਂ ਨਾਲੋਂ ਵੱਧ ਬੇਕਿਰਕ ਅਤੇ ਜਾਬਰ ਰੂਪ ਵਿੱਚ ਸਾਹਮਣੇ ਆ ਰਿਹਾ ਹੈ ਉੱਥੇ ਸਤਾ 'ਤੇ ਬਿਰਾਜਮਾਨ ਧਿਰ ਦੇ ਕੇਸਰੀਆਂ ਗਰੋਹ ਰਾਜਸੀ ਮਸ਼ੀਨਰੀ ਦੀ ਛਤਰਛਾਇਆ ਹੇਠ ਜਿਵੇਂ ਹਿੰਸਾ ਦੀ ਵਰਤੋਂ ਕਰ ਰਿਹਾ ਹੈ, ਇਹ ਰਾਜ ਦੇ ਨਿਵੇਕਲੇ ਤਾਨਾਸ਼ਾਹ ਰੂਪ ਨੂੰ ਪ੍ਰਗਟ ਕਰ ਰਿਹਾ ਹੈ। ਸੱਭ ਤੋਂ ਗੁੱਝਾ, ਪ੍ਰਤੱਖ ਅਤੇ ਵੱਡਾ ਹਮਲਾ ਬੌਧਿਕ ਖੇਤਰ 'ਚ ਹੋ ਰਿਹਾ ਹੈ। ਇਸਦਾ ਕੇਂਦਰ ਯੂਨੀਵਰਸਿਟੀਆਂ ਵੀ ਹਨ ਤੇ ਹੇਠਲੀ ਸਕੂਲੀ ਪੱਧਰ ਦੀ ਸਿੱਖਿਆ ਵੀ, ਸਾਹਿਤਕਾਰ ਕਲਾਕਾਰ ਵੀ ਹਨ ਤੇ ਕਾਲਮਨਵੀਸ ਵੀ , ਰੰਗ ਕਰਮੀ ਵੀ ਹਨ ਅਤੇ ਫਿਲਮੀ ਕਲਾਕਾਰ ਵੀ ਹਨ। ਘੱਟ ਗਿਣਤੀਆਂ ਵੀ

ਹਨ ਅਤੇ ਦਲਿਤ ਵੀ। ਕਿਸੇ ਵੇਲੇ ਰਾਜ ਨੇ ਸੰਵਿਧਾਨਕ ਵਚਨਬੱਧਤਾ ਪਾਲੀ ਸੀ ਕਿ ਹਰ ਨਾਗਰਿਕ ਦੀ ਵਿਦਿਅਕ ਤੇ ਸਹਿਤ ਦੀ ਜ਼ੁੰਮਵਾਰੀ ਰਾਜ ਦੀ ਹੋਵੇਗੀ। ਅੱਜ ਜੇ ਫੀਸਾਂ ਦੇ ਵਾਧੇ ਦੇ ਵਿਰੋਧ ਵਿੱਚ ਵਿਦਿਆਰਥੀ ਕਲਾਸ ਰੂਮਾਂ ਚੋਂ ਬਾਹਰ ਨਿਕਲਕੇ ਇਹ ਵਾਧਾ ਵਾਪਸ ਲੈਣ ਦੀ ਮੰਗ ਕਰਦੇ ਹਨ ਤਾਂ ਉਹ ਦੇਸ਼ਧ੍ਰੋਹੀ ਗਰਦਾਨੇ ਜਾਂਦੇ ਹਨ। ਵਿਦਿਆ ਦੇ ਅਧਿਕਾਰ ਦੀ ਗਰੰਟੀ ਦੀ ਮੰਗ ਕਰਨਾ ਦੇਸ਼ ਧ੍ਰੋਹ ਬਣ ਗਿਆ ਹੈ। ਕੀ ਦੇਸ਼ ਦੀ ਵੱਡੀ ਆਬਾਦੀ ਕੋਲੋ ਵਿਦਿਆ ਮਹਿੰਗੀ ਕਰਕੇ ਵਿਦਿਆ ਦਾ ਅਧਿਕਾਰ ਖੋਹਣਾ ਦੇਸ਼ ਧ੍ਰੋਹ ਨਹੀਂ ਹੈ? ਵਿਦਿਆ ਨੂੰ ਸਨਅਤ ਬਣਾ ਕੇ ਵਿਦੇਸ਼ੀ ਵਪਾਰੀਆਂ ਨੂੰ ਮੁਨਾਫੇ ਦੀ ਖੁੱਲ ਦੇਣਾ ਕਿਹੜੀ ਦੇਸ਼ ਭਗਤੀ ਹੈ? ਉਂਝ ਸੱਤਾ 'ਤੇ ਬੈਠੇ ਹਾਕਮ ਦੇਸ਼ ਭਗਤ ਕਦੋਂ ਸਨ। ਪੁਰਾਣੇ ਸਮੇ ਦੀ ਬ੍ਰਾਹਮਣੀ ਸੋਚ ਵੀ ਇਹ ਸੀ ਕਿ ਲੋਕਾਂ ਨੂੰ ਗਿਆਨ ਵਿਹੂਣੇ ਰੱਖਕੇ ਤੰਤਰਾਂ ਮੰਤਰਾਂ ਵਿਚ ਉਲਝਾਈ ਰੱਖੋ ਤਾਂ ਕਿ ਆਪਣੀ ਮੰਦਹਾਲੀ ਦਾ ਅਸਲ ਕਾਰਣ ਨਾਂ ਜਾਣ ਸਕਣ।

ਪੂੰਜੀ ਦਾ ਕੇਦਰੀਕਰਨ ਪਿੱਛਲੇਰੇ ਸਾਲਾਂ 'ਚ ਹੋਰ ਵੀ ਤੇਜ਼ ਹੋਇਆ ਹੈ ਅਤੇ ਨੋਟਬੰਦੀ ਨੇ ਤਾਂ ਪੂੰਜੀ ਦੇ ਕੇਂਦਰੀਕਰਨ ਨੂੰ ਨਵਾਂ ਮੋੜ ਦੇ ਦਿੱਤਾ ਹੈ। ਬੈਂਕਾਂ ਰਾਹੀਂ ਅਤੇ ਵਿਦੇਸ਼ੀ ਭੁਗਤਾਨ ਕੰਪਨੀਆਂ ਰਾਹੀਂ ਲੋਕਾਈ ਦੀ ਅਰਥਵਿਵਸਥਾ ਨੂੰ ਆਪਣੀ ਗਰਿਫ਼ਤ ਵਿੱਚ ਲੈ ਲਿਆ ਹੈ ਅਤੇ ਬੈਂਕਾਂ ਨੇ ਉਹਨਾਂ ਨੂੰ 'ਵਾਰ ਵਾਰ ਬੱਕਰੀ ਵਾਗੂੰ ਚੋਣ' ਦੇ ਨਵੇਂ ਢੰਗ ਈਜ਼ਾਦ ਕਰ ਲਏ ਹਨ। ਲੋਕਾਂ ਦੀਆਂ ਸਬਸਿਡੀਆਂ ਨੂੰ ਸਹਿਜੇ ਸਹਿਜੇ ਖਤਮ ਕਰਨ ਵੱਲ ਵਧਿਆ ਜਾ ਰਿਹਾ ਹੈ ਅਤੇ ਕਾਰਪੋਰੇਟੀ ਪੂੰਜੀ ਨੂੰ ਵੱਡੀਆਂ ਰਿਐਤਾਂ ਦਿੱਤੀਆਂ ਜਾ ਰਹੀਆਂ ਹਨ। ਸੱਤਾ ਹਾਸਲ ਕਰਨ ਲਈ ਕਿਸਾਨ ਕਰਜ਼ੇ ਮੁਆਫ਼ ਕਰਨ ਦਾ ਲਾਲੀਪੌਪ ਮੂੰਹ 'ਚ ਪਾ ਦਿੱਤਾ ਜਾਂਦਾ ਹੈ ਅਤੇ ਫਿਰ ਬੈਂਕਾਂ ਦੇ ਮੁੱਖੀ ਤੇ ਵਿਤ ਮੰਤਰੀ ਕਿਸਾਨ ਕਰਜ਼ਿਆਂ ਦੀ ਮੁਆਫ਼ੀ ਨੂੰ ਅਨੁਸਾਸ਼ਨਹੀਣਤਾ ਫੈਲਣ ਦੇ ਨਾਂ ਹੇਠ ਗੈਰ ਵਾਜਬ ਠਹਿਰਾ ਦਿੰਦੇ ਹਨ। ਲੋਕਾਂ ਨਾਲ ਕੀਤੇ ਜਾ ਰਹੇ ਨਾਟਕਾਂ ਦਾ ਹਿੱਸਾ ਹੈ। ਇਹਨਾਂ ਨੀਤੀਆਂ ਦਾ ਨਤੀਜਾ ਹੈ ਕਿ ਧਨ ਇਕ ਫੀ ਸਦੀ ਲੋਕਾਂ ਦੇ ਹੱਥਾਂ ਵਿਚ ਕੇਂਦਰਿਤ ਹੋ ਗਿਆ ਹੈ।

ਜਿਵੇ ਜਿਵੇਂ ਬੇਰੁਜ਼ਗਾਰੀ ਅਤੇ ਖ਼ਚੇਨੀ ਵੱਧ ਰਹੀ ਹੈ ਉਸੇ ਹਿਸਾਬ ਨਾਲ ਜਬਰ ਵੀ ਵੱਧ ਰਿਹਾ ਹੈ। ਕਿਉਂਕਿ ਮੌਜੂਦਾ ਆਰਥਿਕ ਨੀਤੀਆਂ ਵਿਚ ਇਹਨਾਂ ਮਸਲਿਆਂ ਦਾ ਹੱਲ ਹੈ ਹੀ ਨਹੀਂ। 2011 ਦੀ ਮਰਦਮੁਸ਼ਮਾਰੀ ਦੀ ਰਿਪੋਰਟ ਮੁਤਾਬਿਕ 11ਫੀਸਦੀ ਆਬਾਦੀ ਰੁਜ਼ਗਾਰ ਲੈਣ ਦਾ ਇੰਤਜਾਰ ਕਰ ਰਹੀ ਸੀ। ਆਬਾਦੀ ਦੇ ਲਿਹਾਜ਼ ਨਾਲ ਇਹ 11 ਕਰੋੜ ਬਣਦੀ ਹੈ। 2015-16 ਦਾ ਸਰਵੇ ਹੈ ਕਿ ਬੇਰੁਜ਼ਗਾਰੀ ਦੀ ਦਰ 5 ਫੀਸਦੀ ਵਧ ਗਈ ਹੈ। 20-24 ਸਾਲ ਦੀ ਉਮਰ ਦੇ 25ਫੀ ਸਦੀ ਨੌਜਵਾਨ ਬੇਰੁਜ਼ਗਾਰ ਹਨ। ਰੁਜਗਾਰ ਨਾ ਪਿੰਡਾਂ 'ਚ ਹੈ ਨਾ ਸ਼ਹਿਰਾਂ 'ਚ । ਨਵੇਂ ਹਾਕਮਾਂ ਨੇ ਰੇਲਵੇ ਵਿੱਚ ਵੀ ਰੁਜ਼ਗਾਰ ਨੂੰ ਠੇਕੇ ਦੀ ਭੇਂਟ ਚਾੜ ਦਿੱਤਾ ਹੈ। ਫਿਰ ਵੀ ਹਾਕਮ 'ਸਭ ਦਾ ਸਾਥ ਸਭ ਦਾ ਵਿਕਾਸ' ਦਾ ਫਰੇਬੀ ਪਰਚਾਰ ਕਰ ਰਹੇ ਹਨ। ਭਾਰਤ ਨੂੰ ਨੌਜਵਾਨਾਂ ਦਾ ਦੇਸ਼ ਕਿਹਾ ਜਾਂਦਾ ਹੈ। ਬੇਰੁਜ਼ਗਾਰ ਤਾਂ ਦੇਸ਼ ਦੇ ਵਿਕਾਸ ਦੇ ਵਾਹਕ ਨਹੀਂ ਬਣ ਸਕਦੇ। ਇਹ ਬੇਰਜੁਗਾਰ ਕਿਸ 'ਤੇ ਗੌਰਵ ਕਰਨ। ਇਹਨਾਂ ਚੋਂ ਇੱਕ ਵਰਗ ਨੂੰ ਗੌਰਵ ਨਾਲ ਹਿੰਦੂ

ਬਨਣ ਵਾਸਤੇ ਜ਼ਰੂਰ ਉਕਸਾਇਆ ਜਾ ਰਿਹਾ ਹੈ। ਅਤੇ ਇਸੇ ਨੌਜਵਾਨ ਵਰਗ 'ਚ ਜਾਤ, ਧਰਮ ਤੇ ਪਹਿਚਾਣਾਂ ਦੀਆਂ ਵੰਡੀਆਂ ਪਾ ਕੇ ਤੇ ਜਨੂੰਨ ਭੜਕਾਕੇ ਆਪਸੀ ਲੜਾਈ 'ਚ ਉਲਝਾਇਆ ਜਾ ਰਿਹਾ ਹੈ। ਹੁੰਦਾ ਤਾਂ ਇਹ ਪਿਛਲੇਰੇ ਸਾਲਾਂ ਵਿੱਚ ਵੀ ਆਇਆ ਹੈ ਪਰ ਅਜੋਕੇ ਸੱਤਾਨਸ਼ੀਨ ਤਾਂ ਹੈ ਹੀ ਇਸ ਦੇ ਮਾਹਰ। ਕਾਰਪੋਰੇਟੀ ਪੂੰਜੀ ਲਈ ਸੱਤਾ ਦਾ ਇਹ ਮੋਹਰਾ ਸਭ ਤੋਂ ਲਾਹੇਵੰਦ ਸਾਬਤ ਹੋ ਰਿਹਾ ਹੈ।

ਮਜ਼ਦੂਰਾਂ ਉੱਤੇ ਨਵੀਂ ਹਿੰਦੂ ਕੱਟੜਵਾਦੀ ਹਕੂਮਤ ਨੇ ਆਉਣ ਸਾਰ ਹੀ ਹਮਲਾ ਵਿੱਢ ਦਿੱਤਾ ਸੀ। ਬਹੁਤ ਸਾਰੇ ਮਜ਼ਦੂਰ ਅਧਿਕਾਰਾਂ ਦੇ ਕਾਨੂੰਨ ਤਬਦੀਲ ਕਰਨ ਦੇ ਨਾਂ ਹੇਠ ਮਜ਼ਦੂਰਾਂ ਦੀਆਂ ਯੂਨੀਅਨਾਂ ਬਣਾਉਣ, ਜਥੇਬੰਦ ਹੋਣ ਅਤੇ ਸੰਘਰਸ਼ ਕਰਨ ਦੇ ਅਧਿਕਾਰਾਂ ਤੋਂ ਇਲਾਵਾ ਸੱਨਅਤੀ ਮਜ਼ਦੂਰਾਂ ਦੀਆਂ ਕਈ ਦਹਾਕਿਆਂ ਦੀ ਲੜਾਈ ਤੋਂ ਪਿੱਛੋਂ ਪ੍ਰਾਪਤ ਮੰਗਾਂ ਨੂੰ ਵੀ ਸਨਅਤੀ ਪੂੰਜੀ ਦੇ ਰਹਿਬਰਾਂ ਦੀ ਦਇਆ ਉੱਤੇ ਛੱਡ ਕੇ ਨਾ ਸਿਰਫ਼ ਬੇਵਫਾਈ ਪਾਲੀ ਸੀ ਸਗੋਂ ਇਹ ਵੀ ਦਰਸਾ ਦਿੱਤਾ ਸੀ ਕਿ ਕਾਰਪੋਰੇਟੀ ਪੂੰਜੀ ਨੂੰ ਮੁਨਾਫ਼ਾ ਪ੍ਰਿਥਮ ਹੈ, ਮਜ਼ਦੂਰ ਭਲਾਈ ਲਈ ਕੋਈ ਥਾਂ ਨਹੀਂ। ਇਹ ਵਰਣ ਵਿਵਸਥੀ ਸੋਚ ਦੀ ਵੀ ਨਵੀਂ ਪ੍ਰੀਭਾਸ਼ਾ ਸੀ। ਹੁਣ ਪਿਛਲੇ ਦਿਨੀ ਆਏ ਮਾਰੂਤੀ ਸੁਜ਼ੂਕੀ ਮਜ਼ਦੂਰਾਂ ਦੇ ਵਿਰੁੱਧ ਫੈਸਲੇ ਨੇ ਹਕੂਮਤ ਦੀ ਮਜ਼ਦੂਰ ਸੰਘਰਸ਼ਾਂ ਪ੍ਰਤੀ ਬੇਕਿਰਕ ਪਹੁੰਚ ਦੀ ਪੁਸ਼ਟੀ ਕਰ ਦਿੱਤੀ ਹੈ। ਮਾਨੇਸਰ ਪਲਾਂਟ ਦੇ 13 ਮਜ਼ਦੂਰਾਂ ਨੂੰ ਗੁੜਗਾਵਾਂ ਦੀ ਅਦਾਲਤ ਨੇ ਜਿਹੜੀ ਉਮਰ ਕੈਦ ਦੀ ਸਜ਼ਾ ਸੁਣਾਈ ਉਸ ਦਾ ਕਿਸੇ ਪਾਸਿਓ ਵੀ ਮਾਮੂਲੀ ਆਧਾਰ ਹੀ ਨਹੀਂ ਬਣਦਾ। ਦੇਸ਼ ਦੀ ਪ੍ਰਚਲਤ ਅਦਾਲਤੀ ਕਾਰਵਾਈ ਤੇ ਸੁਣਵਾਈ ਦੀ ਇਹਨਾਂ ਦੀ ਆਪਣੀ ਮਹਿਮਾ ਮੁਤਾਬਿਕ ਹੀ ਉਨ੍ਹਾਂ ਨਿਰਦੋਸ਼ ਮਜ਼ਦੂਰਾਂ ਸਬੰਧੀ ਕੋਈ ਵੀ ਸਬੂਤ ਪੇਸ਼ ਨਾ ਕਰ ਸਕਣ ਦੇ ਬਾਵਜੂਦ ਅਜਿਹਾ ਸਖ਼ਤ ਫ਼ੈਸਲਾ ਦੇਸ਼ ਦੇ ਮਜ਼ਦੂਰਾਂ ਨੂੰ ਇਹ ਸੰਦੇਸ਼ ਪਹੁੰਚਾਉਣ ਦੇ ਲਈ ਹੀ ਹੈ ਕਿ ਵਿਦੇਸ਼ੀ ਕਾਰਪੋਰੇਟੀ ਪੂੰਜੀ ਦੀ ਸੁਰੱਖਿਆ ਲਈ ਮਜ਼ਦੂਰਾਂ ਦੇ ਜਥੇਬੰਦ ਹੋਣ ਤੇ ਯੂਨੀਅਨ ਬਨਾਉਣ ਤਕ ਦੇ ਅਧਿਕਾਰ ਵੀ ਹਾਕਮਾਂ ਨੂੰ ਪ੍ਰਵਾਨ ਨਹੀਂ।

ਉੱਧਰ ਅਜਿਹਾ ਹੀ ਫ਼ੈਸਲਾ ਗੜ੍ਹਚਿਰੌਲੀ ਦੀ ਅਦਾਲਤ ਦਾ ਆਇਆ ਹੈ ਜਿਸ 'ਚ ਦਿੱਲੀ ਯੂਨੀਵਰਸਿਟੀ ਦੇ ਪ੍ਰੋ. ਜੀ.ਐਨ. ਸਾਈਬਾਬਾ, ਪੱਤਰਕਾਰ ਪ੍ਰਸ਼ਾਂਤ ਰਾਹੀ, ਕਲਾਕਾਰ ਤੇ ਵਿਦਿਆਰਥੀ ਹੇਮ ਮਿਸ਼ਰਾ ਅਤੇ ਤਿੰਨ ਆਦਿਵਾਸੀਆਂ ਨੂੰ ਉਮਰ ਕੈਦ ਦੀ ਸਜ਼ਾ ਅਤੇ ਹੋਰ ਸਜ਼ਾਵਾਂ ਸੁਣਾਈਆਂ ਗਈਆਂ ਹਨ। ਜਿਨ੍ਹਾਂ 'ਤੇ ਮਾਓਵਾਦੀ ਹੋਣ ਦਾ ਦੋਸ਼ ਲਾਇਆ ਗਿਆ ਸੀ। ਪਰ ਇਸ ਦੋਸ਼ ਨੂੰ ਸਾਬਤ ਕਰਨ ਵਾਲੇ ਸਬੂਤ ਵੀ ਪੁਲੀਸ ਅਦਾਲਤ 'ਚ ਪੇਸ਼ ਨਹੀਂ ਸੀ ਕਰ ਸਕੀ। ਅਦਾਲਤ ਨੇ ਫ਼ੈਸਲਾ ਦਿੰਦਿਆਂ ਸਪਸ਼ਟ ਲਿਖਿਆ ਕਿ ਕਿ ਸਿੱਧੇ ਵਿਦੇਸ਼ੀ ਨਿਵੇਸ਼ (ਭਾਵ ਕਾਰਪੋਰੇਟੀ ਪੂੰਜੀ ਦੇ ਹਿਤਾਂ ਦੀ) ਸੁਰੱਖਿਆ ਲਈ ਇਨ੍ਹਾਂ ਨੂੰ ਕਾਨੂੰਨ ਮੁਤਾਬਕ ਉਮਰ ਕੈਦ ਦੀ ਸਜ਼ਾ ਹੀ ਦਿੱਤੀ ਜਾ ਸਕਦੀ ਹੈ ਪਰ ਇਹ ਫਾਂਸੀ ਦੀ ਸਜ਼ਾ ਦੇ ਹੱਕਦਾਰ ਹਨ ਭਾਵ ਦੇਸ਼ ਦੇ ਸੋਮਿਆਂ ਦੀ ਲੁੱਟ ਕਰਨ ਵਾਲੀ ਕਾਰਪੋਰੇਟੀ ਪੂੰਜੀ ਦਾ ਪਰਦਾਚਾਕ ਕਰਨ ਤੇ ਵਿਰੋਧ ਕਰਨਾ ਅੱਜ ਦੇਸ਼ ਧ੍ਰੋਹ ਬਣ ਗਿਆ ਹੈ। ਜਦੋਂ ਗੜ੍ਹਚਿਰੌਲੀ ਦੀ ਅਦਾਲਤ ਫ਼ੈਸਲਾ ਸੁਣਾ ਰਹੀ ਸੀ ਉਨ੍ਹੀ ਦਿਨੀ ਰਾਂਚੀ ਵਿਚ ਗਲੋਬਲ ਇਨਵੈਸਟਮੈਂਟ ਸਮਿਟ ਹੋ ਰਿਹਾ ਸੀ, ਜਿਸ 'ਚ 26 ਦੇਸ਼ਾਂ

ਦੀਆਂ 162 ਕਾਰਪੋਰਟ ਕੰਪਨੀਆਂ ਅਤੇ 219 ਦੇਸੀ ਕੰਪਨੀਆਂ ਦੇ 1000 ਪ੍ਰਤੀਨਿੱਧ ਇਕੱਠੇ ਹੋਏ ਸਨ। ਇਸ ਸਮਿਟ ਨੂੰ ਪ੍ਰਧਾਨ ਮੰਤਰੀ ਮੋਦੀ ਨੇ ਵੀਡੀਓ ਕਾਨਫਰੰਸ ਰਾਹੀਂ ਸੰਬੋਧਨ ਕੀਤਾ। ਇਸ ਸੰਮੇਲਨ ਵਿੱਚ 3.76 ਲੱਖ ਕਰੋੜ ਦੇ ਸਮਝੌਤਿਆਂ ਉੱਤੇ ਦਸਤਖਤ ਹੋਏ ਸਨ। ਜਿਹੜੇ ਇਕਰਾਰਨਾਮੇ ਹੋਏ ਉਹ ਸਟੀਲ, ਮਾਈਨਿੰਗ ਤੇ ਊਰਜਾ ਸਮੇਤ 12 ਖੇਤਰਾਂ ਨਾਲ ਸਬੰਧਤ ਸਨ। ਇਸ ਸੰਮੇਲਨ ਵਿਚ 7 ਕੇਂਦਰੀ ਮੰਤਰੀ, 46 ਰਾਜਨੀਤਕ ਵਿਦੇਸ਼ੀ ਪ੍ਰਾਹੁਣੇ, 4 ਵਿਦੇਸ਼ੀ ਰਾਜਦੂਤ ਸ਼ਾਮਿਲ ਸਨ। ਵਿਦੇਸ਼ੀ ਨਿਵੇਸ਼ਕਾਰਾਂ ਨੂੰ ਝਾਰਖੰਡ ਦੀ ਲੱਖਾਂ ਲੱਖ ਹੈਕਟੇਅਰ ਜ਼ਮੀਨ ਦੇਣ ਦੇ ਸਮਝੌਤੇ ਹੋਏ ਸਨ ਜਿੱਥੇ ਆਦਿਵਾਸੀ/ਮੂਲਵਾਸੀ ਰਹਿੰਦੇ ਹਨ। ਇਸ ਵਿਚ ਗ਼ੈਰ ਮਜ਼ਰੂਆ, ਸਰਕਾਰੀ ਜ਼ਮੀਨ, ਬੰਦੋਬਸਤ ਜ਼ਮੀਨ ਦੇ ਇਕਰਾਰਨਾਮੇ ਦੇਣ ਦੀ ਸਹਿਮਤੀ ਬਣੀ ਸੀ। ਅਤੇ ਅਫਸੋਸ ਦੀ ਗੱਲ ਇਹ ਹੈ ਕਿ ਇਹ ਪਹਿਲੇ ਸਮਝੌਤਿਆਂ ਨਾਲੋਂ ਵੱਖਰਾ ਇਸ ਕਰਕੇ ਸੀ ਕਿ ਜਿੱਥੇ ਪਹਿਲੇ ਸਮਝੌਤਿਆਂ ਵਿਚ ਕਾਰਪੋਰੇਟੀ ਕੰਪਨੀਆਂ ਜ਼ਮੀਨ ਲੀਜ਼ 'ਤੇ (ਠੇਕੇ 'ਤੇ) ਲੈਂਦੀਆਂ ਸਨ, ਇਸ ਵਾਰ ਪੱਕੀ ਮਾਲਕੀ ਦੇ ਤੌਰ 'ਤੇ ਦਿੱਤੀ ਜਾਣ ਦੀ ਸਹਿਮਤੀ ਬਣੀ ਅਤੇ ਜ਼ਮੀਨ ਦੀ ਕੀਮਤ ਮਾਲਕੀ ਹੱਕ ਮਿਲਣ ਤੋਂ 5 ਸਾਲ ਬਾਅਦ ਤੱਕ ਅਦਾ ਕਰਨੀ ਹੈ। ਸੋ ਗੜਚਿਰੌਲੀ ਦਾ ਫ਼ੈਸਲਾ ਉਸ ਕਾਰਪੋਰੇਟੀ ਪੂੰਜੀ ਨੂੰ ਇਹ ਵਿਸ਼ਵਾਸ਼ ਦਿਵਾਉਣ ਦਾ ਵੀ ਇਕ ਕਦਮ ਹੈ ਕਿ ਉਹਨਾਂ ਲਈ ਹਰ ਵਿਰੋਧ ਦਾ ਰਸਤਾ ਸਾਫ਼ ਕਰਨ ਲਈ ਅੱਜ ਦੇ ਹਾਕਮ ਵਚਨਬੱਧ ਹਨ। ਅਜੋਕੇ ਭਾਰਤੀ ਹਾਕਮਾਂ ਨੇ ਤਾਂ ਜੰਗਲਾਂ ਤੇ ਪਹਾੜੀ ਇਲਾਕਿਆਂ ਦੇ ਉਹ ਕਾਨੂੰਨ ਹੀ ਬਦਲ ਦਿੱਤੇ ਹਨ ਜਿਹੜੇ ਅੰਤਰ ਰਾਸ਼ਟਰੀ ਕਾਨੂੰਨ ਮੁਤਾਬਕ ਆਦਿਵਾਸੀਆਂ ਨੂੰ ਮਿਲੇ ਹੋਏ ਹਨ ਅਤੇ ਜਿਨ੍ਹਾਂ ਮੁਤਾਬਕ ਜੰਗਲਾਂ ਤੇ ਪਹਾੜਾਂ 'ਚ ਰਹਿੰਦੇ ਲੋਕਾਂ ਦੇ ਹੱਕਾਂ ਦੀ ਗਰੰਟੀ ਯਕੀਨੀ ਸੀ। ਰਾਜ ਵਲੋਂ ਕਾਰਪੋਰੇਟੀ ਪੂੰਜੀ ਮੂਹਰੇ ਇਹ ਡੰਡੌਤਬੰਦਨਾ ਹੈ।

ਅਜੋਕੇ ਦੌਰ 'ਚ ਝਾਰਖੰਡ, ਛੱਤੀਸ਼ਗੜ੍ਹ, ਉੜੀਸਾ ਤੋਂ ਲੈ ਕੇ ਕਸਮੀਰ ਤੱਕ ਜਿੱਥੇ ਹਕੂਮਤੀ ਜਬਰ ਦੀ ਇੰਤਹਾ ਦਾ ਕੋਹਜਾ ਰੂਪ ਸਾਹਮਣੇ ਆ ਰਿਹਾ ਹੈ ਉੱਥੇ ਇਨ੍ਹਾਂ ਖੇਤਰਾਂ ਵਿੱਚ ਲੋਕਾਂ ਵੱਲੋਂ ਵਿਰੋਧ ਦਾ ਵੀ ਤਿੱਖਾ ਪ੍ਰਗਟਾਅ ਹੋ ਰਿਹਾ ਹੈ। ਕਸ਼ਮੀਰ ਵਿਚ ਹਥਿਆਰਬੰਦ ਫੋਰਸਾਂ ਦਾ ਮੁਕਾਬਲਾ ਪੱਥਰਾਂ ਨਾਲ ਕਰਕੇ ਕਸ਼ਮੀਰੀਆਂ ਵੱਲੋਂ ਆਪਣੇ ਹੱਕਾਂ ਦੀ ਰਾਖੀ ਲਈ ਇਕ ਨਵਾਂ ਇਤਿਹਾਸ ਰਚਿਆ ਜਾ ਰਿਹਾ ਹੈ। ਹਾਕਮਾਂ ਨੂੰ ਪਹਾੜਾਂ ਤੇ ਪੱਥਰਾਂ ਉੱਤੇ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ। ਜਬਰ ਤੇ ਗੋਲੀਆਂ ਦੀਆਂ ਬੌਛਾੜਾਂ ਲੋਕ ਮਸਲਿਆਂ ਦਾ ਕਦੇ ਵੀ ਹੱਲ ਨਹੀਂ ਹੋਈਆਂ। ਇਹ ਮਸਲੇ ਨੂੰ ਉਲਝਾਉਣ ਤੇ ਪੇਚੀਦਾ ਕਰਨ ਦਾ ਇਕ ਸੰਦ ਮਾਤਰ ਰਹੀਆਂ ਹਨ।

ਤਿੰਨ ਤਲਾਕ ਦੇ ਮਸਲੇ ਤੇ ਪ੍ਰਧਾਨ ਮੰਤਰੀ ਤੋਂ ਲੈ ਕੇ ਸੰਘੀ ਲਾਣੇ ਤੱਕ ਮੁਸਲਿਮ ਔਰਤਾਂ ਦੇ ਹੱਕਾਂ ਪ੍ਰਤੀ ਜੋ ਹਮਦਰਦੀ ਦਿਖਾਉਣ ਦਾ ਢੌਂਗ ਰਚਿਆ ਜਾ ਰਿਹਾ ਹੈ। ਇਹਦਾ ਮਨਸ਼ਾ ਸਿਰਫ਼ ਮੁਸਲਿਮ ਫਿਰਕੇ ਨੂੰ ਬਦਨਾਮ ਕਰਨਾ ਅਤੇ ਦਹਿਸ਼ਤਜ਼ਦਾ ਕਰਨਾ ਹੀ ਹੈ। ਹਾਲਾਂਕਿ ਹਿੰਦੂ ਧਰਮ ਵਿੱਚ ਔਰਤਾਂ ਨਾਲ ਇਸ ਤੋਂ ਵੀ ਪਤਿਤ ਸਲੂਕ ਕੀਤਾ ਜਾਂਦਾ ਹੈ। ਖੁਦ ਪ੍ਰਧਾਨ ਮੰਤਰੀ ਮੋਦੀ ਜੁਆਬ ਦੇਣ ਕਿ ਪਿਛਲੇ 45 ਸਾਲ ਤੋਂ ਯਸੋਦਾ ਬੇਨ (ਜਿਸ ਨਾਲ ਉਹਨਾਂ ਦਾ ਵਿਆਹ ਹੋਇਆ) ਨੂੰ ਅਜੇ ਤੱਕ

ਕਾਨੂੰਨੀ ਤਲਾਕ ਨਾਂ ਦੇ ਕੇ ਉਹਦੇ ਅਧਿਕਾਰਾਂ, ਭਾਵਨਾਵਾਂ ਆਦਿ ਨਾਲ ਕਿੰਨਾ ਖਲਵਾੜ ਕੀਤਾ ਗਿਆ ਹੈ? ਮਰਦਮਸ਼ੁਮਾਰੀ 2011 ਵਿਚ ਪਤੀਆਂ ਵੱਲੋਂ ਅਜਿਹੀਆਂ ਧਿਰਕਾਰੀਆਂ (ਛੱਡੀਆਂ ਗਈਆਂ) ਔਰਤਾਂ ਦੀ ਇੱਕ ਵੱਡੀ ਗਿਣਤੀ ਹੈ। ਮੁਸਲਿਮ, ਹਿੰਦੂ ਕੀ ਸਿੱਖ ਈਸਾਈ ਧਰਮ ਕੋਈ ਧਰਮ ਵੀ ਇਸ ਤੋਂ ਬਰੀ ਨਹੀਂ ਹੁੰਦਾ। ਹਾਲ ਵਿੱਚ ਹੀ ਨਾਮਧਾਰੀ ਬੀਬੀਆਂ ਵੱਲੋਂ ਅੰਮ੍ਰਿਤ ਤਿਆਰ ਕਰਕੇ ਸਿੰਘਣੀਆਂ ਸਜਾਉਣ ਪਿੱਛੇ ਕੱਟੜਵਾਦੀ ਸਿੱਖ ਜਥੇਬੰਦੀਆਂ ਵੱਲੋਂ ਕੀਤਾ ਜਾ ਰਿਹਾ ਹੋ ਹੱਲਾ ਇਸੇ ਦਾ ਰੂਪ ਹੀ ਹੈ ਜਿਸ ਨੂੰ ਸ਼੍ਰੋਮਣੀ ਕਮੇਟੀ ਤੇ ਸਿੰਘ ਸਹਿਬਾਨਾਂ ਨੇ ਜਾਂਚ ਕਮੇਟੀ ਦਾ ਗਠਨ ਕਰਕੇ ਹੋਰ ਉਲਝਾਉਣ ਦਾ ਰਾਹ ਚੁਣਿਆ ਹੈ। ਹਾਲਾਂਕਿ ਕੂਕਾ ਲਹਿਰ 'ਚ ਸਿੱਖ ਰਹਿਤ ਮਰਿਆਦਾ ਦੀ ਆਪਣੀ ਇਕ ਪ੍ਰੰਪਰਾ ਹੈ। ਪਰ ਬਹੁ ਗਿਣਤੀ ਸਥਾਪਤ ਧਿਰ ਵੱਲੋਂ ਹੁਕਮਆਤਮਕ ਰਵੱਈਆ ਕਦਾਚਿੱਤ ਦਰੁਸਤ ਨਹੀਂ। ਧਰਮ ਹਮੇਸ਼ਾਂ ਮਰਦ ਪ੍ਰਧਾਨ ਸਮਾਜ ਦੇ ਹੱਕ ਵਿੱਚ ਹੀ ਖਲੋਂਦਾ ਰਿਹਾ ਹੈ। ਔਰਤ ਹਰ ਧਰਮ ਵਿਚ ਅਬਲਾ ਹੀ ਰਹੀ ਹੈ ਅਤੇ ਹੈ। ਧਰਮ ਹਿੰਦੂ ਹੋਵੇ, ਮੁਸਲਮਾਨ ਹੋਵੇ, ਸਿੱਖ ਹੋਵੇ, ਇਸਾਈ ਹੋਵੇ ਜਾਂ ਕੋਈ ਹੋਰ ਔਰਤ ਦੀ ਆਜ਼ਾਦੀ ਅਤੇ ਅਧਿਕਾਰਾਂ ਉੱਤੇ ਚਾਬੁਕ ਹੀ ਰੱਖਦਾ ਆ ਰਿਹਾ ਹੈ। ਮਨੂੰ ਸਿਮਰਤੀ ਇਹਦੀ ਪ੍ਰਤੱਖ ਮਿਸਾਲ ਹੈ।

ਪਿਛਲੇਰੇ ਸਾਲਾਂ 'ਚ ਮੁਸਲਮਾਨਾਂ, ਦਲਿਤਾਂ ਅਤੇ ਪਛੜੇ ਵਰਗਾਂ ਉੱਤੇ ਵਧ ਰਹੇ ਹਮਲੇ ਇੱਥੇ ਯੋਜਨਾਬੱਧ ਅਤੇ ਹਿੰਦੂਤਵ ਸੋਚ ਦਾ ਪ੍ਰਗਟਾਅ ਹੈ। ਮੁਸਲਮਾਨਾਂ ਅਤੇ ਦਲਿਤਾਂ ਨੂੰ ਇਹ ਕੱਟੜਵਾਦੀ ਲਾਣਾ ਦੂਸਰੇ ਦਰਜ਼ੇ ਦੇ ਸਹਿਰੀ ਸਮਝਦਾ ਹੈ ਅਤੇ ਇਹਨਾਂ ਦੀਆਂ ਸ਼ਾਖਾਵਾਂ ਵਿਚ ਇਸ ਸੋਚ ਨੂੰ ਪਿਉਂਦਿਆ ਅਤੇ ਪੱਕਿਆਂ ਕੀਤਾ ਜਾਂਦਾ ਹੈ। ਸੱਤਾ 'ਤੇ ਬਿਰਾਜਮਾਨ ਹੋ ਜਾਣ ਪਿੱਛੋਂ ਇਹਦਾ ਪ੍ਰਗਟਾਅ ਥਾਂ ਪੁਰ ਥਾਂ ਹੋ ਰਿਹਾ ਹੈ। ਮੁਸਲਮਾਨਾਂ ਦਾ ਇੱਕ ਹਿੱਸਾ ਇਸ ਕੱਟੜਵਾਦ ਦਾ ਜੁਆਬ ਕੱਟੜਵਾਦ ਨਾਲ ਦੇਣ ਦੀ ਸੋਚ ਰੱਖਦਾ ਹੈ। ਉੱਥੇ ਵੱਡਾ ਹਿੱਸਾ ਦਹਿਸ਼ਤਜ਼ਦਾ ਵੀ ਹੋਇਆ ਹੈ ਕਿਉਂਕਿ ਆਰਥਿਕ ਪੱਖੋਂ ਕਮਜ਼ੋਰ ਹੋਣ ਕਰਕੇ ਉਹ ਬਲਹੀਣ ਹਨ। ਉੱਥੇ ਦਲਿਤਾਂ ਦਾ ਵੱਡਾ ਹਿੱਸਾ ਆਰਥਿਕ ਤੌਰ 'ਤੇ ਕਮਜ਼ੋਰ ਹੋਣ ਦੇ ਬਾਵਜੂਦ ਇੱਕ ਜਾਤੀ ਚੇਤਨਾ ਨਾਂਲ ਲੈਸ ਹੋਇਆ ਹੈ। ਉਹ ਹਿੰਦੂ ਕੱਟੜਵਾਦ ਨੂੰ ਬਰਦਾਸ਼ਤ ਕਰਨ ਲਈ ਤਿਆਰ ਨਹੀਂ ਅਤੇ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਹੈ। ਹੁਣ ਯੂਪੀ ਦੇ ਸਹਾਰਨਪੁਰ ਜ਼ਿਲ੍ਹੇ ਦੇ ਪਿੰਡ ਸ਼ਬੀਰਪੁਰ ਵਿੱਚ ਠਾਕੁਰਾਂ ਵੱਲੋਂ ਦਲਿਤਾਂ ਦੇ 55 ਘਰਾਂ ਨੂੰ ਸਾੜੇ ਜਾਣ, ਡੇਢ ਦਰਜਨ ਔਰਤਾਂ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕਰਨ ਦੇ ਕਾਤਲਾਨਾ ਹਮਲਿਆਂ ਕਰਨ ਪਿੱਛੋਂ ਭਾਜਪਾ ਦੀ ਅਗਵਾਈ ਵਾਲੀ ਯੋਗੀ ਸਰਕਾਰ ਨੇ ਦਲਿਤ ਵਿਰੋਧੀ ਅਤੇ ਠਾਕੁਰਾਂ ਪੱਖੀ ਰਵੱਈਏ ਦਾ ਪ੍ਰਤੱਖ ਪ੍ਰਗਟਾਅ ਕੀਤਾ ਹੈ। ਸਾੜੇ ਗਏ ਦਲਿਤ ਘਰਾਂ ਦੇ ਜ਼ੁੰਮੇਦਾਰ ਠਾਕੁਰ ਹੁੱਲੜਬਾਜ਼ਾਂ ਵਿਰੁੱਧ ਨਾ ਤਾਂ ਕੇਸ ਦਰਜ ਕੀਤੇ ਗਏ ਹਨ ਨਾ ਹੀ ਉਨ੍ਹਾਂ ਉੱਤੇ ਕਾਤਲਾਨਾ ਹਮਲਾ ਕਰਨ ਵਾਲੇ ਠਾਕੁਰ ਬ੍ਰਾਦਰੀ ਦੇ ਲੋਕਾਂ ਉੱਪਰ ਮੁਕੱਦਮੇ ਬਣਾਏ ਗਏ ਹਨ। ਰਾਜ ਨੰਗੀ ਚਿੱਟੀ ਏਕਾ ਅਧਿਕਾਰ ਪ੍ਰਵਿਰਤੀ ਦਾ ਪ੍ਰਗਟਾਅ ਕਰ ਰਿਹਾ ਹੈ।

ਸਭ ਤੋਂ ਵੱਡੀ ਫਿਕਰਮੰਦੀ ਇਹ ਹੈ ਕਿ ਅਲੱਗ ਅਲੱਗ ਖੇਤਰਾਂ ਵਿੱਚ ਵਾਪਰੀਆਂ ਇਹਨਾਂ ਘਟਨਾਵਾਂ ਨੂੰ ਛੁਪਾਇਆ ਜਾ ਰਿਹਾ ਹੈ। ਮਿਸਾਲ ਲਈ ਛੱਤੀਸਗੜ੍ਹ, ਝਾਰਖੰਡ,

ਉੜੀਸਾ, ਆਂਧਰਾ ਜਾਂ ਜੰਮੂ-ਕਸ਼ਮੀਰ ਜਾਂ ਉਤਰੀ ਪੂਰਬੀ ਖੇਤਰ ਜਿੱਥੇ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਦੀਆਂ ਰੌਂਗਟੇ ਖੜੇ ਕਰਨ ਵਾਲੀਆਂ ਘਟਨਾਵਾਂ ਵਾਪਰ ਰਹੀਆਂ ਹਨ। ਅਤੇ ਜਿਨ੍ਹਾਂ ਵਿੱਚ ਸੈਨਿਕ ਅਤੇ ਅਰਧ ਸੈਨਿਕ ਦਸਤਿਆਂ ਸਮੇਤ ਪੁਲੀਸ ਸ਼ਾਮਿਲ ਹੈ ਦੀ ਜੇ ਕੋਈ ਨਿਰਪੱਖ ਜਾਂ ਜਮਹੂਰੀ ਅਧਿਕਾਰਾਂ ਦੀ ਜਥੇਬੰਦੀ ਜਾਂਚ ਕਰਕੇ ਦੇਸ਼ ਦੇ ਲੋਕਾਂ ਸਾਹਮਣੇ ਸਚਾਈ ਰੱਖਣਾ ਚਾਹੁੰਦੀ ਹੈ ਤਾਂ ਉਨ੍ਹਾਂ ਨੂੰ ਦੇਸ਼ ਧ੍ਰੋਹ ਤੇ ਅੱਤਵਾਦੀ ਗਤੀਵਿਧੀਆਂ ਕਾਨੂੰਨ ਹੇਠ ਜੇਲ੍ਹਾਂ 'ਚ ਸੁੱਟ ਜਾਣ ਦਾ ਰਾਹ ਹਾਕਮਾਂ ਨੇ ਚੁਣ ਲਿਆ ਹੈ। ਇਹਨਾਂ ਇਲਾਕਿਆਂ ਵਿਚ ਨਾਮਾਨਿਗਾਰਾਂ ਤੇ ਵਕੀਲਾਂ ਨੂੰ ਦੇਸ਼ ਨਿਕਾਲੇ ਦਿੱਤੇ ਜਾ ਰਹੇ ਹਨ ਜਾਂ ਝੂਠੇ ਮੁਕਦਮਿਆਂ ਵਿਚ ਉਲਝਾਇਆ ਜਾ ਰਿਹਾ ਹੈ। ਇਹ ਨਵਾਂ ਨਹੀਂ ਇਹਦੀ ਉਘੜਵੀਂ ਮਿਸਾਲ ਹੈਨਰੀ ਕਸਿੰਜਰ ਦੀ ਹੈ। ਜਿਸਨੇ ਇੰਡੋਨੇਸ਼ੀਆ ਦੇ ਹੁਕਮਰਾਨਾਂ ਨੂੰ ਕਿਹਾ ਸੀ ਕਿ "ਤੁਸੀਂ ਉਨ੍ਹਾਂ ਇਲਾਕਿਆਂ 'ਚ ਜਿੱਥੇ ਅਮਰੀਕੀ ਕਾਰਪੋਰੇਟੀ ਪੂੰਜੀ ਦਾ ਵਿਰੋਧ ਹੋ ਰਿਹਾ ਹੈ ਜ਼ੁਲਮ ਅਤੇ ਦਹਿਸ਼ਤ ਨਾਲ ਦਬਾ ਦਿਓ ਤੇ ਵਿਰੋਧ ਦਾ ਸਫ਼ਾਇਆ ਕਰ ਦਿਓ। ਅਸੀ ਦੁਨੀਆਂ ਨੂੰ ਤਿੰਨ ਮਹੀਨੇ ਪਤਾ ਨਹੀਂ ਲੱਗਣ ਦਿਆਂਗੇ"। ਕਾਰਪੋਰੇਟੀ ਪੂੰਜੀ ਦੇ ਚਾਟੜੇ ਭਾਰਤ ਸਮੇਤ ਹਰ ਦੇਸ਼ 'ਚ ਇਹੀ ਗੁਰ ਅਪਣਾ ਰਹੇ ਹਨ।

ਕੱਟੜਵਾਦੀ ਤਾਕਤਾਂ ਦੇ ਫੁਰਮਾਨਾਂ ਦਾ ਜਿਵੇਂ ਕੀ ਖਾਂਦੇ ਹੋ, ਕੀ ਪਹਿਨਦੇ ਹੋ, ਕਿਹਦੇ ਨਾਲ ਜਾਂਦੇ ਹੋ, ਅਤੇ ਕੀ ਬੋਲਦੇ ਹੋ, ਕੀ ਲਿਖਦੇ ਹੋ, ਕਿਸ ਧਰਮ ਨੂੰ ਮੰਨਦੇ ਹੋ, ਕਿਉਂ ਮੰਨਦੇ ਹੋ, ਕਿਹੜੀ ਭਾਸ਼ਾ ਬੋਲਦੇ ਹੋ, ਇਹ ਫ਼ਿਰਕਾਪ੍ਰਸਤ ਅਸਹਿਣਸ਼ੀਲਤਾ ਚੋਂ ਉਪਜੀ ਉਹ ਹਿੰਸਾ ਹੈ ਜਿਹੜੀ ਸਮਾਜ ਦੀ ਸਾਰੀ ਚੇਤਨਤਾ, ਵਿਚਾਰ, ਤਰਕ, ਵਿਵੇਕ ਆਦਿ ਨੂੰ ਖਤਮ ਕਰਨ ਦੇ ਆਹਰ ਲੱਗੀ ਹੋਈ ਹੈ। ਕਿਸੇ ਤਰ੍ਹਾਂ ਦੀ ਇਤਿਹਾਸਕ ਖੋਜ ਕਰਨਾ ਸਖ਼ਤ ਮਨ੍ਹਾ ਹੈ। ਹੁਣੇ ਜਿਹੇ ਰਾਜਸਥਾਨ ਦੀ ਇੱਕ ਲੇਖਕਾ ਦੀ ਮਹਾਰਾਣਾ ਪ੍ਰਤਾਪ ਉੱਤੇ ਆਈ ਇੱਕ ਪੁਸਤਕ ਜਿਸ 'ਚ ਉਸਨੇ ਮਹਾਰਾਣਾ ਪ੍ਰਤਾਪ ਨੂੰ ਵਣਜਾਰਾ ਜਾਤੀ ਦਾ ਆਗੂ ਸਿੱਧ ਕੀਤਾ ਹੈ ਨੂੰ ਧਮਕੀਆਂ ਦੇਣ ਤੇ ਕਿਤਾਬ ਵਾਪਸ ਲੈਣ ਲਈ ਦਹਿਸ਼ਤ ਪਾਈ ਜਾ ਰਹੀ ਹੈ। ਜੇ.ਐਨ.ਯੂ. ਸਮੇਤ ਦੇਸ਼ ਦੀਆਂ ਸਾਰੀਆਂ ਯੂਨੀਵਰਸਿਟੀਆਂ ਜਿੱਥੇ ਚਿੰਤਨ ਤੇ ਖੋਜ ਦੇ ਕੰਮ ਦਾ ਵਿਸ਼ਵ ਮਿਆਰੀ ਸੀ ਨੂੰ ਕੇਂਦਰੀ ਹਾਕਮ ਅਤੇ ਉਨ੍ਹਾਂ ਦੇ ਗਿਆਨ ਵਿਹੂਣੇ ਲਠੈਤ ਤਹਿਤ ਨਹਿਸ਼ ਕਰਨ ਉੱਤੇ ਲੱਗੇ ਹੋਏ ਹਨ। ਵਿਸ਼ੇਸ਼ ਕਰਕੇ ਦਲਿਤਾਂ ਤੇ ਘੱਟ ਗਿਣਤੀਆਂ ਦੇ ਕੰਮ ਲਈ ਖੋਜ ਵਜੀਫ਼ਿਆਂ ਤੇ ਸਹੂਲਤਾਂ ਆਦਿ ਨੂੰ ਖਤਮ ਕਰਨ ਦਾ ਜੋ ਰਾਹ ਫੜ ਲਿਆ ਹੈ ਉਹ ਲੋਕਾਈ ਨੂੰ ਅਣਪੜ੍ਹ ਬਣਾਈ ਰੱਖਣ ਦਾ ਮਨੂੰ ਸਿਮਰਤੀ ਤੇ ਬ੍ਰਾਹਮਣੀ ਸੋਚ ਦਾ ਹੀ ਸਿੱਟਾ ਹੈ।

ਸੋ ਅੱਜ ਅਵਾਮ ਦੇ ਜਮਹੂਰੀ ਅਧਿਕਾਰਾਂ ਦੀ ਲੜਾਈ ਪਹਿਲਾਂ ਨਾਲੋਂ ਕਿਤੇ ਗੁੰਝਲਦਾਰ, ਬੇਕਿਰਕ ਤੇ ਜ਼ਰੂਰੀ ਹੋ ਗਈ ਹੈ। 150 ਸਾਲ ਦੀ ਦੇਸ਼ ਦੀ ਆਜ਼ਾਦੀ ਦੀ ਲੜਾਈ 'ਚ ਜੋ ਪ੍ਰਾਪਤ ਕੀਤਾ ਗਿਆ ਸੀ ਉਨ੍ਹੂੰ ਖਤਮ ਕਰਨ ਲਈ ਹਾਕਮ ਜਮਾਤਾਂ ਤਤਪਰ ਹਨ। ਰਾਜਸੀ ਮੁਫਾਦਾਂ ਲਈ ਨਾ ਸੈਕੂਲਰ ਚੇਤਨਾ ਦਾ ਪਸਾਰਾ ਕੀਤਾ ਨਾ ਵਿਗਿਆਨਕ ਨਜ਼ਰੀਏ ਦਾ ਜਿਸ ਪ੍ਰਤੀ ਸੰਵਿਧਾਨਕ ਅਹਿਦ ਲਿਆ ਸੀ। ਰਾਜ ਜਿਹੜੇ ਅਹਿਦ ਲੈਂਦਾ ਹੈ ਉਹਨਾਂ ਸਬੰਧੀ ਅਵਾਮ ਵਿੱਚ ਇੱਕ ਜਾਗਰੂਕ ਸਭਿਆਚਾਰਕ

ਸੋਝੀ ਦਾ ਪਸਾਰਾ ਕਰਨਾ ਵੀ ਰਾਜ ਦੀ ਜ਼ੁੰਮਵਾਰੀ ਹੁੰਦੀ ਹੈ। ਇਹ ਉਹੀ ਦਵੰਦ ਸੀ ਜਿਹਨਾਂ ਜਮਾਤਾਂ ਨੇ ਸੰਵਿਧਾਨ ਆਜ਼ਾਦੀ ਦੀ ਲਹਿਰ ਦੇ ਦਬਾਅ ਵਾਲੀਆਂ ਹਾਲਤਾਂ ਵਿਚ ਪ੍ਰਵਾਨ ਕਰ ਲਿਆ ਉਹ ਨਹੀਂ ਸਨ ਚਾਹੁੰਦੀਆਂ ਅਤੇ ਉਨ੍ਹਾਂ ਨੇ ਸੱਤਾ 'ਤੇ ਕਾਬਜ਼ ਹੋਣ ਲਈ ਧਰਮ, ਜਾਤੀ ਤੇ ਨਾਬਰਾਬਰੀ ਨੂੰ ਨਾਹਰਿਆਂ 'ਚ ਬਦਲ ਕੇ ਭਰਮਾਇਆ। ਅੱਜ ਵੀ ਜੋ ਹੋ ਰਿਹਾ ਹੈ ਉਸੇ ਦੀ ਅਗਲੀ ਕੜੀ ਹੈ। ਜੇ ਵਿਵਹਾਰਕ ਤਬਦੀਲੀ ਨਾ ਹੋਵੇ ਤਾਂ ਸੰਵਿਧਾਨ ਨਿਰੀ ਕਿਤਾਬ ਹੀ ਰਹਿ ਜਾਂਦੀ ਹੈ। ਇਹੀ ਕਾਰਨ ਹੈ ਕਿ ਅਜੋਕੀ ਸੱਤਾਨਸ਼ੀਨ ਵਿਚਾਰਧਾਰਾ ਲਈ ਹਾਲ ਦੀ ਘੜੀ ਇਹ ਸਿਰਫ਼ ਦੂਰੋਂ ਪ੍ਰਣਾਮ ਕਰਨ ਵਾਲੀ ਕਿਤਾਬ ਹੀ ਹੈ। ਉਹ ਦੇਰ ਸਵੇਰ ਇਹਦੇ ਬੋਝ ਤੋਂ ਵੀ ਮੁਕਤ ਹੋ ਜਾਣਗੇ। ਇਹ ਭੁੱਲਣਾ ਨਹੀਂ ਚਾਹੀਦਾ ਕਿਉਂਕਿ ਇਹ ਉਹਨਾਂ ਦੀ ਸੱਭਿਆਚਾਰਕ ਵਿਚਾਰਧਾਰਾ ਦੇ ਅਨੁਰੂਪ ਨਹੀਂ।

ਸੋ ਚਿੰਤਨਸ਼ੀਲ ਬੁੱਧੀਜੀਵੀਆਂ ਦੀ ਜ਼ਿੰਮੇਵਾਰੀ ਪਹਿਲਾਂ ਨਾਲੋਂ ਕਿਤੇ ਵੱਧ ਗੰਭੀਰ ਤੇ ਸ਼ਿੱਦਤ ਬਣ ਗਈ ਹੈ ਕਿ ਉਹ ਆਵਾਮ ਦੇ ਜਮਹੂਰੀ ਅਧਿਕਾਰਾਂ ਦੀ ਰਾਖੀ ਦੀ ਲੜਾਈ ਲਈ ਅੱਗੇ ਆਉਣ।

✲✲✲

ਰਾਸ਼ਟਰਵਾਦ ਦਾ ਸਵਾਲ ਅਤੇ ਸਾਹਿਤ

-ਡਾ. ਰਜਨੀਸ਼ ਬਹਾਦਰ ਸਿੰਘ

'ਰਾਸ਼ਟਰ ਇਕ ਅਜਿਹਾ ਭਾਵ-ਪਰਕ ਵਿਚਾਰ ਹੈ ਜਿਹੜਾ ਪਦਾਰਥਕ ਸਥਿਤੀਆਂ ਵਿੱਚੋਂ ਆਪਣੀ ਹੋਂਦ ਗ੍ਰਹਿਣ ਕਰਦਾ ਹੈ ਅਤੇ ਇਤਿਹਾਸਕ ਪਰਿਪੇਖ ਵਿੱਚ ਵਿਕਾਸ ਕਰਦਾ ਹੈ। ਇਸ ਭਾਵ-ਪਰਕ ਵਿਚਾਰ ਨੂੰ ਕਿਸੇ ਇਕ ਪ੍ਰੀਭਾਸ਼ਾ ਵਿੱਚ ਬੰਨ੍ਹਣਾ ਮੁਸ਼ਕਲ ਹੁੰਦਾ ਹੈ ਕਿਉਂਕਿ ਇਸ ਦੇ ਆਧਾਰ ਇਤਿਹਾਸਕ ਪ੍ਰਸਥਿਤੀਆਂ ਅਤੇ ਪਰਿਪੇਖ ਅਨੁਸਾਰ ਬਦਲਦੇ ਰਹੇ ਹਨ। 'ਰਾਸ਼ਟਰ, ਦਾ ਸੰਕਲਪ ਸਿਧਾਂਤਕ ਰੂਪ ਵਿੱਚ ਲੋਕਤੰਤਰੀ ਵਿਵਸਥਾ ਵਿੱਚ ਆਪਣੇ ਵਿਆਪਕ ਅਰਥ ਗ੍ਰਹਿਣ ਕਰਦਾ ਹੈ। ਇਤਿਹਾਸਕ ਵਿਕਾਸ ਦੇ ਇਸ ਪੜਾਅ ਉੱਤੇ ਪਹੁੰਚ ਕੇ ਰਾਸ਼ਟਰ ਦਾ ਘੇਰਾ ਵੀ ਵਿਸ਼ਾਲ ਹੁੰਦਾ ਹੈ। ਇਹ ਵਿਕਾਸ ਪ੍ਰਕਿਰਿਆ ਸਿਧਾਂਤਕ ਪੱਧਰ ਉੱਤੇ ਇਸੇ ਪ੍ਰਕਾਰ ਚਲਦੀ ਹੈ ਪਰੰਤੂ ਜਦੋਂ ਜਦੋਂ ਪੂੰਜੀਵਾਦ ਸੰਕਟ ਵਿੱਚ ਆਉਂਦਾ ਹੈ ਤਾਂ ਵਿਕਾਸਸ਼ੀਲ ਦੇਸ਼ਾਂ ਵਿੱਚ ਰਾਸ਼ਟਰਵਾਦ ਦਾ ਪਿਛਾਂਖਿੱਚੂ, ਧਰਮ, ਨਸਲ ਅਤੇ ਅਖੌਤੀ ਮੁਹਾਵਰਾ ਮੂਲਕ ਰਾਸ਼ਟਰਵਾਦ ਦਾ ਦੁਸ਼ ਪ੍ਰਚਾਰ ਵਾਲਾ ਰੂਪ ਵੀ ਸਾਹਮਣੇ ਆਉਂਦਾ ਹੈ। ਭਾਰਤ ਵਰਗੇ ਵਿਕਾਸਸ਼ੀਲ, ਬਹੁ-ਨਸਲੀ, ਬਹੁ-ਭਾਸ਼ਾਈਂ ਤੇ ਬਹੁ-ਸੱਭਿਆਚਾਰਕ ਦੇਸ਼ ਵਿੱਚ ਇਹ ਮਸਲਾ ਵਧੇਰੇ ਜਟਿਲ ਬਣਾਇਆ ਜਾ ਰਿਹਾ ਹੈ। ਇਸ ਲਈ ਰਾਸ਼ਟਰਵਾਦ ਦੇ ਪਿੱਛਾਂ ਖਿੱਚੂ ਸਰੂਪ ਨੂੰ ਲੈ ਕੇ ਇਸ ਉਤੇ ਸੰਵਾਦ ਰਚਾਉਣਾ ਜ਼ਰੂਰੀ ਹੈ ਤਾਂ ਜੋ ਰਾਸ਼ਟਰਵਾਦ ਨੂੰ ਸਹੀ ਪਰਿਪੇਖ ਵਿੱਚ ਸਮਝਿਆ ਜਾ ਸਕੇ।

ਭਾਰਤ ਇਕ ਬਹੁ-ਕੌਮੀ, ਬਹੁ-ਭਾਸ਼ਾਈ ਅਤੇ ਬਹੁ-ਨਸਲੀ ਦੇਸ਼ ਹੈ। ਇਹ ਇਸ ਦੀ ਵਰਤਮਾਨ ਸਥਿਤੀ ਹੈ, ਇਸ ਵਰਤਾਮਾਨ ਦੀਆਂ ਜੜ੍ਹਾਂ ਸਦੀਆਂ ਤੱਕ ਫੈਲੀਆਂ ਹੋਈਆਂ ਹਨ। ਇਥੇ ਕੰਪੋਜਿਟ ਸਭਿਆਚਾਰ ਤੋਂ ਲੈ ਕੇ ਮਿਸ਼ਰਤ ਸੱਭਿਆਚਾਰ ਦੀ ਇਕ ਲੰਮੀ ਵਿਕਾਸ ਯਾਤਰਾ ਹੈ। ਮੌਜੂਦਾ ਸਮੇਂ ਵਿੱਚ ਰਾਸ਼ਟਰਵਾਦ ਦੀ ਪ੍ਰਭੂਸੱਤਾ ਵਾਲੀ ਧੁਨੀ ਬਹੁਤ ਜ਼ੋਰ-ਸ਼ੋਰ ਨਾਲ ਉਭਾਰੀ ਹੀ ਨਹੀਂ ਜਾ ਰਹੀ ਸਗੋਂ ਇਸ ਦੇ ਵਿਕਰਾਲ ਰੂਪ ਨੂੰ ਲਾਗੂ ਵੀ ਕੀਤਾ ਜਾ ਰਿਹਾ ਹੈ। ਇਸ ਧੁਨੀ ਦੀ ਪੈਰਵੀ ਕਰਨ ਵਾਲੇ ਲੋਕ ਕੌਮੀ ਸਰਮਾਏਦਾਰੀ ਦੀਆਂ ਲੋਕ-ਵਿਰੋਧੀ ਨੀਤੀਆਂ, ਭ੍ਰਿਸ਼ਟਾਚਾਰ ਦੇ ਤੰਤਰ ਦੀ ਪ੍ਰਭੂਸੱਤਾ, ਲੋਕਾਂ ਦੀ ਅਜ਼ਾਦੀ, ਅਤੇ ਲੋਕਤੰਤਰੀ ਵਿਵਸਥਾ ਵਿੱਚ ਸੱਤਾ ਪ੍ਰਾਪਤੀ ਲਈ ਜਾਤੀ ਅਤੇ ਧਰਮ ਦੇ ਵੋਟ ਬੈਂਕ ਦੀ ਵਰਤੋਂ ਨੇ ਮੂਲਵਾਦੀ ਸ਼ਕਤੀਆਂ ਲਈ ਸੱਤਾ ਪ੍ਰਾਪਤੀ ਦਾ

ਰਾਹ ਪੱਧਰਾ ਕਰ ਦਿੱਤਾ। ਇਹਨਾਂ ਸ਼ਕਤੀਆਂ ਨੇ ਸਾਮ-ਦਾਮ-ਦੰਡ-ਭੇਦ ਹਰ ਹਰਬਾ ਵਰਤ ਕੇ ਲੋਕਤੰਤਰੀ ਸੰਸਥਾਵਾਂ ਉੱਤੇ ਲੱਗਭਗ ਕਬਜ਼ਾ ਜਮਾ ਲਿਆ। ਸੱਤਾ ਉਤੇ ਕਬਜ਼ਾ ਜਮਾਉਂਦੇ ਹੀ ਉਨ੍ਹਾਂ ਨੇ ਚੋਣਾਂ ਦੌਰਾਨ ਕੀਤੀ ਜੁਮਲੇਬਾਜੀ ਦੇ ਹਕੀਕੀ ਰੂਪ ਸਾਕਾਰ ਹੁੰਦਾ ਨਾ ਵੇਖ ਕੇ ਸਰਕਾਰ ਦੇ ਹਰ ਵਿਰੋਧ ਨੂੰ ਰਾਸ਼ਟਰ ਵਿਰੋਧ ਦਾ ਨਾਂ ਦੇਣਾ ਸ਼ੁਰੂ ਕਰ ਦਿੱਤਾ। ਇਸ ਰਾਸ਼ਟਰਵਾਦ ਦੇ ਅਖੌਤੀ ਰੂਪ ਨੂੰ ਉਨ੍ਹਾਂ ਘੱਟ ਗਿਣਤੀਆਂ ਦੇ ਵਿਰੋਧ ਵਿੱਚ ਬਹੁ-ਗਿਣਤੀ ਦੀਆਂ ਭਾਵਨਾਵਾਂ ਨੂੰ ਭੜਕਾਉਣਾ ਸ਼ੁਰੂ ਕਰ ਦਿੱਤਾ। ਵੱਡੀ ਘੱਟ ਗਿਣਤੀ ਦੇ ਵਿਰੋਧ ਨੂੰ ਭੜਕਾਉਣ ਲਈ ਉਹਨਾਂ ਨੇ ਉਸ ਧਰਮ ਨਾਲ ਜੁੜੇ ਰਾਜਤੰਤਰ ਦੇ ਤੱਤਾਂ ਦੀ ਕਾਰਜਸ਼ੀਲਤਾ ਨੂੰ ਵਰਤਣਾ ਸ਼ੁਰੂ ਕਰ ਦਿੱਤਾ ਜਿਸ ਪਿੱਛੇ ਸੂਫੀਆਂ ਦੀਆਂ ਮਹਾਨ ਪਰੰਪਰਾਵਾਂ ਨੂੰ ਧੁੰਦਲਾ ਕਰਕੇ ਰਾਜਸ਼ਾਹੀ ਦਾ ਫਿਰਕੂ ਰੂਪ ਕੇਂਦਰ ਵਿੱਚ ਲਿਆ ਖੜਾ ਕੀਤਾ। ਉਦਾਹਰਣ ਦੇ ਤੌਰ ਤੇ ਗਊ ਹੱਤਿਆ ਦਾ ਮੁੱਦਾ ਕਿਸਾਨੀ ਸਮਾਜ ਦੇ ਮਸ਼ੀਨੀਕਰਨ ਤੋਂ ਪਹਿਲਾਂ ਸਾਰੇ ਧਰਮਾਂ ਦੇ ਕਿਸਾਨਾਂ ਲਈ ਸਤਿਕਾਰਤ ਸੀ। ਕਿਸਾਨ ਚਾਹੇ ਹਿੰਦੂ ਹੋਵੇ, ਮੁਸਲਮਾਨ ਜਾਂ ਸਿੱਖ ਉਹਨਾਂ ਸਾਰਿਆਂ ਦੇ ਮਨਾਂ ਵਿੱਚ ਗਊ ਦਾ ਸਤਿਕਾਰ ਸੀ। ਉਹ ਉਨ੍ਹਾਂ ਦੀ ਆਰਥਿਕਤਾ ਦਾ ਧੁਰਾ ਸੀ। ਹੁਣ ਆਰਥਿਕਤਾ ਦਾ ਪ੍ਰਸੰਗ ਬਦਲ ਗਿਆ। ਗਊ ਰੱਖਿਅਕਾਂ ਦੇ ਟੋਲੇ ਕਿਸਾਨੀ ਸਮਾਜ ਵਿੱਚੋਂ ਨਹੀਂ ਸਗੋਂ ਸ਼ਹਿਰਾਂ ਦੇ ਵਿਹਲੜ ਲੋਕ ਹਨ। ਫੌਜ ਦੀ ਕਾਰਵਾਈ ਨੂੰ ਰਾਜਸੀ ਹਿੱਤਾਂ ਲਈ ਵਰਤਣਾ ਅਤੇ ਰਾਜਤੰਤਰ ਅਤੇਸੰਸਥਾਵਾਂ ਦਾ ਭਗਵਾਕਰਨ ਕਰਕੇ ਉਹਨਾਂ ਅੰਦਰ ਸਨਾਤਨੀ ਮਾਨਵ-ਵਿਰੋਧੀ ਤੱਤਾਂ ਨੂੰ ਹੱਲਾਸ਼ੇਰੀ ਦੇਣਾ ਮੁਖ ਮੁੱਦਾ ਬਣਿਆ ਹੋਇਆ ਹੈ। ਸਿੱਖਿਆ ਸੰਸਥਾਵਾਂ ਵਿੱਚ ਟੈਂਕ ਖੜੇ ਕਰਨਾ, ਬੰਦੇ ਮਾਤਰਮ ਨੂੰ ਆਪਣੇ ਸੌੜੇ ਹਿੱਤਾਂ ਲਈ ਵਰਤਣ ਵਰਗੀਆਂ ਕਾਰਵਾਈਆਂ ਚੱਲ ਰਹੀਆਂ ਹਨ। ਜਿਹੜਾ ਵਿਅਕਤੀ ਸਰਕਾਰ ਦੀ ਕਿਸੇ ਨੀਤੀ ਦਾ ਵਿਰੋਧ ਕਰਦਾ ਹੈ ਉਹ ਰਾਸ਼ਟਰ ਵਿਰੋਧੀ ਗਰਦਾਨ ਦਿੱਤਾ ਜਾਂਦਾ ਹੈ। ਹਰ ਪ੍ਰਕਾਰ ਦੇ ਸੰਵਾਦ ਉੱਤੇ ਰੋਕ ਲਗਾਈ ਜਾ ਰਹੀ ਹੈ। ਇਸੇ ਲਈ ਰਾਸ਼ਟਰਵਾਦ ਅਤੇ ਸਾਹਿਤ ਤੇ ਕਲਾ ਦੇ ਵਰਤਾਰੇ ਉਤੇ ਸੰਵਾਦ ਸਮੇਂ ਦੀ ਲੋੜ ਹੈ।

ਰਾਸ਼ਟਰ ਅਤੇ ਰਾਸ਼ਟਰਵਾਦ ਨੂੰ ਲੈ ਕੇ ਤਰਕ ਅਧਾਰਿਤ ਸੰਵਾਦ ਯੂਰਪ ਵਿੱਚ ਚਲਦਾ ਹੈ। ਰਾਸ਼ਟਰ ਦੀ ਪਰਿਭਾਸ਼ਾ, ਰਾਸ਼ਟਰ ਦੀ ਹੋਂਦ, ਰਾਸ਼ਟਰ ਦੇ ਖੇਤਰ ਅਤੇ ਰਾਸ਼ਟਰ ਦੇ ਆਧਾਰ ਉਤੇ ਬਹਿਸ ਆਧੁਨਿਕ ਵਿਚਾਰ ਪੱਧਤੀ ਦੀ ਦੇਣ ਹੈ। ਭਾਰਤੀ ਚਿੰਤਨ ਵਿਚਲੇ ਸੰਵਾਦ ਦੀਆਂ ਜੜ੍ਹਾਂ ਤਰਕ ਅਧਾਰਿਤ ਸੋਚ ਵਿੱਚੋਂ ਹੀ ਤਲਾਸ਼ੀਆਂ ਜਾਂ ਸਕਦੀਆਂ ਹਨ। ਮੋਟੇ ਤੌਰ ਉੱਤੇ ਇਕ ਖਾਸ ਭੂਗੋਲਿਕ ਖਿੱਤੇ ਅਤੇ ਰਾਜਸੀ ਇਕਾਈ ਵਿੱਚ ਬੱਧੇ ਵੱਖ ਵੱਖ ਧਾਰਮਿਕ ਵਿਸ਼ਵਾਸਾਂ, ਸਭਿਆਚਾਰਾਂ, ਨਸਲਾਂ ਅਤੇ ਭਾਸ਼ਾਵਾਂ ਬੋਲਣ ਵਾਲੇ ਲੋਕ ਕੁਝ ਭਾਵੁਕ ਸੂਤਰਾਂ ਨਾਲ ਜੁੜੇ ਹੋਏ ਹੁੰਦੇ ਹਨ। ਇਹ ਭਾਵਨਾ ਮੋਟੇ ਤੌਰ ਉਤੇ ਰਾਸ਼ਟਰ ਦਾ ਅਧਾਰ ਬਣਦੀ ਹੈ। ਇਹ ਭਾਵਨਾ ਬਾਹਰੋਂ ਠੋਸੀ ਹੋਣ ਦੀ ਥਾਂ ਅਨੇਕਤਾ ਵਿੱਚ ਏਕਤਾ ਦੇ ਸੂਤਰ ਨਾਲ ਜੁੜੀ ਹੋਈ ਹੋਣੀ ਚਾਹੀਦੀ ਹੈ।

ਇਸ ਦੀ ਪਰਿਭਾਸ਼ਾ ਘੜਨ ਲਈ ਵੱਖੋ-ਵੱਖਰੇ ਸਮੇਂ ਵੱਖਰੇ ਤੱਤਾਂ ਨੂੰ ਫੈਸਲਾਕੁੰਨ ਮੰਨਿਆ ਜਾਂਦਾ ਰਿਹਾ ਹੈ। ਕਦੇ ਇਹ ਤੱਤ ਨਸਲ, ਕਦੇ ਜਾਤੀ, ਕਦੇ ਸਭਿਆਚਾਰ ਅਤੇ ਕਦੇ ਭਾਸ਼ਾ ਬਣਦੇ ਰਹੇ ਹਨ। ਕਬੀਲਾ ਯੁੱਗ ਤੋਂ ਲੈ ਕੇ ਆਧੁਨਿਕ ਵਿਕਸਤ ਸਮਾਜ ਵਿੱਚ ਇਸ ਦੇ ਅਧਾਰ ਨਿਰੰਤਰ ਫੈਲਦੇ ਰਹੇ ਹਨ। ਕਬੀਲਾ ਯੁੱਗ ਵਿੱਚ ਕਬੀਲੇ ਦਾ ਇਲਾਕਾ, ਸੰਪਤੀ, ਕਬੀਲੇ ਪ੍ਰਤੀ ਵਫਾਦਾਰੀ ਅਰਥਾਤ ਕਬੀਲੇ ਤੱਕ ਸੀਮਤ ਜਿਹਾ ਰਾਸ਼ਟਰ ਹੁੰਦਾ ਸੀ। ਇਹ ਕਬੀਲਾ ਫੈਲਦੇ ਫੈਲਦੇ ਕਈ ਕਬੀਲਿਆਂ ਨੂੰ ਮਿਲਾ ਕੇ ਵੱਡੇ ਇਲਾਕੇ ਨੂੰ ਆਪਣੇ ਕਬਜ਼ੇ ਵਿੱਚ ਲੈ ਲੈਂਦਾ ਸੀ। ਇਹ ਹੌਲੇ-ਹੌਲੇ ਗਣਾਂ ਵਿੱਚ ਤਬਦੀਲ ਹੋ ਜਾਂਦਾ ਸੀ ਹਰ ਇਕ ਗਣ ਦਾ ਆਪਣਾ ਪ੍ਰਬੰਧ, ਆਪਣੀ ਪੂਜਾ ਪੱਧਤੀ, ਆਪਣਾ ਦੇਵਤਾ ਬਣ ਜਾਂਦਾ ਸੀ। ਇੱਥੋਂ ਦੇ ਰਾਸ਼ਟਰ ਅੰਦਰ ਖੁਦਮੁਖਤਾਰੀ ਅਤੇ ਦੂਜੇ ਗਣਾਂ ਨਾਲ ਸਾਂਝ ਦੇ ਸੂਤਰ ਵਿਕਸਤ ਹੁੰਦੇ ਸਨ। ਇੱਥੋਂ ਹੀ ਆਪਸੀ ਸੰਵਾਦ ਦਾ ਮੁੱਢ ਬੱਝਦਾ ਹੈ। ਪੰਡਤ ਜਵਾਹਰ ਲਾਲ ਨਹਿਰੂ ਆਪਣੀ ਪੁਸਤਕ 'ਡਿਸਕਵਰੀ ਆਫ ਇੰਡੀਆ ਵਿੱਚ ਭਾਰਤੀ ਲੋਕਾਂ ਦੀ ਏਕਤਾ ਦੇ ਜਿਸ ਸੂਤਰ ਦੀਆਂ ਜੜ੍ਹਾਂ ਤਲਾਸ਼ਦਾ ਹੈ ਉਹ ਸੂਤਰ ਸੰਵਾਦ ਹੈ ਅਤੇ ਸੰਵਾਦ ਦੀਆਂ ਜੜ੍ਹਾਂ ਨੂੰ ਬੁੱਧ ਦੇ ਚਿੰਤਨ ਵਿੱਚੋਂ ਤਲਾਸ਼ਦਾ ਹੈ। ਜਿਸ ਦਾ ਕੇਂਦਰ ਆਪਣੇ ਵਿਚਾਰ ਦੱਸਣ ਲਈ ਦੂਜੇ ਦੇ ਵਿਚਾਰਾਂ ਨੂੰ ਸਹਿਜਤਾ ਨਾਲ ਸੁਣਨਾ ਜ਼ਰੂਰੀ ਸੀ। ਇਹ ਸਹਿਣਸ਼ੀਲਤਾ ਦਾ ਸੂਤਰ ਭਾਰਤੀ ਰਾਸ਼ਟਰਵਾਦ ਅਤੇ ਏਕਤਾ ਦਾ ਮੂਲ ਸਿਧਾਂਤ ਹੈ। ਵਰਤਮਾਨ ਵਿੱਚ ਸਹਿਣਸ਼ੀਲਤਾ ਦਾ ਸੂਤਰ ਹੀ ਸਭ ਤੋਂ ਵੱਧ ਖਤਰੇ ਵਿੱਚ ਹੈ। ਇਸ ਸੂਤਰ ਦੀਆਂ ਜੜ੍ਹਾਂ ਦੀ ਤਲਾਸ਼ ਵਰਤਮਾਨ ਵਿੱਚ ਰਾਸ਼ਟਰਵਾਦ ਨੂੰ ਸਮਝਣ ਲਈ ਸੰਵਾਦੀ ਸਰੂਪ ਵਿੱਚ ਉਘੜਨੀਆਂ ਜ਼ਰੂਰੀ ਹਨ।

ਭਾਰਤ ਵਿੱਚ ਰਾਸ਼ਟਰਵਾਦ ਦੀਆਂ ਜੜ੍ਹਾਂ ਸਿਕੰਦਰ ਦੇ ਹਮਲੇ ਸਮੇਂ ਸਾਹਮਣੇ ਆਉਣ ਲਗਦੀਆਂ ਹਨ। ਸਿਕੰਦਰ ਭਾਰਤ ਵਿੱਚ ਗਣਾਂ ਨੂੰ ਲਿਤਾੜਦਾ ਹੋਇਆ ਅੱਗੋਂ ਵੱਧ ਰਿਹਾ ਸੀ। ਭਾਰਤ ਵਿੱਚ ਉਹ ਦੌਰ ਕਿਸੇ ਸ਼ਕਤੀਸ਼ਾਲੀ ਕੇਂਦਰੀ ਸੱਤਾ ਦੇ ਗਠਨ ਦਾ ਦੌਰ ਸੀ। ਆਰਥਿਕ ਪੱਧਰ ਉੱਤੇ ਗਣਾਂ ਦਾ ਰਾਜ ਦਸਤਕਾਰਾਂ ਦੇ ਫੈਲਾਅ ਅਤੇ ਵਪਾਰ ਲਈ ਸਭ ਤੋਂ ਵੱਡੀ ਰੁਕਾਵਟ ਸੀ। ਹਰ ਗਣ ਨੇ ਆਪਣੀਆਂ ਹੱਦਾਂ ਉਤੇ ਚੁੰਗੀਆਂ ਸਥਾਪਿਤ ਕੀਤੀਆਂ ਹੋਈਆਂ ਸਨ। ਗਣ ਅਧੀਸਾਂ ਦੇ ਆਪਣੇ ਖਰਚੇ ਵੀ ਇਸੇ ਟੈਕਸ ਵਿੱਚੋਂ ਨਿਕਲਦੇ ਸਨ। ਕਈ ਗਣਾਂ ਦੇ ਅਕਾਰ, ਬਹੁਤ ਛੋਟੇ ਸਨ। ਹਰ ਵੱਡਾ ਗਣ ਛੋਟੇ ਉੱਤੇ ਕਬਜ਼ੇ ਦੀ ਇੱਛਾ ਰੱਖਦਾ ਸੀ। ਨੰਦ ਦਰਬਾਰ ਦੀ ਨਿਰੰਕੁਸ਼ ਸੱਤਾ ਨੂੰ ਖ਼ਤਮ ਕਰਕੇ ਚਾਣਕਿਆ ਨੇ ਜਿਹੜਾ ਰਾਜ ਦਾ ਮਾਡਲ ਸਥਾਪਿਤ ਕੀਤਾ, ਉਸ ਵਿਚ ਗਣਾਂ ਦੀ ਖ਼ੁਦਮੁਖ਼ਤਾਰੀ ਸਮੇਤ ਇਕ ਰਾਸ਼ਟਰ ਦਾ ਸੰਕਲਪ ਮੌਜੂਦ ਸੀ। ਇਹ ਕਈ ਸਦੀਆਂ ਦਾ ਸਮਾਂ ਧਾਰਮਿਕ ਪੱਧਰ ਉੱਤੇ ਵੀ ਜੈਨ, ਬੁੱਧ ਮੱਤ ਅਤੇ ਬ੍ਰਾਹਮਣਵਾਦ ਵਿਚਕਾਰ ਸੰਵਾਦ ਦਾ ਸਮਾਂ ਸੀ। ਇਸ ਸਮੇਂ ਟਕਰਾਅ ਵੀ ਮੌਜੂਦ ਸਨ। ਇਹ ਸਮਾਂ ਭਾਰਤ ਵਿੱਚ ਕੰਪੋਜਿਟ ਸੱਭਿਆਚਾਰ ਦਾ ਦੌਰ ਸੀ। ਆਰੀਅ ਅਤੇ ਗੈਰ ਆਰੀਆ ਸਾਂਸਕ੍ਰਿਤੀ ਵਿੱਚ ਸਮਨਵੇ ਦੇ ਨਾਲ-ਨਾਲ ਪ੍ਰਭੂਸੱਤਾ ਦੀ ਸਥਾਪਤੀ ਦਾ ਸਮਾਂ ਸੀ

ਪਰੰਤੂ ਵਿਰੋਧੀ ਧੁਨੀਆਂ ਕਿਸੇ ਨਾ ਕਿਸੇ ਰੂਪ ਵਿੱਚ ਕਿਰਿਆਸ਼ੀਲ ਸਨ। ਸਮੁੱਚੇ ਤੌਰ ਉਤੇ ਨਸਲ ਅਤੇ ਧਰਮ ਤੇ ਅਧਾਰਿਤ ਰਾਸ਼ਟਰਵਾਦ ਦੀ ਧੁਨੀ ਤਾਂ ਬ੍ਰਾਹਮਣਵਾਦ ਦੇ ਰੂਪ ਵਿੱਚ ਚਲਦੀ ਸੀ ਪਰੰਤੂ ਭਾਰਤੀ ਵਸੋਂ ਦਾ ਕਾਫੀ ਵੱਡਾ ਹਿਸਾ ਬੁੱਧ ਧਰਮ ਦੇ ਪ੍ਰਭਾਵ ਥੱਲੇ ਸੀ। ਹਰਸ਼ ਵਰਧਨ ਵਰਗਾ ਰਾਜਾ ਹੂਣਾਂ ਵਰਗੀਆਂ ਵਿਦੇਸ਼ੀ ਸ਼ਕਤੀਆਂ ਦੇ ਵਿਰੋਧ ਵਿੱਚ ਲੜ ਰਿਹਾ ਸੀ। ਇਸ ਦੌਰ ਸਮੇਂ ਭਾਰਤ ਵਿੱਚ ਜਾਤੀ ਸੰਗਠਨਾਂ ਤੇ ਅਧਾਰਿਤ ਕਈ ਕਬੀਲੇ ਉੱਤਰੀ ਭਾਰਤ ਵਿੱਚ ਰਾਜਾਂ ਦਾ ਗਠਨ ਕਰਨ ਵਿੱਚ ਕਾਮਯਾਬ ਹੋ ਗਏ ਕਸ਼ੱਤਰੀਆਂ ਦਾ ਇਕ ਨਵਾਂ ਵਰਗ ਹੋਂਦ ਵਿੱਚ ਆਇਆ ਜਿਨ੍ਹਾਂ ਨੇ ਉੱਤਰੀ ਭਾਰਤ ਵਿੱਚ ਜਾਤੀ ਅਧਾਰਤ ਬਣਤਰਾਂ ਤੇ ਅਧਾਰਿਤ ਰਾਜਾਂ ਦੀ ਸਥਾਪਨਾ ਕੀਤੀ। ਇਹ ਜਾਤੀ ਗੌਰਵ ਹੌਲੇ-ਹੌਲੇ ਜਾਤੀ ਹੰਕਾਰ ਵਿੱਚ ਪਰਿਵਰਤਤ ਹੋ ਗਿਆ। ਇਹਨਾਂ ਰਾਜਿਆਂ ਦਾ ਮੁਢਲਾ ਜੋਸ਼ ਆਤਮਘਾਤੀ ਹੰਕਾਰ ਵਿੱਚ ਪਰਿਵਰਤਤ ਹੋ ਗਿਆ ਉੱਤਰੀ ਭਾਰਤ ਵਿੱਚ ਰਾਜਪੂਤ ਰਾਜਿਆਂ ਦਾ ਆਪਸੀ ਸੰਘਰਸ਼ ਇਸ ਸਥਿਤੀ ਦੀ ਪ੍ਰਮੁੱਖ ਉਦਾਹਰਣ ਹੈ, ਇਸ ਦੌਰ ਦਾ ਰਾਸ਼ਟਰਵਾਦ ਜਾਤੀ ਗੌਰਵ ਨਾਲ ਲਬਰੇਜ਼ ਸੀ ਜਿਸ ਨੇ ਸੈਂਟਰਲ ਅਤੇ ਮੱਧ-ਪੂਰਬ ਏਸ਼ੀਆ ਤੋਂ ਆਉਣ ਵਾਲੇ ਹਮਲਾਵਰਾਂ ਲਈ ਲੁੱਟ ਦਾ ਰਾਹ ਖੋਲ੍ਹ ਦਿੱਤਾ। ਇਹ ਭਾਰਤੀ ਇਤਿਹਾਸ ਦਾ ਉਹ ਸਮਾਂ ਹੈ ਜਿੱਥੇ ਰਾਸ਼ਟਰਵਾਦ ਦੀ ਭਾਵਨਾ ਸਭ ਤੋਂ ਕਮਜ਼ੋਰ ਰੂਪ ਵਿੱਚ ਨਜ਼ਰ ਆਉਂਦੀ ਹੈ। ਇਸ ਦੌਰ ਵਿੱਚ ਸਭ ਤੋਂ ਮਹੱਤਵਪੂਰਨ ਪੜਾਅ ਅੱਠਵੀਂ ਸ਼ਤਾਬਦੀ ਸੀ।

ਅੱਠਵੀਂ ਸ਼ਤਾਬਦੀ ਦੇ ਦੂਜੇ ਦਹਾਕੇ ਵਿੱਚ ਮੁਹੰਮਦ ਬਿਨ-ਕਾਸਮ ਭਾਰਤ ਉੱਤੇ ਹਮਲਾ ਕਰਦਾ ਹੈ। ਉਹ ਸਿੰਧ ਦੇ ਰਾਜੇ ਦਾਹਰ ਨੂੰ ਹਰਾ ਕੇ ਮੁਲਤਾਨ ਤੱਕ ਪਹੁੰਚ ਜਾਂਦਾ ਹੈ। ਮੁਹੰਮਦ-ਬਿਨ-ਕਾਸਮ ਪਹਿਲੀ ਵਾਰੀ ਇਸਲਾਮ ਦਾ ਝੰਡਾ ਨੂੰ ਲੈ ਕੇ ਭਾਰਤ ਵਿੱਚ ਦਾਖਲ ਹੁੰਦਾ ਹੈ। ਇਸ ਤੋਂ ਬਾਅਦ ਇਹ ਸਿਲਸਿਲਾ ਵੱਖ-ਵੱਖ ਧਾੜਵੀਆਂ ਵੱਲੋਂ ਸਦੀਆਂ ਤੱਕ ਚਲਦਾ ਰਿਹਾ। ਮੁਹੰਮਦ-ਬਿਨ-ਕਾਸਮ ਦੇ ਦਾਖਲੇ ਨਾਲ ਪਹਿਲੀ ਵਾਰੀ ਭਾਰਤ ਵਿੱਚ ਮਿਸ਼ਰਤ ਸਭਿਆਚਾਰ ਲਈ ਸਪੇਸ ਪੈਦਾ ਹੁੰਦੀ ਹੈ। ਉਹ ਹਿੰਦੂ ਰਜਵਾੜਸ਼ਾਹੀ ਵੱਲੋਂ ਸਥਾਪਿਤ ਸਮਾਜਿਕ ਸੰਸਥਾਵਾਂ ਉੱਤੇ ਹਮਲਾ ਕਰਦਾ ਹੈ। ਵਰਣ-ਵਿਵਸਥਾ ਉੱਤੇ ਅਧਾਰਿਤ ਭਾਰਤੀ ਸਮਾਜਚਾਰੇ ਦੇ ਇਕ ਹਿੱਸੇ ਵੱਲੋਂ ਉਸ ਨੂੰ ਹਮਾਇਤ ਮਿਲਦੀ ਹੈ। ਉਸ ਦੀ ਫੌਜ ਵਿੱਚ ਧਾੜਵੀਆਂ ਤੋਂ ਲੈ ਕੇ ਮੁਜਾਹਦੀਨ ਸ਼ਾਮਲ ਸਨ। ਉਹ ਇਕ ਅੱਲਾਹ, ਇਕ ਪੈਗੰਬਰ ਅਤੇ ਅੱਲਾਹ ਪ੍ਰਤੀ ਰਾਜੇ ਦੀ ਜਵਾਬਦੇਹੀ ਦੇ ਸੰਕਲਪ ਨੂੰ ਲੈ ਕੇ ਆਉਂਦਾ ਹੈ। ਭਾਰਤ ਵਿੱਚ ਇਹਨਾਂ ਧਾੜਵੀਆਂ ਸਾਹਮਣੇ ਕਿਸੇ ਇਕ-ਮੁਸ਼ਤ ਸਮਾਜਿਕ ਸ਼ਕਤੀ ਦੀ ਥਾਂ ਜਾਤੀ ਹੰਕਾਰ ਵਿੱਚ ਗ੍ਰਸੇ ਹੋਏ ਰਾਜੇ ਸਨ। ਇਹ ਸਿਲਸਿਲਾ ਕਈ ਸਦੀਆਂ ਤੱਕ ਚਲਦਾ ਰਿਹਾ। ਇਸ ਦੌਰਾਨ, ਅਰਬ, ਉਜਬੇਕ, ਤੁਰਕ ਅਤੇ ਮੁਗਲ ਕਬੀਲਿਆਂ ਦੇ ਲੋਕ ਆਉਂਦੇ ਰਹੇ। ਪਹਿਲਾਂ ਉਹਨਾਂ ਧਾੜਵੀਆਂ ਦਾ ਪ੍ਰਮੁੱਖ ਉਦੇਸ਼ ਲੁੱਟਮਾਰ ਕਰਨਾ ਅਤੇ ਦੌਲਤ ਲੁੱਟਣਾ ਸੀ। ਉਸ ਸਮੇਂ ਦੇ ਮੰਦਰ ਦੌਲਤ ਦੇ ਵੱਡੇ ਕੇਂਦਰ ਬਣੇ ਹੋਏ ਸਨ। ਇਸ ਲਈ ਉਹ ਮੰਦਰਾਂ ਵਿਚਲੀਆਂ ਮੂਰਤੀਆਂ ਨੂੰ ਵੀ ਤੋੜਦੇ

ਸਨ. ਇਸਲਾਮ ਦਾ ਪਾਸਾਰ ਤੇ ਪ੍ਰਚਾਰ ਉਹਨਾਂ ਦਾ ਮੂਲ ਮਨੋਰਥ ਨਹੀਂ ਹੁੰਦਾ ਸੀ। ਬਾਰ੍ਹਵੀਂ ਸ਼ਤਾਬਦੀ ਵਿੱਚ ਸੂਫੀ ਵੀ ਇਸਲਾਮ ਦਾ ਸੁਨੇਹਾ ਲੈ ਕੇ ਆਏ। ਉਹ ਮੱਧ-ਪੂਰਬ ਏਸ਼ੀਆ ਵਿਚਲੇ ਮੁਲਾਣੇ ਸੂਫੀਆਂ ਨਾਲ ਵਿਚਾਰਧਰਕ ਟਕਰਾਅ ਵਿੱਚ ਰਹੇ ਪਰੰਤੂ ਭਾਰਤ ਵਿੱਚ ਅਜਿਹਾ ਨਹੀਂ ਵਾਪਰਿਆ। ਹਕੀਕਤ ਪੜਾਅ ਦੇ ਸੂਫੀ ਕਿਤੇ ਕਿਤੇ ਮੁਲਾਣਿਆਂ ਦੀ ਕੱਟੜਤਾ ਅਤੇ ਇਬਾਦਤ ਦੇ ਸਾਧਨਾਂ ਅਤੇ ਚਿੰਨ੍ਹਾਂ ਉੱਤੇ ਪ੍ਰਸ਼ਨ ਚਿੰਨ੍ਹ ਲਾ ਦੇਂਦੇ ਸਨ। ਇਹ ਇੱਕੇ-ਦੁੱਕੇ ਰੂਪ ਵਿੱਚ ਹੀ ਹੁੰਦਾ ਸੀ। ਮੁਸਲਮਾਨ ਸ਼ਾਸਕ ਹਿੰਦੂਆਂ ਨੂੰ ਅਤੇ ਹਿੰਦੂ ਮੁਸਲਮਾਨਾਂ ਨੂੰ ਹਿਕਾਰਤ ਦੀ ਨਜ਼ਰ ਨਾਲ ਵੇਖਦੇ ਰਹੇ। ਇਸਲਾਮ ਦਾ ਅਸਰ ਉੱਤਰੀ ਭਾਰਤ ਵਿੱਚ ਸਮਾਜਿਕ ਤੌਰ ਉਤੇ ਹਾਸ਼ਿਆਗ੍ਰਸਤ ਲੋਕਾਂ ਉਤੇ ਹੋਇਆ, ਮੁਸਲਮਾਨ ਸ਼ਾਸਕਾਂ ਦੀ ਫੌਜ ਵਿੱਚ ਕਿੱਤਾਵਰ ਸੈਨਿਕ ਅਤੇ ਦਲਿਤ ਲੋਕ ਸ਼ਾਮਲ ਹੋਏ। ਉਸ ਸਮੇਂ ਸਮਾਜਕ ਸਮਨਵੇ ਦੀ ਕੋਈ ਗੂੜ੍ਹੀ ਪਰਤ ਭਾਰਤੀ ਸਮਾਜ ਵਿੱਚ ਨਜ਼ਰ ਨਹੀਂ ਆਉਂਦੀ ਸੀ। ਉਸ ਸਮੇਂ ਦੇ ਸ਼ਾਸਕ ਭਾਰਤੀ ਵਰਣ ਵਿਵਸਥਾ ਦੀ ਦਰਜੇਬੰਦੀ ਨੂੰ ਆਪਣੀ ਸਥਾਪਤੀ ਲਈ ਵਰਤਦੇ ਸਨ। ਉਹ ਸੱਤਾ ਲਈ ਆਪਸ ਵਿੱਚ ਵੀ ਲੜਦੇ ਸਨ। ਮੂਗਲਾਂ ਨੇ ਪਹਿਲੀ ਵਾਰ ਭਾਰਤ ਨੂੰ ਆਪਣਾ ਪੱਕਾ ਠਿਕਾਣਾ ਤਸੱਵਰ ਕਰਨਾ ਸ਼ੁਰੂ ਕੀਤਾ। ਸੋਲਵੀਂ ਸ਼ਤਾਬਦੀ ਵਿੱਚ ਅਕਬਰ ਨੇ ਸੁਚੇਤ ਰੂਪ ਵਿੱਚ ਭਾਰਤੀ ਸਮਾਜਿਕ ਵਿਵਸਥਾ ਵਿੱਚ ਸਮਨਵੇ ਸਥਾਪਿਤ ਕਰਨ ਦੇ ਸੁਹਿਰਦ ਯਤਨ ਕੀਤੇ। ਉਸ ਨੇ ਹਿੰਦੂਆਂ ਉੱਤੇ ਲੱਗਿਆ ਟੈਕਸ ਜਜ਼ੀਆ ਹਟਾ ਦਿੱਤਾ। ਉਸ ਦੇ ਦਰਬਾਰ ਵਿੱਚ ਸਭ ਧਰਮਾਂ ਦੇ ਲੋਕ ਸਨ। ਉਸ ਨੇ ਧਾਰਮਿਕ ਆਗੂਆਂ ਨਾਲ ਸੰਵਾਦ ਕਰਕੇ ਇਕ ਸਾਂਝਾ ਧਾਰਮਿਕ ਅਧਾਰ ਤਲਾਸ਼ਣ ਦੇ ਯਤਨ ਕੀਤੇ। ਪਰ ਉਹ ਇਸ ਸਾਂਝੇ ਧਰਮ ਦਾ ਠੋਸ ਸਰਵਪੱਖੀ ਦਾਰਸ਼ਨਿਕ ਅਤੇ ਵਿਹਾਰਕ ਰੂਪ ਤਲਾਸ਼ਣ ਅਤੇ ਸਥਾਪਿਤ ਕਰਨ ਵਿੱਚ ਸਫਲ ਨਹੀਂ ਹੋਇਆ। ਉਹ ਇਕ ਚੰਗਾ ਪ੍ਰਸ਼ਾਸਕ ਸੀ। ਇਹ ਸਾਰੇ ਸੁਧਾਰ ਦਰਬਾਰ ਕੇਂਦਰਤਿ ਸਨ। ਇਹ ਸਾਰੇ ਯਤਨ ਇਸਲਾਮ ਦੇ ਰਜਵਾੜਾਸ਼ਾਹੀ ਦੁਆਰਾ ਪ੍ਰਚੱਲਿਤ ਬਿੰਬ ਨੂੰ ਨਹੀਂ ਤੋੜ ਸਕੇ। ਨਾ ਹੀ ਉਸ ਦੀ ਮੁਹਿੰਮ ਦੱਖਣ ਵਿੱਚ ਕਾਮਯਾਬ ਹੋਈ ਅਤੇ ਨਾ ਹ ਸਮੁੱਚੇ ਰਾਜਸਥਾਨ ਨੂੰ ਕਬਜ਼ੇ ਵਿੱਚ ਕਰ ਸਕਿਆ। ਮਹਾਰਾਣਾ ਪ੍ਰਤਾਪ ਉਸ ਲਈ ਚੁਣੌਤੀ ਬਣਿਆ ਰਿਹਾ। ਉਸ ਦੇ ਵਾਰਸਾਂ ਵਿੱਚੋਂ ਔਰੰਗਜੇਬ ਨੇ ਕੱਟੜਤਾ ਨੂੰ ਸਿਖਰ ਉਤੇ ਪਹੁੰਚਾ ਦਿੱਤਾ। ਉੱਤਰੀ ਭਾਰਤ ਵਿੱਚ ਅਕਬਰ ਦੇ ਵਾਰਸਾਂ ਦੀਆਂ ਨੀਤੀਆਂ ਅਤੇ ਬਾਹਰੀ ਧਾੜਵੀਆਂ ਨੇ ਸਿੱਖ ਸ਼ਕਤੀ ਦੀ ਕਿ ਨਵੀਂ ਵਿਦਰੋਹੀ ਸੁਰ ਲਈ ਸਪੇਸ ਪੈਦਾ ਕਰ ਦਿੱਤੀ। ਅਜਿਹੀ ਹੀ ਸ਼ਕਤੀ ਹੀ ਮਰਾਠੇ ਬਣ ਕੇ ਉਭਰੇ। ਇਸ ਸਮੇਂ ਸਾਂਝੇ ਰਾਸ਼ਟਰਵਾਦ ਦੀ ਭਾਵਨਾ ਪੈਦਾ ਹੋਣ ਲਈ ਮਾਹੌਲ ਬਣ ਹੀ ਨਹੀਂ ਸਕਿਆ। ਇਹ ਦੌਰ ਭਾਰਤ ਵਿੱਚ ਰਾਸ਼ਟਰਵਾਦ ਲਈ ਚੁਣੌਤੀ ਭਰਿਆ ਸੀ। ਇਸ ਸਮੇਂ ਅਠਾਰਵੀਂ ਸ਼ਤਾਬਦੀ ਦੇ ਅੱਧ ਵਿੱਚ ਅੰਗਰੇਜ਼ ਆਪਣਾ ਪਾਸਾਰ ਕਰਨ ਵਿੱਚ ਕਾਮਯਾਬ ਹੁੰਦੇ ਹਨ।

ਅੰਗਰੇਜ਼ਾਂ ਦੇ ਭਾਰਤ ਵਿੱਚ ਪ੍ਰਵੇਸ਼ ਨਾਲ ਵਿਚਾਰ, ਜੀਵਨ ਜਾਚ ਅਤੇ ਪ੍ਰਬੰਧਕੀ

ਢਾਂਚੇ ਵਿੱਚ ਗੁਣਾਤਮਕ ਤਬਦੀਲੀ ਵਾਪਰਦੀ ਹੈ। ਉਹ ਵਪਾਰ ਰਾਹੀਂ ਪ੍ਰਵੇਸ਼ ਕਰਦੇ ਹਨ। ਹੌਲੀ-ਹੌਲੀ ਰਾਜਤੰਤਰ ਦੇ ਸੰਘਰਸ਼ ਵਿੱਚ ਪ੍ਰਵੇਸ਼ ਕਰ ਜਾਂਦੇ ਹਨ। ਭਾਰਤੀ ਰਜਵਾੜਾਸ਼ਾਹੀ ਆਪਣੀਆਂ ਅੰਦਰੂਨੀ ਕਮਜ਼ੋਰੀਆਂ ਅਤੇ ਅਸੰਗਠਿਤ ਸ਼ਕਤੀ ਕਾਰਨ ਬਿਖਰਨ ਲੱਗ ਜਾਂਦੀ ਹੈ। ਉਨੀਵੀਂ ਸਦੀ ਨੇ ਅੱਧ ਤੱਕ ਪਹੁੰਚ ਕੇ ਸਮੁੱਚਾ ਭਾਰਤ ਬਸਤੀਵਾਦ ਪ੍ਰਬੰਧ ਅਧੀਨ ਚਲਿਆ ਜਾਂਦਾ ਹੈ। ਉੱਤਰੀ ਭਾਰਤ ਵਿੱਚ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸਮੁੱਚਾ ਭਾਰਤ ਇਕ ਪ੍ਰਬੰਧਕੀ ਅਤੇ ਰਾਜਸੀ ਇਕਾਈ ਵਿੱਚ ਬੱਝ ਜਾਂਦਾ ਹੈ। ਇਸ ਤੋਂ ਕੁਝ ਸਾਲਾਂ ਬਾਅਦ ਹੀ ਬਸਤੀਵਾਦ ਦੇ ਵਿਰੋਧ ਵਿੱਚ ਇਕ ਅਸੰਗਠਿਤ ਵਿਦਰੋਹ ਸ਼ੁਰੂ ਹੁੰਦਾ ਹੈ। ਇਹ ਵਿਦਰੋਹ ਰਾਜੇ ਰਜਵਾੜਿਆਂ ਦਾ ਵਿਅਕਤੀਗਤ ਕਿਸਮ ਦਾ ਵਿਰੋਧ ਸੀ ਇਸ ਵਿੱਚ ਅਵਧ ਤੋਂ ਲੈ ਕੇ ਝਾਂਸੀ ਤੱਕ ਦੀਆਂ ਰਿਆਸਤਾਂ ਨੇ ਭਾਗ ਲਿਆ। ਇਸ ਪਿੱਛੇ ਅੰਗਰੇਜ਼ ਬਸਤਵਾਦੀਆਂ ਦੀਆਂ ਲੋਕ ਵਿਰੋਧੀ ਨੀਤੀਆਂ ਤੋਂ ਪ੍ਰਭਾਵਿਤ ਗਰੀਬੀ ਦੀ ਸਤਾਈ ਜਨਤਾ ਸੀ। ਇਸ ਗਰੀਬੀ ਦਾ ਸਭ ਤੋਂ ਵੱਡਾ ਕਾਰਨ ਅੰਗਰੇਜ਼ ਸਾਮਰਾਜ ਦੀਆਂ ਬਸਤੀਵਾਦੀ ਨੀਤੀਆਂ ਨੇ ਭਾਰਤ ਦੀ ਪਿੰਡ ਦੀ ਇਕਾਈ ਅਧਾਰਿਤ ਆਰਥਿਕਤਾ ਨੂੰ ਤਹਿਸ ਨਹਿਸ ਕਰਨਾ ਸੀ। ਇਸ ਨੇ ਸਭ ਤੋਂ ਵੱਡੀ ਸੱਟ ਭਾਰਤੀ ਦਸਤਕਾਰੀ ਉੱਤੇ ਮਾਰੀ। ਉਂਝ ਵੀ ਅੰਗਰੇਜ਼ਾਂ ਨੇ ਜਗੀਰਦਾਰੀ ਬਣਤਰਾਂ ਨੂੰ ਤਹਿਸ ਨਹਿਸ ਕਰਨ ਦੀ ਥਾਂ ਪ੍ਰਬੰਧਕੀ ਪੱਧਰ ਉੱਤੇ ਆਪਣੇ ਹਿੱਤਾਂ ਲਈ ਵਰਤਿਆ। ਇਸ ਸਥਿਤੀ ਨੇ ਅੰਗਰੇਜ਼ਾਂ ਪ੍ਰਤੀ ਅਸੰਤੋਸ਼ ਨੂੰ ਵਧਾਇਆ। ਇਸ ਵਿੱਚੋਂ 1857 ਈ. ਦਾ ਪਹਿਲਾ ਸੰਘਰਸ਼ ਉਭਰਿਆ। ਇਸ ਸੰਘਰਸ਼ ਪਿੱਛੇ ਨਾ ਕੋਈ ਵੱਡਾ ਕੌਮੀ ਪੱਧਰ ਦਾ ਮਜ਼ਬੂਤ ਸੰਘਠਨ ਸੀ ਅਤੇ ਨਾ ਹੀ ਕੋਈ ਤਿੱਖੀ ਰਾਸ਼ਟਰਵਾਦ ਦੀ ਭੂਮਿਕਾ। ਸੰਘਰਸ਼ਸ਼ੀਲ ਆਪ ਮੁਹਾਰੇ ਲੋਕ ਸਮਾਂ ਵਿਹਾ ਚੁੱਕੀ ਰਜਵਾੜਾਸ਼ਾਹੀ ਦੀ ਅਗਵਾਈ ਵਿੱਚੋਂ ਮੁਕਤੀ ਤਲਾਸ਼ ਰਹੇ ਸਨ। ਇਹ ਰਜਵਾੜੇ ਇਤਿਹਾਸਕ ਭੂਮਿਕਾ ਨਿਭਾਅ ਚੁੱਕੇ ਸਨ। ਇਸ ਸਥਿਤੀ ਨੇ ਆਮ ਲੋਕਾਂ ਅੰਦਰ ਬਸਤੀਕਾਰਾਂ ਦੀ ਗੁਲਾਮੀ ਦੇ ਵਿਰੋਧ ਵਿੱਚ ਇਕ ਭਾਵਨਾ ਪੈਦਾ ਕਰ ਦਿੱਤੀ। ਇਸ ਘਟਨਾ ਤੋਂ ਅੱਧੀ ਸਦੀ ਬਾਅਦ ਜਨ ਅੰਦੋਲਨ ਉੱਭਰਨੇ ਸ਼ੁਰੂ ਹੋਏ। ਇਸ ਵਿਚ ਪ੍ਰਮੁੱਖ ਨੀਲ ਦੀ ਖੇਤੀ ਵਿਰੁੱਧ ਕਿਸਾਨੀ ਅੰਦੋਲਨ ਸੀ।

ਵੀਹਵੀਂ ਸਦੀ ਦੇ ਮੁੱਢ ਵਿੱਚ ਸੰਸਾਰ ਵਿੱਚ ਵੱਡੀਆਂ ਤਬਦੀਲੀਆਂ ਵਾਪਰੀਆਂ। ਬਸਤੀਵਾਦ ਦੇ ਵਿਰੋਧ ਵਿੱਚ ਕੌਮੀ ਮੁਕਤੀ ਅੰਦੋਲਨ ਤੇਜ਼ ਹੋਏ। ਪਹਿਲੀ ਸੰਸਾਰ ਜੰਗ ਨੇ ਸਰਮਾਏਦਾਰੀ ਦੇ ਸੰਕਟ ਨੂੰ ਡੂੰਘਾ ਕਰ ਦਿੱਤਾ। ਇਸ ਸੰਕਟ ਵਿੱਚੋ ਰੂਸੀ ਇਨਕਲਾਬ ਲਈ ਸਪੇਸ ਪੈਦਾ ਕਰ ਦਿੱਤੀ। ਪਹਿਲੀ ਵਾਰੀ ਸਮਾਜਵਾਦੀ ਪ੍ਰਬੰਧ ਦੀ ਕਿਰਿਆਸ਼ੀਲ ਲਈ ਇਕ ਰਾਜ ਪ੍ਰਬੰਧ ਹੋਂਦ ਵਿੱਚ ਆਇਆ। ਭਾਰਤ ਵਿੱਚ ਕੌਮੀ ਮੁਕਤੀ ਅੰਦੋਲਨ ਤੇਜ਼ ਹੋਇਆ। ਪਹਿਲੀ ਵਾਰੀ ਅੰਗਰੇਜ਼ਾਂ ਦੇ ਦਮਨਕਾਰੀ ਪ੍ਰਬੰਧ ਦੇ ਵਿਰੋਧ ਵਿੱਚ ਰਾਸ਼ਟਰੀ ਭਾਵਨਾ ਦਾ ਪ੍ਰਚੰਡ ਰੂਪ ਸਾਹਮਣੇ ਆਇਆ। ਗਦਰੀ ਲਹਿਰ, ਭਗਤ ਸਿੰਘ ਦੀ ਸੋਸ਼ਲਿਸਟ ਆਰਮੀ, ਇੰਡੀਅਨ ਨੈਸ਼ਨਲ ਆਰਮੀ ਅਤੇ ਭਾਰਤੀ ਕੌਮਨਿਸਟ ਪਾਰਟੀ।

ਇਹਨਾਂ ਤੋਂ ਬਿਨਾਂ ਵੀਹਵੀਂ ਸਦੀ ਦੇ ਪਹਿਲੇ ਅੱਧ ਤੱਕ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿੱਚ ਜਗੀਰਦਾਰੀ ਵਿਰੋਧੀ ਲਹਿਰਾਂ ਅਤੇ ਸਮਾਜ ਸੁਧਾਰਕ ਲਹਿਰਾਂ ਚੱਲ ਰਹੀਆਂ ਸਨ। ਇਹਨਾਂ ਲਹਿਰਾਂ ਵਿੱਚ ਬਸਤੀਵਾਦ ਦਾ ਵਿਰੋਧ ਕਿਸੇ ਨਾ ਕਿਸੇ ਰੂਪ ਵਿੱਚ ਮੌਜੂਦ ਸੀ। ਇਸ ਲਹਿਰ ਵਿੱਚ ਭਾਰਤ ਦਾ ਆਵਾਮ ਸ਼ਾਮਲ ਹੋ ਰਿਹਾ ਸੀ। ਇਸ ਸੰਘਰਸ਼ ਵਿੱਚ ਸਭ ਤੋਂ ਵੱਡੀ ਧਿਰ ਕੌਮੀ ਸਰਮਾਏਦਾਰੀ ਸੀ। ਇਸ ਦੀ ਅਗਵਾਈ ਭਾਰਤ ਦਾ ਮੱਧ ਵਰਗ ਕਰ ਰਿਹਾ ਸੀ। ਇਸ ਲਹਿਰ ਵਿੱਚ ਧਰਮ-ਨਿਰਪੱਖ ਅਤੇ ਲੋਕਤੰਤਰੀ ਸ਼ਕਤੀਆਂ ਦਾ ਸਿਧਾਂਤਕ ਅਧਾਰ ਮੌਜੂਦ ਸੀ। ਉਸ ਸਮੇਂ ਕੁਝ ਧਾਰਮਿਕ ਜਥੇਬੰਦੀਆਂ ਵੀ ਭਾਗ ਲੈ ਰਹੀਆਂ ਸਨ।ਇਹ ਘੱਟ ਗਿਣਤੀ ਦੇ ਮੁੱਦਿਆਂ ਨੂੰ ਉਠਾ ਰਹੀਆਂ ਸਨ। ਇਸ ਦੌਰ ਵਿੱਚ ਤਿੰਨ ਸਿਧਾਂਤ ਅਧਾਰਿਤ ਰਾਜਸੀ ਧਿਰਾਂ ਸ਼ਾਮਲ ਸਨ। ਇਕ ਧਿਰ ਖੱਬੇ ਪੱਖੀਆਂ ਦੀ ਦੂਜੀ ਮੱਧ ਮਾਰਗੀਆਂ ਦੀ ਅਤੇ ਤੀਜੀ ਧਿਰ ਸੱਜ-ਪਿਛਾਖੜੀ ਪ੍ਰਭਾਵ ਵਾਲੀ ਸੀ। ਇਸ ਦੌਰ ਦੀ ਸਭ ਤੋਂ ਵੱਡੀ ਪ੍ਰਾਪਤੀ ਇਸ ਸੰਘਰਸ਼ ਵਿੱਚ ਦਲਿਤਾਂ ਦੀ ਸਰਗਰਮ ਹਿੱਸੇਦਾਰੀ ਸੀ ਉਹ ਭਾਰਤ ਵਿੱਚ ਆਪਣੀ ਸੱਤਾ ਵਿੱਚ ਹਿੱਸੇਦਾਰੀ ਲਈ ਸਪੇਸ ਮੰਗ ਰਹੇ ਸਨ। ਇਸ ਨਾਲ ਉਹਨਾਂ ਦਾ ਸੰਘਰਸ਼ ਸੱਤਾ ਦੇ ਕਾਬਜ਼ ਲੋਕਾਂ ਦੇ ਵਿਰੋਧ ਵਿੱਚ ਸਮਾਨੰਤਰ ਰੂਪ ਵਿੱਚ ਚੱਲ ਰਿਹਾ ਸੀ। ਉਸ ਸਮੇਂ ਪ੍ਰਮੁੱਖ ਰੂਪ ਵਿੱਚ ਤਿੰਨ ਨਾਹਰੇ 'ਜੈ ਹਿੰਦ, ਇਨਕਲਾਬ ਜ਼ਿੰਦਾਬਾਦ ਅਤੇ ਬੰਦੇ ਮਾਤਰਮ' ਚਲ ਰਿਹਾ ਸੀ। ਇਹਨਾਂ ਨਾਹਰਿਆਂ ਨਾਲ ਜੁੜੇ ਲੋਕਾਂ ਵਿੱਚ ਅੰਗਰੇਜ਼ ਵਿਰੋਧੀ ਅਤੇ ਦੇਸ਼ ਭਗਤੀ ਦਾ ਜਜ਼ਬਾ ਕੁੱਟ-ਕੁੱਟ ਕੇ ਭਰਿਆ ਹੋਇਆ ਸੀ। ਕੌਮੀ ਸਰਮਾਏਦਾਰੀ ਅਤੇ ਕਿਰਤੀ ਕਿਸਾਨਾਂ ਦੀ ਅਗਵਾਈ ਕਰਨ ਵਾਲੇ ਸਿਧਾਂਤਕਾਰ ਅਤੇ ਆਗੂਆਂ ਦੇ ਰਾਸ਼ਟਰਵਾਦ ਵਿੱਚ ਜਗੀਰਦਾਰੀ, ਜਾਤੀਵਾਦ ਫਿਰਕਾਪ੍ਰਸਤੀ ਵਿਰੋਦੀ ਭਾਵਨਾ ਦੇ ਨਾਲ-ਨਾਲ ਫਾਸੀਵਾਦ ਦਾ ਵਿਰੋਧ ਵੀ ਮੌਜੂਦ ਸੀ। ਇਹਨਾਂ ਵਿੱਚੋਂ ਇਕ ਹਿੱਸੇ ਨੇ ਦਾਅ-ਪੇਚ ਦੇ ਤੌਰ ਤੇ ਜਰਮਨ ਦੇ ਇਤਿਹਾਦੀਆਂ ਨਾਲ ਸਮਝੌਤਾ ਕੀਤਾ ਪਰੰਤੂ ਉਹਨਾਂ ਅੰਦਰ ਰਾਸ਼ਟਰਵਾਦ ਦਾ ਜਜ਼ਬਾ ਉਸੇ ਸ਼ਿੱਦਤ ਨਾਲ ਮੌਜੂਦ ਸੀ। ਇਸ ਸੰਘਰਸ਼ ਵਿੱਚ ਇਕ ਧਿਰ ਸੱਜ-ਪਿਸਖੜੀਆਂ ਦੀ ਸੀ। ਉਹਨਾਂ ਨੇ ਵਿਹਾਰਕ ਰੂਪ ਵਿੱਚ ਅਜ਼ਾਦੀ ਦੇ ਸੰਘਰਸ਼ ਵਿੱਚ ਕੋਈ ਹਿੱਸਾ ਨਹੀਂ ਲਿਆ ਸਗੋਂ ਉਹਨਾਂ ਦੇ ਆਗੂਆਂ ਅੰਗਰੇਜ਼ ਸਰਕਾਰ ਪ੍ਰਤੀ ਵਫਾਦਾਰੀ ਦੀ ਸੌਂਹ ਖਾ ਕੇ ਅਤੇ ਮੁਆਫੀਆਂ ਮੰਗ ਕੇ ਜੇਲ੍ਹਾਂ ਤੋਂ ਬਾਹਰ ਆਏ। ਕਿਉਂਕਿ ਉਹ ਜਿਸ ਭਾਰਤ ਦੀ ਕਲਪਨਾ ਕਰਦੇ ਸਨ ਉਹ ਗੈਰ-ਲੋਕਤੰਤਰੀ ਅਤੇ ਜਾਤੀ ਅਧਾਰਿਤ ਨਸਲਵਾਦ ਉੱਤੇ ਅਧਾਰਿਤ ਸੀ। ਉਹ ਭਾਰਤ ਨੂੰ ਹਿੰਦੂ-ਰਾਸ਼ਟਰ ਦੇ ਤੌਰ ਉਤੇ ਕਲਪਦੇ ਸਨ। ਅਜਿਹੇ ਭਾਰਤ ਵਿੱਚ ਘੱਟ-ਗਿਣਤੀਆਂ ਨੂੰ ਬਹੁ-ਗਿਣਤੀ ਦੀ ਸਾਂਸਕ੍ਰਿਤੀ ਅਨੁਸਾਰ ਜੀਵਨ ਜਿਊਣ ਦੀ ਸਪੇਸ ਮੌਜੂਦ ਸੀ। ਇਸ ਲਈ ਉਹ ਕੌਮੀ ਸਰਮਾਏਦਾਰੀ ਅਤੇ ਖੱਬੇ-ਪੱਖੀਆਂ ਦੁਆਰਾ ਸੰਘਰਸ਼ ਵਿੱਚ ਸ਼ਾਮਲ ਨਹੀਂ ਹੋ ਰਹੇ ਸਨ। ਉਨ੍ਹਾਂ ਨੇ ਆਜ਼ਾਦੀ ਤੋਂ ਬਾਅਦ ਲੰਮੇ ਸਮੇਂ ਤੱਕ ਕੌਮੀ ਝੰਡੇ ਨੂੰ ਮਾਨਤਾ ਨਹੀਂ ਦਿੱਤੀ, ਰਾਸ਼ਟਰੀ ਗਾਣ ਦਾ ਵਿਰੋਧ ਕੀਤਾ ਅਤੇ ਸਭਿਆਚਾਰ ਰਾਸ਼ਟਰਵਾਦ ਨੂੰ ਦੇਸ਼-ਭਗਤੀ ਦਾ ਪ੍ਰਤੀਕ ਮੰਨਦੇ

ਖਰਬਾਂ ਡਾਲਰ ਖਰਚ ਕਰਨ ਅਤੇ ਭਾਰੀ ਫੌਜਾਂ ਤਾਇਨਾਤ ਕਰਨ ਦੇ ਬਾਵਜੂਦ ਅਫ਼ਗਾਨਿਸਤਾਨ ਵਿਚ 'ਦਹਿਸ਼ਤਗਰਦੀ' ਖ਼ਤਮ ਨਹੀਂ ਹੋਈ ਅਤੇ ਨਾ ਹੀ ਇਰਾਕ, ਲੀਬੀਆ ਤੇ ਸੀਰੀਆ ਵਿਚ ਅਮਨ ਬਹਾਲ ਹੋ ਸਕਿਆ ਹੈ। ਇਹ ਮਾਮਲੇ ਅਜੀਬ ਉਲਝੇ ਹੋਏ ਹਨ ਤੇ ਹੁਣ ਇਰਾਨ ਨਾਲ ਮਸਲਾ ਵਿਗਾੜਿਆ ਰਿਹਾ ਹੈ।

ਸਾਡੇ ਆਪਣੇ ਮੁਲਕ ਅੰਦਰ ਸਾਡਾ ਸਿਰ ਸ਼ਰਮ ਨਾਲ਼ ਝੁਕ ਜਾਂਦਾ ਹੈ ਜਦੋਂ ਅਸੀਂ ਜਾਣਦੇ ਹਾਂ ਕਿ ਹਿੰਦੁਸਤਾਨ ਦਾ ਦੁਨੀਆ ਦੇ 119 ਮੁਲਕਾਂ 'ਚੋਂ ਵਿਸ਼ਵ ਵਿਆਪੀ ਭੁੱਖਮਰੀ ਦੀ ਲਿਸਟ 'ਗਲੋਬਲ ਹੰਗਰ' ਇਨਡੈਕਸ ਵਿਚ 100ਵਾਂ ਨੰਬਰ ਹੈ। ਸ਼ਰਮ ਦੀ ਗੱਲ ਹੈ ਕਿ ਸਾਥੋਂ ਬੰਗਲਾ ਦੇਸ਼ ਤੇ ਉਤਰੀ ਕੋਰੀਆ ਵੀ ਬਿਹਤਰ ਹਾਲਤ ਵਿਚ ਹਨ।

ਸਾਡੇ ਆਪਣੇ ਦੇਸ਼ ਵਿਚ ਹਿੰਦੂ ਕੱਟੜ ਪਾਰਟੀ ਦੀ ਸਰਕਾਰ ਦਾ ਸੱਤ੍ਹਾ ਵਿਚ ਆਉਣਾ ਮੁਲਕ ਤੇ ਸੰਸਾਰ ਦੇ ਭਾਈਚਾਰੇ ਲਈ ਸ਼ੁਭ ਸੰਕੇਤ ਨਹੀਂ ਹੈ। ਅਮੀਰ-ਗਰੀਬ ਦਾ ਪਾੜਾ ਦਿਨੋ ਦਿਨ ਵਧ ਰਿਹਾ ਹੈ। ਵਿਸ਼ਵ ਆਰਥਿਕ ਫੋਰਮ ਦੇ 'ਔਕਸਫੋਮ' ਵਿਚੋਂ ਇਕੱਤਰ ਕੀਤੀ ਰਿਪੋਰਟ ਅਨੁਸਾਰ ਮੁਲਕ ਦੇ ਸਭ ਤੋਂ ਅਮੀਰ ਇਕ ਪ੍ਰਤੀਸ਼ਤ ਸਰਮਾਏਦਾਰਾਂ ਕੋਲ ਦੌਲਤ ਦਾ 58 ਪ੍ਰਤੀਸ਼ਤ ਹੈ। ਕੁੱਲ ਦੁਨੀਆ ਵਿਚ ਇਹ 50 ਪ੍ਰਤੀਸ਼ਤ ਹੈ। ਇਸੇ ਰਿਪੋਰਟ ਅਨੁਸਾਰ 57 ਖ਼ਰਬਪਤੀਆਂ ਕੋਲ ਓਨੀ ਦੌਲਤ ਹੈ, ਜਿੰਨੀ ਮੁਲਕ ਦੀ ਹੇਠਲੀ 70 ਪ੍ਰਤੀਸ਼ਤ ਕੋਲ ਹੈ। ਦੌਲਤ ਦੀ ਇਹ ਕਾਣੀ ਵੰਡ ਸਰਮਾਏਦਾਰੀ ਦੇ ਦਿਨੋ ਦਿਨ ਕਰੂਰ ਹੋਏ ਚਿਹਰੇ ਨੂੰ ਪੇਸ਼ ਕਰਦੀ ਹੈ ਜਿਹੜਾ ਕਿ ਮੁਲਕ ਦੇ ਜਰਈ ਸੰਕਟ, ਵਧ ਰਹੀ ਬੇਰੁਜ਼ਗਾਰੀ ਅਤੇ ਕਲਚਰ ਦੇ ਹਰ ਖੇਤਰ ਵਿਚ ਆਮ ਗਿਰਾਵਟ ਵਿਚੋਂ ਜ਼ਾਹਿਰ ਹੁੰਦਾ ਹੈ। ਇਤਿਹਾਸ ਨੂੰ ਵਿਗਾੜਿਆ ਜਾ ਰਿਹਾ ਹੈ। ਇਸਦੇ ਖਿਲਾਫ਼ ਉੱਠ ਰਹੀਆਂ ਜਦੋ ਜਹਿਦਾਂ ਨੂੰ ਦਮਨ ਕਰਕੇ ਦਬਾਇਆ ਜਾ ਰਿਹਾ ਹੈ। ਸੱਤਾ ਨਾਲ਼ ਅਸਹਿਮਤੀ ਪ੍ਰਗਟਾਉਣ ਵਾਲ਼ੇ ਵਿਦਿਆਰਥੀਆਂ ਅਤੇ ਬੁੱਧੀਜੀਵੀਆਂ ਨੂੰ ਦੇਸ਼ ਧ੍ਰੋਹ ਦੇ ਮੁਕੱਦਮਿਆਂ ਵਿਚ ਫਸਾਇਆ ਜਾ ਰਿਹਾ ਹੈ। ਆਦਿਵਾਸੀਆਂ ਦੀ ਆਪਣੀ ਹੋਂਦ ਤੇ ਵੱਕਾਰ ਨੂੰ ਕਾਇਮ ਰੱਖਣ ਵਾਲੀ ਜਦੋ ਜਹਿਦ ਉੱਤੇ ਬਿਆਨ ਤੋਂ ਬਾਹਰ ਤਸ਼ੱਦਦ ਹੋ ਰਿਹਾ ਹੈ। ਦਸ ਆਦਿਵਾਸੀਆਂ ਮਗਰ ਹਕੂਮਤ ਵੱਲੋਂ ਇਕ ਸਿਪਾਹੀ ਲਗਾਇਆ ਗਿਆ ਹੈ। ਇਜ਼ਰਾਈਲ ਤੋਂ ਡਰੋਨ ਹਵਾਈ ਜਹਾਜ਼ ਮੰਗਵਾ ਕੇ ਏਅਰ ਫੋਰਸ ਨੂੰ ਉਨ੍ਹਾਂ ਖਿਲਾਫ਼ ਇਸਤੇਮਾਲ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਕੇਰਲਾ ਵਿਚ ਸੀ.ਪੀ.ਐਮ. ਦੇ ਜਲਸੇ 'ਤੇ ਬੰਬ ਸੁੱਟ ਕੇ ਚਾਰ ਲੋਕ ਜਖ਼ਮੀ ਕਰ ਦਿੱਤੇ ਗਏ ਤੇ ਬੀ.ਜੇ.ਪੀ. ਦੇ ਦਫ਼ਤਰ 'ਚੋਂ ਬੰਬ ਬਰਾਮਦ ਹੋਏ। ਇਸ ਤੋਂ ਪਤਾ ਲੱਗਦਾ ਹੈ ਕਿ ਦਰਅਸਲ ਕਮਿਊਨਿਸਟ ਵਿਰੋਧੀ ਲਹਿਰ ਚਲਾ ਕੇ ਕੇਰਲਾ ਦੀ ਸਰਕਾਰ ਨੂੰ ਤੋੜਨ ਦੀਆਂ ਸਾਜਿਸ਼ਾਂ ਰਚੀਆਂ ਜਾ ਰਹੀਆਂ ਹਨ। ਤਰੱਕੀਪਸੰਦ ਪੱਤਰਕਾਰਾਂ, ਲੇਖਕਾਂ ਤੇ ਆਰ.ਟੀ.ਆਈ. ਦੇ ਸਰਗਰਮ ਕਾਰਕੁੰਨਾਂ ਨੂੰ ਕਤਲ ਕੀਤਾ ਜਾ ਰਿਹਾ ਹੈ। ਮੋਦੀ ਵੱਲੋਂ ਪਾਰਲੀਮੈਂਟ ਵਿਚ ਕਹੀ ਇਹ ਗੱਲ ਕਿ 'ਹਿੰਦੁਸਤਾਨ 1200 ਸਾਲ ਤੋਂ ਗ਼ੁਲਾਮ ਸੀ, 200 ਸਾਲ ਤੋਂ ਨਹੀਂ' ਮੁਸਲਮਾਨਾਂ ਦੇ ਖਿਲਾਫ਼ ਨਫ਼ਰਤ

ਫੈਲਾਉਣ ਦੀ ਸੁਚੇਤ ਕੋਸ਼ਿਸ਼ ਹੈ। ਉਹ ਆਪਣੀਆਂ ਤਾਜ਼ਾ ਤਕਰੀਰਾਂ ਰਾਹੀਂ ਆਪਣੇ ਆਪ ਨੂੰ ਹਿੰਦੂ ਰਾਸ਼ਟਰਵਾਦੀ ਪੇਸ਼ ਕਰ ਰਿਹਾ ਹੈ। ਇਹ ਗੱਲ ਹਿੰਦੂ ਫਾਸ਼ੀਵਾਦ ਦੇ ਅਤਿਅੰਤ ਘਿਨੌਣੇ ਚਿਹਰੇ ਦੇ ਸਾਹਮਣੇ ਆਉਣ ਦੀ ਬੁਨਿਆਦ ਬਣ ਸਕਦੀ ਹੈ। ਇਸਦਾ ਚਰਿਤਰ ਭਾਰਤੀ ਸਮਾਜ ਦੀਆਂ ਵਿਸੇਸ਼ਤਾਵਾਂ ਦੇ ਅਨੁਸਾਰ ਅੱਤ ਘਿਨੌਣਾ ਫਾਸ਼ੀਵਾਦ ਹੋਏਗਾ।

ਸਮਾਂ ਆ ਗਿਆ ਹੈ ਕਿ ਮੁਲਕ ਦੀਆਂ ਸਾਰੀਆਂ ਇਨਕਲਾਬੀ ਸ਼ਕਤੀਆਂ ਇਕਮੁੱਠ ਹੋ ਕੇ ਜਮਹੂਰੀਅਤ ਅਤੇ ਅਗਾਂਹਵਧੂ ਤਾਕਤਾਂ ਨੂੰ ਨਾਲ ਲੈ ਕੇ ਆਪਣੀ ਆਜ਼ਾਦੀ ਦੇ ਸ਼ਾਨਾਮੱਤੇ ਇਤਿਹਾਸ (ਸਰਾਭਾ, ਭਗਤ ਸਿੰਘ, ਸੁਭਾਸ਼ ਬੋਸ) ਤੋਂ ਪ੍ਰੇਰਣਾ ਲੈ ਕੇ ਅੱਗੇ ਵਧਣ ਤੇ ਮੁਲਕ ਨੂੰ ਹਿੰਦੂ ਰਾਸ਼ਟਰ ਬਣਨ ਤੋਂ ਰੋਕਿਆ ਜਾਵੇ ਅਤੇ ਸਾਂਝੀਵਾਲਤਾ ਦੀਆਂ ਬੁਨਿਆਦਾਂ ਉੱਤੇ ਸਮਾਜ ਨੂੰ ਅੱਗੇ ਤੋਰਿਆ ਜਾਵੇ।

✲✲✲

ਦੁਆਰਾ ਚਿਤਵੇ ਹੋਏ ਰਾਸ਼ਟਰਵਾਦ ਦੇ ਸੰਕਲਪ ਵਿਚ ਦੇਖਿਆ ਜਾਂਦਾ ਹੈ। ਫਿਰਕੂ ਵਿਚਾਰਧਾਰਾ ਅਤੇ ਇਸ ਦੇ ਅਨੁਸਾਰ ਹੀ ਹੋਂਦ ਵਿਚ ਆਏ ਰਾਸ਼ਟਰਵਾਦ ਦੇ ਆਪਸੀ ਇਕਮਿਕਤਾ ਵਾਲੇ ਸੰਬੰਧਾਂ ਕਰਕੇ ਹੀ ਇਸ ਵਿਚਾਰਧਾਰਾ ਨੂੰ ਆਪਣੀ ਹੋਂਦ ਨੂੰ ਜਾਇਜ਼ ਠਹਿਰਾਉਣ ਦਾ ਬਹਾਨਾ ਮਿਲ ਜਾਂਦਾ ਹੈ। ਪਰ ਇਸ ਇਕਮਿਕਤਾ ਦੇ ਰਿਸ਼ਤੇ ਦੇ ਬਾਵਜੂਦ ਇਸ ਅੰਦਰ ਪਈ ਕਿਸੇ ਦੂਜੇ ਫਿਰਕੇ ਪ੍ਰਤੀ ਦੁਸ਼ਮਣਾਨਾ ਨਫ਼ਰਤ ਅਤੇ ਲੋਕ ਵਿਰੋਧੀ ਹਿੰਸਾ ਨੂੰ ਕਿਸੇ ਵੀ ਤਰ੍ਹਾਂ ਘਟਾ ਕੇ ਨਹੀਂ ਦੇਖਿਆ ਜਾ ਸਕਦਾ। ਫਿਰਕੂ ਵਿਚਾਰਧਾਰਾ ਅਤੇ ਇਸ ਵਿਚੋਂ ਉਪਜੇ ਰਾਸ਼ਟਰਵਾਦ ਨੇ ਹਮੇਸ਼ਾ ਹੀ ਸਮਾਜ ਵਿਚ ਲੋਕਾਈ ਵਾਸਤੇ ਦਹਿਸ਼ਤ ਦਾ ਅਤੇ ਗਲ ਘੋਟੂ ਮਹੌਲ ਹੀ ਸਿਰਜਿਆ ਹੈ। ਕੁਝ ਇਹੋ ਜਿਹੇ ਮਹੌਲ ਨਾਲ ਹੀ ਸਾਡੇ ਲੋਕਾਂ ਨੂੰ ਖ਼ਾਸ ਤੌਰ 'ਤੇ ਪਿਛਲੇ ਢਾਈ ਕੁ ਸਾਲਾਂ ਤੋਂ ਦੋ ਚਾਰ ਹੋਣਾ ਪੈ ਰਿਹਾ ਹੈ ।ਦਹਿਸ਼ਤ ਨਾਲ ਲਬਰੇਜ਼ ਇਸ ਮਹੌਲ ਦੇ ਖ਼ਿਲਾਫ ਅਵਾਜ਼ ਉਠਾ ਕੇ ਇਸ ਨੂੰ ਜੜ੍ਹੋਂ ਉਖਾੜਨ ਦੀ ਲੋੜ ਅਜ ਦੇ ਸਮੇਂ ਵਿਚ ਬਹੁਤ ਮਹੱਤਵ ਰਖਦੀ ਹੈ। ਪਰ ਅਜਿਹਾ ਇਸ ਫਿਰਕੂ ਵਿਚਾਰਧਾਰਾ ਅਤੇ ਰਾਸ਼ਟਰਵਾਦ ਨਾਲ ਇਸ ਦੀ ਅੰਤਰ ਸੰਬੰਧਤਾ ਦੇ ਅਸਲ ਮੂਲ ਨੂੰ ਸਮਝਣ ਤੋਂ ਬਗੈਰ ਨਹੀਂ ਕੀਤਾ ਜਾ ਸਕਦਾ।

ਹਿੰਦੂਤਵ, ਸਾਵਰਕਰ ਅਤੇ ਸੰਘ ਪਰਿਵਾਰ

ਅੱਜ ਦੇ ਸਮੇਂ ਵਿਚ ਜਿਸ ਹਿੰਦੂਤਵ ਦੀ ਵਿਚਾਰਧਾਰਾ ਨਾਲ ਓਤ ਪੋਤ ਫਿਰਕਾਪ੍ਰਸਤੀ ਦਾ ਬੋਲਬਾਲਾ ਸਾਡੀ ਰਾਜਸੀ ਵਿਵਸਥਾ ਅਤੇ ਸਭਿਆਚਾਰਕ ਮਹੌਲ ਵਿਚ ਨਜ਼ਰ ਆ ਰਿਹਾ ਹੈ ਉਸ ਦੀ ਜੜ੍ਹ ਵਿਚ ਵੀ.ਡੀ. ਸਾਵਰਕਰ ਦੀ ਹਿੰਦੂਤਵ ਦੀ ਵਿਆਖਿਆ ਅਤੇ ਇਸੇ ਹੀ ਅਧਾਰ ਉਪਰ ਉਸਾਰੇ ਗਏ ਰਾਸ਼ਟਰੀ ਸਵੈ ਸੇਵਕ ਸੰਗਠਨ (ਆਰ. ਐਸ.ਐਸ.)ਨੂੰ ਸੌਖਿਆਂ ਹੀ ਪਛਾਣਿਆ ਜਾ ਸਕਦਾ ਹੈ। ਆਰ. ਐਸ.ਐਸ.ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਹੀ ਸਾਵਰਕਰ ਨੇ ਭਾਰਤੀ ਰਾਸ਼ਟਰ ਦਾ ਤਸੱਵੁਰ ਸਿਰਫ਼ ਹਿੰਦੂਆਂ ਦੇ ਰਾਸ਼ਟਰ ਦੇ ਤੌਰ 'ਤੇ ਹੀ ਕੀਤਾ। ਸਾਵਰਕਰ ਅਤੇ ਆਰ. ਐਸ.ਐਸ. ਦੁਆਰਾ ਕੀਤੀ ਰਾਸ਼ਟਰ ਦੀ ਵਿਆਖਿਆ ਵਿਚ ਸਭ ਤੋਂ ਪਹਿਲਾਂ ਭਾਰਤੀ ਉਪ ਮਹਾਂਦੀਪ ਦੇ ਭੂਗੋਲਿਕ ਖਿੱਤੇ ਨੂੰ ਕੁਦਰਤ ਵਲੋਂ ਹੀ ਭਾਰਤੀ ਰਾਸ਼ਟਰ ਦੇ ਖੇਤਰ ਵਜੋਂ ਸਥਾਪਤ ਕੀਤੇ ਜਾਣ ਉਪਰ ਜ਼ੋਰ ਦਿਤਾ ਗਿਆ ਹੈ। ਭਾਰਤੀ ਰਾਸ਼ਟਰ ਦੀ ਹੋਂਦ ਨੂੰ ਤਰਕਸੰਗਤ ਠਹਿਰਾਉਣ ਲਈ ਸਾਵਰਕਰ ਆਦਿ ਵਲੋਂ ਕੀਤੀ ਗਈ ਬੌਧਿਕ ਮਸ਼ਕ ਦੀ ਇਹ ਪਹਿਲੀ ਪੌੜੀ ਸੀ। ਉਤਰ ਵੱਲ ਹਿਮਾਲੀਆ ਅਤੇ ਦੱਖਣ ਵੱਲ ਸਮੁੰਦਰ ਦੇ ਵਿਚਕਾਰ ਸਥਿਤ ਭੂਗੋਲਿਕ ਖਿੱਤੇ ਨੂੰ ਭਾਰਤੀ ਰਾਸ਼ਟਰ ਦੀ ਹੋਂਦ ਦੇ ਕੁਦਰਤ ਵਲੋਂ ਹੀ ਤਿਆਰ ਕੀਤੇ ਅਧਾਰ ਵਜੋਂ ਪੇਸ਼ ਕਰਕੇ ਇਸ ਨੂੰ ਇਕ ਮਿਥਿਹਾਸਕ ਮਹੱਤਤਾ ਨਾਲ ਲਬਰੇਜ਼ ਰੂਪ ਦਿਤਾ ਗਿਆ। ਇਸ ਤਰ੍ਹਾਂ ਭਾਰਤੀ ਰਾਸ਼ਟਰ ਦੀ ਉਤਪਤੀ ਅਤੇ ਵਿਕਾਸ ਨੂੰ ਇਕ ਇਤਿਹਾਸਕ ਵਰਤਾਰੇਵਜੋਂ ਪੇਸ਼ ਨਹੀਂ ਕੀਤਾ ਗਿਆ। ਭਾਰਤੀ ਰਾਸ਼ਟਰ ਨੂੰ ਕਿਸੇ ਅਧਿਆਤਮਕ ਸ਼ਕਤੀ ਦੁਆਰਾ ਸਾਜਿਆ ਅਤੇ ਪ੍ਰਵਾਨਿਤ ਰਾਸ਼ਟਰ ਬਣਾਇਆ ਗਿਆ। ਇਸ ਤਰ੍ਹਾਂ ਦਾ ਮਿਥਿਹਾਸਕ ਤਰਕ ਸਿਰਜ ਕੇ ਸਾਵਰਕਰ ਉਪ ਮਹਾਂਦੀਪ ਦੇ

ਖਿੱਤੇ ਨੂੰ ਇਤਿਹਾਸ ਦੇ ਮੁੱਢ ਕਦੀਮ ਤੋਂ ਹੀ ਇਕ ਰਾਸ਼ਟਰ ਦੇ ਰੂਪ ਵਿਚ ਸਿੱਧ ਕਰਨ ਦੀ ਕੋਸ਼ਿਸ਼ ਕਰਦਾ ਹੈ। ਹਿਮਾਲੀਆ ਅਤੇ ਹਿੰਦ ਮਹਾਂ ਸਾਗਰ ਦੇ ਵਿਚਕਾਰ ਚਿਤਵੇ ਇਸ 'ਰਾਸ਼ਟਰ' ਨੂੰ ਸਾਵਰਕਰ ਹਿੰਦੁਸਤਾਨ ਕਹਿੰਦਾ ਹੈ ਅਤੇ ਇਸ ਵਿਚ ਸ਼ੁਰੂ ਤੋਂ ਵਸਦੇ ਲੋਕਾਂ ਨੂੰ ਹੀ ਹਿੰਦੂ ਪਰੀਭਾਸ਼ਤ ਕਰਦਾ ਹੈ। ਰਾਸ਼ਟਰ ਦੇ ਇਸ ਸੰਕਲਪ ਦੀ ਕਾਲਪਨਿਕ ਮਿਥਿਹਾਸਕਤਾ ਇਸ ਗੱਲ ਤੋਂ ਵੀ ਸਿੱਧ ਹੋ ਜਾਂਦੀ ਹੈ ਕਿ ਸਾਵਰਕਰ ਨੇ ਇਸ ਦੀ ਪ੍ਰਮਾਣਿਕਤਾ ਸਿੱਧ ਕਰਨ ਲਈ ਰਾਮ ਚੰਦਰ ਦੀ ਮਿਥਿਹਾਸਕ ਕਹਾਣੀ ਵਿਚ ਉਹਨਾਂ ਦੇ ਲੰਕਾ ਵਿਚ ਪ੍ਰਵੇਸ਼ ਦੇ ਪ੍ਰਸੰਗ ਦਾ ਹਵਾਲਾ ਦੇ ਕੇ ਇਸ 'ਰਾਸ਼ਟਰ' ਦੇ ਫੈਲਾਓ ਨੂੰ ਉਤਰੀ ਭਾਰਤ ਤੋਂ ਹਿੰਦ ਮਹਾਂਸਾਗਰ ਤਕ ਦਿਖਾਇਆ।[1] ਆਰ. ਐਸ.ਐਸ. ਦੇ ਦੂਜੇ ਸਰਸੰਘਚਾਲਕ ਗੋਲਵਾਲਕਰ ਨੇ ਵੀ ਭਾਰਤੀ ਰਾਸ਼ਟਰ ਦੀ ਪ੍ਰਾਚੀਨਤਾ ਨੂੰ ਸਿੱਧ ਕਰਨ ਲਈ ਇਸ ਨੂੰ ਮਿਥਿਹਾਸਕਤਾ ਦੇ ਹੋਰ ਵੀ ਹਨੇਰਿਆਂ ਵੱਲ ਧੱਕ ਦਿੱਤਾ। ਉਸ ਦੇ ਮੁਤਾਬਕ ਮਹਾਂਭਾਰਤ ਦਾ ਸਮਾਂਜੇਕਰ 4500–5000 ਵਰ੍ਹੇ ਪਹਿਲਾਂ ਦਾ ਹੈ ਅਤੇ ਜਦੋਂ ਕਿ ਉਸ ਅਨੁਸਾਰ ਇਹ ਰਾਸ਼ਟਰ ਸਭਿਅਤਾ ਦੇ ਸਿਖਰ 'ਤੇ ਸੀ,ਤਾਂ ਅਜਿਹੀ ਸਭਿਅਤਾ ਤਕ ਪਹੁੰਚਣ ਲਈ ਇਸ ਨੂੰ ਅਵੱਸ਼ ਹੀ ਕਈ ਹਜ਼ਾਰ ਸਾਲ ਲੱਗ ਗਏ ਹੋਣਗੇ।[2] ਇਸ ਤੋਂ ਵੀ ਅੱਗੇ ਉਹ ਭੂਵਿਗਿਆਨ ਦੇ ਖੇਤਰ ਵਿਚ ਡਾ. ਬੀਰਬਲ ਸਾਹਨੀ ਦੇ ਇਕ ਲੈਕਚਰ ਦਾ ਸਹਾਰਾ ਲੈ ਕੇ ਉਤਰੀ ਧਰੁਵ ਦੀ ਸਥਿਤੀ ਨੂੰ ਅੱਜ ਕੱਲ ਦੇ ਬਿਹਾਰ ਅਤੇ ਉੜੀਸਾ ਦੇ ਖੇਤਰ ਵਿਚ ਦਰਸਾ ਕੇ ਕਹਿੰਦਾ ਹੈ ਕਿ ਉਤਰੀ ਧਰੁਵ ਤਾਂ ਇਥੋਂ ਖਿਸਕ ਕੇ ਆਪਣੇ ਹੁਣ ਵਾਲੇ ਸਥਾਨ ਤੇ ਚਲਿਆ ਗਿਆ ਅਤੇ ਇਥੇ ਵਸਦੇ ਮਨੁੱਖ, ਜੋ ਕਿ ਹਿੰਦੂ ਸਨ, ਇਥੇ ਹੀ ਰਹਿ ਗਏ। ਇਸ ਤਰ੍ਹਾਂ, ਗੋਲਵਾਲਕਰ ਦੇ ਅਨੁਸਾਰ, ਹਿੰਦੁਸਤਾਨ ਅਤੇ ਹਿੰਦੂਆਂ ਦੀ ਹੋਂਦ ਲੱਖਾਂ ਸਾਲ ਪਿੱਛੇ ਚਲੀ ਜਾਂਦੀ ਹੈ।[3]

ਸਾਵਰਕਰ ਦੁਆਰਾ ਭਾਰਤੀ ਰਾਸ਼ਟਰ ਦੀ ਮਿਥਿਹਾਸਕ ਪੱਧਰ 'ਤੇ ਚਿਤਵੀ ਹੋਈ ਪ੍ਰਾਚੀਨਤਾ ਅਤੇ ਇਥੋਂ ਦੇ ਸ਼ੁਰੂ ਤੋਂ ਰਹਿਣ ਵਾਲੇ ਬਸ਼ਿੰਦਿਆਂ, ਜਿਨ੍ਹਾਂ ਨੂੰ ਉਹ ਹਿੰਦੂ ਕਹਿੰਦਾ ਹੈ, ਦੀ ਕਿਸੇ ਵੀ ਹੋਰ ਮੁਲਕ ਤੋਂ ਵੱਧ ਆਪਣੇ ਭੂਗੋਲਿਕ ਖਿੱਤੇ ਨਾਲ ਇਕਜੁੱਟਤਾ ਦੀਆਂ ਕਈ ਅਰਥ ਸੰਭਾਵਨਾਵਾਂ ਹਨ। ਸਭ ਤੋਂ ਪਹਿਲੀ ਅਰਥ ਸੰਭਾਵਨਾ ਇਹ ਹੈ ਕਿ ਰਾਸ਼ਟਰ ਦਾ ਇਹ ਸੰਕਲਪ ਮੂਲ ਰੂਪ ਵਿਚ ਨਸਲਵਾਦੀ ਹੈ । ਇਹ ਇਥੋਂ ਦੇ ਰਹਿਣ ਵਾਲਿਆਂ ਦੀ ਨਸਲੀ ਪਵਿਤਰਤਾ ਨੂੰ ਪਹਿਚਾਨਣ ਅਤੇ ਇਸ ਨੂੰ ਬਰਕਰਾਰ ਰੱਖਣ ਉਤੇ ਹੀ ਨਿਰਭਰ ਕਰਦਾ ਹੈ। ਇਹ ਇਥੋਂ ਦੇ ਹਿੰਦੂਆਂ ਦੇ ਤੌਰ 'ਤੇ ਪਰੀਭਾਸ਼ਤ ਕੀਤੇ ਬਸ਼ਿੰਦਿਆਂ ਨੂੰ 'ਸਾਹਸੀ ਵੀਰ ਰਸ' ਨਾਲ ਭਰੇ ਹੋਏ, ਉਹਨਾਂ ਦੇ 'ਉਦਮਾਂ ਨੂੰ ਸਾਹਸਮਈ' ਅਤੇ ਇਸੇ ਕਰਕੇ ਹੀ ਉਹਨਾਂ ਨੂੰ ਇਕ ਮਹਾਨ ਅਤੇ ਚਿਰਸਥਾਈ ਸਭਿਅਤਾ ਦੀ ਨੀਂਹ ਰੱਖਣ ਵਾਲਿਆਂ ਵਜੋਂ ਪੇਸ਼ ਕਰਦਾ ਹੈ।[4] ਅਜਿਹਾ ਕਰਕੇ ਸਾਵਰਕਰ ਇਹਨਾਂ ਨੂੰ ਬਹਾਦਰੀ, ਨਿਡਰਤਾ ਵਰਗੇ ਕੁਝ ਗੁਣਾਂ ਦੇ ਧਾਰਨੀ ਬਣਾਉਂਦਾ ਹੈ ਜੋ ਕਿ ਉਹਨਾਂ ਦੀ ਇਕ ਜੀਵ ਦੇ ਵਜੋਂ (biological) ਹੋਂਦ ਵਿਚ ਸਮੋਏ ਹੋਏ ਹਨ ਜਾਂ ਉਸੇ ਕਰਕੇ ਹੀ ਹਨ। ਇਸ ਦਾ ਦੂਜਾ ਅਰਥ ਇਹ ਹੈ ਕਿ ਅਜਿਹੇ ਗੁਣ ਉਹਨਾਂ ਲੋਕਾਂ ਵਿਚ ਨਹੀਂ ਹੋਣਗੇ ਜਿਨ੍ਹਾਂ ਦੇ ਵੱਡੇ ਵਡੇਰੇ ਇਥੋਂ ਦੇ ਨਹੀਂ ਸਨ। ਇਹ ਸ਼ੁੱਧ ਨਸਲਵਾਦੀ ਵਿਚਾਰ ਹੈ

ਇਸ ਦਿਲਚਸਪ ਪੇਸ਼ਕਾਰੀ ਤੋਂ ਵੀ ਮਿਲਦੀ ਹੈ ਕਿ ਹਿਮਾਲੀਆ ਪਰਬਤ ਦੀ ਕਦੇ ਵੀ ਨਾ ਉਲੰਘਣ ਵਾਲੀ ਕੁਦਰਤੀ ਤੌਰ 'ਤੇ ਸਥਾਪਤ ਹੱਦ ਦਾ ਜ਼ਿਕਰ ਕਰਦੇ ਹੋਏ ਇਸ ਦੀ ਹਿੰਦੂ ਕੁਸ਼ ਪਰਬਤਮਾਲਾ ਵਿਚ ਦਰਾ ਖ਼ੈਬਰ ਵਰਗੇ ਰਾਹਾਂ ਦਾ ਜ਼ਿਕਰ ਨਹੀਂ ਕੀਤਾ ਜਾਂਦਾ। ਇਹੀ ਕੁਦਰਤੀ ਰਾਹ ਸਨ ਜੋ ਕਿ ਇਸ ਬਰੇ ਸਗ਼ੀਰ ਨੂੰ ਉਤਰ ਪੱਛਮ ਵਾਲੇ ਪਾਸੇ ਦੁਨੀਆਂ ਦੇ ਹੋਰਨਾਂ ਹਿੱਸਿਆਂ ਨਾਲ ਜੋੜਦੇ ਸਨ। ਇਹਨਾਂ ਰਾਹਾਂ ਦਾ ਜ਼ਿਕਰ ਸਿਰਫ਼ ਹਮਲਾਵਰਾਂ ਦੇ ਆਉਣ ਵਾਲੇ ਰਾਹਾਂ ਦੇ ਤੌਰ 'ਤੇ ਹੀ ਕੀਤਾ ਜਾਂਦਾ ਰਿਹਾ ਹੈ।

ਸਾਵਰਕਰ ਅਤੇ ਗੋਲਵਾਲਕਰ ਦੇ ਹਿੰਦੂਤਵ ਬਾਰੇ ਦਿੱਤੇ ਵਿਚਾਰਾਂ ਬਾਰੇ ਕੀਤੀ ਉਪਰੋਕਤ ਸੰਖੇਪ ਬਹਿਸ ਦਾ ਸਾਰ, ਕਰਿਸਟੌਫ ਜੈਫਰਲੌਂਟ ਦੇ ਸ਼ਬਦਾਂ ਵਿਚ, ਇਸ ਦੇ ਤਿੰਨ ਸਤੰਭਾ ਯਾਨੀ ਕਿ 'ਭੂਗੋਲਿਕ ਏਕਤਾ, ਨਸਲੀ ਨੈਣ ਨਕਸ਼ ਅਤੇ ਇਕ ਸਾਂਝੇ ਸਭਿਆਚਾਰ' ਵਿਚ ਦੇਖਿਆ ਜਾ ਸਕਦਾ ਹੈ।[9] ਹਿੰਦੂਤਵਵਾਦ ਉਪਰ ਅਧਾਰਤ ਰਾਸ਼ਟਰ ਇਸ ਦੁਆਰਾ ਚਿਤਵੇ ਅਤੇ ਇਕ ਅਧਿਆਤਮਕ ਸ਼ਕਤੀ ਦੁਆਰਾ ਇਸ ਲਈ ਰਾਖਵੇਂ ਰੱਖੇ ਭੂਗੋਲਿਕ ਖਿੱਤੇ, ਇਸ ਦੁਆਰਾ ਹੀ ਖ਼ਿਆਲ ਕੀਤੇ ਆਰੀਅਨ ਨਸਲ ਦੇ ਇਥੋਂ ਦੇ ਮੂਲ ਬਸ਼ਿੰਦਿਆਂ ਅਤੇ ਇਹਨਾਂ ਦੇ ਹੀ ਸਭਿਆਚਾਰ ਦੀ ਮਦਦ ਨਾਲ ਘੜਿਆ ਹੋਇਆ ਇਕ ਸੰਕਲਪ ਹੈ। ਇਸ ਤਰ੍ਹਾਂ ਦੇਖਿਆਂ ਹਿੰਦੂਤਵਵਾਦ ਕੋਈ ਧਾਰਮਕ ਵਿਚਾਰਧਾਰਾ ਨਾ ਹੋ ਕੇ ਇਕ ਰਾਜਨੀਤਕ ਵਿਚਾਰਧਾਰਾ ਹੈ। ਤੱਤਰੂਪ ਵਿਚ ਇਸ ਕਰਕੇ ਹੋਂਦ ਵਿਚ ਆਏ ਭਾਰਤੀ ਰਾਸ਼ਟਰ ਦੇ ਸੰਕਲਪ ਨੂੰ ਘੜਨ ਲਈ ਹੀ ਹਿੰਦੂ ਪਹਿਚਾਣ ਦੇ ਮੂਲ ਨੂੰ ਇਥੋਂ ਦੀ ਭੂਗੋਲਿਕਤਾ, ਇਤਿਹਾਸ ਦੀ ਸ਼ੁਰੂਆਤ ਤੋਂ ਵੀ ਪਹਿਲਾਂ ਕਲਪਿਤ ਕੀਤੀ ਇਥੇ ਵਸਦੀ ਨਸਲ ਅਤੇ ਇਸੇ ਦੇ ਨੈਣ ਨਕਸ਼ਾਂ ਦੇ ਅਨੁਸਾਰ ਉਸਾਰੇ ਸਭਿਆਚਾਰ ਵਿਚ ਹੀ ਪਛਾਨਣ ਦੀ ਕੋਸ਼ਿਸ਼ ਕੀਤੀ ਗਈ। ਹਿੰਦੂ ਧਰਮ ਦੀ ਅਜਿਹੀ ਪਛਾਣ, ਦੂਸਰੇ ਸ਼ਬਦਾਂ ਵਿਚ, ਹਿੰਦੂਤਵਵਾਦ ਦੇ ਪੈਦਾ ਅਤੇ ਵਿਕਸਤ ਹੋਣ ਲਈ ਮੂਲ ਕਾਰਨ ਨਾ ਹੋ ਕੇ ਇਸ ਦੇ ਵਜੂਦ ਨੂੰ ਘੜਨ ਲਈ ਇਕ ਸੰਦ (instrument) ਤੋਂ ਵੱਧ ਅਹਿਮੀਅਤ ਨਹੀਂ ਰਖਦੀ। ਇਸ ਸੰਦ ਦਾ ਪ੍ਰਯੋਗ ਕਰਕੇ ਹਿੰਦੂਤਵ ਦੀ ਵਿਚਾਰਧਾਰਾ ਨੂੰ ਇਕ ਤਾਰਕਿਕ ਸਿਸਟਮ ਦੇ ਵਾਂਗ ਵਿਕਸਿਤ ਕੀਤਾ ਗਿਆ। ਇਸ ਦੇ ਅਧਾਰ 'ਤੇ ਉਸਾਰੇ ਗਏ ਭਾਰਤੀ ਰਾਸ਼ਟਰ ਦੀ ਹੋਂਦ ਨੂੰ ਪਹਿਲਾਂ ਤਾਂ ਇਸਲਾਮ ਆਦਿ ਤੋਂ ਇਸ ਵਾਸਤੇ ਖ਼ਤਰਾ ਘੜਿਆ ਗਿਆ ਅਤੇ ਫਿਰ ਇਸੇ ਨੂੰ ਖ਼ਤਮ ਕਰਨਾ ਹੀ ਇਸ ਦਾ ਨਿਸ਼ਾਨਾ ਮਿਥਿਆ ਗਿਆ। ਇਸ ਵਿਚਾਰਧਾਰਾ ਦੇ ਧਾਰਮਕ ਨਾ ਹੋਣ ਦੇ ਸੰਦਰਭ ਵਿਚ ਇਸ ਤੱਥ ਦਾ ਜ਼ਿਕਰ ਕਰਨਾ ਵੀ ਗ਼ੈਰਵਾਜਬ ਨਹੀਂ ਹੋਵੇਗਾ ਕਿ ਸਾਵਰਕਰ ਆਪ ਇਕ ਨਿਸ਼ਠਾਵਾਨ ਧਾਰਮਕ ਵਿਅਕਤੀ ਨਾ ਹੋ ਕੇ ਨਾਸਤਕ ਸੀ।

ਬਸਤੀਵਾਦ, ਧਾਰਮਕ ਪਹਿਚਾਣਾਂ ਅਤੇ ਫਿਰਕਾਪ੍ਰਸਤੀ

ਹਿੰਦੂਤਵ ਦੀ ਵਿਚਾਰਧਾਰਾ ਨੂੰ ਬਣਾਉਣ ਅਤੇ ਵਿਕਸਿਤ ਕਰਨ ਲਈ ਹਿੰਦੂ ਧਰਮ ਦੀ ਇਕ ਸੰਦ ਦੀ ਤਰ੍ਹਾਂ ਦੀ ਵਰਤੋਂ ਆਪਣੇ ਆਪ ਵਿਚ ਅਚਾਨਕ ਵਾਪਰੀ ਕੋਈ ਅਜਿਹੀ ਘਟਨਾ ਨਹੀਂ ਸੀ ਜਿਸ ਵਾਸਤੇ ਸਿਰਫ ਸਾਵਰਕਰ ਅਤੇ ਗੋਲਵਾਲਕਰ ਹੀ ਜ਼ਿੰਮੇਵਾਰ ਹੋਣ। ਅਸਲ ਵਿਚ ਹਿੰਦੂ ਧਰਮ ਦੀ ਅਜਿਹੀ ਵਰਤੋਂ ਇਸ ਦੀ ਇਕ ਇਹੋ

ਜਿਹੀ ਧਾਰਮਕ ਪਹਿਚਾਣ ਅਤੇ ਇਸੇ ਉਪਰ ਹੀ ਅਧਾਰਤ ਇਕ ਧਾਰਮਕ ਭਾਈਚਾਰੇ ਦੇ ਹੋਂਦ ਵਿਚ ਆਉਣ ਤੋਂ ਬਾਅਦ ਹੀ ਸੰਭਵ ਹੋਈ ਅਤੇ ਕੀਤੀ ਗਈ । ਰੋਮਿਲਾ ਥਾਪਰ ਦੇ ਅਨੁਸਾਰ ਨੇੜਲੇ ਇਤਿਹਾਸ ਵਿਚ ਹਿੰਦੂ ਧਰਮ ਦੀ ਸਤੰਭ ਰੂਪੀ (monolithic) ਪਹਿਚਾਣ ਦੇ ਬਣਨ ਦੇ ਪਿੱਛੇ ਤਿੰਨ ਮੁੱਖ ਕਾਰਨ ਸਨ। ਪਹਿਲੇ ਕਾਰਨ ਦਾ ਸੰਬੰਧ ਈਸਾਈ ਮਿਸ਼ਨਰੀਆਂ ਦੀ ਉਸ ਪਹੁੰਚ ਨਾਲ ਸੀ ਜਿਸ ਕਰਕੇ ਉਹਨਾਂ ਦੁਆਰਾ ਤਸੱਵੁਰ ਕੀਤੇ ਹਿੰਦੂ ਧਰਮ ਵਿਚ ਪਾਠ ਪੂਜਾ ਅਤੇ ਰੀਤੀ ਰਿਵਾਜ ਦੀ ਬਹੁਲਤਾ ਸੀ ਤੇ ਜਿਸ ਨੂੰ ਉਹ ਇਸ ਦਾ ਪਛੜਾਪਨ ਸਮਝਦੇ ਸਨ। ਦੂਸਰੇ ਕਾਰਨ ਦਾ ਸੰਬੰਧ ਓਰੀਐਂਟਲਿਜ਼ਮ ਦੀ ਉਸ ਵਿਦਵਤਾ ਨਾਲ ਸੀ ਜੋ ਕਿ ਉਸ ਦੁਆਰਾ ਅੰਗੇ ਜਾਂਦੇ ਹਿੰਦੂ ਧਰਮ ਦੀ ਅੰਦਰੂਨੀ ਬਹੁਲਤਾ ਨੂੰ ਆਪਣੀ ਸਮਝ ਦੇ ਸਿਸਟਮ ਵਿਚ ਫਿੱਟ ਕਰਨ ਲਈ ਇਸ ਦੇ ਸਭ ਰੂਪਾਂ ਨੂੰ ਸਿਰਫ ਇਕ ਭਾਰੂ ਪੈਂਦੀ ਪਹਿਚਾਣ ਦੇ ਰੂਪ ਵਿਚ ਦੇਖਣਾ ਚਾਹੁੰਦੀ ਸੀ । ਤੀਸਰੇ ਕਾਰਨ ਦਾ ਸੰਬੰਧ ਉਸ ਵੇਲੇ ਪੈਦਾ ਹੋਈਆਂ ਸੁਧਾਰਵਾਦੀ ਲਹਿਰਾਂ ਨਾਲ ਸੀ ਜੋ ਕਿ ਹਿੰਦੂ ਧਰਮ ਨੂੰ ਇਸ ਵਿਚਲੇ 'ਪੁਰਾਤਨ' ਅਤੇ 'ਪਛੜੇ' ਹੋਏ ਪੱਖਾਂ ਤੋਂ ਅਜ਼ਾਦ ਕਰਵਾਉਣਾ ਚਾਹੁੰਦੀਆਂ ਸਨ।[10] ਇਹਨਾਂ ਕਾਰਨਾਂ ਨੂੰ ਧਿਆਨ ਵਿਚ ਰੱਖ ਕੇ ਇਹ ਕਿਹਾ ਜਾ ਸਕਦਾ ਹੈ ਕਿ ਸਤੰਭ ਰੂਪੀ ਧਾਰਮਕ ਪਹਿਚਾਣਾਂ ਦੇ ਉਸਰਨ ਦਾ ਸਮਾਂ ਕਾਲ ਇਥੇ ਅਠਾਰਵੀਂ ਸਦੀ ਵਿਚ ਅੰਗਰੇਜ਼ਾਂ ਦੇ ਆਉਣ ਦੇ ਸਮਾਂ ਕਾਲ ਨਾਲ ਮੇਲ ਖਾਂਦਾ ਹੈ। ਓਰੀਐਂਟਲਿਜ਼ਮ ਦੇ ਅਨੁਸਾਸ਼ਨ ਦੀਆਂ ਅੰਤਰ ਦ੍ਰਿਸ਼ਟੀਆਂ ਦੇ ਅਨੁਸਾਰ ਕਿਸੇ ਵੀ ਧਰਮ ਨੂੰ ਦੇਖਣ, ਪਰਖਣ ਅਤੇ ਸਮਝਣ ਲਈ ਈਸਾਈਅਤ ਦੀ ਤਰਜ਼ 'ਤੇ ਉਸਰਿਆ ਮਾਡਲ ਹੀ ਵਾਜਬ ਹੈ। ਇਸ ਦੇ ਅਨੁਸਾਰ ਕਿਸੇ ਵੀ ਧਰਮ ਦੀ ਇਕ ਪਵਿੱਤਰ ਕਿਤਾਬ, ਇਕ ਪੈਗੰਬਰ ਅਤੇ ਇਕ ਸੰਸਥਾਗਤ ਧਾਰਮਕ ਸੰਸਥਾ ਜਿਵੇਂ ਕਿ ਚਰਚ ਅਤੇ ਸੰਸਥਾਗਤ ਧਰਮ ਸ਼ਾਸਤਰ ਹੋਣੇ ਜ਼ਰੂਰੀ ਹਨ। ਅੱਜਕਲ੍ਹ ਹਿੰਦੂਵਾਦ ਦੀ ਪਹਿਚਾਣ ਰੱਖਣ ਵਾਲੇ ਧਰਮ ਵਿਚ ਇਹਨਾਂ ਵਿਚੋਂ ਕੁਝ ਵੀ ਪਹਿਲਾਂ ਨਹੀਂ ਸੀ। ਓਰੀਐਂਟਲਿਜ਼ਮ ਦੇ ਵਿਦਵਾਨਾਂ ਨੇ ਭਾਰਤ ਵਿਚ ਬ੍ਰਾਹਮਣਾਂ ਦੀ ਉਚੀ ਸਮਾਜਕ ਹੈਸੀਅਤ ਕਰਕੇ ਬ੍ਰਾਹਮਣਵਾਦ ਅਤੇ ਇਸ ਨਾਲ ਸੰਬੰਧਤ ਗ੍ਰੰਥਾਂ ਅਤੇ ਸੰਸਥਾਵਾਂ ਨੂੰ ਇਹ ਸਥਾਨ ਦੇਣ ਦੀ ਸ਼ੁਰੂਆਤ ਕਰਕੇ ਆਧੁਨਿਕ ਹਿੰਦੂ ਧਰਮ ਨੂੰ ਮਾਨਤਾ ਦਿੱਤੀ। ਇਹ ਕੰਮ ਕਲਕੱਤਾ ਵਿਖੇ ਏਸ਼ੀਐਟਿਕ ਸੁਸਾਇਟੀ ਦੀ 1784 ਵਿਚ ਸਥਾਪਨਾ ਕਰਕੇ ਵਿਲੀਅਮ ਜੋਨਜ਼ ਵਰਗੇ ਵਿਦਵਾਨਾਂ ਨੇ ਸ਼ੁਰੂ ਕੀਤਾ। ਇਹ ਉਹੀ ਸਮਾਂ ਹੈ ਜਦੋਂ ਕਿ ਧਰਮਸ਼ਾਸਤਰਾਂ ਅਤੇ ਹੋਰ ਗ੍ਰੰਥਾਂ ਦਾ ਅੰਗਰੇਜ਼ੀ ਅਤੇ ਹੋਰਨਾਂ ਯੂਰਪੀਨ ਭਾਸ਼ਾਵਾਂ ਵਿਚ ਅਨੁਵਾਦ ਕੀਤਾ ਗਿਆ। ਓਰੀਐਂਟਲਿਜ਼ਮ ਦੀਆਂ ਅੰਤਰ ਦ੍ਰਿਸ਼ਟੀਆਂ ਦੇ ਅਨੁਸਾਰ ਹੀ ਵੇਦਾਂ, ਉਪਨਿਸ਼ਦਾਂ ਅਤੇ ਧਰਮਸ਼ਾਸਤਰਾਂ ਵਿਚ ਦਰਜ ਦਾਰਸ਼ਨਿਕ ਵਿਚਾਰਾਂ ਅਤੇ ਰੀਤੀਆਂ ਤੇ ਅਨੁਸ਼ਠਾਨਾਂ ਦੇ ਅਧਾਰ 'ਤੇ ਹੀ ਹਿੰਦੂ ਧਰਮ ਦੀ ਠੋਸ ਪਹਿਚਾਣ ਉਸਾਰਨ ਦੀ ਕੋਸ਼ਿਸ਼ ਕੀਤੀ ਗਈ। ਪ੍ਰਾਚੀਨ ਤੇ ਮੱਧ ਕਾਲ ਦੇ ਦੌਰਾਨ 'ਹਿੰਦੂ' ਸ਼ਬਦ ਦਾ ਅਰਥ ਸਿੰਧ ਦਰਿਆ ਤੋਂ ਏਧਰਲੇ ਭੂਗੋਲਿਕ ਖਿੱਤਿਆਂ ਦੀ ਪਹਿਚਾਣ ਨਾਲ ਸੰਬੰਧਤ ਸੀ ਜਾਂ

ਚੇਤਨਾ ਇਕ ਅਜਿਹੇ ਪ੍ਰਾਚੀਨ ਕਾਲ ਵਿਚ ਤਲਾਸ਼ ਕੀਤੀ ਗਈ ਜਿਸ ਨੂੰ ਕਿ ਇਕ ਸੁਨਹਿਰੀ ਯੁੱਗ ਦੇ ਤੌਰ ਤੇ ਤਸੱਵੁਰ ਕੀਤਾ ਗਿਆ। ਅੱਜ ਇਕੀਵੀਂ ਸਦੀ ਤੱਕ ਇਸ ਸੁਨਹਿਰੀ ਯੁੱਗ ਦੀਆਂ ਵਿਗਿਆਨ, ਤਕਨਾਲੋਜੀ ਦੇ ਖੇਤਰਾਂ ਵਿਚ ਕਾਲਪਨਿਕ ਪ੍ਰਾਪਤੀਆਂ ਅਤੇ ਅਧਿਆਤਮਕਤਾ ਦੇ ਸਿਖ਼ਰ ਨੂੰ ਪਹੁੰਚਣ ਦੀ ਚਰਚਾ ਕੀਤੀ ਜਾਣੀ ਜਾਰੀ ਹੈ । ਸੰਜੋਗ ਨਾਲ ਭਾਰਤੀ ਸਭਿਅਤਾ ਵਿਚ ਅਧਿਆਤਮਕਤਾ ਦੇ ਅੰਸ਼ ਨੂੰ ਭਾਰੂ ਦਿਖਾਉਣਾ ਜਾਂ ਇਸ ਦਾ ਧੁਰਾ ਦਿਖਾਉਣਾ ਵੀ ਓਰੀਐਂਟਲਿਜ਼ਮ ਦੇ ਅਨੁਸਾਸ਼ਨ ਵਿਚ ਖ਼ਾਸ ਥਾਂ ਰੱਖਦਾ ਰਿਹਾ ਹੈ। ਮੱਧਯੁੱਗ ਤੋਂ ਬਾਅਦ ਬਸਤੀਵਾਦੀ ਦੌਰ ਦੇ ਸਮੇਂ ਵਿਚ ਭਾਰਤੀ ਰਾਸ਼ਟਰ ਦੇ ਸੰਕਲਪ ਦੇ ਹੋਂਦ ਵਿਚ ਆਉਣ ਨੂੰ ਇਸ ਜ਼ਾਵੀਏ ਤੋਂ ਸਮਝਣ ਦਾ ਦੂਜਾ ਅਰਥ ਇਹ ਵੀ ਬਣਦਾ ਹੈ ਕਿ ਇਹ ਪੱਛਮੀ ਯੂਰਪ ਦੇ ਰਾਸ਼ਟਰਾਂ ਦੇ ਸੰਕਲਪ ਦੇ ਵਾਂਗ ਪੁਨਰ ਸੁਰਜੀਤੀ (renaissance) ਦੀ ਲਹਿਰ ਦੇ ਪਿਛੋਂ ਪੈਦਾ ਹੋਈ ਆਧੁਨਿਕਵਾਦੀ ਜਮਹੂਰੀਅਤ ਦੇ ਵਿਚਾਰਾਂ ਅਤੇ ਇਸ ਕਰਕੇ ਪੈਦਾ ਹੋਈਆਂ ਰਾਜਸੀ ਸੰਰਚਨਾਵਾਂ ਵਿਚੋਂ ਪੈਦਾ ਨਹੀਂ ਹੋਇਆ। ਇਸ ਦੇ ਮੂਲ ਸੁਭਾਅ ਨੂੰ ਪ੍ਰੀਭਾਸ਼ਤ ਕਰਨ ਵਾਲੀ ਪ੍ਰਾਚੀਨ ਕਾਲ ਦੀ ਵੈਦਿਕ ਪਰੰਪਰਾ ਹੀ ਰਹੀ ਹੈ। ਉਨੀਵੀਂ ਸਦੀ ਦੇ ਅਖੀਰ ਵਿਚ ਬੰਗਾਲ ਅਤੇ ਬੌਂਬੇ ਪ੍ਰੈਜ਼ੀਡੈਂਸੀ ਵਿਚ ਪੈਦਾ ਹੋਏ ਰਾਸ਼ਟਰਵਾਦੀ ਸੰਕਲਪਾਂ ਵਿਚੋਂ ਭਾਰਤ ਦਾ ਮੱਧ ਕਾਲ ਨਾ ਸਿਰਫ ਗਾਇਬ ਹੀ ਰਿਹਾ ਹੈ ਸਗੋਂ ਬਹੁਤ ਵਾਰੀ ਇਸ ਨੂੰ ਹਨੇਰੇ ਵਾਲਾ ਅਤੇ ਗੁਲਾਮੀ ਵਾਲਾ ਯੁੱਗ ਵੀ ਕਿਹਾ ਜਾਂਦਾ ਰਿਹਾ ਹੈ। ਇਸੇ ਕਰਕੇ ਰਾਸ਼ਟਰਵਾਦ ਦੀ ਇਸ ਤਰ੍ਹਾਂ ਦੀ ਉਤਪਤੀ ਦੇ ਸਿੱਟੇ ਵਜੋਂ ਇਸ ਦੁਆਰਾ ਟਿੱਕਿਆ ਹੋਇਆ ਇਸਦਾ ਦੁਸ਼ਮਣ ਇਸਲਾਮ ਸੀ।

ਰਾਸ਼ਟਰਵਾਦ ਦੀ ਉਤਪਤੀ ਦੇ ਸ਼ੁਰੂਆਤੀ ਦੌਰ ਵਿਚ ਇਸ ਦੀ ਇਕ ਉਘੜਵੀਂ ਮਿਸਾਲ 1882 ਵਿਚ ਛਪਿਆ ਬੰਕਿਮ ਚੰਦਰ ਚਟੋਪਾਧਿਆਇ ਦੁਆਰਾ ਲਿਖਿਆ ਨਾਵਲ 'ਆਨੰਦ ਮੱਠ' ਹੈ। ਇਸ ਨਾਵਲ ਵਿਚ ਬੇਗਾਨੀਅਤ ਅਤੇ ਦੁਸ਼ਮਣ ਵਾਲੇ ਸਥਾਨ 'ਤੇ ਬਰਤਾਨਵੀ ਸਾਮਰਾਜ ਨਹੀਂ ਹੈ ਸਗੋਂ ਮੁਸਲਮਾਨ ਹਨ। ਇਸ ਤੋਂ ਵੀ ਪਹਿਲਾਂ ਰਾਜਾ ਰਾਮ ਮੋਹਨ ਰਾਏ ਵਰਗੇ ਵਿਦਵਾਨਾਂ ਨੇ ਭਾਵੇਂ ਸਤੀ ਵਰਗੀਆਂ ਕੁਰੀਤੀਆਂ ਅਤੇ ਵਿਧਵਾਵਾਂ ਦੀ ਦੁਰਦਸ਼ਾ ਦੇ ਖਿਲਾਫ਼ ਇਕ ਵਿਆਪਕ ਜੰਗ ਛੇੜੀ ਪਰ ਇਹਦੇ ਨਾਲ ਹੀ ਵੈਦਿਕ ਪਰੰਪਰਾ ਨੂੰ ਭਾਰਤੀ ਪਹਿਚਾਣ ਦਾ ਆਧਾਰ ਬਣਾਇਆ। ਇਸੇ ਵੈਦਿਕ ਪਰੰਪਰਾ ਦੇ ਅਧਾਰ ਉਪਰ ਹੀ ਆਉਣ ਵਾਲੇ ਸਮੇਂ ਵਿਚ ਫਿਰਕੂ ਵਿਚਾਰਧਾਰਾ ਦਾ ਉਸਾਰ ਦੇਖਿਆ ਜਾ ਸਕਦਾ ਹੈ। ਇਸ ਦੇ ਆਧਾਰ 'ਤੇ ਇਕ ਪਾਸੇ ਤਾਂ ਕੁਝ ਸਮਾਜ ਸੁਧਾਰ ਲਹਿਰਾਂ ਚਲੀਆਂ ਜਿਨ੍ਹਾਂ ਨੇ ਹਿੰਦੂ ਧਰਮ ਨੂੰ, ਜਿਵੇਂ ਕਿ ਉਪਰ ਜ਼ਿਕਰ ਕੀਤਾ ਜਾ ਚੁੱਕਾ ਹੈ, ਪ੍ਰੀਭਾਸ਼ਤ ਕਰਕੇ ਇਸ ਦੀ ਇਕ ਠੋਸ ਪਹਿਚਾਣ ਬਣਾਈ ਅਤੇ ਨਾਲ ਹੀ ਇਸ ਵਿਚ, ਉਹਨਾਂ ਮੁਤਾਬਕ, ਆਈਆਂ ਕੁਰੀਤੀਆਂ ਤੋਂ ਇਸ ਨੂੰ ਅਜ਼ਾਦ ਕਰਨਾ ਚਾਹਿਆ। ਪਰ ਇਸ ਦਾ ਇਕ ਗੰਭੀਰ ਸਿੱਟਾ ਫਿਰਕਾਪ੍ਰਸਤੀ ਦੇ ਜਨਮ ਅਤੇ ਵਿਕਾਸ ਵਿਚ ਨਿਕਲਿਆ।

ਅਜਿਹੀ ਹੀ ਇਕ ਸੁਧਾਰਵਾਦੀ ਲਹਿਰ ਆਰੀਆ ਸਮਾਜ ਦੀ ਸੀ। ਇਸ ਲਹਿਰ ਦਾ ਬਾਨੀ ਸਵਾਮੀ ਦਯਾਨੰਦ ਭਾਵੇਂ ਗੁਜਰਾਤੀ ਸੀ ਪਰ ਇਹ ਸਭ ਤੋਂ ਪਹਿਲਾਂ ਉਨੀਵੀਂ ਸਦੀ ਦੇ ਆਖੀਰਲੇ ਦਹਾਕਿਆਂ ਵਿਚ ਸੰਗਠਤ ਪੰਜਾਬ ਵਿਚ ਹੋਈ। ਪਹਿਲ ਪ੍ਰਿਥਮੇ ਤਾਂ ਇਸ ਲਹਿਰ ਨੇ ਵੈਦਿਕ ਪਰੰਪਰਾ ਨੂੰ ਸਭ ਤੋਂ ਉੱਤਮ ਅਧਿਆਤਮਕ, ਪ੍ਰਾਚੀਨ ਅਤੇ ਸਭਿਅਕ ਪਰੰਪਰਾ ਸਿੱਧ ਕਰਨ ਦੀ ਕੋਸ਼ਿਸ਼ ਕੀਤੀ। ਸਵਾਮੀ ਦਯਾਨੰਦ ਦੇ ਅਨੁਸਾਰ ਵੇਦ ਹੀ ਅਜਿਹੇ ਗ੍ਰੰਥ ਹਨ ਜੋ ਕਿ ਪ੍ਰਮਾਤਮਾ ਦੀ ਬਿਲਕੁਲ ਸਹੀ ਰੂਪ ਵਿਚ ਵਿਆਖਿਆ ਕਰਦੇ ਹਨ। ਇਸ ਕਰਕੇ ਇਹ ਗ੍ਰੰਥ ਪ੍ਰਮਾਤਮਾ ਦੇ ਆਪਣੇ ਹਨ ਨਾ ਕਿ ਕਿਸੇ ਹੋਰ ਦੇ। ਇਹਨਾਂ ਵਿਚ ਕੁਝ ਵੀ ਕੁਦਰਤ ਦੇ ਨੇਮਾਂ ਦੇ ਖ਼ਿਲਾਫ ਨਹੀਂ ਹੈ ਅਤੇ ਨਾ ਹੀ ਤਰਕ ਦੇ ਨੇਮਾਂ ਦੇ ਖ਼ਿਲਾਫ। ਪਰ ਉਹ ਇਥੇ ਹੀ ਨਹੀਂ ਰੁਕਦਾ। ਵੇਦਾਂ ਦੀ ਉਤਮਤਾ ਸਿੱਧ ਕਰਨ ਲਈ ਉਹ ਦੂਜੇ ਧਰਮਾਂ ਦੇ ਗ੍ਰੰਥਾਂ ਨੂੰ ਗੌਣ ਦਰਜੇ 'ਤੇ ਰੱਖਦਾ ਹੈ। ਉਸ ਦੇ ਸ਼ਬਦਾਂ ਵਿਚ ਬਾਈਬਲ ਅਤੇ ਕੁਰਾਨ ਪ੍ਰਮਾਤਮਾ ਦੀ ਸਹੀ ਵਿਆਖਿਆ ਕਰਨ ਅਤੇ ਕੁਦਰਤ ਤੇ ਤਰਕ ਦੇ ਨੇਮਾਂ ਦੇ ਅਨੁਸਾਰੀ ਹੋਣ ਦਾ ਟੈਸਟ ਪਾਸ ਨਹੀਂ ਕਰਦੀਆਂ। ਇਸ ਕਰਕੇ ਉਹ ਪ੍ਰਮਾਤਮਾ ਦੀਆਂ ਆਪਣੀਆਂ ਕਿਤਾਬਾਂ ਨਹੀਂ ਹਨ।[15] ਸਾਵਰਕਰ ਦੀ ਹਿੰਦੂਤਵ ਦੀ ਵਿਚਾਰਧਾਰਾ ਦੇ ਆਉਣ ਤੋਂ ਪਹਿਲਾਂ ਹੀ ਸਵਾਮੀ ਦਯਾਨੰਦ ਨੇ ਆਰੀਆ ਸਭਿਅਤਾ, ਜੋ ਕਿ ਅਸਲ ਵਿਚ ਵੈਦਿਕ ਪਰੰਪਰਾ ਦਾ ਹੀ ਦੂਜਾ ਨਾਂ ਹੈ, ਨੂੰ ਭਾਰਤ ਦੀ ਮੂਲ ਸਭਿਅਤਾ ਕਿਹਾ ਸੀ। ਨਾ ਸਿਰਫ ਇਹ ਸਗੋਂ ਆਰੀਆਂ ਨੂੰ ਸਭਿਅਕ ਲੋਕ ਪ੍ਰੀਭਾਸ਼ਤ ਕਰਕੇ ਇਥੇ ਵਸਦੇ ਬਾਕੀ ਲੋਕਾਂ ਨੂੰ ਦਾਸ ਜਾਂ ਅਸੁਰ ਕਹਿ ਕੇ ਅਸਭਿਅਕ ਵੀ ਕਿਹਾ ਸੀ। ਇਹੀ ਲੋਕ ਅਛੂਤ ਜਾਂ ਸ਼ੂਦਰ ਕਹਾਏ। ਸਵਾਮੀ ਦਯਾਨੰਦ ਦੀ ਨਿਗਾਹ ਵਿਚ ਵੈਦਿਕ ਪਰੰਪਰਾ ਦੀ ਉਤਮਤਾ ਇਸ ਗੱਲ ਵਿਚ ਵੀ ਪਈ ਸੀ ਕਿ ਆਰੀਅਨ ਹੀ ਅਜਿਹੇ ਲੋਕ ਸਨ ਜੋ ਕਿ ਇਤਿਹਾਸ ਦੇ ਸ਼ੁਰੂ ਤੋਂ ਹੀ ਵਿਦਿਆ ਗ੍ਰਹਿਣ ਕਰਕੇ ਸਭਿਅਤਾ ਦੀ ਰੌਸ਼ਨੀ ਵਿਚ ਆ ਚੁੱਕੇ ਸਨ ਜਦੋਂ ਕਿ ਯੂਰਪ ਅਤੇ ਏਸ਼ੀਆ ਦੇ ਬਾਕੀ ਹਿੱਸੇ ਓਦੋਂ ਤੱਕ ਅਸਭਿਅਕ ਅਤੇ ਹਨੇਰੇ ਵਿਚ ਹੀ ਜਿਉਂ ਰਹੇ ਸਨ । ਸਵਾਮੀ ਦਯਾਨੰਦ ਦੀਆਂ ਉਪਰੋਕਤ ਧਾਰਨਾਵਾਂ ਦੇ ਅਧਾਰ 'ਤੇ, ਕਰਿਸਟੌਫ ਜੈਫਰਲੌਟ ਦੇ ਸ਼ਬਦਾਂ ਵਿਚ, ਇਹ ਕਿਹਾ ਜਾ ਸਕਦਾ ਹੈ ਕਿ ਭਾਵੇਂ ਉਸਨੇ ਬ੍ਰਾਹਮਣਾਂ ਨੂੰ ਭਾਰਤ ਅੰਦਰ ਫੈਲੇ ਅੰਧ ਵਿਸ਼ਵਾਸ਼ ਲਈ ਜ਼ੁਮੇਵਾਰ ਠਹਿਰਾਇਆ ਪਰ ਉਸ ਦਾ ਆਪਣਾ ਬਦਲਵਾਂ ਸਮਾਜਕ ਮਾਡਲ ਵੀ ਬ੍ਰਾਹਮਣਵਾਦ ਉਪਰ ਹੀ ਟਿਕਿਆ ਹੋਇਆ ਸੀ।[16]

ਧਾਰਮਕ ਪਹਿਚਾਣਾਂ ਅਤੇ ਬ੍ਰਿਟਿਸ਼ ਰਾਜ ਪ੍ਰਬੰਧ

ਬਸਤੀਵਾਦੀ ਰਾਜ ਦੇ ਸਮੇਂ ਤੋਂ ਧਾਰਮਕ ਪਹਿਚਾਣਾਂ ਬਣਾਉਣ ਦੇ ਸੰਬੰਧ ਵਿਚ ਇਹ ਪ੍ਰਸ਼ਨ ਉਠਾਇਆ ਜਾ ਸਕਦਾ ਹੈ ਕਿ ਕੀ ਇਹ ਧਾਰਮਕ ਪਹਿਚਾਣਾਂ ਸਿਰਫ਼ ਵੱਖ ਵੱਖ ਧਰਮਾਂ ਦੀਆਂ ਤਸੱਵੁਰ ਕੀਤੀਆਂ ਵੱਖ ਵੱਖ ਦਾਰਸ਼ਨਿਕ ਧਾਰਨਾਵਾਂ ਅਤੇ ਇਹਨਾਂ ਵਿਚਲੇ ਆਪਸੀ ਵਖਰੇਵਿਆਂ ਵਿਚੋਂ ਹੀ ਪੈਦਾ ਹੋਈਆਂ? ਕੀ ਇਹਨਾਂ ਪਹਿਚਾਣਾਂ ਵਿਚ ਤਸੱਵੁਰ ਕੀਤੀ ਦਾਰਸ਼ਨਿਕ, ਸਭਿਆਚਾਰਕ ਅਤੇ ਨਸਲੀ ਵੱਖਰਤਾ ਹੀ ਇਹਨਾਂ ਦੇ

ਪ੍ਰਵਚਨ ਦੇ ਲੋਕਾਂ ਵਿਚ ਪ੍ਰਚੱਲਿਤ ਹੋਣ ਦਾ ਕਾਰਨ ਸੀ? ਉਸ ਵੇਲੇ ਦੀ ਰਾਜਸੀ ਸਥਿਤੀ ਵੱਲ ਧਿਆਨ ਮਾਰਨ 'ਤੇ ਪਤਾ ਲੱਗਦਾ ਹੈ ਕਿ ਅਜਿਹਾ ਨਹੀਂ ਸੀ। ਇਹਨਾਂ ਵੱਖ-ਵੱਖ ਧਾਰਮਕ ਪਹਿਚਾਣਾਂ ਦੇ ਵੱਖਰੇ ਅਤੇ ਆਪਸੀ ਵਿਰੋਧ ਵਾਲੇ ਫਿਰਕੂ ਪ੍ਰਵਚਨਾਂ ਦਾ ਲੋਕਾਂ ਵਿਚ ਪੈਰ ਧਰਾਵਾ ਅਤੇ ਮਕਬੂਲੀਅਤ ਨੂੰ ਉਸ ਵੇਲੇ ਦੀ ਰਾਜਸੀ ਸਥਿਤੀ ਅਤੇ ਬ੍ਰਿਟਿਸ਼ ਰਾਜ ਦੀਆਂ ਪ੍ਰਬੰਧਕੀ ਨੀਤੀਆਂ ਤੋਂ ਵੱਖਰਾ ਕਰਕੇ ਨਹੀਂ ਦੇਖਿਆ ਜਾ ਸਕਦਾ। ਉਨੀਵੀਂ ਸਦੀ ਦੇ ਅਖੀਰ ਤੋਂ ਹੀ ਮੁਕਾਮੀ ਸਰਕਾਰਾਂ ਤੇ ਪ੍ਰਬੰਧਕੀ ਅਦਾਰੇ ਅਤੇ ਸੂਬੇ ਤੇ ਦੇਸ਼ ਦੇ ਲੈਜਿਸਲੇਟਿਵ ਅਤੇ ਕਾਰਜਕਾਰੀ ਅਦਾਰਿਆਂ ਵਿਚ ਪ੍ਰੀਤਨਿਧਤਾ ਸਮਾਜ ਦੇ ਉਹਨਾਂ ਕੁਲੀਨ ਵਰਗਾਂ ਜਾਂ ਵਿਅਕਤੀਆਂ ਨੂੰ ਮਿਲਣੀ ਸ਼ੁਰੂ ਹੋਈ ਜੋ ਆਪਣੇ ਪਿੱਛੇ ਆਪਣੇ ਭਾਈਚਾਰੇ, ਜੋ ਬਹੁਤ ਹੱਦ ਤੱਕ ਧਾਰਮਕ ਹੀ ਹੁੰਦਾ ਸੀ, ਦੀ ਹਮਾਇਤ ਰਖਦਾ ਸੀ। ਅਜਿਹੇ ਰਾਜ ਪ੍ਰਬੰਧ ਵਿਚ ਕਿਸੇ ਭਾਈਚਾਰੇ ਦੀ ਇਕਜੁੱਟਤਾ, ਉਸ ਦੀ ਸ਼ਕਤੀ ਅਤੇ ਉਸ ਦੀ ਗਿਣਤੀ ਹੀ ਉਸ ਭਾਈਚਾਰੇ ਦੀ ਸਮਾਜ ਅਤੇ ਰਾਜ ਪ੍ਰਬੰਧ ਵਿਚ ਉਸ ਦੀ ਸਥਿਤੀ ਦੀ ਜ਼ਾਮਨੀ ਬਣ ਸਕਦੀ ਸੀ। ਰਾਜਸੀ ਸਥਿਤੀ ਦੀ ਇਸ ਲੋੜ ਨੇ ਹੀ ਧਾਰਮਕ ਪਹਿਚਾਣਾਂ ਦੇ ਅਧਾਰ 'ਤੇ ਪਈਆਂ ਫਿਰਕੂ ਵੰਡਾਂ ਨੂੰ ਹੋਰ ਡੂੰਘਾ ਕੀਤਾ। ਇਹੋ ਜਿਹੀ ਸਥਿਤੀ ਵਿਚ ਬ੍ਰਿਟਿਸ਼ ਰਾਜ ਨੇ ਵੇਲੇ ਅਨੁਸਾਰ ਇਹਨਾਂ ਫਿਰਕੂ ਤਕਸੀਮਾਂ ਨੂੰ ਪੱਕਾ ਵੀ ਕੀਤਾ ਅਤੇ ਆਪਣੇ ਰਾਜ ਨੂੰ ਕਿਸੇ ਸੰਕਟ ਤੋਂ ਬਚਾਉਣ ਲਈ ਇਹਨਾਂ ਤਕਸੀਮਾਂ ਦਾ ਇਸਤੇਮਾਲ ਵੀ ਕੀਤਾ। 1909 ਵਿਚ ਫਿਰਕੂ ਅਧਾਰ 'ਤੇ ਹਿੰਦੂ ਅਤੇ ਮੁਸਲਿਮ ਵੋਟਰਾਂ ਦੇ ਹਲਕੇ ਧਰਮ ਦੇ ਆਧਾਰ ਉਤੇ ਵੰਡ ਦਿਤੇ। ਇਸ ਹਿੰਦੂ ਅਤੇ ਮੁਸਲਿਮ ਵੋਟਰਾਂ ਦੇ ਫਿਰਕੂ ਅਧਾਰ 'ਤੇ ਵੰਡੇ ਹਲਕਿਆਂ ਵਿਚ ਉਸੇ ਹੀ ਧਰਮ ਨਾਲ ਸੰਬੰਧਤ ਉਮੀਦਵਾਰ ਖੜ੍ਹੇ ਹੋ ਸਕਦੇ ਸਨ। ਧਰਮ ਦੇ ਅਧਾਰ 'ਤੇ ਵੱਖਰੇ ਚੋਣ ਹਲਕਿਆਂ ਨੂੰ ਮੰਗਣ ਪਿਛੇ ਦੋ ਤਰਕ ਕੰਮ ਕਰਦੇ ਸਨ। ਇਕ ਤਾਂ ਭਾਰਤੀ ਰਾਸ਼ਟਰ ਦੀ ਪ੍ਰੀਭਾਸ਼ਾ ਹੀ ਉਨੀਵੀਂ ਸਦੀ ਦੇ ਅਖੀਰ ਤੱਕ, ਜਿਵੇਂ ਕਿ ਉਪਰ ਜ਼ਿਕਰ ਕੀਤਾ ਜਾ ਚੁਕਿਆ ਹੈ, ਹਿੰਦੂ ਧਰਮ ਦੀ ਇਕ ਠੋਸ ਪਹਿਚਾਣ ਉਸਾਰ ਕੇ ਉਸ ਦੇ ਅਧਾਰ ਤੇ ਹੀ ਬਣਾਈ ਗਈ ਸੀ। ਦੂਸਰੇ ਅਜਿਹਾ ਕਰਕੇ ਮੁਸਲਿਮ ਘੱਟ ਗਿਣਤੀ 'ਫਸਟ ਪਾਸਟ ਦਾ ਪੋਸਟ' ਦੇ ਸਿਧਾਂਤ ਉਪਰ ਹੋਣ ਵਾਲੀਆਂ ਚੋਣਾਂ ਵਿਚ ਆਪਣੀ ਨੁਮਾਇੰਦਗੀ ਪੱਕੀ ਕਰਨਾ ਚਾਹੁੰਦੀ ਸੀ। ਪਰ ਇਹਨਾਂ ਕਾਰਨਾਂ ਦੇ ਬਾਵਜੂਦ ਧਰਮ ਦੇ ਅਧਾਰ 'ਤੇ ਵਖਰੇ ਚੋਣ ਹਲਕੇ ਬੁਨਿਆਦੀ ਤੌਰ 'ਤੇ ਫਿਰਕਾਪ੍ਰਸਤੀ ਦੀ ਨੀਂਹ ਨੂੰ ਮਜ਼ਬੂਤ ਕਰਦੇ ਸਨ ਅਤੇ ਸਮਾਜ ਵਿਚ ਪਾਈਆਂ ਜਾ ਰਹੀਆਂ ਫਿਰਕੂ ਲੀਹਾਂ ਨੂੰ ਹੋਰ ਡੂੰਘਾ। ਇਸ ਦੇ ਨਾਲ-ਨਾਲ ਬਰਤਾਨਵੀ ਹਕੂਮਤ ਨੇ ਰਾਜ ਦੇ ਵੱਖ-ਵੱਖ ਅਦਾਰਿਆਂ ਜਿਵੇਂ ਕਿ ਫੌਜ, ਪੁਲਿਸ ਆਦਿ ਵਿਚ ਭਰਤੀ ਵੀ ਉਹਨਾਂ ਦੁਆਰਾ ਹੀ ਨਸਲਵਾਦ ਦੇ ਅਧਾਰ 'ਤੇ ਸਿਰਜੀਆਂ ਮਾਰਸ਼ਲ ਕੌਮਾਂ ਵਿਚੋਂ ਹੀ ਕਰਨ ਦੀ ਨੀਤੀ ਅਪਣਾਈ। ਇਸ ਤਰ੍ਹਾਂ ਇਕ ਪਾਸੇ ਤਾਂ ਭਾਰਤੀ ਸਮਾਜ ਧਾਰਮਕ ਪਹਿਚਾਣਾਂ ਦੇ ਅਧਾਰ 'ਤੇ ਵੱਖ ਵੱਖ ਫਿਰਕਿਆਂ ਵਿਚ ਵੰਡਿਆ ਗਿਆ ਅਤੇ ਨਾਲ ਹੀ ਇਹਨਾਂ ਫਿਰਕਿਆਂ ਵਿਚ ਖਿੱਚੋਤਾਣ

ਅਤੇ ਵਿਰੋਧ ਵਧਦੇ ਗਏ। ਇਹਨਾਂ ਕਾਰਨਾਂ ਨੂੰ ਧਿਆਨ ਵਿਚ ਰੱਖ ਕੇ ਹੀ, ਮਿਸਾਲ ਦੇ ਤੌਰ ਤੇ, ਪੰਜਾਬ ਵਿਚ ਆਰੀਆ ਸਮਾਜ, ਚੀਫ਼ ਖਾਲਸਾ ਦੀਵਾਨ ਅਤੇ ਸਿੰਘ ਸਭਾ ਆਦਿ ਦਾ ਗਠਨ ਹੋਇਆ। ਇਹਨਾਂ ਸਭ ਨੇ ਆਪਣੇ ਆਪਣੇ ਧਰਮਾਂ ਦੀਆਂ ਠੋਸ ਅਤੇ ਬਹੁਤ ਵਾਰੀ ਇਕ ਦੂਜੇ ਤੋਂ ਵਿਰੋਧੀ ਪਹਿਚਾਣਾਂ ਬਣਾਉਣ ਵਿਚ ਮੁੱਖ ਰੋਲ ਅਦਾ ਕੀਤਾ । ਇਸ ਦੇ ਸਿੱਟੇ ਵਜੋਂ ਭਾਰਤ ਅੰਦਰਲੇ ਸਾਂਝੇ ਸਭਿਆਚਾਰ ਨੂੰ ਗੰਭੀਰ ਸੱਟ ਵੱਜੀ । ਕਈ ਅਜਿਹੇ ਤਿਉਹਾਰ ਜਿਵੇਂ ਕਿ ਮੁਹਰਮ, ਜੋ ਕਿ ਪਹਿਲਾਂ ਲੋਕ ਸਾਂਝੇ ਤੌਰ ਤੇ ਮਨਾਉਂਦੇ ਸਨ, ਕਿਸੇ ਇਕ ਧਰਮ ਦੇ ਹੋ ਕੇ ਰਹਿ ਗਏ।

ਪੰਜਾਬ ਵਿਚ ਆਰੀਆ ਸਮਾਜ ਦੇ ਮੋਢੀ ਮੈਂਬਰਾਂ ਵਿਚੋਂ ਲਾਲ ਚੰਦ ਦਾ 'ਦ ਪੰਜਾਬੀ' ਨਾਂ ਦੇ ਅਖ਼ਬਾਰ ਵਿਚ 1909 ਵਿਚ ਲੇਖਾਂ ਦੀ ਲੜੀ ਦੇ ਰੂਪ ਵਿਚ ਅਤੇ ਬਾਅਦ ਵਿਚ ਇਕ ਪੈਂਫਲਿਟ ਦੇ ਰੂਪ ਵਿਚ ਪ੍ਰਕਾਸ਼ਤ ਹੋਇਆ ਲੰਬਾ ਲੇਖ 'ਰਾਜਨੀਤੀ ਵਿਚ ਆਪਾ ਤਿਆਗ' (Self-abnegation in politics)[17] ਇਕ ਧਰਮ ਦੀ ਪਹਿਚਾਣ ਦੇ ਆਧਾਰ 'ਤੇ ਉਸਰੇ ਫਿਰਕੇ ਅਤੇ ਇਸ ਦੇ ਰਾਜ ਪ੍ਰਬੰਧ ਅੰਦਰਲੇ ਸਥਾਨ ਦੀ ਅੰਤਰ ਸੰਬੰਧਤਾ ਉਤੇ ਰੌਸ਼ਨੀ ਪਾਉਂਦਾ ਹੈ। ਇਸ ਲੇਖ ਵਿਚ 1901 ਵਿਚ ਪਾਸ ਕੀਤੇ 'ਦ ਪੰਜਾਬ ਏਲੀਅਨੇਸ਼ਨ ਔਫ਼ ਲੈਂਡ ਐਕਟ' ਦੁਆਰਾ ਪੰਜਾਬ ਅੰਦਰਲੇ ਵਪਾਰੀ ਅਤੇ ਸੂਦਖੋਰ ਵਰਗ, ਜੋ ਕਿ ਮੁਖ ਤੌਰ 'ਤੇ ਖਤਰੀ, ਅਰੋੜਾ ਜਾਤਾਂ ਨਾਲ ਸੰਬੰਧਤ ਸੀ, ਦੇ ਹਿਤਾਂ ਦੇ ਹੋਏ ਨੁਕਸਾਨ ਲਈ ਅੰਗਰੇਜ਼ ਸਰਕਾਰ ਦੁਆਰਾ ਮੁਸਲਮਾਨਾਂ ਪ੍ਰਤੀ ਸੁਵੱਲੀ ਨਜ਼ਰ ਰੱਖਣ ਨੂੰ ਜ਼ਿਮੇਵਾਰ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਭਾਵੇਂ ਕਿ ਇਸ ਐਕਟ ਰਾਹੀਂ ਅੰਗਰੇਜ਼ ਸਰਕਾਰ ਨੇ ਪੰਜਾਬੀ ਸਮਾਜ ਨੂੰ ਕਾਸ਼ਤਕਾਰ ਅਤੇ ਗ਼ੈਰਕਾਸ਼ਤਕਾਰ ਜਾਤਾਂ ਵਿਚ ਕਨੂੰਨੀ ਤੌਰ ਤੇ ਵੰਡ ਦਿਤਾ ਅਤੇ ਜ਼ਮੀਨ ਦੀ ਮਾਲਕੀ ਦਾ ਹੱਕ ਸਿਰਫ਼ ਕਾਸ਼ਤਕਾਰ ਜਾਤਾਂ ਵਜੋਂ ਦਰਜ ਸਮਾਜ ਦੇ ਹਿੱਸਿਆਂ ਨੂੰ ਹੀ ਦਿਤਾ ਗਿਆ, ਪਰ ਇਸ ਦੇ ਬਣਨ ਦਾ ਮੁੱਖ ਕਾਰਨ ਸੂਦਖੋਰਾਂ ਦੁਆਰਾ ਕਿਸਾਨੀ ਦੁਆਰਾ ਆਪਣਾ ਕਰਜ਼ਾ ਨਾ ਮੋੜਨ ਦੀ ਸੂਰਤ ਵਿਚ ਵੱਡੇ ਪੈਮਾਨੇ 'ਤੇ ਉਹਨਾਂ ਦੀ ਜ਼ਮੀਨ ਹੜੱਪਣਾ ਸੀ। ਪਰ ਲਾਲ ਚੰਦ ਨੇ ਇਸ ਸਾਰੇ ਹਾਲਾਤ ਨੂੰ ਹਿੰਦੂ/ਮੁਸਲਿਮ ਵਿਰੋਧ ਦੇ ਚੌਖਟੇ ਵਿਚ ਰੱਖ ਕੇ ਪੇਸ਼ ਕੀਤਾ। ਇਸੇ ਅਧਾਰ 'ਤੇ ਉਹ ਰਾਸ਼ਟਰ ਦੀ ਪ੍ਰੀਭਾਸ਼ਾ ਵੀ ਫਿਰਕੂ ਆਧਾਰ 'ਤੇ ਕਰਦਾ ਹੈ। ਉਸ ਦੇ ਅਨੁਸਾਰ 'ਬ੍ਰਹਿਮੰਡੀ ਭਰਾਤਰੀਭਾਵ' ਮਨੁੱਖਤਾ ਲਈ ਆਦਰਸ਼ ਤਾਂ ਹੋ ਸਕਦਾ ਹੈ ਪਰ ਅਸਲੀਅਤ ਨਹੀਂ ਕਿਉਂਕਿ ਨਸਲ ਅਤੇ ਰਾਸ਼ਟਰ ਦੀ ਹੋਂਦ ਤੋਂ ਅੱਖਾਂ ਨਹੀਂ ਮੀਟੀਆਂ ਜਾ ਸਕਦੀਆਂ। ਇਹ ਦੋਵੇਂ ਸੰਕਲਪ ਭਰਾਤਰੀਵਾਦ ਅਤੇ ਮਨੁੱਖੀ ਏਕਤਾ ਦਾ ਆਦਰਸ਼ ਕਿਤੇ ਵੀ ਪ੍ਰਾਪਤ ਨਹੀਂ ਕਰਨ ਦੇਣਗੇ। ਲਾਲ ਚੰਦ ਦੇ ਇਸ ਫਿਰਕੂ ਤਾਸੀਰ ਵਾਲੇ ਯਥਾਰਥਵਾਦ ਦੀ ਇਕੋ ਇਕ ਅਰਥ ਸੰਭਾਵਨਾ ਕਿਸੇ ਰਾਸ਼ਟਰ ਅੰਦਰ ਵਸਦੇ ਫਿਰਕਿਆਂ ਵਿਚ ਕਦੇ ਨਾ ਮੁਕਣ ਵਾਲੇ ਵਿਰੋਧ ਵਿਚ ਹੀ ਹੈ। ਇਸੇ ਵਿਰੋਧ ਵਿਚੋਂ ਆਪਣੀ ਜਿੱਤ ਪ੍ਰਾਪਤ ਕਰਨ ਲਈ ਉਹ ਹਿੰਦੂਆਂ ਨੂੰ, ਉਸ ਦੇ ਅਨੁਸਾਰ, ਆਪਣੀ ਕਮਜ਼ੋਰੀ ਵਾਲੀ ਮਨੋਸਥਿਤੀ ਉਪਰ ਕਾਬੂ ਪਾਉਣ ਲਈ ਕਹਿੰਦਾ ਹੈ। ਹਿੰਦੂ

ਫਿਰਕਾਪ੍ਰਸਤੀ ਦਾ ਇਕ ਪ੍ਰਮੁਖ ਲੱਛਣ ਹਿੰਦੂਆਂ ਨੂੰ ਮੁਸਲਮਾਨਾਂ ਦੇ ਮੁਕਾਬਲੇ ਕਮਜ਼ੋਰ ਅਤੇ ਬੁਜ਼ਦਿਲ ਦਿਖਾਉਣ ਦਾ ਰਿਹਾ ਹੈ। ਇਸ ਦਾ ਦੂਜਾ ਅਰਥ ਇਹ ਹੈ ਕਿ ਉਹਨਾਂ ਨੂੰ ਇਸ ਕਿਸਮ ਦੀ ਬੁਜ਼ਦਿਲੀ ਛੱਡ ਕੇ ਮਰਦਾਵੀਂ ਬਹਾਦਰੀ, ਜੋ ਕਿ ਹਮਲਾਵਰ ਅਤੇ ਹਿੰਸਕ ਹੁੰਦੀ ਹੈ, ਵਾਲੇ ਰਾਹ ਪੈਣਾ ਚਾਹੀਦਾ ਹੈ। ਲਾਲ ਚੰਦ ਅਨੁਸਾਰ ਇਸੇ ਬੁਜ਼ਦਿਲੀ ਕਰਕੇ ਹੀ ਹਿੰਦੂਆਂ ਨੂੰ ਆਪਣੀ ਵਸੋਂ ਦੇ ਮੁਤਾਬਿਕ ਸਰਕਾਰੀ ਅਹੁਦਿਆਂ ਵਿਚ ਹਿੱਸਾ ਨਹੀਂ ਮਿਲਦਾ ਰਿਹਾ ਸੀ ।ਇਥੇ ਇਹ ਤੱਥ ਨੂੰ ਨੋਟ ਕਰਨਾ ਵੀ ਦਿਲਚਸਪ ਹੈ ਕਿ ਉਪਰ ਦਰਜ ਮਰਦਾਵੀਂ ਬਹਾਦਰੀ ਵਾਲੀ ਹਿੰਦੂ ਪਹਿਚਾਣ ਦੀ ਹੱਕ ਜਤਾਈ ਨੂੰ ਧਿਆਨ ਵਿਚ ਰੱਖ ਕੇ ਹੀ 1911 ਦੀ ਮਰਦਮਸ਼ੁਮਾਰੀ ਵਿਚ ਉਹਨਾਂ ਸਾਰਿਆਂ ਨੇ ਆਪਣੇ ਆਪ ਨੂੰ ਹਿੰਦੂ ਐਲਾਨਿਆ ਜੋ ਪਹਿਲਾਂ ਆਪਣੇ ਆਪ ਨੂੰ ਆਰੀਆ ਕਹਿੰਦੇ ਸਨ। ਇਸ ਤਰ੍ਹਾਂ ਇਹ ਹਿੰਦੂਵਾਦੀ ਪਹਿਚਾਣ ਹੋਂਦ ਵਿਚ ਆਈ।

ਹਿੰਦੂਆਂ ਅਤੇ ਮੁਸਲਮਾਨਾਂ ਨੂੰ ਵੱਖੋ ਵੱਖਰੀਆਂ ਮਾਨਸਿਕ ਅਵਸਥਾਵਾਂ ਦੇ ਧਾਰਨੀਆਂ ਵਜੋਂ ਦੇਖਣਾ ਨਸਲਵਾਦ ਦੇ ਸਿਧਾਂਤ ਦੇ ਮੁਤਾਬਿਕ ਸੀ। ਇਸ ਅਨੁਸਾਰ ਮੁਸਲਮਾਨ ਆਪਣੇ ਨਸਲੀ ਸੁਭਾਅ ਕਰਕੇ ਹਮਲਾਵਰ ਅਤੇ ਧੱਕੜ ਬਿਰਤੀ ਵਾਲੇ ਹੀ ਪੇਸ਼ ਕੀਤੇ ਜਾਂਦੇ ਰਹੇ ਹਨ। ਇਸੇ ਵਿਚਾਰ ਦੀ ਤਰਜਮਾਨੀ ਕਰਨ ਵਾਲਾ ਮਦਨ ਮੋਹਨ ਮਾਲਵੀਆ ਦਾ ਹਿੰਦੂ ਮਹਾਂ ਸਭਾ ਦੀ 1923 ਦੀ ਸਾਲਾਨਾ ਮੀਟਿੰਗ ਵਿਚ ਦਿਤਾ ਪ੍ਰਧਾਨਗੀ ਭਾਸ਼ਣ ਹੈ। ਇਸ ਪ੍ਰਧਾਨਗੀ ਭਾਸ਼ਣ ਵਿਚ ਮਦਨ ਮੋਹਨ ਮਾਲਵੀਆ ਇਕ ਭਾਸ਼ਣ ਕਰਤਾ ਦੀ ਤਰਜ਼ ਵਿਚ ਇਹ ਐਲਾਨ ਕਰਦਾ ਹੈ ਕਿ ਉਸ ਨੂੰ ਪ੍ਰਮਾਤਮਾ ਵੱਡੀ ਤੋਂ ਵੱਡੀ ਸਜ਼ਾ ਦੇਵੇ ਜੇਕਰ ਉਹ ਮੁਸਲਮਾਨਾਂ ਦੇ ਉਪਰ ਹਿੰਦੂਆਂ ਦਾ ਦਬਦਬਾ ਬਣਾਉਣ ਦੀ ਕੋਸ਼ਿਸ਼ ਕਰੇ। ਪਰ ਅਗਲੇ ਹੀ ਸਾਹ ਇਹ ਖ਼ਾਹਿਸ਼ ਵੀ ਉਹ ਉਤਨੇ ਹੀ ਜ਼ੋਰ ਨਾਲ ਪ੍ਰਗਟ ਕਰਦਾ ਹੈ ਕਿ ਹਿੰਦੂਆਂ ਨੂੰ ਇਤਨੇ ਬਲਵਾਨ ਹੋਣਾ ਚਾਹੀਦਾ ਹੈ ਕਿ ਉਹ ਆਪਣੀਆਂ ਧੀਆਂ ਭੈਣਾਂ ਦੀ ਇੱਜ਼ਤ ਦੀ ਰਖਵਾਲੀ ਕਰ ਸਕਣ। ਭਾਸ਼ਣ ਦੇ ਅਗਲੇ ਹਿੱਸੇ ਵਿਚ ਫਿਰਕੂ ਹਿੰਸਾਂ ਦੀਆਂ ਜਿਨੀਆਂ ਵੀ ਮਿਸਾਲਾਂ ਦਿੱਤੀਆਂ ਗਈਆਂ ਹਨ ਉਹਨਾਂ ਵਿਚ ਮੁਸਲਮਾਨਾਂ ਨੂੰ ਹੀ ਹਮਲਾਵਰ ਅਤੇ ਹਿੰਸਾ ਫੈਲਾਉਣ ਵਾਲੇ ਦਿਖਾਇਆ ਗਿਆ ਹੈ। ਇਸ ਤਰ੍ਹਾਂ ਸਿਰਫ ਉਹਨਾਂ ਨੂੰ ਹੀ ਫਿਰਕੂ ਹਿੰਸਾ ਲਈ ਜ਼ਿਮੇਵਾਰ ਬਣਾ ਕੇ ਪੇਸ਼ ਕੀਤਾ ਗਿਆ ਹੈ।[18]

ਰਾਸ਼ਟਰਵਾਦ, ਕਾਂਗਰਸ ਅਤੇ ਫਿਰਕਾਪ੍ਰਸਤੀ

ਰਾਸ਼ਟਰਵਾਦ ਅਤੇ ਫਿਰਕਾਪ੍ਰਸਤੀ ਦੇ ਆਪਸੀ ਰਿਸ਼ਤਿਆਂ ਵਿਚੋਂ ਉਪਜ ਰਹੀ ਰਾਜਸੀ, ਸਮਾਜਕ ਅਤੇ ਸਭਿਆਚਾਰਕ ਸਥਿਤੀ ਦੇ ਤੋੜ ਵਜੋਂ ਬਹੁਤ ਵਾਰੀ ਆਜ਼ਾਦੀ ਲਈ ਲੜੇ ਗਏ ਮੁਖਧਾਰਾ ਦੇ ਸੰਘਰਸ਼ ਨੂੰ ਪੇਸ਼ ਕੀਤਾ ਜਾਂਦਾ ਹੈ। ਆਜ਼ਾਦੀ ਦੇ ਇਸ ਸੰਘਰਸ਼ ਦੀ ਅਗਵਾਈ ਕਾਂਗਰਸ ਦੇ ਹੱਥ ਇਸ ਤਰ੍ਹਾਂ ਸੌਂਪ ਦਿੱਤੀ ਜਾਂਦੀ ਹੈ ਜਿਵੇਂ ਕਿ ਇਹ ਕੋਈ ਕੁਦਰਤੀ ਵਰਤਾਰਾ ਹੋਵੇ। ਆਜ਼ਾਦੀ ਦੇ ਇਸ ਸੰਘਰਸ਼ ਦੀ ਪਿੱਠ ਭੂਮੀ ਵਿਚ ਸਥਿਤ ਰਾਸ਼ਟਰਵਾਦ ਦੇ ਸੰਕਲਪ ਨੂੰ ਹੀ ਮੁੱਖਧਾਰਾ ਦਾ ਰਾਸ਼ਟਰਵਾਦ ਕਿਹਾ ਜਾ

ਸਕਦਾ ਹੈ। ਇਸ ਵਿਚ ਭਾਰਤ ਦੀਆਂ ਭੂਗੋਲਿਕ ਹੱਦਾਂ ਅੰਦਰ ਵਸਦੇ ਸਾਰੇ ਲੋਕ ਆਪਣੀਆਂ ਅੱਡ ਅੱਡ ਧਾਰਮਕ ਪਹਿਚਾਣਾਂ ਦੇ ਬਾਵਜੂਦ ਬਰਾਬਰ ਦੇ ਹਿੱਸੇਦਾਰ ਗਿਣੇ ਜਾਂਦੇ ਹਨ। ਇਹਨਾਂ ਦੀ ਇਕਮੁੱਠਤਾ ਨੂੰ ਹੀ ਇਸ ਰਾਸ਼ਟਰਵਾਦ ਦਾ ਆਧਾਰ ਮੰਨਿਆ ਜਾਂਦਾ ਹੈ। ਇਸ ਤਰ੍ਹਾਂ ਇਸ ਰਾਸ਼ਟਰਵਾਦ ਨੂੰ ਸਭਿਆਚਾਰਕ ਰਾਸ਼ਟਰਵਾਦ ਤੋਂ ਵੱਖਰਾ ਕਰਕੇ ਦੇਖਿਆ ਜਾਂਦਾ ਹੈ। ਮੁੱਖਧਾਰਾ ਦੇ ਰਾਸ਼ਟਰਵਾਦ ਪ੍ਰਤੀ ਅਜਿਹੀ ਸਮਝ ਦੀ ਤਰਜਮਾਨੀ ਪ੍ਰੋਫੈਸਰ ਬਿਪਿਨ ਚੰਦਰ ਦਾ ਇਹ ਕਥਨ ਕਰਦਾ ਹੈ ਕਿ ਅਜ਼ਾਦੀ ਦੇ ਸੰਘਰਸ਼ ਦੇ ਕੇਂਦਰ ਵਿਚ ਕਾਂਗਰਸ ਹੀ ਰਹੀ ਹੈ ਜੋ ਕਿ 'ਦੇਸ਼ ਵਿਚਲੀ ਮੁੱਖ ਧਰਮ ਨਿਰਪੱਖ ਰਾਜਸੀ ਸ਼ਕਤੀ' ਹੈ।[19] ਇਸੇ ਤਰ੍ਹਾਂ ਆਜ਼ਾਦੀ ਦੇ ਸੰਘਰਸ਼ ਦੀ ਇਤਿਹਾਸਕਾਰੀ ਵਿਚ ਇਹ ਨਿਰਣਾ ਵੀ ਬਹੁਤ ਪਰਪੱਕ ਗਿਣਿਆ ਜਾਂਦਾ ਹੈ ਕਿ ਹਿੰਦੂ ਰਾਸ਼ਟਰਵਾਦ, ਕਰਿਸਟੋਫ ਜੈਫਰਲੌਟ ਦੇ ਸ਼ਬਦਾਂ ਵਿਚ, 'ਕਾਂਗਰਸ ਪਾਰਟੀ ਦੀ ਹਾਵੀ ਰਹੀ ਭਾਰਤੀ ਰਾਜਨੀਤਕ ਰਵਾਇਤ ਦੇ ਸਮਾਨੰਤਰ ਚਲਿਆ ਜਿਸਨੂੰ 1920 ਵਿਚ ਗਾਂਧੀ ਨੇ ਵਿਸ਼ਾਲ ਆਧਾਰ ਵਾਲੀ ਲੋਕ ਜਥੇਬੰਦੀ ਵਿਚ ਤਬਦੀਲ ਕਰ ਦਿਤਾ।'[20] ਹਿੰਦੂ ਰਾਸ਼ਟਰਵਾਦ ਦੇ ਵਿਕਸਤ ਹੋਣ ਦੇ ਸੰਦਰਭ ਵਿਚ ਇਕ ਪੱਧਰ ਤੇ ਕਰਿਸਟੌਫ਼ ਜੈਫਰਲੌਟ ਦੇ ਕਥਨ ਵਿਚ ਸਚਾਈ ਪ੍ਰਤੀਤ ਹੁੰਦੀ ਹੈ। ਲਾਲ ਚੰਦ ਦੇ ਪਹਿਲਾਂ ਹੀ ਬਹਿਸ ਅਧੀਨ ਲਿਆਂਦੇ ਲੇਖ ਵਿਚ ਵੀ ਇਹ ਗੱਲ ਸਾਫ ਹੋ ਜਾਂਦੀ ਹੈ ਕਿ ਉਸ ਦੀ ਹਿੰਦੂਆਂ ਨੂੰ ਆਪਣੇ ਦੁਆਰਾ ਹੀ ਮਿਥੇ ਗਏ ਹਿਤਾਂ ਦੀ ਰਾਖੀ ਲਈ ਬਲਵਾਨ ਬਣਨ ਲਈ ਦਿਤੀ ਗਈ ਆਵਾਜ਼ ਦਾ ਕਾਰਨ ਹੀ ਕਾਂਗਰਸ ਦੁਆਰਾ ਇਹਨਾਂ ਹਿਤਾਂ ਤੋਂ ਕੰਨੀ ਵਟਣਾ ਸੀ। ਇਸ ਦੇ ਲਈ ਉਹ ਕਾਂਗਰਸ ਅੰਦਰ ਮੁਸਲਮਾਨਾਂ ਦੇ ਹਿਤਾਂ ਲਈ ਨਰਮੀ ਦੇ ਰੁਖ਼ ਦੀ ਨਿਸ਼ਾਨਦੇਹੀ ਕਰਦਾ ਹੈ। ਇਸੇ ਤਰ੍ਹਾਂ ਦੀ ਭਾਵਨਾ ਦਾ ਪ੍ਰਗਟਾਅ ਮਦਨ ਮੋਹਨ ਮਾਲਵੀਆ ਆਪਣੇ 1923 ਵਾਲੇ ਪ੍ਰਧਾਨਗੀ ਭਾਸ਼ਣ ਵਿਚ ਕਰਦਾ ਹੈ।[21] ਇਹਨਾਂ ਦੋਵਾਂ ਦੁਆਰਾ ਹਿੰਦੂਆਂ ਨੂੰ ਬਲਵਾਨ ਬਣਨ ਲਈ ਕਹਿਣ ਦਾ ਸੰਦਰਭ ਵੀ ਕਾਂਗਰਸ ਦੀ ਅਹਿੰਸਾਵਾਦੀ ਨੀਤੀ ਹੈ। ਪਰ ਲੇਖ ਨੂੰ ਗਹੁ ਨਾਲ ਪੜ੍ਹਿਆ ਇਹ ਅਹਿਸਾਸ ਵੀ ਹੋ ਜਾਂਦਾ ਹੈ ਕਿ ਉਹਨਾਂ ਦੁਆਰਾ ਇਹ ਉਲਾਂਭਾ ਕਿਸੇ ਆਪਣੇ ਨੂੰ ਹੀ ਦਿਤਾ ਲਗਦਾ ਹੈ। ਇਹ ਜਾਣਕਾਰੀ ਵੀ ਅਰਥ ਵਿਹੂਣੀ ਨਹੀਂ ਹੈ ਕਿ ਮਦਨ ਮੋਹਨ ਮਾਲਵੀਆ ਆਪ ਵੀ ਕਾਂਗਰਸ ਦਾ ਹਿੱਸਾ ਰਿਹਾ ਅਤੇ ਉਸ ਨੇ ਇਸ ਦੇ ਅੰਦਰ ਵੀ ਹਿੰਦੂ ਮਹਾਂਸਭਾ ਦਾ ਗਠਨ ਕੀਤਾ।[22]

ਮਹਾਤਮਾ ਗਾਂਧੀ ਅਤੇ ਹਿੰਦੂ ਧਰਮ

ਕਾਂਗਰਸ, ਗਾਂਧੀ ਦੀ ਵਿਚਾਰਧਾਰਾ ਅਤੇ ਹਿੰਦੂ ਰਾਸ਼ਟਰਵਾਦ ਦੇ ਆਪਸੀ ਰਿਸ਼ਤਿਆਂ ਨੂੰ ਸਮਝਣ ਲਈ ਮਹਾਤਮਾ ਗਾਂਧੀ ਦੇ ਹਿੰਦੂ ਧਰਮ ਅਤੇ ਜਾਤ ਪਾਤ ਬਾਰੇ ਵਿਚਾਰ ਬਹਿਸ ਅਧੀਨ ਲਿਆਉਣੇ ਜ਼ਰੂਰੀ ਹਨ। ਕਰਿਸਟੌਫ ਜੈਫ਼ਰਲੌਟ ਦੇ ਅਨੁਸਾਰ ਮਹਾਤਮਾ ਗਾਂਧੀ ਨੇ ਹਿੰਦੂ ਧਰਮ ਦੇ ਏਕੀਕਰਨ ਕਰਨ ਵਾਲੇ ਅਤੇ ਅਧਿਆਤਮਕਤਾ ਵਾਲੇ ਬਰਾਂਡ ਨੂੰ ਪ੍ਰੋਤਸਾਹਿਤ ਕੀਤਾ ਜਿਸ ਵਿਚ ਕਿ ਸਭ ਮੱਤਾਂ ਦਾ ਸਮੋਣਾ ਲਾਜ਼ਮੀ

ਸੀ।[23] ਭਾਵੇਂ ਕਿ ਮਹਾਤਮਾ ਗਾਂਧੀ ਹਿੰਦੂਤਵ ਦੀ ਵਿਚਾਰਧਾਰਾ ਦੇ ਅਨੁਸਾਰ ਮੁਸਲਮਾਨਾਂ ਅਤੇ ਈਸਾਈਆਂ ਆਦਿ ਨੂੰ 'ਬੇਗਾਨੇ' ਅਤੇ 'ਦੂਸਰੇ' ਦੀ ਸਥਿਤੀ ਵਿਚ ਨਹੀਂ ਰਖਦਾ ਪਰ ਫਿਰ ਵੀ ਉਹ ਆਪਣੇ ਸੱਚ ਦੇ ਅਧਿਆਤਮਕ ਸੰਕਲਪ ਦੀ ਨਿਸ਼ਾਨਦੇਹੀ ਸਿਰਫ ਹਿੰਦੂ ਧਰਮ ਵਿਚ ਹੀ ਕਰਦਾ ਹੈ। ਉਸ ਦੇ ਵਾਸਤੇ ਵੀ ਹਿੰਦੂ ਧਰਮ ਦਾ ਸ੍ਰੋਤ ਵੇਦਾਂ, ਉਪਨਿਸ਼ਦਾਂ, ਪੁਰਾਣਾਂ ਅਤੇ ਖਾਸ ਕਰਕੇ ਗੀਤਾ ਅਤੇ ਰਮਾਇਣ ਵਿਚ ਹੀ ਹੈ। ਇਸ ਤਰ੍ਹਾਂ ਉਸ ਦੀ ਹਿੰਦੂ ਧਰਮ ਬਾਰੇ ਸਮਝ ਬ੍ਰਾਹਮਣਵਾਦ ਦੇ ਚੌਖਟੇ ਵਿਚਲੀ ਹੀ ਹੈ। ਉਹ ਆਪਣੇ ਵਿਸ਼ਵਾਸ਼ ਦੇ ਪੱਖੋਂ ਸਨਾਤਨੀ ਸੀ। ਇਸੇ ਕਰਕੇ ਉਹ ਮੂਰਤੀ ਪੂਜਾ ਅਤੇ ਪੁਨਰ ਜਨਮ ਨੂੰ ਨਕਾਰਦਾ ਨਹੀਂ ਸੀ। ਉਸ ਨੇ ਆਪਣੀਆਂ ਲਿਖਤਾਂ ਵਿਚ ਬਾਕੀ ਧਰਮਾਂ ਦੇ ਮੁਕਾਬਲੇ ਹਿੰਦੂ ਧਰਮ ਨੂੰ ਵੱਧ ਸਹਿਣਸ਼ੀਲ ਦੱਸਿਆ।[24] ਉਸ ਦੀਆਂ ਨਜ਼ਰਾਂ ਵਿਚ ਹਿੰਦੂ ਧਰਮ ਅੰਦਰ ਸੱਚ ਨੂੰ ਖੋਜਣ ਅਤੇ ਪਾਉਣ ਦਾ ਤਰੀਕਾ ਮੁਕੰਮਲ ਰੂਪ ਵਿਚ ਅਹਿੰਸਾਵਾਦੀ ਹੈ।[25] ਇਸ ਵਿਚ ਹਿੰਸਾ ਲਈ ਕੋਈ ਥਾਂ ਨਹੀਂ ਹੈ। ਉਸ ਦੇ ਅਨੁਸਾਰ ਇਹ ਧਰਮ ਇਤਨਾ ਵਿਸ਼ਾਲ ਅਤੇ ਆਪਣੇ ਆਪ ਵਿਚ ਹੀ ਸਭ ਕੁਝ ਨੂੰ ਸਮਾਉਣ ਵਾਲਾ ਹੈ ਕਿ ਇਸ ਵਿਚ 'ਹਰ ਧਰਮ ਦਾ ਸਾਰ ਮਿਲੇਗਾ ਅਤੇ ਜੋ ਚੀਜ਼ ਇਸ ਵਿਚ ਨਹੀਂ, ਉਹ ਬੇਅਰਥ ਜਾਂ ਗ਼ੈਰ ਜ਼ਰੂਰੀ ਹੈ।'[26] ਇਸ ਤਰ੍ਹਾਂ ਦੇਖਿਆਂ ਮਹਾਤਮਾ ਗਾਂਧੀ ਦੇ ਵਿਸ਼ਵਾਸ਼ ਦਾ ਪਾਤਰ ਹਿੰਦੂ ਧਰਮ ਆਪਣੇ ਆਪ ਹੀ ਬਾਕੀਆਂ ਦੇ ਮੁਕਾਬਲੇ ਉੱਤਮ ਬਣ ਜਾਂਦਾ ਹੈ ਅਤੇ ਨਾਲ ਹੀ ਬਾਕੀਆਂ ਨੂੰ ਆਪਣੇ ਹੀ ਕਲਾਵੇ ਵਿਚ ਲੈਣ ਵਾਲਾ। ਦੂਸਰੇ ਪਾਸੇ ਮਹਾਤਮਾ ਗਾਂਧੀ ਦੇ ਧਰਮ ਬਾਰੇ ਵਿਚਾਰ ਸਿਰਫ ਧਰਮਾਂ ਦੇ ਗ੍ਰੰਥਾਂ ਵਿਚ ਦਰਜ ਵਿਚਾਰਾਂ ਉਪਰ ਹੀ ਨਿਰਭਰ ਨਹੀਂ ਸਨ। ਧਾਰਮਕ, ਰਾਜਸੀ ਅਤੇ ਸਮਾਜਕ ਕਾਰਨਾਂ ਕਰਕੇ ਹੀ, ਉਸ ਦੇ ਅਨੁਸਾਰ, ਕਿਸੇ ਧਾਰਮਕ ਭਾਈਚਾਰੇ ਦਾ ਮੂਲ ਸੁਭਾਅ ਬਣਦਾ ਹੈ। ਇਸ ਸੰਦਰਭ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਦੇ ਮੂਲ ਸੁਭਾਵਾਂ ਦਰਮਿਆਨ ਕੁਝ ਬੁਨਿਆਦੀ ਫਰਕਾਂ ਬਾਰੇ ਮਹਾਤਮਾ ਗਾਂਧੀ ਨੇ ਲਿਖਿਆ ਕਿ "ਮੁਸਲਮਾਨ ਜ਼ਿਆਦਾ ਤੌਰ ਤੇ ਘਟ ਗਿਣਤੀ ਹੀ ਹਨ ਅਤੇ ਇਸੇ ਲਈ ਇਕ ਭਾਈਚਾਰੇ ਦੇ ਰੂਪ ਵਿਚ ਉਹ ਅੱਤਵਾਦੀ ਬਣ ਗਏ ਹਨ।... ਮੇਰੀ ਰਾਇ ਵਿਚ ਤਾਂ ਕੁਰਾਨ ਵਿਚ ਅਹਿੰਸਾ ਦਾ ਮੁੱਖ ਸਥਾਨ ਹੈ, ਪਰ 1300 ਸਾਲ ਆਪਣੇ ਸਾਮਰਾਜ ਦਾ ਵਿਸਥਾਰ ਕਰਦੇ ਆਉਣ ਕਰਕੇ ਮੁਸਲਮਾਨ ਜਾਤੀ ਲੜਾਕੂ ਜਾਤੀ ਹੋ ਗਈ ਹੈ। ਇਸ ਕਰਕੇ ਉਹਨਾਂ ਨੂੰ ਲੜਾਈ ਝਗੜੇ ਦੀ ਆਦਤ ਪੈ ਗਈ ਹੈ। ਗੁੰਡਾਪਨ ਇਸ ਝਗਲਾੜੂਪੁਣੇ ਦਾ ਹੀ ਇਕ ਸੁਭਾਵਿਕ ਸਿੱਟਾ ਹੈ। ਹਿੰਦੂ ਲੋਕਾਂ ਦੀ ਸਭਿਅਤਾ ਬਹੁਤ ਪ੍ਰਾਚੀਨ ਹੈ ਅਤੇ ਉਹਨਾਂ ਵਿਚ ਅਹਿੰਸਾ ਸੰਜੋਈ ਹੋਈ ਹੈ। ਉਹਨਾਂ ਦੀ ਸਭਿਅਤਾ ਉਹਨਾਂ ਸਾਰੇ ਅਨੁਭਵਾਂ ਵਿਚੋਂ ਕਦੋਂ ਦੀ ਗੁਜ਼ਰ ਚੁੱਕੀ ਹੈ ਜਿਨ੍ਹਾਂ ਵਿਚੋਂ ਇਹ ਦੋ ਜਾਤੀਆਂ (ਦੂਸਰੀ ਸਿੱਖ; ਅਨੁਵਾਦਕ) ਅਜੇ ਗੁਜ਼ਰ ਰਹੀਆਂ ਹਨ। ਜੇਕਰ ਹਿੰਦੂ ਧਰਮ ਵਿਚ ਅੱਜ ਕੱਲ ਦੇ ਅਰਥਾਂ ਵਿਚ ਕਦੇ ਸਾਮਰਾਜਵਾਦੀ ਸੋਚ ਰਹੀ ਵੀ ਹੋਵੇ ਤਾਂ ਉਦੋਂ ਤੋਂ ਲੈ ਕੇ ਬਹੁਤ ਸਮਾਂ ਬੀਤ ਗਿਆ ਹੈ। ਇਸ ਕਰਕੇ ਅਤੇ ਦੂਸਰੇ ਉਸਨੇ ਜਾਂ ਤਾਂ ਆਪ ਹੀ ਸੋਚ ਵਿਚਾਰ ਕੇ ਜਾਂਸਮੇਂ ਦੀ ਗਤੀ ਕਰਕੇ ਉਸ ਦਾ ਤਿਆਗ

ਕਰ ਦਿਤਾ ਹੈ।...ਇਸ ਲਈ ਇਕ ਸਮਾਜ ਦੇ ਰੂਪ ਵਿਚ ਹਿੰਦੂਆਂ ਦੇ ਕੋਲ ਉਹ ਮਾਨਸਿਕ ਔਜ਼ਾਰ ਨਹੀਂ ਹਨ ਜੋ ਲੜਨ ਭਿੜਨ ਲਈ ਜ਼ਰੂਰੀ ਹੁੰਦੇ ਹਨ। ... ਸ਼ਸਤਰ ਦੀ ਵਰਤੋਂ ਦੇ ਢੰਗ ਨੂੰ ਨਾ ਜਾਨਣ ਕਰਕੇ ਅਤੇ ਉਸ ਦੇ ਪ੍ਰਤੀ ਝੁਕਾਅ ਨਾ ਹੋਣ ਦੇ ਕਾਰਨ ਉਹਨਾਂ ਵਿਚ ਇਨੀ ਨਿਮਰਤਾ ਆ ਗਈ ਹੈ ਕਿ ਜਿਸ ਨੂੰ ਦੱਬੂਪਨ ਵੀ ਕਿਹਾ ਜਾ ਸਕਦਾ ਹੈ।"[27] ਮਹਾਤਮਾ ਗਾਂਧੀ ਦੀਆਂ ਲਿਖਤਾਂ ਵਿਚੋਂ ਲਈ ਇਸ ਲੰਬੀ ਟੂਕ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਦੱਸੇ ਗਏ ਫਰਕ ਵੀ ਹਿੰਦੂਤਵ ਦੀ ਵਿਚਾਰਧਾਰਾ ਦੇ ਵਾਂਗ ਹੀ ਨਸਲਵਾਦ ਦੇ ਸਿਧਾਂਤ ਉਪਰ ਟਿਕੇ ਹੋਏ ਹਨ। ਉਸ ਦੀਆਂ ਨਜ਼ਰਾਂ ਵਿਚ ਗੁੰਡਾਪਨ ਮੁਸਲਮਾਨਾਂ ਦੇ ਮੂਲ ਸੁਭਾਅ ਦਾ ਹਿੱਸਾ ਬਣ ਗਿਆ ਹੈ ਭਾਵੇਂ ਕਿ ਇਸ ਦੀ ਪਿਠ ਭੂਮੀ ਵਿਚ ਉਹਨਾਂ ਦੁਆਰਾ ਆਪਣੇ ਸਾਮਰਾਜ ਨੂੰ ਫੈਲਾਉਣ ਲਈ ਲੜੀਆਂ ਲੜਾਈਆਂ ਦਾ ਇਤਿਹਾਸ ਹੀ ਕਿਉਂ ਨਾ ਹੋਵੇ। ਇਸ ਤਰ੍ਹਾਂ ਕਰਕੇ ਗਾਂਧੀ ਨੇ ਇਸਲਾਮ ਧਰਮ ਨੂੰ ਮੰਨਣ ਵਾਲੇ ਹੁਕਮਰਾਨਾਂ ਦੁਆਰਾ ਲੜੇ ਜਾਂਦੇ ਯੁੱਧਾਂ ਨੂੰ ਪੂਰੇ ਮੁਸਲਿਮ ਭਾਈਚਾਰੇ ਦੇ ਸੁਭਾਅ ਉਤੇ ਮੜ੍ਹਨ ਦੀ ਕੋਸ਼ਿਸ਼ ਕੀਤੀ ਹੈ। ਦੂਸਰਾ ਗਾਂਧੀ ਦੀ ਇਸ ਲੇਖਣੀ ਵਿਚ ਇਕ ਵਾਰ ਫਿਰ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਹਿੰਦੂ ਭਾਈਚਾਰਾ ਆਪਣੀ ਪ੍ਰਾਚੀਨ ਸਭਿਅਤਾ ਕਰਕੇ ਬਾਕੀਆਂ ਨਾਲੋ ਉੱਤਮ ਹੈ ਅਤੇ ਇਸ ਕਰਕੇ ਸਭਿਅਕ ਵੀ। ਇਸ ਤਰ੍ਹਾਂ ਦੇਖਿਆਂ ਇਹ ਦਲੀਲ ਦੇਣ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਗਾਂਧੀਵਾਦੀ ਵਿਚਾਰਧਾਰਾ ਵੀ ਸਿਫ਼ਤੀ ਤੌਰ 'ਤੇ ਹਿੰਦੂਤਵ ਦੇ ਚੌਖਟੇ ਤੋਂ ਬਾਹਰ ਨਹੀਂ ਹੈ। ਜੇ ਫਰਕ ਹੈ ਵੀ ਤਾਂ ਉਹ ਦਾਅਪੇਚ ਦਾ ਹੈ ਜਾਂ ਕੁਝ ਪੱਖਾਂ 'ਤੇ ਵੱਧ ਜਾਂ ਘੱਟ ਜ਼ੋਰ ਦੇਣ ਦਾ। ਇਸ ਦਾਅਪੇਚ ਦਾ ਇਕ ਪ੍ਰਮੁੱਖ ਕਾਰਨ ਮਹਾਤਮਾ ਗਾਂਧੀ ਦੁਆਰਾ ਅਹਿੰਸਾ 'ਤੇ ਜ਼ੋਰ ਦੇ ਕੇ ਆਪਣੇ ਬਣਾਏ ਪ੍ਰੋਗਰਾਮ ਅਨੁਸਾਰ ਹੀ ਲੋਕਾਂ ਨੂੰ ਵੱਡੀ ਪੱਧਰ 'ਤੇ ਆਪਣੇ ਦੁਆਰਾ ਹੀ ਪ੍ਰੀਭਾਸ਼ਤ ਕੀਤੇ ਸਵਰਾਜ ਲਈ ਸੰਘਰਸ਼ ਵਿਚ ਸ਼ਾਮਲ ਕਰਨਾ ਸੀ। ਹੋਰ ਸ਼ਬਦਾਂ ਵਿਚ ਲੋਕਾਂ ਦੇ ਸੰਘਰਸ਼ਾਂ ਵਿਚ ਅਹਿੰਸਾ ਉਪਰ ਨੀਤੀਗਤ ਜ਼ੋਰ ਬ੍ਰਿਟਿਸ਼ ਸਾਮਰ ਜ ਵਿਰੁਧ ਇਹਨਾਂ ਸੰਘਰਸ਼ਾਂ ਦੀ ਆਪਣੇ ਹੀ ਪ੍ਰੋਗਰਾਮ ਅਨੁਸਾਰ ਹਦਬੰਦੀ ਤਹਿ ਕਰਨ ਨਾਲ ਸੰਬੰਧਤ ਸੀ। ਮਹਾਤਮਾ ਗਾਂਧੀ ਦੁਆਰਾ ਆਪਣੇ ਸੰਘਰਸ਼ ਦੀ ਅੰਤਰ ਸੰਬੰਧਤਾ ਆਪਣੇ ਦੁਆਰਾ ਹੀ ਤਹਿ ਕੀਤੇ ਸੱਚ ਦੇ ਸੰਕਲਪ ਦੇ ਅਰਥਾਂ ਅਤੇ ਇਹਨਾਂ ਦੇ ਅਧਿਆਤਮਕ ਆਧਾਰ ਨਾਲ ਸਥਾਪਤ ਕਰਨ ਦਾ ਇਕ ਅਰਥ ਇਹ ਵੀ ਲਿਆ ਜਾ ਸਕਦਾ ਹੈ ਕਿ ਅਜਿਹਾ ਕਰਕੇ ਉਹ ਨਾ ਸਿਰਫ ਆਪਣੇ ਸੰਘਰਸ਼ਾਂ ਵਿਚ ਸ਼ਾਮਲ ਲੋਕਾਂ ਦੀ ਪਹਿਲ ਕਦਮੀ ਨੂੰ ਸੀਮਿਤ ਕਰਨ ਰਿਹਾ ਸੀ ਸਗੋਂ ਇਸ ਦੇ ਨਾਲ ਹੀ ਇਸ ਤਰ੍ਹਾਂ ਦੀਆਂ ਰੋਕਾਂ ਪਿੱਛੇ ਇਕ ਵੱਡਾ ਅਧਿਆਤਮਕ ਪ੍ਰਕਾਰਜ ਤਹਿ ਕਰਕੇ ਇਹਨਾਂ ਨੂੰ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਵੀ ਕਰ ਰਿਹਾ ਸੀ।

ਰਾਸ਼ਟਰਵਾਦ ਅਤੇ ਇਸਲਾਮ

ਹੁਣ ਤੱਕ ਦੀ ਕੀਤੀ ਸੰਖੇਪ ਚਰਚਾ ਪਿਛੋਂ ਚਾਰ ਸਿੱਟੇ ਮੋਟੇ ਤੌਰ ਤੇ ਕੱਢੇ ਜਾ ਸਕਦੇ ਹਨ। ਇਹ ਹਨ : (1) ਉਨੀਵੀਂ ਸਦੀ ਤੋਂ ਹੀ ਰਾਸ਼ਟਰਵਾਦ ਦੀ ਉਤਪਤੀ ਅਤੇ

ਵਿਕਾਸ ਮੁੱਖ ਤੌਰ 'ਤੇ ਹਿੰਦੂ ਧਰਮ ਦੀ ਬਣਾਈ ਪਹਿਚਾਣ ਵਿਚੋਂ ਹੀ ਹੋਇਆ ਸੀ। (2) ਇਸ ਤਰ੍ਹਾਂ ਪੈਦਾ ਹੋਏ ਰਾਸ਼ਟਰਵਾਦ ਵਿਚੋਂ ਹੀ ਫਿਰਕਾਪ੍ਰਸਤੀ ਨੇ ਜਨਮ ਲਿਆ ਅਤੇ ਉਹ ਵਧੀ ਫੁਲੀ। (3) ਅਜਿਹੇ ਰਾਸ਼ਟਰਵਾਦ ਦੇ ਨਿਸ਼ਾਨੇ 'ਤੇ 'ਦੂਸਰੇ' ਦੀ ਸਥਿਤੀ ਵਿਚ ਰੱਖਿਆ ਇਸਲਾਮ ਹੀ ਰਿਹਾ ਹੈ। (4) ਮੁੱਖਧਾਰਾ ਦੇ ਰਾਸ਼ਟਰਵਾਦ ਸਮੇਤ ਇਸ ਤਰ੍ਹਾਂ ਦੇ ਸੁਭਾਅ ਵਾਲੇ ਰਾਸ਼ਟਰਵਾਦ ਅਤੇ ਫਿਰਕਾਪ੍ਰਸਤੀ ਵਿਚਕਾਰ ਕੋਈ ਦੁਵੱਲੀ ਵਿਰੋਧਤਾ ਨਹੀਂ ਹੈ।

ਜੇਕਰ ਅਜਿਹੇ ਫਿਰਕੂ ਸੁਭਾਅ ਵਾਲੇ ਰਾਸ਼ਟਰਵਾਦ ਦੇ ਨਿਸ਼ਾਨੇ 'ਤੇ 'ਦੂਸਰੇ' ਅਤੇ ਬੇਗਾਨੀਅਤ ਦੀ ਸਥਿਤੀ ਵਿਚ ਰੱਖਿਆ ਇਸਲਾਮ ਹੈ ਤਾਂ ਇਸ ਦੀਆਂ ਅਰਥ ਸੰਭਾਵਨਾਵਾਂ ਅਨੁਸਾਰ (ੳ) ਇਸਲਾਮ ਹੀ ਇਸ ਦੀ ਹੋਂਦ ਨੂੰ ਜਾਇਜ਼ ਠਹਿਰਾਉਣ ਅਤੇ ਜ਼ਿੰਦਾ ਰੱਖਣ ਦੀ ਲਾਜ਼ਮੀ ਸ਼ਰਤ ਹੈ ਅਤੇ (ਅ) ਇਸ ਤਰ੍ਹਾਂ ਦੇ ਰਾਸ਼ਟਰਵਾਦ ਦੀ ਨਜ਼ਰ ਵਿਚ ਇਸਲਾਮ ਦੀ ਠੋਸ ਅਤੇ ਇਕਹਿਰੀ ਪਹਿਚਾਣ ਇਸ ਦੇ ਵੱਖਵਾਦੀ ਅਤੇ ਰਾਸ਼ਟਰ ਵਿਰੋਧੀ ਹੋਣ ਦੀ ਹੈ। ਇਸ ਨਜ਼ਰ ਨਾਲ ਦੇਖਿਆਂ ਇਸਲਾਮ ਦੀ ਪਹਿਚਾਣ ਹੀ ਇਸ ਦੇ ਫਿਰਕੂ ਹੋਣ ਵਿਚ ਹੈ ਅਤੇ ਇਸੇ ਕਰਕੇ ਹੀ ਇਹ ਰਾਸ਼ਟਰਵਾਦੀ ਨਹੀਂ ਹੋ ਸਕਦਾ। ਇਸ ਸਥਿਤੀ ਦੀ ਇਹ ਵਿਡੰਬਨਾ ਹੀ ਕਹੀ ਜਾ ਸਕਦੀ ਹੈ ਕਿ ਭਾਰਤ ਵਿਚ ਧਰਮ ਨਿਰਪੱਖ ਲਿਖਤਾਂ ਵਿਚ ਸਿਰਫ਼ ਮੁਸਲਮਾਨਾਂ ਲਈ ਹੀ ਉਹਨਾਂ ਨੂੰ ਰਾਸ਼ਟਰਵਾਦੀ ਦਿਖਾਉਣ ਲਈ 'ਰਾਸ਼ਟਰਵਾਦੀ ਜਾਂ ਕੌਮੀ ਮੁਸਲਮਾਨ' ਵਰਗੇ ਲਕਬਾਂ ਦਾ ਇਸਤੇਮਾਲ ਕੀਤਾ ਜਾਂਦਾ ਰਿਹਾ ਹੈ। ਅਜਿਹਾ ਲਕਬ ਕਿਸੇ ਹੋਰ ਧਾਰਮਕ ਪਹਿਚਾਣ ਵਾਸਤੇ ਵਰਤੋਂ ਵਿਚ ਨਹੀਂ ਲਿਆਂਦਾ ਜਾਂਦਾ। ਬਰੇ ਸ.ਗੀਰ ਦੇ ਮੁਸਲਮਾਨ ਭਾਈਚਾਰੇ/ਪਹਿਚਾਣ ਨੂੰ ਬਹਿਸ ਅਧੀਨ ਲਿਆਉਂਦੇ ਹੋਏ ਪਹਿਲਾ ਪ੍ਰਸ਼ਨ ਹੀ ਇਹ ਪੁੱਛਿਆ ਜਾ ਸਕਦਾ ਹੈ ਕਿ ਕੀ ਸਾਰੇ ਮੁਸਲਮਾਨ ਹੀ ਸਿਰਫ ਮੁਸਲਮਾਨ ਹੋਣ ਕਰਕੇ ਫਿਰਕੂ ਅਤੇ ਵੱਖਵਾਦੀ ਹਨ? ਇਹ ਪ੍ਰਸ਼ਨ ਅੱਜ ਕੱਲ ਹੋਰ ਵੀ ਅਹਿਮ ਬਣ ਗਿਆ ਹੈ ਕਿਉਂਕਿ ਸੰਘ ਪਰਿਵਾਰ ਨਾਲ ਸੰਬੰਧਤ ਨੇਤਾ ਥੋੜ੍ਹੀ ਬਹੁਤੀ ਗੱਲ 'ਤੇ ਹੀ ਇਹਨਾਂ ਨੂੰ ਪਾਕਿਸਤਾਨ ਭੇਜਣ ਦੀ ਧਮਕੀ ਦੇ ਛਡਦੇ ਹਨ। ਪ੍ਰਸਿੱਧ ਇਤਿਹਾਸਕਾਰ ਆਇਸ਼ਾ ਜਲਾਲ ਨੇ ਆਪਣੇ ਲੇਖ 'ਐਕਸਪਲੋਡਿੰਗ ਕੌਮਿਊਨਲਿਜ਼ਮ:ਦ ਪੌਲਿਟਿਕਸ ਔਫ ਮੁਸਲਿਮ ਆਈਡੈਂਟਿਟੀ ਇਨ ਸਾਊਥ ਏਸ਼ੀਆ' ਵਿਚ ਇਸੇ ਪ੍ਰਸ਼ਨ ਨੂੰ ਮੁਖ਼ਾਤਿਬ ਹੋ ਕੇ ਇਸ ਇਕਹਿਰੀ ਪਹਿਚਾਣ ਉਪਰ ਗੰਭੀਰ ਸੁਆਲੀਆ ਨਿਸ਼ਾਨ ਲਾਏ ਹਨ। ਇਸ ਲੇਖ ਦੇ ਸ਼ੁਰੂ ਵਿਚ ਹੀ ਆਇਸ਼ਾ ਜਲਾਲ ਨੇ ਅਲਤਾਫ਼ ਹੁਸੈਨ ਹਾਲੀ ਦੀ 1888 ਵਿਚ ਲਿਖੀ ਨਜ਼ਮ ਸ਼ਿਕਵਾ-ਏ-ਹਿੰਦ ਨੂੰ ਪੇਸ਼ ਕੀਤਾ ਹੈ। ਭਾਵੇਂ ਕਿ ਇਹ ਨਜ਼ਮ ਇਕ ਅਜਿਹੇ ਸ਼ਾਇਰ ਦੀ ਹੈ ਜੋ ਕਿ ਮੁਸਲਮਾਨਾਂ ਦੀ ਵੱਖਰੀ ਹਸਤੀ ਅਤੇ ਇਹਨਾਂ ਦੇ ਵੱਖਰੇ ਅਤੇ ਬਾਹਰਲੇ ਮੂਲ ਬਾਰੇ ਕਾਇਲ ਸੀ, ਪਰ ਫਿਰ ਵੀ ਉਹ ਇਸ ਨਜ਼ਮ ਵਿਚ ਮੁਸਲਮਾਨਾਂ ਦੀ ਇਥੋਂ ਦੀ ਹਰ ਪ੍ਰਾਪਤੀ ਦਾ ਸਿਲਾ ਹਿੰਦੁਸਤਾਨ ਨੂੰ ਹੀ ਦਿੰਦਾ ਹੈ। ਉਨੀਵੀਂ ਸਦੀ ਦੇ ਅਖ਼ੀਰ ਵਿਚ ਪੈਦਾ ਹੋਏ ਹਾਲਾਤ ਅਤੇ ਇਹਨਾਂ ਵਿਚ, ਹਾਲੀ ਦੇ ਅਨੁਸਾਰ, ਮੁਸਲਮਾਨਾਂ ਦੀ ਬਣ

ਰਹੀ ਬਦਤਰ ਸਥਿਤੀ ਲਈ ਹਿੰਦੁਸਤਾਨ ਪ੍ਰਤੀ ਗੁੱਸੇ ਦੀ ਜ਼ੁਬਾਨ ਦਾ ਇਸਤੇਮਾਲ ਨਾ ਕਰਕੇ ਸਿਰਫ਼ ਸ਼ਿਕਵੇ ਜਾਂ ਉਲਾਂਭੇ ਦੇ ਭਾਵ ਹੀ ਪ੍ਰਗਟ ਕਰਦਾ ਹੈ। ਉਸ ਦੀ ਨਿਗਾਹ ਵਿਚ ਹਿੰਦੁਸਤਾਨ ਮੁਕੰਮਲ ਤੌਰ 'ਤੇ ਅਜਿਹੀ ਦੁਸ਼ਮਣਾਨਾ ਸਥਿਤੀ ਵਿਚ ਸਥਿਤ ਨਹੀਂ ਹੈ ਜਿਸ ਦੇ ਖਿਲਾਫ਼ ਕੋਈ ਫੈਸਲਾਕੁਨ ਲੜਾਈ ਵਿੱਢੀ ਜਾਣੀ ਚਾਹੀਦੀ ਹੈ। ਇਸੇ ਕਰਕੇ ਇਸ ਨਜ਼ਮ ਨੇ ਉਸ ਦੀ ਭਾਰਤ ਪ੍ਰਤੀ ਵਫ਼ਾਦਾਰੀ ਦੀ ਕਾਲਪਨਿਕ ਅਣਹੋਂਦ ਦੇ ਸੰਬੰਧ ਵਿਚ ਕੋਈ ਗੰਭੀਰ ਵਿਵਾਦ ਖੜ੍ਹਾ ਨਹੀਂ ਕੀਤਾ ।[28] ਇਸੇ ਸ਼ਾਇਰ ਹਾਲੀ ਨੇ ਆਪਣੀ ਇਕ ਹੋਰ ਨਜ਼ਮ ਹੁਬ-ਏ-ਵਤਨ ਵਿਚ ਇਹ ਵੀ ਲਿਖਿਆ ਕਿ ਜਿਹੜੀ ਦੇਸ਼ ਭਗਤੀ ਆਪਣੇ ਭਾਈਚਾਰੇ ਨਾਲ ਲਗਾਓ ਤੋਂ ਅੱਗੇ ਨਹੀਂ ਜਾਂਦੀ ਉਹ ਸਵਾਰਥ ਤੋਂ ਵੱਧ ਕੁਝ ਵੀ ਨਹੀਂ ਹੋ ਸਕਦੀ। ਇਸੇ ਤਰ੍ਹਾਂ ਹੀ ਰਾਜ ਕਰਨ ਵਾਲੇ ਅਤੇ ਕੁਲੀਨ ਵਰਗ ਨਾਲ ਸੰਬੰਧਤ ਰਹੇ ਅਸ਼ਰਫ ਮੁਸਲਮਾਨਾਂ ਦੇ ਨੁਮਾਇੰਦੇ ਅਤੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੇ ਬਾਨੀ ਸਰ ਸਈਅਦ ਅਹਿਮਦ ਖ਼ਾਨ ਨੂੰ ਹੀ ਮੁਸਲਮਾਨਾਂ ਵਿਚ ਵੱਖਵਾਦ ਦੇ ਰਾਜਸੀ ਅਤੇ ਸਭਿਆਚਾਰਕ ਵਿਚਾਰਾਂ ਨੂੰ ਪੈਦਾ ਕਰਨ ਵਾਲੀ ਸ਼ਖ਼ਸੀਅਤ ਸਮਝਿਆ ਜਾਂਦਾ ਹੈ। ਉਹ ਅਸ਼ਰਫਾਂ ਦੀ ਕੁਲੀਨਤਾ ਪ੍ਰਤੀ ਘੁਮੰਡੀ ਹੋਣ ਤੱਕ ਚੇਤੰਨ ਸੀ। ਪਰ ਉਸ ਦੀਆਂ ਲਿਖਤਾਂ ਜਾਂ ਭਾਸ਼ਣਾਂ ਵਿਚ ਹਿੰਦੂਆਂ ਪ੍ਰਤੀ ਕਿਸੇ ਗੁੱਸੇ, ਦਵੈਸ਼ ਭਾਵਨਾ ਜਾਂ ਬੇਗਾਨੀਅਤ ਦੀ ਝਲਕ ਨਹੀਂ ਮਿਲਦੀ ਅਤੇ ਨਾ ਹੀ ਅਜਿਹੀ ਝਲਕ ਹਿੰਦੁਸਤਾਨ ਪ੍ਰਤੀ ਦਿਖਾਈ ਦਿੰਦੀ ਹੈ। ਉਸ ਵੇਲੇ ਰਾਸ਼ਟਰਵਾਦੀ ਲਹਿਰ ਦੀ ਅਗਵਾਈ ਕਰਦੀ ਸਮਝੀ ਜਾਣ ਵਾਲੀ ਕਾਂਗਰਸ ਵਿਚ ਸ਼ਾਮਲ ਨਾ ਹੋਣ ਬਾਰੇ ਉਸ ਦਾ ਵਿਚਾਰ ਸੀ ਕਿ ਇਸ ਵਿਚ ਬੰਗਾਲੀ ਭਦਰ ਲੋਕਾਂ ਦਾ ਹੀ ਬੋਲਬਾਲਾ ਸੀ। ਇਸ ਪਿਛੇ ਤਰਕ ਧਾਰਮਕ ਨਾ ਹੋ ਕੇ ਮੁਲਕ ਦੀ ਇਕਸਾਰਤਾ ਤੋਂ ਰਹਿਤ ਤਰੱਕੀ ਨਾਲ ਸੰਬੰਧਤ ਸੀ। ਅਜਿਹਾ ਵਿਰੋਧ ਇਕ ਅਜਿਹੇ ਵਿਅਕਤੀ ਦਾ ਸੀ ਜੋ ਕਿ ਇਕ ਘੱਟ ਵਿਕਸਿਤ ਇਲਾਕੇ ਨਾਲ ਸੰਬੰਧ ਰਖਦਾ ਹੋਇਆ ਵੱਧ ਵਿਕਸਿਤ ਇਲਾਕੇ ਦੇ ਬੋਲਬਾਲੇ ਵਿਚ ਦਬਿਆ ਨਹੀਂ ਜਾਣਾ ਚਾਹੁੰਦਾ ਸੀ।

ਇਕ ਹੋਰ ਪੱਧਰ ਤੇ ਸਰ ਸਈਅਦ ਅਹਿਮਦ ਦੀ ਪ੍ਰਤੀਬਧਤਾ ਆਧੁਨਿਕ ਵਿਚਾਰਾਂ ਅਤੇ ਵਿਦਿਆ ਨਾਲ ਸੀ। ਮੁਸਲਮਾਨਾਂ ਦੇ ਵਿਚ ਆਧੁਨਿਕਤਾ ਦੇ ਪਾਸਾਰ ਲਈ ਉਸ ਅਨੁਸਾਰ ਇਸ ਵਿਦਿਆ ਦਾ ਫੈਲਾਅ ਜ਼ਰੂਰੀ ਸੀ। ਇਸ ਕਰਕੇ ਉਸ ਦੇ ਲਈ ਆਪਣੇ ਆਪ ਨੂੰ ਬ੍ਰਿਟਿਸ਼ ਰਾਜ ਦੇ ਸ਼ਹਿਰੀ ਦੇ ਤੌਰ 'ਤੇ ਪੇਸ਼ ਕਰਨਾ ਜ਼ਰੂਰੀ ਸੀ ਤਾਂ ਕਿ ਉਹ ਸਕੂਲ, ਕਾਲਜ ਆਦਿ ਸਥਾਪਤ ਕਰਨ ਲਈ ਰਾਜ ਤੋਂ ਹਰ ਤਰ੍ਹਾਂ ਦੀ ਮਦਦ ਲੈ ਸਕੇ। ਕਿਸੇ ਹੱਦ ਤੱਕ ਉਸ ਦਾ ਇਹ ਪ੍ਰਾਜੈਕਟ ਮਦਨ ਮੋਹਨ ਮਾਲਵੀਆ ਜਾਂ ਆਰੀਆ ਸਮਾਜ ਦੁਆਰਾ ਦਯਾਨੰਦ ਦੇ ਨਾਂ 'ਤੇ ਵਿਦਿਅਕ ਸੰਸਥਾਵਾਂ ਸਥਾਪਤ ਕਰਨ ਨਾਲ ਮੇਲ ਖਾਂਦਾ ਸੀ। ਪਰ ਉਹ ਆਰੀਆ ਸਮਾਜ ਵਾਂਗਰ ਸ਼ੁੱਧੀ ਪ੍ਰੋਗਰਾਮ ਜਾਂ ਧਰਮ ਪ੍ਰੀਵਰਤਨ ਵਰਗੀਆਂ ਗਤੀਵਿਧੀਆਂ ਵਿਚ ਨਹੀਂ ਪਿਆ। ਪਰ ਇਸ ਪ੍ਰੋਗਰਾਮ ਕਰਕੇ ਉਸ ਦਾ ਵਿਰੋਧ ਇਸਲਾਮ ਦੇ ਅੰਦਰ ਹੀ ਦਿਓਬੰਦ ਸੰਸਥਾ ਅਤੇ ਫਰੰਗੀ ਮਹਿਲ

ਨਾਲ ਜ਼ਰੂਰ ਪਿਆ। ਇਸਲਾਮ ਅੰਦਰਲੀਆਂ ਇਹ ਦੋਵੇਂ ਸੰਸਥਾਵਾਂ ਸ਼ਰੀਅਤ 'ਤੇ ਪਹਿਰਾ ਦੇਣ ਵਾਲੀਆਂ ਹਨ ਅਤੇ ਨਾਲ ਹੀ ਇਸਲਾਮ ਦੇ ਇਕ ਅਜਿਹੇ ਬ੍ਰਹਿਮੰਡੀ ਰੂਪ ਵਿਚ ਯਕੀਨ ਕਰਨ ਵਾਲੀਆਂ ਅਤੇ ਇਸ ਦੀ ਰਾਖੀ ਅਤੇ ਫੈਲਾਉਣ ਲਈ ਵਚਨਬੱਧ ਹਨ ਜੋ ਕਿ ਇਸਲਾਮ ਨੂੰ ਇਕ ਠੋਸ ਰੂਪ ਵਿਚ ਪ੍ਰੀਭਾਸ਼ਤ ਪਹਿਚਾਣ ਦਿੰਦਾ ਹੈ। ਇਸ ਪਹਿਚਾਣ ਦੀ ਪਹੁੰਚ ਦਾ ਫੈਲਾਅ ਪੂਰੀ ਦੁਨੀਆਂ ਵਿਚ ਤਸੱਵੁਰ ਕੀਤਾ ਜਾਂਦਾ ਹੈ। ਸਥਿਤੀ ਦੀ ਇਹ ਵਿਡੰਬਨਾ ਹੀ ਹੈ ਕਿ ਧਰਮ ਨਿਰਪੱਖ ਖ਼ਿਆਲ ਕੀਤੇ ਜਾਂਦੇ ਆਜ਼ਾਦੀ ਦੇ ਸੰਘਰਸ਼ ਵਿਚ ਚਲੀ ਖ਼ਿਲਾਫਤ ਲਹਿਰ ਵਿਚ ਫਰੰਗੀ ਮਹਿਲ ਵਰਗੀਆਂ ਇਸਲਾਮੀ ਸੰਸਥਾਵਾਂ ਨੇ ਵਧ ਚੜ੍ਹ ਕੇ ਹਿੱਸਾ ਲਿਆ। ਸਰ ਸਯੀਅਦ ਅਹਿਮਦ ਨੂੰ ਜਦੋਂ ਖ਼ਿਲਾਫਤ ਲਹਿਰ ਵਿਚ ਹਿੱਸਾ ਲੈਣ ਬਾਰੇ ਪੁੱਛਿਆ ਗਿਆ ਤਾਂ ਉਸ ਨੇ ਆਪਣੇ ਆਪ ਨੂੰ ਇਸ ਬ੍ਰਹਿਮੰਡੀ ਇਸਲਾਮੀ ਰੂਪ ਦਾ ਹਿੱਸਾ ਦੱਸਣ ਦੀ ਬਜਾਇ ਬ੍ਰਿਟਿਸ਼ ਪਰਜਾ ਦੱਸਣ ਨੂੰ ਤਰਜੀਹ ਦਿੱਤੀ। ਇਸ ਸਥਿਤੀ ਦੀ ਗੁੰਝਲਦਾਰ ਅਵਸਥਾ ਦਾ ਪਤਾ ਇਸ ਗੱਲੋਂ ਵੀ ਲਗਦਾ ਹੈ ਕਿ ਬਰਤਾਨਵੀ ਵਿਰੋਧੀ ਲਹਿਰ ਵਿਚ ਉਹਨਾਂ ਇਸਲਾਮਿਕ ਸੰਸਥਾਵਾਂ ਨੇ ਹਿੱਸਾ ਲਿਆ ਜੋ ਕਿ ਸ਼ਰੀਅਤ ਨੂੰ ਰਵਾਇਤੀ ਰੂਪ ਨਾਲ ਮੇਲ ਖਾਂਦੀ ਠੋਸ ਸ਼ਕਲ ਦੇ ਕੇ ਇਸਲਾਮ ਦੀ ਇਕ ਵੱਖਰੀ ਪਹਿਚਾਣ ਦੇ ਰਹੀਆਂ ਸਨ। ਇਸ ਲਹਿਰ ਦੌਰਾਨ ਇਸ ਵੱਲ ਵੀ ਕੋਈ ਧਿਆਨ ਨਹੀਂ ਦਿਤਾ ਗਿਆ ਕਿ ਤੁਰਕੀ ਦੀ ਓਟੋਮੈਨ ਸਲਤਨਤ ਅਤੇ ਇਸ ਦੇ ਅਧਿਆਤਮਕ ਮੁਖੀ ਖ਼ਲੀਫੇ ਦਾ ਅਰਬ ਦੁਨੀਆਂ ਵਿਚ ਰੋਲ ਕਿਹੋ ਜਿਹਾ ਰਿਹਾ ਸੀ। ਖ਼ਿਲਾਫਤ ਲਹਿਰ, ਕਾਂਗਰਸ ਅਤੇ ਇਸ ਵਿਚ ਹਿੱਸਾ ਲੈਣ ਵਾਲਿਆਂ ਦੇ ਸੰਬੰਧ ਵਿਚ ਕੁਝ ਦਿਲਚਸਪ ਪਰ ਨਵੀਆਂ ਗੁੰਝਲਾਂ ਪੈਦਾ ਕਰਨ ਵਾਲੇ ਤੱਥਾਂ ਦਾ ਜ਼ਿਕਰ ਆਇਸ਼ਾ ਜਲਾਲ ਨੇ ਆਪਣੇ ਲੇਖ ਵਿਚ ਕੀਤਾ ਹੈ। ਇਹਨਾਂ ਵਿਚ ਇਕ ਤੱਥ ਮੌਲਾਨਾ ਅਬੁਲ ਕਲਾਮ ਆਜ਼ਾਦ ਨਾਲ ਸੰਬੰਧਤ ਹੈ। ਮੌਲਾਨਾ ਨੇ ਸ਼ਰੀਅਤ ਦੀ ਪ੍ਰਭੂਸਤਾ ਸਥਾਪਤ ਕਰਨ ਦੇ ਮਕਸਦ ਨਾਲ 1920 ਵਿਚ ਖ਼ਿਲਾਫਤ ਲਹਿਰ ਦੇ ਸਿਖਰ ਵੇਲੇ ਜਮਾਇਤ-ਉਲ-ਉਲੇਮਾ-ਏ-ਹਿੰਦ ਦੇ ਥਾਪੜੇ ਨਾਲ ਇਹ ਫਤਵਾ ਜਾਰੀ ਕੀਤਾ ਸੀ ਕਿ ਮੁਸਲਮਾਨਾਂ ਲਈ ਭਾਰਤ ਛੱਡ ਕੇ ਜਾਣਾ ਇਕ 'ਇਸਲਾਮੀ ਫਰਜ਼' ਹੈ।[29] 1940ਵਿਆਂ ਦੇ ਦੌਰਾਨ ਬਹੁਤ ਪ੍ਰੀਤਬੱਧ 'ਰਾਸ਼ਟਰਵਾਦੀ' ਨੇਤਾ ਦੇ ਵਜੋਂ ਜਾਣੇ ਜਾਂਦੇ ਮੌਲਾਨਾ ਅਬੁਲ ਕਲਾਮ ਆਜ਼ਾਦ ਦੀਆਂ ਪਹਿਲੇ ਦੌਰ ਯਾਨੀ ਕਿ ਵੀਹਵੀਂ ਸਦੀ ਦੇ ਪਹਿਲੇ ਦੋ ਦਹਾਕਿਆਂ ਦੀਆਂ ਲਿਖਤਾਂ ਵਿਚ ਧਰਮ ਅਤੇ ਰਾਜਨੀਤੀ ਨੂੰ ਇਕੱਠਾ ਰੱਖਣ ਦੀ ਵਕਾਲਤ ਕੀਤੀ ਗਈ ਹੈ ਅਤੇ ਆਪਣੇ ਹਮਧਰਮਾਂ ਨੂੰ ਇਕ ਅੱਡਰੇ ਭਾਈਚਾਰੇ ਦੇ ਤੌਰ 'ਤੇ ਏਕਾ ਕਰਨ ਅਤੇ ਜਥੇਬੰਦ ਹੋਣ ਦਾ ਸੱਦਾ ਦਿਤਾ ਗਿਆ ਹੈ। ਇਸੇ ਤਰ੍ਹਾਂ ਖ਼ਿਲਾਫਤ ਲਹਿਰ ਦੇ ਪ੍ਰਮੁਖ ਨੇਤਾ ਮੁਹੰਮਦ ਅਲੀ ਨੇ 1930 ਵਿਚ ਲੰਡਨ ਵਿਖੇ ਰਾਊਂਡ ਟੇਬਲ ਕਾਨਫਰੰਸ ਦੇ ਚੌਥੇ ਪਲੈਨਰੀ ਸੈਸ਼ਨ ਵਿਚ ਬੋਲਦੇ ਹੋਏ ਕਿਹਾ ਸੀ ਕਿ ਜਿਥੋਂ ਤੱਕ ਰੱਬ ਦੇ ਹੁਕਮ ਦਾ ਸੰਬੰਧ ਹੈ ਤਾਂ ਉਹ ਸਭ ਤੋਂ ਪਹਿਲਾਂ ਮੁਸਲਮਾਨ ਹੈ ਫਿਰ ਕੁਝ ਹੋਰ ਅਤੇ ਜਿਥੋਂ ਤੱਕ ਭਾਰਤ ਦੀ ਆਜ਼ਾਦੀ ਦਾ ਸੰਬੰਧ ਹੈ ਤਾਂ ਉਹ ਸਭ ਤੋਂ ਪਹਿਲਾਂ ਹਿੰਦੁਸਤਾਨੀ

ਹੈ ਹੋਰ ਕੁਝ ਨਹੀਂ।[30] ਆਇਸ਼ਾ ਜਲਾਲ ਦੇ ਮੁਤਾਬਿਕ ਇਹ ਵੀ ਇਕ ਇਤਿਹਾਸਕ ਸਚਾਈ ਹੈ ਕਿ ਉਪਰ ਜ਼ਿਕਰ ਕੀਤੇ ਮੌਲਾਨਾ ਅਬੁਲ ਕਲਾਮ ਅਜ਼ਾਦ ਅਤੇ ਮੁਹੰਮਦ ਅਲੀ ਵਰਗੇ ਬਹੁ ਪਹਿਚਾਣਾਂ ਵਾਲੇ ਵਿਚਾਰ ਜੇਕਰ ਕਿਸੇ ਕਾਂਗਰਸ ਤੋਂ ਬਾਹਰਲੇ ਵਿਅਕਤੀ ਨੇ ਪ੍ਰਗਟ ਕੀਤੇ ਹੁੰਦੇ ਤਾਂ ਉਸ ਨੂੰ 'ਫਿਰਕਾਪ੍ਰਸਤ' ਐਲਾਨ ਦਿੱਤਾ ਜਾਣਾ ਸੀ। ਕਾਂਗਰਸ ਦੀ ਅਗਵਾਈ ਵਿਚ ਚੱਲੇ 'ਰਾਸ਼ਟਰਵਾਦੀ' ਅੰਦੋਲਨ ਦੀ ਇਕ ਵਿਡੰਬਨਾਤਮਕ ਸਚਾਈ ਇਹ ਵੀ ਹੈ ਕਿ ਇਸ ਦੇ ਅੰਦਰ ਜਾਂ ਇਸਦੀ ਹਮਾਇਤ ਦੇ ਘੇਰੇ ਵਿਚ ਮਦਨ ਮੋਹਨ ਮਾਲਵੀਆ, ਲਾਲਾ ਲਾਜਪਤ ਰਾਇ ਅਤੇ ਮੁਹਮਦ ਅਲੀ ਵਰਗੇ ਵਿਅਕਤੀ ਜਾਂ ਇਹਨਾਂ ਦੀ ਅਗਵਾਈ ਵਾਲੀਆਂ ਭੂਮਿਕਾਵਾਂ ਦੇ ਅਸਰ ਹੇਠ ਚਲੀਆਂ ਰਾਜਸੀ ਅਤੇ ਸਮਾਜਕ ਲਹਿਰਾਂ ਵੀ ਰਹੀਆਂ ਸਨ ਜਿਨ੍ਹਾਂ ਨੇ ਕਿ ਧਰਮਾਂ ਦੀਆਂ ਅੱਡ ਅੱਡ ਠੋਸ ਅਤੇ ਆਪਸ ਵਿਰੋਧੀ ਪਹਿਚਾਣਾਂ ਨੂੰ ਪੱਕਾ ਕੀਤਾ। ਇਹਨਾਂ ਹੀ ਧਾਰਮਕ ਪਹਿਚਾਣਾਂ ਨੇ ਫਿਰਕਾਪ੍ਰਸਤੀ ਦੀ ਵਿਚਾਰਧਾਰਾ ਦੀਆਂ ਜੜ੍ਹਾਂ ਲਾਈਆਂ ਅਤੇ ਇਸ ਨੂੰ ਫੈਲਾਇਆ।

ਕਾਂਗਰਸ, ਮੁਸਲਿਮ ਲੀਗ ਅਤੇ ਦੇਸ਼ ਦੀ ਵੰਡ

ਕਾਂਗਰਸ ਦੀ ਅਗਵਾਈ ਵਾਲੇ 'ਰਾਸ਼ਟਰਵਾਦੀ' ਅੰਦੋਲਨ ਨੂੰ ਭਾਵੇਂ ਪ੍ਰੋਫੈਸਰ ਬਿਪਿਨ ਚੰਦਰ ਵਰਗੇ ਇਤਿਹਾਸਕਾਰਾਂ ਨੇ ਭਾਰਤ ਅੰਦਰ ਧਰਮ ਨਿਰਪਖਤਾ ਦੀ ਸਭ ਤੋਂ ਪ੍ਰਮਾਣੀਕ ਅਤੇ ਅਗਵਾਈ ਦੇਣ ਵਾਲੀ ਧਰੋਹਰ ਕਿਹਾ ਹੈ ਪਰ ਇਸ ਦੇ ਅੰਦਰ ਫਿਰਕੂ ਵਿਚਾਰਧਾਰਾ ਦੀਆਂ ਜੜ੍ਹਾਂ ਵਿਚ ਪਈਆਂ ਠੋਸ ਧਾਰਮਕ ਪਹਿਚਾਣਾਂ ਦੇ ਅਲਮਬਰਦਾਰਾਂ ਲਈ ਜੰਗਹ ਇਕ ਅਜਿਹੇ ਵਿਰੋਧਾਭਾਸ ਦੀ ਲਿਖਾਇਕ ਹੈ ਜੋ ਇਸ ਅੰਦੋਲਨ ਬਾਰੇ ਗੰਭੀਰ ਪ੍ਰਸ਼ਨ ਪੈਦਾ ਕਰਦੀ ਹੈ। ਕੀ ਇਸ ਅੰਦੋਲਨ ਅਤੇ ਇਸ ਨੂੰ ਅਗਵਾਈ ਦੇਣ ਵਾਲੇ ਵਿਅਕਤੀਆਂ ਦੇ ਰਾਜਸੀ ਫੈਸਲਿਆਂ ਅਤੇ ਸਮਾਜਕ ਗਤੀਵਿਧੀਆਂ ਨੂੰ ਹਕੀਕੀ ਮਾਅਨਿਆਂ ਵਿਚ ਧਰਮ ਨਿਰਪੱਖ ਕਿਹਾ ਜਾ ਸਕਦਾ ਹੈ? ਇਸ ਦੇ ਨਾਲ ਸੰਬੰਧਤ ਪ੍ਰਸ਼ਨ ਇਹ ਵੀ ਹੈ ਕਿ ਕੀ 1947 ਤੋਂ ਬਾਅਦ ਹੋਂਦ ਵਿਚ ਆਇਆ ਭਾਰਤੀ ਰਾਜ ਅਤੇ ਇਸ 'ਤੇ ਕਾਬਜ਼ ਹੋਣ ਲਈ ਜ਼ੋਰ ਅਜ਼ਮਾਈ ਕਰਨ ਵਾਲੀਆਂ ਰਾਜਸੀ ਧਿਰਾਂ ਆਪਣੇ ਵਿਹਾਰਕ ਕਾਰਜਾਂ ਵਿਚ ਧਰਮ ਨਿਰਪੱਖ ਰਹੀਆਂ ਹਨ? ਖ਼ਾਸ ਤੌਰ ਤੇ ਵੀਹਵੀਂ ਸਦੀ ਦੇ ਅਖੀਰਲੇ ਦੋ ਦਹਾਕਿਆਂ ਅਤੇ ਇਕੀਵੀਂ ਸਦੀ ਦੇ ਪਹਿਲੇ ਸੋਲਾਂ ਸਾਲਾਂ ਦੇ ਸੰਦਰਭ ਵਿਚ ਇਹ ਪ੍ਰਸ਼ਨ ਵੀ ਪੁੱਛਿਆ ਜਾ ਸਕਦਾ ਹੈ ਕਿ ਕਾਂਗਰਸ ਅਤੇ ਭਾਤਰੀ ਜਨਤਾ ਪਾਰਟੀ ਵਿਚ ਨੀਤੀਆਂ, ਪ੍ਰੋਗਰਾਮ ਅਤੇ ਵਿਹਾਰਕ ਰਾਜਨੀਤੀ ਦੇ ਪੱਧਰ 'ਤੇ ਕੋਈ ਬੁਨਿਆਦੀ ਤੌਰ 'ਤੇ ਸਿਫਤੀ ਫਰਕ ਹੈ ਵੀ ਜਾਂ ਨਹੀਂ? ਇਹਨਾਂ ਪ੍ਰਸ਼ਨਾਂ ਦੇ ਉਤਰ ਜਾਨਣ ਲਈ 1947 ਤੋਂ ਇਕਦਮ ਪਹਿਲਾਂ ਅਤੇ ਉਸ ਤੋਂ ਬਾਅਦ ਦੇ ਇਤਿਹਾਸ ਨੂੰ ਸੰਖੇਪ ਰੂਪ ਵਿਚ ਫਰੋਲਣ ਦੀ ਲੋੜ ਹੈ।

ਦੂਜੀ ਸੰਸਾਰ ਜੰਗ ਦੇ ਵੇਲੇ ਤੋਂ ਹੀ ਮੁਸਲਿਮ ਲੀਗ ਨੇ ਇਸਲਾਮ ਦੇ ਨਾਂ ਮੁਸਲਮਾਨਾਂ ਨੂੰ ਇਕ ਵੱਖਰੀ ਕੌਮ ਜਾਂ ਰਾਸ਼ਟਰ (Nation) ਐਲਾਨ ਕੇ ਇਸ ਲਈ ਇਕ

ਵੱਖਰੇ ਖਿੱਤੇ (State) ਦੀ ਮੰਗ ਨੂੰ ਉਭਾਰਿਆ। ਆਇਸ਼ਾ ਜਲਾਲ ਦੇ ਵਿਚਾਰ ਅਨੁਸਾਰ ਇਹ ਮੰਗ ਮੁਸਲਿਮ ਬਹੁਗਿਣਤੀ ਵਾਲੇ ਸੂਬਿਆਂ ਅੰਦਰ ਵਸਦੇ ਮੁਸਲਮਾਨਾਂ ਦੇ ਹਿਤਾਂ ਅਨੁਸਾਰ ਹੀ ਉਠਾਈ ਗਈ ਸੀ।[31] ਇਹ ਮੰਗ ਅੰਗਰੇਜ਼ਾਂ ਦੇ ਰਾਜ ਦੇ ਅਖੀਰਲੇ ਵਰ੍ਹਿਆਂ ਤਕ ਹਿੰਦੁਸਤਾਨ ਤੋਂ ਵੱਖਰੇ ਪਾਕਿਸਤਾਨ ਦੀ ਮੰਗ ਨਹੀਂ ਬਣੀ ਸੀ। ਮੁਸਲਿਮ ਲੀਗ ਨੇ ਪਹਿਲਾਂ ਮੁਸਲਿਮ ਬਹੁਗਿਣਤੀ ਵਾਲੇ ਖ਼ਿਤਿਆਂ ਦੀ ਇਕ ਫੈਡਰੇਸ਼ਨ ਜਾਂ ਕਨਫੈਡਰੇਸ਼ਨ ਵਿਚ ਅੰਦਰੂਨੀ ਖੁਦਮੁਖਤਿਆਰੀ ਦੀ ਹੀ ਮੰਗ ਕੀਤੀ ਸੀ। ਇਹ ਦਲੀਲ ਦੇਣ ਵਿਚ ਵੀ ਕੋਈ ਹਰਜ਼ ਨਹੀਂ ਹੈ ਕਿ ਸੂਬਿਆਂ ਦੇ ਪੱਧਰ 'ਤੇ ਯੂਨੀਅਨਿਸਟ ਪਾਰਟੀ ਜਾਂ ਪਰਜਾ ਕ੍ਰਿਸ਼ਕ ਪਾਰਟੀ ਵਰਗੀਆਂ ਮੁਸਲਿਮ ਬਹੁਗਿਣਤੀ ਵਾਲੀਆਂਪਾਰਟੀਆਂ ਦੁਆਰਾ ਮੁਸਲਿਮ ਲੀਗ ਦੇ ਉਪਰੋਂ ਹੋ ਕੇ ਪ੍ਰਾਪਤ ਕੀਤੀ ਰਾਜਸੀ ਸ਼ਕਤੀ ਨੇ ਮੁਸਲਿਮ ਲੀਗ ਨੂੰ ਮੁਸਲਿਮ ਘਟ ਗਿਣਤੀ ਵਾਲੇ ਖ਼ਿਤਿਆਂ/ਸੂਬਿਆਂ ਦੀ ਨੁਮਾਇੰਦਾ ਧਿਰ ਤੱਕ ਹੀ ਸੁੰਗੇੜ ਦਿਤਾ ਸੀ। ਦੂਸਰੇ ਪਾਸੇ ਇਹ ਵੀ ਉਤਨੀ ਵੱਡੀ ਸਚਾਈ ਹੈ ਕਿ ਕਾਂਗਰਸ ਦੁਆਰਾ ਮੁਸਲਿਮ ਲੀਗ ਨੂੰ ਜਾਂ ਇਸ ਦੁਆਰਾ ਜਤਾਏ ਜਾਂਦੇ ਮੁਸਲਿਮ ਹਿਤਾਂ ਨੂੰ ਕਿਸੇ ਰਾਜਸੀ ਅਤੇ ਰਾਜ ਪ੍ਰਬੰਧਕ ਜੁਗਤ ਵਿਚ ਸਮਾਉਣ ਤੋਂ ਮੁਨਕਰ ਹੋਣ ਕਰਕੇ ਮੁਸਲਿਮ ਲੀਗ ਇਕ ਸ਼ਕਤੀਸ਼ਾਲੀ ਰਾਜਸੀ ਧਿਰ ਵਜੋਂ ਉਭਰਨ ਵਿਚ ਕਾਮਯਾਬ ਹੋਈ। ਜਿਥੇ ਮੁਸਲਿਮ ਲੀਗ ਨੇ ਮੁਸਲਿਮ ਘਟਗਿਣਤੀ ਸੂਬਿਆਂ ਵਿਚ ਮੁਸਲਿਮ ਹਿਤਾਂ ਨੂੰ ਧਿਆਨ ਵਿਚ ਰਖਦੇ ਹੋਏ ਇਕ ਫੈਡਰੇਸ਼ਨ ਦੇ ਅੰਦਰ ਮੁਸਲਿਮ ਬਹੁਗਿਣਤੀ ਸੂਬਿਆਂ ਵਿਚ ਰਾਜਸੀ ਸ਼ਕਤੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ ਉਥੇ ਕਾਂਗਰਸ ਨੇ ਇਸ ਦੇ ਤੋੜ ਵਜੋਂ ਪੰਜਾਬ ਅੰਦਰ ਸਿੱਖ ਘਟਗਿਣਤੀ ਦੀ ਹਾਲਤ ਅਤੇ ਇਸ ਦੇ ਮਹਿਫੂਜ਼ ਰਹਿਣ ਦੇ ਫਿਕਰ ਨੂੰ ਉਭਾਰਿਆ। ਇਹ ਤੱਥ ਵੀ ਆਪਣੇ ਆਪ ਵਿਚ ਦਿਲਚਸਪ ਹੈ ਕਿ ਇਹ ਮਾਸਟਰ ਤਾਰਾ ਸਿੰਘ ਅਤੇ ਗਿਆਨੀ ਕਰਤਾਰ ਸਿੰਘ ਸਨ ਜਿਨ੍ਹਾਂ ਨੇ ਵਾਇਸਰਾਇ ਮਾਊਂਟਬੈਟਨ ਨਾਲ ਆਪਣੀ ਮੁਲਾਕਾਤ ਵਿਚ ਮਈ 1947 ਤੋਂ ਪਹਿਲਾਂ ਹੀ ਪੰਜਾਬ ਦੀ ਵੰਡ ਅਤੇ ਆਬਾਦੀ ਦੇ ਤਬਾਦਲੇ ਦੀ ਮੰਗ ਕੀਤੀ। ਇਸ ਤੋਂ ਵੀ ਪਹਿਲਾਂ 1932 ਦੀ ਗੋਲਮੇਜ਼ ਕਾਨਫਰੰਸ ਦੇ ਦੌਰਾਨ ਸਿੱਖ ਪ੍ਰਤੀਨਿਧਾਂ ਨੇ ਪੰਜਾਬ ਦੇ ਬਟਵਾਰੇ ਦੀ ਗੱਲ ਕੀਤੀ ਸੀ।[32] ਇਸ ਤਰ੍ਹਾਂ ਕਾਂਗਰਸ ਵੀ ਦੇਸ਼ ਦੀ ਵੰਡ ਵਿਚ ਹੀ ਉਸ ਵੇਲੇ ਦੀ ਰਾਜਸੀ ਸਥਿਤੀ ਦਾ ਹੱਲ ਦੇਖ ਰਹੀ ਸੀ। ਇਸ ਤਰ੍ਹਾਂ ਕਰਕੇ ਹੀ ਉਹ ਮੁਸਲਿਮ ਬਹੁਗਿਣਤੀ ਦੇ ਖਿੱਤੇ ਬਾਹਰ ਕੱਢ ਕੇ ਮੁਸਲਿਮ ਲੀਗ ਤੋਂ ਬਗੈਰ ਹੀ ਬਾਕੀ ਬਚਦੇ ਹਿੰਦੁਸਤਾਨ 'ਤੇ ਇਕੱਲੀ ਰਾਜ ਕਰਨ ਦੇ ਕਾਬਲ ਹੋ ਸਕਦੀ ਸੀ। ਇਹਨਾਂ ਤੱਥਾਂ ਦੇ ਬਿਆਨ ਤੋਂ ਇਹ ਗੱਲ ਸਾਫ਼ ਹੋ ਜਾਂਦੀ ਹੈ ਕਿ ਸਾਰੀਆਂ ਰਾਜਸੀ ਧਿਰਾਂ, ਸਮੇਤ ਕਾਂਗਰਸ ਦੇ, ਅੱਡੋ ਅੱਡਰੀਆਂ ਜਾਂ ਬਹੁਤ ਵਾਰੀ ਵਿਰੋਧੀ ਹਿਤਾਂ ਵਾਲੀਆਂ ਸਮਝੀਆਂ ਅਤੇ ਪੇਸ਼ ਕੀਤੀਆਂ ਜਾਂਦੀਆਂ ਧਾਰਮਕ ਪਹਿਚਾਣਾਂ ਨੂੰ ਹੀ ਰਾਜਸੀ ਸ਼ਕਤੀ ਨੂੰ ਪ੍ਰਾਪਤ ਕਰਨ ਹਿਤ ਇਕ ਹਥਿਆਰ ਦੇ ਤੌਰ 'ਤੇ ਵਰਤ ਰਹੀਆਂ ਸਨ। ਉਸ ਵੇਲੇ ਕਈ ਅਜਿਹੇ ਮੌਲਾਨਾ ਹੁਸੈਨ ਅਹਮਦ ਮਦਨੀ ਵਰਗੇ ਉਲੇਮਾ ਸਨ ਜੋ ਕਾਂਗਰਸ ਦੇ 'ਇਕ ਕੌਮ' ਦੇ ਸਿਧਾਂਤ ਵਿਚ ਵੀ ਯਕੀਨ ਰਖਦੇ ਸਨ ਅਤੇ

ਸ਼ਰੀਅਤ ਦੇ ਰਾਜ ਤੋਂ ਬਗ਼ੈਰ ਅਜ਼ਾਦ ਭਾਰਤ ਦਾ ਤਸੱਵੁਰ ਤਕ ਨਹੀਂ ਕਰਦੇ ਸਨ। ਅਜਿਹੇ ਹੀ ਉਲੇਮਾਂ ਨੇ ਜਿਨਾਹ ਅਤੇ ਮੁਸਲਿਮ ਲੀਗ ਦੇ ਵਿਰੋਧ ਤੋਂ ਬਾਅਦ ਸ਼ਰੀਅਤ ਦੇ ਰਾਜ ਨੂੰ ਸਥਾਪਤ ਕਰਨ ਲਈ ਬਾਅਦ ਵਿਚ ਪਾਕਿਸਤਾਨ ਦੀ ਮੰਗ ਦੀ ਹਮਾਇਤ ਕਰਨੀ ਸ਼ੁਰੂ ਕਰ ਦਿੱਤੀ।

ਦੇਸ਼ ਦੀ ਵੰਡ ਬਾਰੇ ਸਿਧਾਂਤਕ ਤੌਰ 'ਤੇ ਸਹਿਮਤੀ ਬਣਨ ਪਿਛੋਂ ਦੋਹਾਂ ਪਾਸਿਆਂ ਨੇ ਕਿਸੇ ਵੀ ਖ਼ਿੱਤੇ ਦੇ ਲੋਕਾਂ ਜਾਂ ਉਥੋਂ ਦੀਆਂ ਰਾਜਸੀ ਧਿਰਾਂ ਦੀ ਮਰਜ਼ੀ ਤੋਂ ਬਾਹਰ ਜਾ ਕੇ ਆਪੋ ਆਪਣੇ ਮੁਲਕ ਦੇ ਖੇਤਰ ਵਧਾਉਣ ਲਈ ਹਰ ਹਰਬੇ ਵਰਤੇ। ਇਥੇ ਕੁਝ ਉਦਾਹਰਣਾਂ ਦਿਤੀਆਂ ਜਾ ਸਕਦੀਆਂ ਹਨ ਜੋਕਿ ਹੁਣ ਦੇ ਭਾਰਤ ਦੇ ਸੰਦਰਭ ਵਿਚ ਕਾਂਗਰਸ ਦੇ ਰੋਲ ਨੂੰ ਕਾਫ਼ੀ ਹੱਦ ਤੱਕ ਸਾਫ਼ ਕਰ ਸਕਦੀਆਂ ਹਨ। ਦੋ ਨਵੇਂ ਬਣ ਰਹੇ ਮੁਲਕਾਂ ਵਿਚਕਾਰ ਇਲਾਕੇ ਵੰਡਣ ਲਈ ਲੋਕਾਂ ਦੀ ਰਾਇ ਜਾਨਣਾ ਜ਼ਰੂਰੀ ਨਹੀਂ ਸੀ। ਕਿਸੇ ਵੀ ਸੂਬੇ ਦੀਆਂ ਅਸੈਂਬਲੀਆਂ ਨੇ ਹੀ ਵੰਡ ਦੇ ਹੱਕ ਵਿਚ ਜਾਂ ਖ਼ਿਲਾਫ ਫੈਸਲਾ ਕਰਨਾ ਸੀ। ਪੰਜਾਬ ਦੀ ਅਸੈਂਬਲੀ ਵਿਚ ਮੁਸਲਿਮ ਬਹੁਗਿਣਤੀ ਨੇ ਪਾਕਿਸਤਾਨ ਦੇ ਹੱਕ ਵਿਚ ਵੋਟ ਪਾਈ ਅਤੇ ਹਿੰਦੂ ਤੇ ਸਿੱਖ ਘੱਟ ਗਿਣਤੀ ਨੇ ਹਿੰਦੁਸਤਾਨ ਦੇ ਹੱਕ ਵਿਚ। ਇਸ ਤਰ੍ਹਾਂ ਫੈਸਲਾ ਪੰਜਾਬ ਦੀ ਵੰਡ ਦਾ ਨਹੀਂ ਹੁੰਦਾ ਸੀ। ਫਿਰ ਇਹਨਾਂ ਦੋਹਾਂ ਨੇ ਵੋਟਾਂ ਨੂੰ ਅੱਡ ਅੱਡ ਹੋ ਕੇ ਪਾਇਆ। ਇਸ ਤਰ੍ਹਾਂ ਧਰਮ ਦੇ ਆਧਾਰ 'ਤੇ ਪੰਜਾਬ ਦੀ ਵੰਡ ਦਾ ਫੈਸਲਾ ਹੋ ਗਿਆ। ਪਰ ਬੰਗਾਲ ਦਾ ਕਿੱਸਾ ਬਿਲਕੁਲ ਵੱਖਰਾ ਸੀ। ਬੰਗਾਲ ਦੀ ਵੰਡ ਦਾ ਫੈਸਲਾ ਪਹਿਲਾਂ ਹੀ ਤਹਿਸ਼ੁਦਾ ਫੈਸਲਾ ਨਹੀਂ ਸੀ। ਬੰਗਾਲ ਦੇ ਵਿਚ ਸੁਭਾਸ਼ ਚੰਦਰ ਬੋਸ ਦੇ ਭਰਾ ਸਰਤ ਚੰਦਰ ਬੋਸ ਅਤੇ ਮੁਸਲਿਮ ਲੀਗ ਦੇ ਨੇਤਾ ਸੁਹਰਾਵਰਦੀ ਨੇ ਇਕ ਪਲੇਟਫਾਰਮ 'ਤੇ ਆ ਕੇ ਆਜ਼ਾਦ ਬੰਗਾਲ ਦੀ ਮੰਗ ਕੀਤੀ। ਇਸ ਨੂੰ ਜਿਨਾਹ ਨੇ ਤਾਂ ਮੰਨ ਲਿਆ ਪਰ ਹਿੰਦੂ ਮਹਾਂ ਸਭਾ ਨੇ ਇਹ ਕਹਿ ਕੇ ਨਾਮਨਜ਼ੂਰ ਕਰ ਦਿਤਾ ਕਿ ਬੰਗਾਲ ਦੀ ਵੀ ਧਰਮ ਦੇ ਆਧਾਰ 'ਤੇ ਵੰਡ ਕੀਤੀ ਜਾਵੇ। ਪੰਡਿਤ ਨਹਿਰੂ ਦੀ ਅਗਵਾਈ ਵਿਚ ਕਾਂਗਰਸ ਹਾਈ ਕਮਾਂਡ ਨੇ ਕਿਹਾ ਕਿ ਬੰਗਾਲ ਇਕੋ ਸ਼ਰਤ ਯਾਨੀ ਭਾਰਤ ਦੇ ਹਿੱਸੇ ਵਜੋਂ ਹੀ ਅਣਵੰਡਿਆ ਰਹਿ ਸਕਦਾ ਹੈ। ਕਾਂਗਰਸ ਦਾ ਮੱਤ ਸੀ ਕਿ ਆਜ਼ਾਦ ਬੰਗਾਲ ਸਿਰਫ ਮੁਸਲਿਮ ਲੀਗ ਦੇ ਉਸ ਉਪਰ ਗ਼ਲਬੇ ਦੀ ਹੀ ਸ਼ਾਹਦੀ ਭਰਦਾ ਹੈ। ਇਸ ਕਰਕੇ ਕਾਂਗਰਸ ਨੇ ਹਿੰਦੂ ਮਹਾਂ ਸਭਾ ਨਾਲ ਰਲ ਕੇ ਸਾਂਝੀਆਂ ਮੀਟਿੰਗਾ ਕੀਤੀਆਂ। ਜਦੋਂ ਵੰਡ ਦੇ ਮਤੇ ਉਤੇ ਬੰਗਾਲ ਅਸੈਂਬਲੀ ਦੇ ਸੈਸ਼ਨ ਵਿਚ ਵੋਟਾਂ ਪਾਈਆਂ ਗਈਆਂ ਤਾਂ 90 ਦੇ ਮੁਕਾਬਲੇ 126 ਮੈਂਬਰਾਂ ਨੇ ਵੰਡ ਦਾ ਵਿਰੋਧ ਕੀਤਾ। ਪਰ ਜਦੋਂ ਪੱਛਮੀ ਅਤੇ ਪੂਰਬੀ ਬੰਗਾਲ ਦੇ ਮੈਂਬਰਾਂ ਨੇ ਅੱਡੋ ਅੱਡ ਵੋਟ ਪਾਈ ਤਾਂ ਪੱਛਮੀ ਬੰਗਾਲ ਦੇ ਮੈਂਬਰਾ ਨੇ ਵੰਡ ਦੇ ਹੱਕ ਵਿਚ ਅਤੇ ਪੂਰਬੀ ਬੰਗਾਲ ਦੇ ਮੈਂਬਰਾ ਨੇ ਵੰਡ ਦੇ ਵਿਰੁਧ ਪਾਈ । ਇਸ ਤਰ੍ਹਾਂ ਇਕ ਵਾਰ ਫਿਰ ਤੋਂ ਬੰਗਾਲ ਦੀ ਵੰਡ ਦਾ ਫੈਸਲਾ ਫਿਰਕੂ ਆਧਾਰ 'ਤੇ ਹੋ ਗਿਆ।[33] ਬੰਗਾਲ ਦੀ ਵੰਡ ਦੇ ਫੈਸਲੇ ਦੀ ਵਿਡੰਬਨਾ ਇਹ ਹੈ ਕਿ 1947 ਵਿਚ ਉਹਨਾਂ ਧਿਰਾਂ ਨੇ ਬੰਗਾਲ ਦੀ ਵੰਡ ਦੇ ਹੱਕ ਵਿਚ ਵੋਟ ਪਾਈ ਜਿਨ੍ਹਾਂ ਨੇ 1905 ਵਿਚ ਇਸੇ ਤਰ੍ਹਾਂ ਦੀ ਵੰਡ ਦਾ

ਵਿਰੋਧ ਕੀਤਾ ਸੀ। ਬੰਗਾਲ ਦੀ ਵੰਡ ਦਾ ਇਕ ਹੋਰ ਦਿਲਚਸਪ ਪਹਿਲੂ ਸਨਅਤ ਤੇ ਵਪਾਰ, ਕਾਂਗਰਸ ਅਤੇ ਹਿੰਦੂਆਂ ਦੀ ਅੰਤਰ ਸੰਬੰਧਤਾ ਦਾ ਹੈ। ਬਿਦਿਯੁਤ ਚਕਰਬਰਤੀ ਨੇ ਆਪਣੀ ਕਿਤਾਬ 'ਦ ਪਾਰਟੀਸ਼ਨ ਆਫ਼ ਬੰਗਾਲ ਐਂਡ ਆਸਾਮ' ਵਿਚ ਕਿਹਾ ਹੈ ਕਿ ਬਿਰਲਾ ਤਾਂ 1942 ਵਿਚ ਹੀ ਬੰਗਾਲ ਦੀ ਵੰਡ ਦੇ ਹੱਕ ਵਿਚ ਸੀ। ਇਸ ਖਾਤਰ ਉਸ ਨੇ ਮਹਾਤਮਾ ਗਾਂਧੀ ਨੂੰ ਕਲਕੱਤਾ ਵਿਚ ਹਿੰਦੂ ਮੁਸਲਿਮ ਇਤਹਾਦ ਨੂੰ ਵੀਟੋ ਕਰਨ ਵਾਸਤੇ ਇਸ ਆਧਾਰ ਤੇ ਸਹਿਮਤ ਕਰਨ ਦੀ ਕੋਸ਼ਿਸ਼ ਕੀਤੀ ਸੀ ਕਿ ਇਸ ਨਾਲ ਮਾਰਵਾੜੀ ਭਾਈਚਾਰੇ ਦੇ ਵਪਾਰਕ ਹਿਤਾਂ ਦਾ ਨੁਕਸਾਨ ਹੋਵੇਗਾ।[34]

ਉਤਰ ਪੱਛਮੀ ਸਰਹੱਦੀ ਸੂਬੇ ਦਾ ਕੇਸ ਸਭ ਤੋਂ ਵੱਖਰਾ ਸੀ। ਬ੍ਰਿਟਿਸ਼ ਰਾਜ ਦੇ ਸਿੱਧੇ ਤੌਰ 'ਤੇ ਅਧੀਨ ਇਹ ਇਕੋ ਇਕ ਮੁਸਲਿਮ ਬਹੁਗਿਣਤੀ ਵਾਲਾ ਖਿੱਤਾ ਸੀ ਜਿਸ ਵਿਚ ਕਾਂਗਰਸ ਦਾ ਰਾਜ ਸੀ । ਅਸਲ ਵਿਚ ਕਾਂਗਰਸ ਨੂੰ ਇਹ ਜਿੱਤ ਖਾਨ ਅਬਦੁਲ ਗਫਾਰ ਖਾਨ, ਜਾਂ ਜਿਸਨੂੰ ਸਰਹੱਦੀ ਗਾਂਧੀ ਵੀ ਕਿਹਾ ਜਾਂਦਾ ਸੀ, ਦੀ ਜਥੇਬੰਦੀ ਰੈਡ ਸ਼ਰਟਸ (ਲਾਲ ਕੁੜਤੀ) ਨੇ ਅਣਵੰਡੇ ਜਾਂ ਮੁਤਾਹਿਦਾ ਹਿੰਦੁਸਤਾਨ ਦੇ ਨਾਅਰੇ 'ਤੇ ਦਿਵਾਈ ਸੀ। ਇਸੇ ਕਰਕੇ ਉਥੇ ਦੇਸ਼ ਦੀ ਵੰਡ ਦਾ ਵਿਰੋਧ ਸੀ ਭਾਵੇਂ ਕਿ 1947 ਦੇ ਪਹੁੰਚਦੇ ਪਹੁੰਚਦੇ ਇਸ ਸੂਬੇ ਅਤੇ ਇਸ ਦੇ ਨਾਲ ਲਗਦੇ ਕਬਾਇਲੀ ਇਲਾਕਿਆਂ ਵਿਚ ਮੁਸਲਿਮ ਲੀਗ ਵੀ ਜ਼ੋਰ ਫੜ ਰਹੀ ਸੀ। ਇਸ ਖਿੱਤੇ ਦੀ ਖ਼ਾਸੀਅਤ ਇਹ ਵੀ ਸੀ ਕਿ ਇਹ ਉਹਨਾਂ ਸੂਬਿਆਂ ਦੇ ਨਾਲ ਲਗਵਾਂ ਨਹੀਂ ਸੀ ਜਿਥੇ ਕਿ ਕਾਂਗਰਸ ਦਾ ਰਾਜ ਸੀ। ਇਹਨਾਂ ਹਾਲਤਾਂ ਨੂੰ ਧਿਆਨ ਵਿਚ ਰਖਦੇ ਹੋਏ ਇਸ ਸੂਬੇ ਵਿਚ ਵੰਡ ਦੇ ਪ੍ਰਸ਼ਨ 'ਤੇ ਰਾਏ ਸ਼ੁਮਾਰੀ ਕਰਵਾਈ ਗਈ। ਇਸ ਰਾਇ ਸ਼ੁਮਾਰੀ ਵਿਚ ਸਰਹੱਦੀ ਗਾਂਧੀ ਅਤੇ ਉਸ ਦੀ ਪਾਰਟੀ ਦੁਆਰਾ ਆਜ਼ਾਦ ਦੇਸ਼ ਵਜੋਂ ਵਿਚਰਨ ਦੀ ਆਪਸ਼ਨ ਦੀ ਮੰਗ ਕਾਂਗਰਸ ਦੇ ਕਹਿਣ 'ਤੇ ਲਾਰਡ ਮਾਊਂਟਬੈਟਨ ਨੇ ਸਵੀਕਾਰ ਨਹੀਂ ਕੀਤੀ। ਇਸ ਹਾਲਤ ਵਿਚ ਰੈਡ ਸ਼ਰਟ ਵਾਲਿਆਂ ਨੇ ਰਾਇ ਸ਼ੁਮਾਰੀ ਦਾ ਬਾਈਕਾਟ ਕੀਤਾ ਅਤੇ ਕਿਸੇ ਵੀ ਹੋਰ ਧਿਰ ਦੀ ਗ਼ੈਰ ਮੌਜੂਦਗੀ ਵਿਚ ਮੁਸਲਿਮ ਲੀਗ ਪਾਕਿਸਤਾਨ ਦੇ ਹੱਕ ਵਿਚ ਫਤਵਾ ਹਾਸਲ ਕਰਨ ਵਿਚ ਕਾਮਯਾਬ ਰਹੀ। ਸਰਹੱਦੀ ਸੂਬੇ ਦੇ ਪਾਕਿਸਤਾਨ ਵਿਚ ਸ਼ਾਮਲ ਹੋਣ ਦੇ ਫੈਸਲੇ 'ਤੇ ਟਿੱਪਣੀ ਕਰਦਿਆਂ ਸਰਹੱਦੀ ਗਾਂਧੀ ਨੇ ਮਹਾਤਮਾ ਗਾਂਧੀ ਨੂੰ ਉਲ੍ਹਾਮੇ ਭਰੇ ਗੁੱਸੇ ਵਿਚ ਲਿਖਿਆ ਕਿ 'ਤੁਸੀ ਸਾਨੂੰ ਬਘਿਆੜਾਂ ਦੇ ਅੱਗੇ ਸਿੱਟ ਦਿਤਾ ਹੈ।'[35] ਕਾਂਗਰਸ ਨੇ ਇਸੇ ਕਿਸਮ ਦਾ ਹੀ ਵਿਵਹਾਰ ਕੁਝ ਰਿਆਸਤਾਂ ਨੂੰ ਮੁਲਕ ਵਿਚ ਰਲਾਉਣ ਵਾਸਤੇ ਕੀਤਾ। ਕਿਤੇ ਪੁਲਿਸ ਜਾਂ ਫੌਜ ਭੇਜ ਕੇ ਜਿਵੇਂ ਕਿ ਹੈਦਰਾਬਾਦ ਅਤੇ ਕਿਤੇ ਰਾਇ ਸ਼ੁਮਾਰੀ ਕਰਾ ਕੇ ਜਿਵੇਂ ਕਿ ਜੂਨਾਗੜ੍ਹ। ਹੈਦਰਾਬਾਦ ਰਿਆਸਤ ਨੂੰ ਫੌਜੀ ਸ਼ਕਤੀ ਦੇ ਜ਼ੋਰ 'ਤੇ ਭਾਰਤ ਵਿਚ ਸ਼ਾਮਲ ਕਰਨ ਤੋਂ ਬਾਅਦ ਉਥੇ ਫੌਜ ਦੀ ਹੀ ਮਦਦ ਨਾਲ ਮੁਸਲਿਮ ਵਸੋਂ ਦਾ ਕਤਲੇਆਮ ਕੀਤਾ ਜਿਸ ਵਿਚ, ਏ. ਜੀ. ਨੂਰਾਨੀ ਦੇ ਲੇਖ ਅਨੁਸਾਰ 27 ਹਜ਼ਾਰ ਤੋਂ 40 ਹਜ਼ਾਰ ਦੀ ਗਿਣਤੀ ਵਿਚ ਮੁਸਲਮਾਨ ਮਾਰ ਦਿਤੇ ਗਏ। ਇਸ ਨਰ ਸੰਘਾਰ ਦੀ ਰਿਪੋਰਟ, ਜੋ ਕਿ ਮੌਲਾਨਾ ਅਜ਼ਾਦ ਦੇ ਜ਼ੋਰ ਦੇਣ 'ਤੇ ਭੇਜੀ ਗਈ ਟੀਮ ਨੇ

ਤਿਆਰ ਕੀਤੀ ਸੀ, 'ਕੌਮੀ ਹਿਤਾਂ' ਨੂੰ ਧਿਆਨ ਵਿਚ ਰੱਖ ਕੇ ਨਾ ਨਹਿਰੂ ਨੇ ਅਤੇ ਨਾ ਹੀ ਇੰਦਰਾ ਗਾਂਧੀ ਨੇ ਨਸ਼ਰ ਕੀਤੀ।[36]

ਉਪਰੋਕਤ ਤੋਂ ਇਹ ਸਾਫ਼ ਹੋ ਜਾਂਦਾ ਹੈ ਕਿ ਭਾਰਤ ਦੀ ਵੰਡ ਅਤੇ ਇਸ ਤੋਂ ਬਾਅਦ ਵਿਚ ਹੋਂਦ ਵਿਚ ਆਏ ਦੋ ਰਾਜਾਂ ਦੀਆਂ ਨੀਹਾਂ ਵਿਚ ਉਸੇ ਰਾਸ਼ਟਰਵਾਦ ਦੇ ਉਸ ਫਿਰਕੂ ਪ੍ਰਵਚਨ ਨੂੰ ਦੇਖਿਆ ਜਾ ਸਕਦਾ ਹੈ ਜੋ ਕਿ ਵੱਖਰੀਆਂ ਵੱਖਰੀਆਂ ਅਤੇ ਆਪਸ ਵਿਚ ਦੀ ਵਿਰੋਧੀ ਸਮਝੀਆਂ ਜਾਂਦੀਆਂ ਠੋਸ ਧਾਰਮਕ ਪਹਿਚਾਣਾਂ ਬਣਨ ਦੇ ਨਾਲ ਹੀ ਪੈਦਾ ਅਤੇ ਵਿਕਸਤ ਹੋਇਆ। ਇਹ ਰਾਸ਼ਟਰਵਾਦ ਅਤੇ ਇਸ ਦੇ ਆਧਾਰ ਤੇ ਸਥਾਪਤ ਹੋਇਆ ਭਾਰਤੀ ਰਾਜ ਹਰ ਤਰ੍ਹਾਂ ਦਾ ਹਰਬਾ ਵਰਤ ਕੇ ਆਪਣੇ ਆਪ ਨੂੰ ਫੈਲਾਉਣਾ ਚਾਹੁੰਦਾ ਹੈ। ਇਸ ਦੇ ਅਧਿਕਾਰ ਖੇਤਰ ਵਿਚ ਵਸਦੀ ਕਿਸੇ ਵੀ ਕੌਮੀਅਤ ਦੀ ਆਪਣੀ ਕੋਈ ਖ਼ੁਦਮੁਖਤਿਆਰ ਹਸਤੀ ਨਹੀਂ ਹੋ ਸਕਦੀ ਸੀ। ਇਸ ਦਾ ਇਕੋ ਇਕ ਟੀਚਾ ਰਾਜ ਦੀ ਸ਼ਕਤੀ ਵਿਚ ਵਾਧਾ ਕਰਦੇ ਰਹਿਣ ਦਾ ਹੀ ਰਿਹਾ ਹੈ। ਇਸ ਰਾਜ ਨੂੰ ਚਲਾਉਣ ਲਈ ਇਕ ਅਧਿਕਾਰਸ਼ੁਦਾ ਸੰਵਿਧਾਨ ਅਤੇ ਲੋਕਾਂ ਦੇ ਵੱਡੇ ਹਿੱਸੇ ਦਾ ਹੱਕ ਜਤਲਾਉਣ ਵਾਲੀ ਰਾਜਸੀ ਧਿਰ ਦੀ ਜ਼ਰੂਰਤ ਸੀ। ਸੰਵਿਧਾਨ ਬਣਾਉਣ ਲਈ ਜਿਸ ਸੰਵਿਧਾਨ ਘੜਨੀ ਅਸੈਂਬਲੀ ਨੂੰ ਸਥਾਪਤ ਕੀਤਾ ਗਿਆ ਉਹ ਵਿਸ਼ਾਲ ਲੋਕਾਈ ਦੀ ਪ੍ਰਤੀਨਿਧ ਨਾ ਹੋਕੇ ਪਹਿਲਾਂ ਹੀ ਬਸਤੀਵਾਦੀ ਰਾਜ ਦੀਆਂ ਲੋੜਾਂ ਅਨੁਸਾਰ ਜਾਇਦਾਦ ਦੇ ਆਧਾਰ 'ਤੇ ਲੋਕਾਂ ਦੇ ਘਟ ਹਿੱਸਿਆਂ ਦੀ ਨੁਮਾਇੰਦਗੀ ਕਰਨ ਵਾਲੀ ਅਸੈਂਬਲੀ ਹੀ ਸੀ । ਇਸ ਕਰਕੇ, ਜਿਵੇਂ ਕਿ ਸੁਨੀਲ ਖਿਲਨਾਨੀ ਨੇ ਲਿਖਿਆ ਸੀ, ਸੰਵਿਧਾਨ ਘੜਨੀ 'ਅਸੈਂਬਲੀ ਅੰਦਰ ਕਾਂਗਰਸ ਵਿਚ ਉਚੀਆਂ ਜਾਤਾਂ ਵਿਚਲਾ ਅਤੇ ਬ੍ਰਾਹਮਣਵਾਦੀ ਕੁਲੀਨ ਵਰਗ ਭਾਰੂ ਸੀ।' ਸਿੱਟੇ ਵਜੋਂ ਜੋ ਸੰਵਿਧਾਨ ਬਣਿਆ ਉਸ ਵਿਚਲੇ ਬੁਨਿਆਦੀ ਅਧਿਕਾਰ ਲੋਕਾਂ ਦੀ ਜ਼ਿੰਦਗੀ ਅਤੇ ਯਾਦਾਸ਼ਤ ਦਾ ਹਿੱਸਾ ਨਹੀਂ ਬਣ ਸਕੇ ਕਿਉਂਕਿ ਉਹ ਉਹਨਾਂ ਨੇ ਫਰਾਂਸੀਸੀ ਇਨਕਲਾਬ ਦੀ ਤਰਜ਼ 'ਤੇ ਆਪਣੀ ਸਾਂਝੀ ਸ਼ਮੂਲੀਅਤ ਵਾਲੀਆਂ ਗਤੀਵਿਧੀਆਂ ਵਿਚੋਂ ਪ੍ਰਾਪਤ ਨਹੀਂ ਕੀਤੇ ਸਨ।[37] ਭਾਰਤ ਅੰਦਰ ਸਥਾਪਤ ਹੋਇਆ ਰਾਜ ਦਾ ਢਾਂਚਾ ਇਸ ਤਰ੍ਹਾਂ ਹਕੀਕੀ ਜਮਹੂਰੀਅਤ 'ਤੇ ਖੜ੍ਹਾ ਨਾ ਹੋ ਕੇ ਮਾਲਕ/ਰਾਜਾ ਅਤੇ ਪਰਜਾ ਵਿਚਲੇ ਇਕ ਪਾਸੜ ਸੰਬੰਧਾਂ 'ਤੇ ਆਧਾਰਤ ਸੀ। ਇਸੇ ਦੀ ਹੀ ਤਰਜਮਾਨੀ ਕਾਂਗਰਸ ਦੀ ਹਮਾਇਤ ਵਿਚ ਖੜ੍ਹਾ ਉਹ ਜਮਾਤੀ ਮੁਹਾਜ਼ ਕਰਦਾ ਸੀ ਜਿਸ ਵਿਚ ਸਰਦਾਰੀ ਪੇਂਡੂ ਖੇਤਰ ਵਿਚ ਉਚੀਆਂ ਜਾਤਾਂ ਨਾਲ ਸੰਬੰਧਤ ਜਗੀਰਦਾਰੀ ਕੁਲੀਨ ਵਰਗ ਦੇ ਹੱਥ ਸੀ। ਇਸ ਵਿਚ ਹੀ ਇਹਨਾਂ ਹੀ ਜਾਤਾਂ ਦਾ ਵਪਾਰੀ ਵਰਗ, ਸ਼ਹਿਰ ਵਿਚ ਵਸਦੇ ਕੰਮਕਾਜੀ ਅਤੇ ਨੌਕਰਸ਼ਾਹ ਅਤੇ ਦਲਿਤਾਂ ਵਿਚ ਥਾਪਿਆ ਗਿਆ ਕੁਲੀਨ ਵਰਗ ਸੀ। ਧਰਮ ਦੇ ਖੇਤਰ ਵਿਚ ਕਾਂਗਰਸ ਦੇ ਹਮਾਇਤੀ ਆਧਾਰ ਵਿਚ ਪਿਛਾਖੜ ਬ੍ਰਾਹਮਣਵਾਦੀ ਅਤੇ ਮੁਸਲਮਾਨਾਂ ਵਿਚਲਾ ਉਲੇਮਾ ਅਤੇ ਮੌਲਾਨਿਆ ਦਾ ਵਰਗ ਸੀ। ਖਰੀ ਜਮਹੂਰੀਅਤ ਦਾ ਵਿਕਾਸ ਨਾ ਹੋਣ ਕਰਕੇ ਇਹ ਵਰਗ ਲੋਕਾਂ ਦੁਆਰਾ ਇਸਤੇਮਾਲ ਕੀਤੇ ਜਾਂਦੇ ਵੋਟਾਂ ਆਦਿ ਦੇ ਅਧਿਕਾਰਾਂ ਉਪਰ ਹਕੀਕੀ ਤੌਰ 'ਤੇ

ਕਾਬਜ਼ ਰਹੇ। ਪਹਿਲਾਂ ਤੋਂ ਹੀ ਸਥਾਪਤ ਫਿਰਕੂ ਪ੍ਰਵਚਨ ਉਪਰ ਉਸਰੇ ਰਾਸ਼ਟਰਵਾਦ ਦੇ ਸਹਾਰੇ ਹੋਂਦ ਵਿਚ ਆਏ ਰਾਜ ਦੀ ਚਾਲਕ ਸ਼ਕਤੀ ਦੇ ਪਿੱਛੇ ਇਹਨਾਂ ਕੁਲੀਨ ਅਤੇ ਪਿਛਾਖੜੀ ਵਰਗਾਂ ਦੀ ਤਾਕਤ ਕੰਮ ਕਰਦੀ ਰਹੀ। ਇਸੇ ਕਰਕੇ ਹੀ ਇਹ ਰਾਜ ਅਤੇ ਇਸ 'ਤੇ ਕਾਬਜ਼ ਰਾਜਸੀ ਧਿਰ ਨੇ ਕਦੇ ਵੀ ਫਿਰਕਾਪ੍ਰਸਤੀ ਦੇ ਖ਼ਿਲਾਫ਼ ਕੋਈ ਫੈਸਲਾਕੁੰਨ ਲੜਾਈ ਨਹੀਂ ਲੜੀ। ਨਹਿਰੂ ਦੁਆਰਾ ਬਾਰ ਬਾਰ ਬਹੁਗਿਣਤੀ ਯਾਨੀ ਕਿ ਹਿੰਦੂ ਫ਼ਿਰਕਾਪ੍ਰਸਤੀ ਦੇ ਖ਼ਤਰੇ ਦੀ ਅਤੇ ਇਸ ਖ਼ਿਲਾਫ ਜੰਗ ਲੜਨ ਦੀ ਗੱਲ ਕਰਨੀ ਫੋਕੇ ਸ਼ਬਦਾਂ ਤੋਂ ਵੱਧ ਕੁਝ ਵੀ ਨਹੀਂ ਸੀ। ਨਹੀਂ ਤਾਂ ਕੀ ਕਾਰਨ ਹੈ ਕਿ 1949 ਵਿਚ ਅਯੁਧਿਆ ਦੀ ਬਾਬਰੀ ਮਸਜਿਦ ਦੇ ਇਕ ਹਿੱਸੇ ਵਿਚ ਭੇਦ ਭਰੇ ਢੰਗ ਨਾਲ ਮੂਰਤੀਆਂ 'ਪ੍ਰਗਟ' ਹੋਣ ਤੋਂ ਬਾਅਦ ਇਸ ਪੂਰੇ ਸਥਾਨ ਨੂੰ ਝਗੜੇ ਵਾਲੀ ਥਾਂ ਐਲਾਨ ਦਿਤਾ ਗਿਆ। ਜਿਥੇ ਮੂਰਤੀਆਂ 'ਪ੍ਰਗਟ' ਕਰਵਾਉਣ ਵਾਲੀ ਹਿੰਦੂਤਵਵਾਦੀ ਰਾਜਸੀ ਧਿਰ ਉਸ ਵੇਲੇ ਦੀ ਰਾਜਸੀ ਸਥਿਤੀ ਵਿਚ ਆਪਣੇ ਪੈਰ ਪਸਾਰਨੇ ਚਾਹੁੰਦੀ ਸੀ ਉਥੇ ਵੇਲੇ ਦੀ ਸਰਕਾਰ ਨੇ ਇਸ ਫਿਰਕੂ ਚਾਲ ਨੂੰ ਖਰੇ ਧਰਮ ਨਿਰਪੱਖ ਪੈਂਤੜੇ ਤੋਂ ਹਰਾਉਣਾ ਤਾਂ ਕੀ ਸੀ ਸਗੋਂ ਪੂਰੇ ਸਥਾਨ ਨੂੰ ਹੀ ਝਗੜੇ ਵਾਲਾ ਥਾਂ ਕਹਿ ਕੇ ਉਸ ਧਿਰ ਨੂੰ ਆਪਣੇ ਫੈਲਾਓ ਦਾ ਮੌਕਾ ਦੇ ਦਿਤਾ।

ਭਾਰਤੀ ਰਾਜ, ਇਸਦੀ ਕਾਰਗਰਤਾ ਅਤੇ ਦਮਨਕਾਰੀ ਕਾਨੂੰਨ

1947 ਤੋਂ ਬਾਅਦ ਸਥਾਪਤ ਕੀਤੇ ਭਾਰਤੀ ਰਾਜ ਅਤੇ ਇਸ ਉਪਰ ਰਾਜ ਕਰਨ ਵਾਲੀ ਰਾਜਸੀ ਧਿਰ ਕਾਂਗਰਸ ਨੇ ਰਾਸ਼ਟਰੀ ਉਸਾਰੀ ਦੇ ਨਾਂ 'ਤੇ ਆਪਣੇ ਰਾਜ ਦੀ ਸਰਦਾਰੀ (hegemony) ਲੋਕਾਂ ਦੇ ਮਨਾਂ 'ਤੇ ਬਣਾਈ ਰਖੀ। ਸ਼ੁਰੂ ਦੇ ਵਿਚ ਇਹ ਸਰਦਾਰੀ ਇਕੱਲੀ ਧੌਂਸ ਵਾਲੀ ਨਾ ਹੋ ਕੇ ਲੋਕਾਂ ਦੇ ਮਨਾਂ ਉਪਰ ਛਾਈ ਹੋਈ ਸੀ। ਪਰ ਜਿਵੇਂ ਜਿਵੇਂ ਰਾਜ ਦੇ ਅੰਦਰਲਾ ਅਤੇ ਰਾਜ ਤੇ ਲੋਕਾਂ ਵਿਚਲਾ ਵਿਰੋਧਤਾਈ ਦਾ ਸੰਕਟ ਵਧਦਾ ਗਿਆ ਉਸੇ ਤਰ੍ਹਾਂ ਹੀ ਰਾਜ ਦੁਆਰਾ ਲੋਕਾਂ ਉਪਰ ਆਪਣੀ ਸਰਦਾਰੀ ਨੂੰ ਕਾਇਮ ਰੱਖਣ ਦੀ ਕਾਰਗਰਤਾ (efficacy) ਵੀ ਘੱਟਦੀ ਗਈ। ਇਸ ਕਾਰਗਰਤਾ ਨੂੰ ਬਣਾਈ ਰੱਖਣ ਲਈ ਰਾਜ ਕਰਦੀਆਂ ਧਿਰਾਂ ਨੇ ਮੁੱਖ ਤੌਰ 'ਤੇ ਦੋ ਢੰਗ ਅਪਣਾਏ।

ਬਹੁਤ ਹੀ ਸੌਖੇ ਤੌਰ 'ਤੇ ਪਹਿਚਾਣ ਵਿਚ ਆਉਣ ਵਾਲਾ ਤਰੀਕਾ ਰਾਜ ਦੁਆਰਾ ਆਪਣੀ ਹਿੰਸਕ ਅਤੇ ਧੌਂਸ ਜਮਾਉਣ ਵਾਲੀ ਕਨੂੰਨੀ ਸ਼ਕਤੀ ਵਿਚ ਵਾਧਾ ਕਰਨਾ ਸੀ। ਸਭ ਤੋਂ ਪਹਿਲਾਂ ਤਾਂ ਅੰਗਰੇਜ਼ਾਂ ਦੁਆਰਾ ਬਣਾਏ ਪ੍ਰੀਵੈਂਟਿਵ ਰਿਟੈਂਨਸ਼ਨ (ਰੋਕਥਾਮ ਦੇ ਨਾਂ ਤੇ ਅਗਊਂ ਨਜ਼ਰਬੰਦੀ) ਦਾ ਕਨੂੰਨ ਉਸੇ ਤਰ੍ਹਾਂ ਹੀ ਰੱਖ ਲਿਆ ਗਿਆ। 1958 ਵਿਚ ਪਾਸ ਕੀਤੇ ਆਰਮਡ ਫੋਰਸਿਜ਼ ਸਪੈਸ਼ਲ ਪਾਵਰਜ਼ ਐਕਟ ਤੋਂ ਲੈ ਕੇ ਅਜਿਹੇ ਕਨੂੰਨਾਂ ਦੀ ਲਿਸਟ ਕਾਫੀ ਲੰਬੀ ਹੈ। ਇਹਨਾਂ ਵਿਚ ਨੈਸ਼ਨਲ ਸਕਿਉਰਿਟੀ ਐਕਟ (ਐਨ. ਐਸ. ਏ.), ਮੇਨਟਿਨਨੈਂਸ ਆਫ ਇਨਟਰਨਲ ਸਕਿਉਰਿਟੀ ਐਕਟ (ਮੀਸਾ), ਡਿਸਟਰਬ ਏਰੀਆਜ਼ ਐਕਟ, ਟੈਰੋਰਿਜ਼ਮ ਐਂਡ ਡਿਸਰਪਟਿਵ ਐਕਟੀਵਿਟੀਜ਼ (ਪ੍ਰੀਵੈਂਨਸ਼ਨ) ਐਕਟ (ਟਾਡਾ), ਪ੍ਰੀਵੈਨਸ਼ਨ ਆਫ਼ ਟੈਰੋਰਿਜ਼ਮ ਐਕਟੀਵਿਟੀਜ਼ ਐਕਟ

(ਪੋਟਾ), ਪਬਲਿਕ ਸੇਫਟੀ ਐਕਟ ਆਦਿ ਸ਼ਾਮਲ ਹਨ। ਇਹਨਾਂ ਦੇ ਨਾਲ ਨਾਲ ਅਰਧ ਸੈਨਿਕ ਬਲਾਂ ਅਤੇ ਫੌਜ ਦੀ ਨਫਰੀ ਵਿਚ ਵਾਧਾ ਕੀਤਾ ਗਿਆ। ਜੋ ਖ਼ਿੱਤੇ ਭਾਰਤੀ ਰਾਜ ਦੇ ਮੁਤਾਬਿਕ ਸ਼ਾਂਤੀ ਵਾਲੇ ਨਹੀਂ ਸਮਝੇ ਜਾਂਦੇ ਉਹਨਾਂ ਵਿਚ ਫੌਜ ਤਾਇਨਾਤ ਕਰਨੀ ਮਾਮੂਲ ਦੀ ਗੱਲ ਹੈ। ਕਸ਼ਮੀਰ ਅਤੇ ਉਤਰ ਪੂਰਬੀ ਖਿੱਤੇ ਇਸਦੀਆਂ ਦੋ ਉਘੜਵੀਆਂ ਮਿਸਾਲਾਂ ਹਨ। ਭਾਰਤੀ ਰਾਜ ਦੇ ਵਿਰੁਧ ਮਸਝੀਆਂ ਜਾਂਦੀਆਂ ਲਹਿਰਾਂ ਜਿਵੇਂ ਕਿ ਨਕਸਲਵਾਦੀ ਲਹਿਰ ਦੇ ਕਾਰਕੁਨਾਂ ਅਤੇ ਹਮਾਇਤੀਆਂ ਨੂੰ ਕਨੂੰਨ ਦੀ ਜ਼ੱਦ ਤੋਂ ਵੀ ਪਾਰ ਜਾਕੇ ਮੁਕਾਬਲਿਆਂ ਵਿਚ ਮਾਰਨਾ ਵੀ ਆਮ ਜਿਹੀ ਗੱਲ ਹੀ ਬਣ ਗਈ ਹੈ। ਅਰਧ ਸੈਨਿਕ ਬਲ, ਫੌਜ ਅਤੇ ਜਸੂਸੀ ਦੇ ਮਹਿਕਮਿਆਂ ਦੀ ਬਣਤਰ ਫਿਰਕੂ ਹੈ। ਇਹ ਇਕ ਅਣਲਿਖਿਆ ਨਿਯਮ ਹੀ ਹੈ ਕਿ ਰਾਅ, ਆਈ.ਬੀ., ਸਪੈਸ਼ਲ ਪ੍ਰੋਟੈਕਸ਼ਨ ਗਰੁੱਪ ਆਦਿ ਵਿਚ ਕੋਈ ਵੀ ਮੁਸਲਮਾਨ ਨਹੀਂ ਰੱਖਿਆ ਜਾਂਦਾ।[38]

ਭਾਰਤੀ ਰਾਜ, ਇਸ ਦੀ ਕਾਰਗਰਤਾ ਅਤੇ ਫਿਰਕਾ ਪ੍ਰਸਤੀ

ਆਪਣੀ ਸਰਦਾਰੀ ਨੂੰ ਕਾਇਮ ਰੱਖਣ ਲਈ ਜਾਂ ਇਉਂ ਵੀ ਕਿਹਾ ਜਾ ਸਕਦਾ ਹੈ ਕਿ ਆਪਣਾ ਰਾਜ ਚਲਦਾ ਰੱਖਣ ਲਈ ਰਾਜ ਕਰਦੀਆਂ ਧਿਰਾਂ ਵਲੋਂ ਫਿਰਕੂ ਰਾਸ਼ਟਰਵਾਦ ਨੂੰ ਇਕ ਵਾਰ ਫਿਰ ਤੋਂ ਅਗਾੜੀ ਭੂਮਿਕਾ ਵਿਚ ਲੈ ਕੇ ਆਂਦਾ। ਇਹ ਦੂਸਰਾ ਢੰਗ ਸੀ ਜੋ ਰਾਜ ਕਰਦੀਆਂ ਧਿਰਾਂ ਵਲੋਂ ਲੋਕਾਂ ਦਾ ਧਿਆਨ ਆਰਥਿਕਤਾ ਦੇ ਸੰਕਟ ਕਰਕੇ ਉਹਨਾਂ ਦੀਆਂ ਜ਼ਿੰਦਗੀਆਂ ਵਿਚ ਪੈਦਾ ਹੋਏ ਮਸਲਿਆਂ ਤੋਂ ਪਾਸੇ ਕਰਨ ਲਈ ਅਤੇ ਆਪਣੀ ਕਾਰਗਰਤਾ ਬਣਾਈ ਰੱਖਣ ਲਈ ਲਗਭਗ 1980 ਵਿਆਂ ਤੋਂ ਵਰਤਣਾ ਸ਼ੁਰੂ ਕੀਤਾ। ਪ੍ਰਮੁੱਖ ਰਾਜਸੀ ਧਿਰ ਕਾਂਗਰਸ ਵਲੋਂ ਇਸ ਤਰੀਕਾਕਾਰ ਨੂੰ ਅਪਨਾਉਣ ਪਿਛੇ ਹੋਰ ਕੁਝ ਕਾਰਨ ਹੇਠ ਲਿਖੇ ਅਨੁਸਾਰ ਸਨ। ਲਗਭਗ ਸਤਰਵਿਆਂ ਤੋਂ ਲੈ ਕੇ ਦੇਸ਼ ਭਰ ਵਿਚ ਖਾਸ ਤੌਰ ਤੇ ਨੌਜਵਾਨਾਂ, ਵਿਦਿਆਰਥੀਆਂ, ਮੱਧ ਵਰਗ, ਆਦਿਵਾਸੀਆਂ ਅਤੇ ਹੋਰ ਮਿਹਨਤਕਸ਼ਾਂ ਅੰਦਰ ਅੰਸਤੁਸ਼ਟੀ ਵੱਧਣ ਕਰਕੇ ਵਿਰੋਧ ਵਧ ਰਿਹਾ ਸੀ। ਕਾਂਗਰਸ ਦੇ ਦੇਸ਼ ਭਗਤੀ ਅਤੇ 'ਗਰੀਬੀ ਹਟਾਓ' ਵਰਗੇ ਲੋਕ ਲੁਭਾਊ ਨਾਅਰੇ ਵੀ ਆਪਣੀ ਉਮਰ ਲੰਘਾ ਚੁਕੇ ਸਨ। ਬਹੁਗਿਣਤੀ ਪ੍ਰਾਪਤ ਕਰਨ ਵਾਸਤੇ ਕਾਂਗਰਸ ਨੇ ਪਹਿਲਾਂ ਸਮਾਜਿਕ-ਆਰਥਿਕ ਆਧਾਰ 'ਤੇ ਗਰੀਬਾਂ ਦਾ ਇਕ ਮੁਹਾਜ਼ ਬਣਾਇਆ ਸੀ ਅਤੇ ਜਿਸ ਦੇ ਵਿਚ ਹਰੀਜਨ, ਮੁਸਲਮਾਨ ਅਤੇ ਆਦਿਵਾਸੀ ਸ਼ਾਮਲ ਸਨ। ਇਸ ਆਰਥਕ ਸਮਾਜਕ ਜੁਟ ਨੂੰ ਲੁਭਾਉਣ ਵਾਸਤੇ ਹੀ 'ਗਰੀਬੀ ਹਟਾਓ' ਦਾ ਨਾਅਰਾ ਦਿਤਾ ਸੀ। ਪਰ ਆਰਥਕ ਅਤੇ ਰਾਜਸੀ ਸੰਕਟ ਕਰਕੇ ਇਹ ਮੁਹਾਜ਼ ਵੀ ਆਪਣੀ ਸ਼ਕਤੀ ਗੁਆ ਚੁੱਕਾ ਸੀ। ਇਸ ਸੰਕਟ ਤੋਂ ਫੌਰੀ ਤੌਰ 'ਤੇ ਬਚਣ ਲਈ ਹੀ ਐਮਰਜੈਂਸੀ ਲਾਗੂ ਕੀਤੀ ਗਈ ਭਾਵੇਂ ਕਿ ਇਸ ਕਾਰਵਾਈ ਦੇ ਪਿੱਛੇ ਫੌਰੀ ਕਾਰਨ ਅਲਾਹਾਬਾਦ ਹਾਈ ਕੋਰਟ ਵਲੋਂ ਇੰਦਰਾ ਗਾਂਧੀ ਦੀ ਪਾਰਲੀਮੈਂਟ ਮੈਂਬਰ ਵਜੋਂ ਚੋਣ ਨੂੰ ਨਜਾਇਜ਼ ਠਹਿਰਾਉਣਾ ਸੀ। ਲੋਕਾਂ ਖ਼ਾਸ ਤੌਰ 'ਤੇ ਨੌਜਵਾਨਾਂ ਵਿਚਲੇ ਅੰਸਤੋਸ਼ ਦਾ ਫਾਇਦਾ ਜੈ ਪ੍ਰਕਾਸ਼ ਨਰਾਇਣ ਦੁਆਰਾ ਚਲਾਈ ਲਹਿਰ ਨੇ ਖੱਟਿਆ। ਇਸ ਲਹਿਰ

ਵਿਚ ਪਹਿਲੀ ਵਾਰ ਵਿਸ਼ਾਲ ਲੋਕਾਈ ਵਿਚ ਆਰ. ਐਸ.ਐਸ. ਨੇ ਕੰਮ ਕੀਤਾ ਅਤੇ ਆਪਣੀ ਵਿਆਪਕ ਪਹਿਚਾਣ ਬਣਾਈ। ਪਰ ਐਮਰਜੈਂਸੀ ਦੌਰਾਨ ਰਾਜ ਦੁਆਰਾ ਆਪਣੀ ਧੌਂਸ ਦੇ ਅਮਲ ਨੇ ਲੋਕਾਂ ਨੂੰ ਰਾਜ ਤੋਂ ਨਿਖੇੜੇ ਦੀ ਹਾਲਤ ਵਿਚ ਸਿੱਟ ਦਿਤਾ ਸੀ । ਸਿੱਟੇ ਵਜੋਂ ਰਾਜ ਅੰਦਰੋਂ ਖੋਖਲਾ ਹੋ ਗਿਆ ਸੀ। ਭਾਵੇਂ ਇੰਦਰਾ ਗਾਂਧੀ ਨੇ ਐਮਰਜੈਂਸੀ ਤੋਂ ਬਾਅਦ ਬਣੀ ਜਨਤਾ ਪਾਰਟੀ ਦੀ ਨਾਅਹਿਲ ਸਰਕਾਰ ਦੀ ਨਿਕੰਮੀ ਕਾਰਗੁਜ਼ਾਰੀ ਦਾ ਭਰਪੂਰ ਫਾਇਦਾ ਲਿਆ ਪਰ ਪਹਿਲਾਂ ਵਾਲੀਆਂ ਲੋਕ ਲੁਭਾਊ ਨੀਤੀਆਂ ਇਸ ਨੂੰ ਸਥਾਈ ਸਰਕਾਰ ਬਣਾਉਣ ਲਈ ਕਾਰਗਰ ਨਹੀਂ ਸਨ। ਇਹੋ ਜਿਹੇ ਮੌਕੇ 'ਤੇ ਇੰਦਰਾ ਗਾਂਧੀ ਨੇ 'ਬਹੁਗਿਣਤੀ ਦੇ ਰਾਸ਼ਟਰਵਾਦ' ਯਾਨੀ ਕਿ ਹਿੰਦੂ ਬਹੁਗਿਣਤੀ ਨੂੰ ਅਪੀਲ ਕਰਨ ਵਾਲੇ ਰਾਸ਼ਟਰਵਾਦ ਨੂੰ ਖਤਰਾ ਦਿਖਾ ਕੇ ਵੋਟਾਂ ਹਾਸਲ ਕਰਨ ਦੀ ਨੀਤੀ ਅਪਣਾਈ। ਪਹਿਲੀ ਵਾਰ ਅਜਿਹੀ ਨੀਤੀ ਉਸ ਨੇ 1983 ਵਿਚ ਜੰਮੂ ਦੇ ਵੋਟਰਾਂ ਨੂੰ ਲੁਭਾਉਣ ਵਾਸਤੇ ਵਰਤੀ। ਸਿੱਧੇ ਪਧਰੇ ਰੂਪ ਵਿਚ ਇਹ ਹਿੰਦੂ ਸ਼ਾਵਨਵਾਦ ਨੂੰ ਹਵਾ ਦੇਣ ਦੀ ਨੀਤੀ ਸੀ। ਇਸ ਤੋਂ ਬਾਅਦ ਅਜਿਹੀ ਹੀ ਨੀਤੀ ਦਿੱਲੀ ਦੀ ਅਸੈਂਬਲੀ ਦੀਆਂ ਚੋਣਾ ਵੇਲੇ ਵਰਤੀ ਗਈ। ਦੋਵੇਂ ਵੇਲੇ ਹੀ ਰਾਸ਼ਟਰੀ ਸਵੈਸੇਵਕ ਸੰਘ ਦੇ ਕਾਰਕੁਨਾਂ ਨੇ ਜਾਂ ਤਾਂ ਕਾਂਗਰਸ ਨੂੰ ਵੋਟ ਪਾਏ ਜਾਂ ਫਿਰ ਨਿਰਪੱਖ ਰਹੇ। ਇਹੋ ਨੀਤੀ ਹੀ ਇੰਦਰਾ ਗਾਂਧੀ ਤੋਂ ਪਿਛੋਂ ਰਾਜੀਵ ਗਾਂਧੀ ਨੇ ਜਾਰੀ ਰੱਖੀ। ਇਕ ਪਾਸੇ ਤਾਂ ਰਾਜੀਵ ਗਾਂਧੀ ਦੇ ਵੇਲੇ ਹੀ ਅਯੁਧਿਆ ਵਿਚ ਰਾਮ ਮੰਦਰ ਦਾ ਸ਼ਿਲਾ ਨਿਆਸ ਰੱਖਣ ਦੀ ਆਗਿਆ ਦਿਤੀ ਗਈ। ਆਪਣੀ ਚੋਣ ਮੁਹਿੰਮ ਦਾ ਆਗ਼ਾਜ਼ ਵੀ ਅਯੁਧਿਆ ਤੋਂ ਹੀ ਰਾਮ ਰਾਜ ਬਨਾਉਣ ਦਾ ਸੁਪਨਾ ਦਿਖਾ ਕੇ ਕੀਤਾ। ਦੂਜੇ ਪਾਸੇ ਸ਼ਾਹ ਬਾਨੋ ਦੇ ਬਹੁ-ਚਰਚਿਤ ਕੇਸ ਦੇ ਸੰਬੰਧ ਵਿਚ ਪਾਰਲੀਮੈਂਟ ਤੋਂ ਉਹ ਕਨੂੰਨ ਪਾਸ ਕਰਵਾਇਆ ਜੋ ਕਿ ਇਸਲਾਮ ਵਿਚ ਅੰਧਵਿਸ਼ਵਾਸ਼ੀ ਅਤੇ ਪਿਛਾਖੜੀ ਅਨਸਰਾਂ ਦੀ ਇੱਛਾ ਦੇ ਅਨੁਕੂਲ ਸੀ। ਇੰਦਰਾ ਗਾਂਧੀ ਅਤੇ ਰਾਜੀਵ ਗਾਂਧੀ ਅਤੇ ਬਾਅਦ ਵਿਚ ਬਾਬਰੀ ਮਸਜਿਦ ਦੇ ਢਾਹੁਣ ਦੇ ਵੇਲੇ ਨਰਸਿਮਹਾ ਰਾਓ ਵਲੋਂ ਲਾਗੂ ਕੀਤੀ ਨੀਤੀ ਦੀਆਂ ਜੜ੍ਹਾਂ ਇਸ ਲੇਖ ਵਿਚ ਪਹਿਲਾਂ ਹੀ ਪ੍ਰੀਭਾਸ਼ਤ ਕੀਤੇ ਫਿਰਕੂ ਰਾਸ਼ਟਰਵਾਦ ਵਿਚ ਪਈਆਂ ਸਨ। ਇਹ ਨੀਤੀ 'ਬਹੁਗਿਣਤੀ ਰਾਸ਼ਟਰਵਾਦ' ਦੀ ਸੀ ਜੋ, ਸੁਮਾਂਤਰਾ ਬੋਸ ਦੇ ਅਨੁਸਾਰ, ਇਕ ਅਜਿਹਾ ਰਾਜਨੀਤੀ ਦਰਸ਼ਨ ਅਤੇ ਅਮਲਦਾਰੀ ਦਾ ਪ੍ਰੋਗਰਾਮ ਹੈ ਜਿਹੜਾ ਚੋਣਾਂ ਵਿਚ ਕਾਮਯਾਬੀ ਨੂੰ ਇਕ ਠੋਸ ਬਹੁਗਿਣਤੀ ਭਾਈਚਾਰੇ ਦੇ ਆਧਾਰ 'ਤੇ ਉਸਾਰਨਾ ਚਾਹੁੰਦਾ ਹੈ ਅਤੇ ਜਿਸ ਨੂੰ ਨਸਲ, ਭਾਸ਼ਾ ਜਾਂ ਧਰਮ ਵਰਗੇ ਜੁਜ਼ਾਂ ਰਾਹੀਂ ਹੀ ਪ੍ਰੀਭਾਸ਼ਤ ਕੀਤਾ ਜਾਂਦਾ ਹੈ।[39]

ਇਸੇ ਸਮੇਂ ਦੌਰਾਨ ਹੀ ਭਾਰਤੀ ਰਾਜ ਵਿਵਸਥਾ 'ਤੇ ਆਪਣਾ ਰਾਜ ਕਾਇਮ ਕਰਨ ਲਈ ਤਹੂ ਇਸੇ ਰਾਜ ਵਿਵਸਥਾ ਦੇ ਅੰਦਰ ਕਾਂਗਰਸ ਦੇ ਸ਼ਰੀਕ ਆਰ. ਐਸ.ਐਸ. ਦੇ ਰਾਜਸੀ ਸੰਗਠਨ ਭਾਰਤੀ ਜਨਤਾ ਪਾਰਟੀ ਨੇ ਵੀ ਅਯੁਧਿਆ ਵਿਚ ਬਾਬਰੀ ਮਸਜਿਦ ਢਾਹ ਕੇ ਰਾਮ ਮੰਦਰ ਬਨਾਉਣ ਦੇ ਪ੍ਰਸ਼ਨ ਤੇ ਆਪਣੀ ਮੁਹਿੰਮ ਤੇਜ਼ ਕਰ ਦਿਤੀ। ਇਸ ਮੁਹਿੰਮ ਵਿਚ ਵਧਵਾਂ ਰੋਲ ਇਸ ਦੇ ਸਹਿਯੋਗੀ ਸੰਗਠਨਾਂ ਵਿਸ਼ਵ ਹਿੰਦੂ

ਪ੍ਰੀਸ਼ਦ ਅਤੇ ਬਜਰੰਗ ਦਲ ਨੇ ਅਦਾ ਕੀਤਾ। ਇਸੇ ਫਿਰਕੂ ਮੁਹਿੰਮ ਸਦਕਾ ਹੀ ਭਾਰਤੀ ਜਨਤਾ ਪਾਰਟੀ ਦੀ ਸਾਖ਼ ਦਿਨ-ਬ-ਦਿਨ ਵਧਣ ਲੱਗੀ । ਇਸ ਮੁਹਿੰਮ ਦਾ ਸਿਖਰ 6 ਦਸੰਬਰ 1992 ਨੂੰ ਸੰਘ ਦੇ ਕਾਰ ਸੇਵਕਾਂ ਦੁਆਰਾ ਬਾਬਰੀ ਮਸਜਿਦ ਢਾਹੁਣਾ ਅਤੇ ਬਾਅਦ ਵਿਚ ਉਤਰੀ ਤੇ ਮੱਧ ਭਾਰਤ ਅਤੇ ਮਹਾਰਾਸ਼ਟਰ ਵਿਚ ਵੱਡੀ ਗਿਣਤੀ ਵਿਚ ਮੁਸਲਮਾਨਾਂ ਨੂੰ ਮਾਰਨਾ ਸੀ। ਇਸ ਸਮੇਂ ਦੌਰਾਨ ਕਾਂਗਰਸ ਨੇ ਵੀ ਲੋਕ ਲੁਭਾਉਣੀਆਂ ਅਤੇ ਨਰਮ ਹਿੰਦੂਤਵ ਦੀਆਂ ਨੀਤੀਆਂ ਦਾ ਆਪਸ ਵਿਚਦੀ ਰਲਾਅ ਜਾਰੀ ਰਖਿਆ। ਪਰ ਸੰਘ ਪਰਵਾਰ ਸ਼ਾਵਨਵਾਦ ਅਤੇ ਫਿਰਕਾਪ੍ਰਸਤੀ ਦੀ ਮੁਕਾਬਲੇਬਾਜ਼ੀ ਵਾਲੀ ਸਿਆਸਤ ਦੀ ਵਰਤੋਂ ਦਾ ਲਾਹਾ ਲੈਣ ਵਿਚ ਜ਼ਿਆਦਾ ਕਾਮਯਾਬ ਰਿਹਾ। ਇਹ ਇਸ ਕਰਕੇ ਵੀ ਹੋਇਆ ਕਿਉਂਕਿ ਕਾਂਗਰਸ ਸਰਕਾਰ ਦਾ ਬਿੰਬ ਇਸ ਦੀ ਨਾਅਹਿਲੀਅਤ ਅਤੇ ਰਿਸ਼ਵਤ ਲੈਣ ਦੇ ਕਈ ਸਕੈਂਡਲਾਂ ਕਰਕੇ ਵੀ ਡਿੱਗ ਰਿਹਾ ਸੀ। ਇਸ ਰਾਜਸੀ ਸੰਕਟ ਦੇ ਨਾਲ ਨਾਲ ਆਰਥਿਕ ਸੰਕਟ ਵੀ ਹੋਰ ਡੂੰਘਾ ਹੁੰਦਾ ਗਿਆ। ਰਾਜਨੀਤੀ ਜਾਤ ਅਤੇ ਧਰਮ ਦੀਆਂ ਪਹਿਚਾਣਾਂ ਦੇ ਆਸਰੇ 'ਤੇ ਉਸਰੇ ਹਮਾਇਤ ਦੇ ਅਧਾਰਾਂ ਉਪਰ ਹੀ ਕੇਂਦਰਤ ਹੋਣ ਲੱਗੀ। ਇਹ ਬਿਲਕੁਲ ਉਸੇ ਤਰ੍ਹਾਂ ਵਾਪਰਿਆ ਜਿਵੇਂ ਕਿ ਆਇਰਲੈਂਡ ਅਤੇ ਇਜ਼ਰਾਈਲ ਵਿਚ ਵਾਪਰਿਆ ਸੀ। ਪੈਰੀ ਐਂਡਰਸਨ ਦੇ ਅਨੁਸਾਰ ਇਹਨਾਂ ਤਿੰਨਾਂ ਮੁਲਕਾਂ ਆਇਰਲੈਂਡ, ਇਜ਼ਰਾਈਲ ਅਤੇ ਭਾਰਤ ਵਿਚ ਪਹਿਲਾਂ ਪਹਿਲਾਂ ਤਿੰਨ ਰਾਜ ਕਰਦੀਆਂ ਰਾਜਸੀ ਪਾਰਟੀਆਂ ਯਾਨੀ ਕਿ ਫਾਈਨ ਗਾਇਲ, ਮਪਾਈ ਅਤੇ ਕਾਂਗਰਸ ਨੇ ਆਪਣੇ ਆਪ ਨੂੰ ਧਾਰਮਕ ਪਹਿਚਾਣ ਦੀ ਉਸ ਰਾਜਨੀਤੀ ਤੋਂ ਦੂਰ ਕਰਨ ਦੀ ਕੋਸ਼ਿਸ਼ ਕੀਤੀ ਜੋ ਕਿ ਕਿਸੇ ਹੱਦ ਤਕ ਇਹਨਾਂ ਵਿਚ ਸਮਾਈ ਹੋਈ ਸੀ। ਪਰ ਇਹਨਾਂ ਪਾਰਟੀਆਂ ਨੇ ਕਦੇ ਵੀ ਇਸ ਰਾਜਨੀਤੀ ਨੂੰ ਸਾਹਮਣਿਓ ਟੱਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਜਿਵੇਂ ਜਿਵੇਂ ਇਹਨਾਂ ਪਾਰਟੀਆਂ ਦੀ ਚਮਕ ਘਟਦੀ ਗਈ ਤਿਵੇਂ ਤਿਵੇਂ ਹੀ ਧਾਰਮਕ ਪਹਿਚਾਣ ਵਾਲੀ ਰਾਜਨੀਤੀ ਪ੍ਰਤੱਖ ਰੂਪ ਵਿਚ ਜ਼ੋਰ ਫੜਦੀ ਗਈ। ਇਸੇ ਕਰਕੇ ਇਹਨਾਂ ਤਿੰਨਾਂ ਦੇਸ਼ਾ ਵਿਚ ਤਰਤੀਬਵਾਰ ਫਿਆਨਾ ਫੇਲ, ਲਿਕੁਡ ਅਤੇ ਭਾਰਤੀ ਜਨਤਾ ਪਾਰਟੀ ਦੀ ਚੜ੍ਹਤ ਹੁੰਦੀ ਗਈ।[40] ਅੰਤ ਨੂੰ ਭਾਰਤੀ ਜਨਤਾ ਪਾਰਟੀ 2014 ਵਿਚ ਆਪਣੀ ਬਹੁਗਿਣਤੀ ਵਾਲੀ ਸਰਕਾਰ ਬਣਾਉਣ ਵਿਚ ਕਾਮਯਾਬ ਹੋ ਗਈ।

ਸਾਮਰਾਜ ਵਿਰੋਧੀ ਅਤੇ ਧਰਮ ਨਿਰਪੱਖ ਰਾਸ਼ਟਰਵਾਦ

ਫਿਰਕਾਪ੍ਰਸਤੀ ਅਤੇ ਰਾਸ਼ਟਰਵਾਦ ਦੀ ਅੰਤਰ ਸੰਬੰਧਤਾ ਬਾਰੇ ਕੀਤੀ ਉਪਰੋਕਤ ਸੰਖੇਪ ਜਿਹੀ ਚਰਚਾ ਤੋਂ ਇਕ ਪ੍ਰਸ਼ਨ ਸਹਿਜੇ ਹੀ ਮਨ ਵਿਚ ਪੈਦਾ ਹੋ ਸਕਦਾ ਹੈ ਕਿ ਕੀ ਭਾਰਤ ਵਿਚ ਅਜਿਹੇ ਰਾਸ਼ਟਰਵਾਦ ਤੋਂ ਬਗ਼ੈਰ ਵੀ ਕੋਈ ਰਾਸ਼ਟਰਵਾਦੀ ਸੰਕਲਪ ਸੀ? ਭਾਰਤ ਦੇ ਇਤਿਹਾਸ ਦੇ ਸੰਦਰਭ ਵਿਚ ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਇਥੇ ਰਾਸ਼ਟਰਵਾਦ ਦੀ ਉਤਪਤੀ ਅਤੇ ਵਿਕਾਸ ਬਸਤੀਵਾਦੀ ਰਾਜ ਸਥਾਪਤ ਹੋਣ ਤੋਂ ਪਿਛੋਂ ਹੀ ਹੋਇਆ। ਇਸ ਕਰਕੇ ਇਸ ਰਾਸ਼ਟਰਵਾਦ ਦਾ ਬੁਨਿਆਦੀ ਵਿਰੋਧ ਸਾਮਰਾਜਵਾਦ ਨਾਲ ਹੋਣਾ ਲਾਜ਼ਮੀ ਸੀ। ਪਰ ਮੁੱਖਧਾਰਾ ਦਾ ਰਾਸ਼ਟਰਵਾਦ

ਇਕ ਪਾਸੇ ਤਾਂ ਧਾਰਮਕ ਪਹਿਚਾਣਾਂ ਖਾਸ ਕਰਕੇ ਹਿੰਦੂ ਧਰਮ ਦੀ ਬਣਾਈ ਪਹਿਚਾਣ ਦੀ ਪਿੱਠ ਭੂਮੀ ਵਿਚੋਂ ਪੈਦਾ ਹੋਇਆ ਤਾਂ ਦੂਜੇ ਪਾਸੇ ਇਸ ਨੇ ਸਾਮਰਾਜਵਾਦ ਦੇ ਖ਼ਿਲਾਫ ਫੈਸਲਾਕੁੰਨ ਸੰਘਰਸ਼ ਤੋਂ ਹਮੇਸ਼ਾ ਹੀ ਪਾਸਾ ਵਟਿਆ ਹੈ। ਇਸ ਸੰਦਰਭ ਵਿਚ ਰਾਸ਼ਟਰਵਾਦ ਦੀਆਂ ਦੋ ਧਾਰਾਵਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ ਜੋ ਕਿ ਉਨੀਵੀਂ ਸਦੀ ਦੇ ਅਖੀਰ ਵਿਚ ਪੈਦਾ ਹੋਈਆਂ। ਇਹਨਾਂ ਵਿਚੋਂ ਇਕ ਉਤਰ ਪੱਛਮੀ ਸੂਬਿਆਂ ਵਿਚ ਪੈਦਾ ਹੋਈ ਜਿਸ ਵਿਚ ਮੁੱਖ ਬੌਧਿਕ ਰੋਲ ਅਦਾਅ ਕਰਨ ਵਾਲਿਆਂ ਵਿਚ ਹਿੰਦੀ ਦੇ ਆਧੁਨਿਕ ਗਦ ਦੇ ਪਿਤਾਮਾ ਹਰੀਸ਼ਚੰਦਰ ਭਾਰਤੇਂਦੂ ਸਨ। ਇਹਨਾਂ ਦੇ ਨਾਲ ਹਿੰਦੀ ਨੂੰ ਸਰਕਾਰੀ ਭਾਸ਼ਾ ਦੇ ਤੌਰ 'ਤੇ ਲਾਗੂ ਕਰਵਾਉਣ ਵਾਲੀ ਮੁਹਿੰਮ ਨੂੰ ਚਲਾਉਣ ਵਾਲੇ ਅਤੇ 1892 ਵਿਚ ਸਥਾਪਤ ਨਾਗਰੀ ਪ੍ਰਚਾਰਣੀ ਸਭਾ ਦੇ ਹੋਰ ਮੈਂਬਰ ਜਿਵੇਂ ਕਿ ਪ੍ਰਤਾਪ ਨਰਾਇਣ ਮਿਸ਼ਰਾ, ਚੌਧਰੀ ਬਦਰੀਨਰਾਇਣ ਉਪਾਧਿਆਏ ਪ੍ਰੇਮਘਨ, ਰਾਮਧਨ ਗੋਕਲ ਆਦਿ ਵਰਗੇ ਵਿਦਵਾਨ ਸ਼ਾਮਲ ਸਨ। ਇਹਨਾਂ ਦੁਆਰਾ ਪ੍ਰਚਾਰਿਆ ਰਾਸ਼ਟਰਵਾਦ ਆਪਣੇ ਹੀ ਵਿਰੋਧਾਭਾਸ ਨਾਲ ਭਰਿਆ ਹੋਇਆ ਸੀ। ਇਹ ਵਿਦਵਾਨ ਜੇਕਰ ਇਕ ਪਾਸੇ ਆਧੁਨਿਕਤਾ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਸਨ ਤਾਂ ਦੂਜੇ ਪਾਸੇ ਅੰਗਰੇਜ਼ ਸਰਕਾਰ ਪ੍ਰਤੀ ਵਫਾਦਾਰੀ ਦਾ ਦਮ ਵੀ ਭਰਦੇ ਸਨ। ਇਹਨਾਂ ਦੀ ਆਧੁਨਿਕਤਾ ਪੱਛਮ ਵਿਚ ਹੋਈ ਵਿਗਿਆਨ ਅਤੇ ਤਕਨਾਲੋਜੀ ਦੀ ਤਰੱਕੀ ਵੇਖ ਕੇ ਚਕਾਚੌਂਧ ਹੋਣ ਵਾਲੀ ਸੀ। ਭਾਰਤ ਅੰਦਰਲੇ ਹਾਲਾਤ ਨੂੰ ਇਹਨਾਂ ਨੇ ਪੱਛਮ ਵਿਚਲੀ ਤਰੱਕੀ ਦੀ ਤੁਲਨਾ ਵਿਚ ਹੀ ਦੇਖਿਆ। ਦੂਸਰੇ ਪਾਸੇ ਭਾਰਤ ਦੀ, ਉਹਨਾਂ ਮੁਤਾਬਿਕ, ਪ੍ਰਾਚੀਨ ਸਭਿਅਤਾ ਵਿਚਲੇ ਭਾਰੂ ਅਧਿਆਤਮਕ ਅੰਸ਼ ਦੇ ਮੁਕਾਬਲੇ ਵਿਚ ਭੌਤਿਕ ਤਰੱਕੀ ਦੌੜ ਭੱਜ ਵਾਲੇ ਮੁਕਾਬਲੇ ਨੂੰ ਹੀ ਜਨਮ ਦਿੰਦੀ ਹੈ। ਪੱਛਮੀ ਮੁਲਕਾਂ ਨੂੰ ਦੌੜ ਵਿਚ ਸ਼ਾਮਲ ਘੋੜਿਆਂ ਨਾਲ ਤਸ਼ਬੀਹ ਦੇ ਕੇ ਇਹਨਾਂ ਵਿਦਵਾਨਾਂ ਨੇ ਆਪਣੇ ਵਰਤਮਾਨ ਦੇ ਯੁੱਗ ਨੂੰ ਸਿਰਫ਼ ਵਣਜ ਅਤੇ ਵਪਾਰ ਦੇ ਚੌਖਟੇ ਵਿਚ ਰੱਖ ਕੇ ਹੀ ਪਰਖਿਆ ਅਤੇ ਇਸ ਤਰ੍ਹਾਂ ਇਸ ਪ੍ਰਤੀ ਕੋਈ ਹਾਂ ਪੱਖੀ ਰਵੱਈਆ ਨਹੀਂ ਅਪਣਾਇਆ। ਇਹ ਵਿਦਵਾਨ ਦਾਦਾ ਭਾਈ ਨਾਰੋਜੀ ਦੀਆਂ ਉਦਾਰਵਾਦੀ ਵਿਚਾਰਧਾਰਕ ਢਾਂਚੇ ਅੰਦਰ ਸਾਮਰਾਜੀ ਰਾਜ ਰਾਹੀਂ ਭਾਰਤ ਦੀ ਦੌਲਤ ਨੂੰ ਲੁੱਟ ਕੇ ਬਾਹਰ ਲਿਜਾਣ ਬਾਰੇ ਲਿਖੀਆਂ ਲਿਖਤਾਂ ਤੋਂ ਵੀ ਜਾਣੂ ਸਨ। ਇਸ ਕਰਕੇ ਭਾਰਤੀ ਆਰਥਿਕਤਾ ਦੇ ਇਸ ਪਹਿਲੂ ਨੂੰ ਆਪਣੀਆਂ ਲਿਖਤਾਂ ਵਿਚ ਉਜਾਗਰ ਵੀ ਕਰਦੇ ਸਨ। ਪਰ ਇਹਨਾਂ ਦਾ ਰਾਸ਼ਟਰਵਾਦ ਬਸਤੀਵਾਦੀ ਰਾਜ ਦੇ ਢਾਂਚੇ ਤੋਂ ਬਾਹਰ ਨਹੀਂ ਜਾਂਦਾ ਸੀ। ਹਰੀਸ਼ਚੰਦਰ ਭਾਰਤੇਂਦੂ ਤਾਂ ਵੈਸ਼ਨਵਾਂ, ਸ਼ਿਵ ਭਗਤਾਂ, ਸਿੱਖਾਂ, ਬ੍ਰਹਮੋਸਮਾਜੀਆਂ, ਆਰੀਆ ਸਮਾਜੀਆਂ ਆਦਿ ਨੂੰ ਆਪਣੇ 'ਕੁਦਰਤੀ' ਧਰਮ ਹਿੰਦੂ ਧਰਮ ਦੀ ਛੱਤਰਛਾਇਆ ਵਿਚ ਇਕ ਹੋਣ ਲਈ ਇਸ ਕਰਕੇ ਪ੍ਰੇਰਦਾ ਹੈ ਤਾਂ ਕਿ ਹਿੰਦੂ ਸਮਾਜ ਸਰਕਾਰੀ ਨੌਕਰੀਆਂ, ਆਰਥਕ ਸ੍ਰੋਤਾਂ ਅਤੇ ਰਾਜਸੀ ਸ਼ਕਤੀ ਉਪਰ ਮੁਸਲਮਾਨਾਂ ਅਤੇ ਈਸਾਈਆਂ ਵਰਗੇ ਧਾਰਮਕ ਭਾਈਚਾਰਿਆਂ ਦੇ ਮੁਕਾਬਲੇ ਵਧ ਕਾਬਜ਼ ਹੋ ਸਕੇ। ਭਾਰਤ ਅੰਦਰ ਉਭਰ ਰਹੇ ਰਾਸ਼ਟਰਵਾਦ ਦਾ ਇਹ ਪਾਸਾ ਬਰਤਾਨਵੀ ਰਾਜ ਦੁਆਰਾ

ਭਾਰਤ ਦੀ ਕੀਤੀ ਜਾਂਦੀ ਲੁੱਟ ਪ੍ਰਤੀ ਕਿਸੇ ਹੱਦ ਤੱਕ ਜਾਗਰੂਕ ਹੋ ਕੇ ਵੀ ਇਸੇ ਰਾਜ ਪ੍ਰਤੀ ਵਫ਼ਾਦਾਰੀ ਅਤੇ ਮੁਸਲਿਮ ਵਿਰੋਧ ਤੋਂ ਉਪਰ ਨਹੀਂ ਉਠ ਸਕਿਆ। ਇਸ ਦੀ ਆਧੁਨਿਕਤਾ ਦਾ ਪ੍ਰਾਜੈਕਟ ਵੀ 'ਸੰਪਤੀ ਸ਼ਾਸਤਰ' ਵਰਗੀਆਂ ਲਿਖਤਾਂ ਕਰਕੇ ਰਾਜਨੀਤਕ ਆਰਥਿਕਤਾ ਨੂੰ ਇਕ ਵੱਖਰੇ ਅਨੁਸਾਸ਼ਨ ਵਜੋਂ ਪਛਾਨਣ ਤੋਂ ਅੱਗੇ ਨਹੀਂ ਜਾ ਸਕਿਆ । ਅਜਿਹਾ ਰਾਸ਼ਟਰਵਾਦ, ਜੋ ਕਿ ਸਾਮਰਾਜਵਾਦ ਦੇ ਵਿਰੋਧ ਦੇ ਰਾਹ ਪੈ ਸਕੇ ਅਤੇ ਇਸੇ ਕਰਕੇ ਜਮਹੂਰੀ ਤੇ ਧਰਮ ਨਿਰਪੱਖ ਹੋਵੇ, ਅਜੇ ਇਸ ਤੋਂ ਦੂਰ ਦੀ ਗੱਲ ਸੀ।

ਉਨੀਵੀਂ ਸਦੀ ਦੇ ਅਖੀਰ ਵਿਚ ਹੀ ਬੰਕਿਮ ਚੰਦਰ ਚਟੋਪਾਧਿਆਇ ਨੇ ਆਪਣੇ ਮਸ਼ਹੂਰ ਗੀਤ 'ਬੰਦੇ ਮਾਤਰਮ' ਵਿਚ ਭਾਰਤ ਮਾਤਾ ਨੂੰ ਦੁਰਗਾ ਮਾਤਾ ਦੇ ਰੂਪ ਵਿਚ ਦੇਖਿਆ। ਜਿਵੇਂ ਕਿ ਇਸ ਲੇਖ ਵਿਚ ਪਹਿਲਾਂ ਵੀ ਸੰਖੇਪ ਜਿਹਾ ਜ਼ਿਕਰ ਕੀਤਾ ਜਾ ਚੁੱਕਿਆ ਹੈ ਕਿ ਬੰਕਿਮ ਚੰਦਰ ਦੇ ਨਾਵਲ 'ਆਨੰਦ ਮੱਠ' ਵਿਚ ਦੁਸ਼ਮਣ ਦੇ ਸਥਾਨ 'ਤੇ ਬਰਤਾਨਵੀ ਹਾਕਮ ਨਾ ਹੋ ਕੇ ਮੁਸਲਮਾਨ ਸਨ। ਪਰ ਇਹ ਵੀ ਇਕ ਸਚਾਈ ਹੈ ਕਿ ਰਾਸ਼ਟਰ ਦੇ ਵਾਸਤੇ 'ਮਾਤਾ' ਵਰਗੇ ਚਿਹਨ ਦੀ ਵਰਤੋਂ ਆਪਣੇ ਆਪ ਵਿਚ ਹੀ ਫਿਰਕੂ ਨਹੀਂ ਸੀ। ਭਾਵੇਂ ਕਿ ਬਹੁਤ ਸਾਰੇ ਬੰਗਾਲੀ ਵਿਦਵਾਨਾਂ, ਸਾਹਿਤਕਾਰਾਂ ਅਤੇ ਦੇਸ਼ ਭਗਤਾਂ ਨੇ ਰਾਸ਼ਟਰ ਨੂੰ ਮਾਤਾ ਦੇ ਰੂਪ ਵਿਚ ਤਸੱਵੁਰ ਕੀਤਾ ਪਰ ਉਹਨਾਂ ਦੀ ਨਜ਼ਰ ਵਿਚ 'ਦੇਸ਼ ਮਾਤਾ' ਜਾਂ ਭਾਰਤ ਮਾਤਾ ਆਪਣੀ ਮਾਤਾ ਦੇ ਵਾਂਗ ਹੀ ਅਸਲੀ ਸੀ ਜੋ ਕਿ ਜਨਣੀ ਹੈ ਅਤੇ ਬੱਚਿਆਂ ਦੇ ਪਾਲਣ ਪੋਸ਼ਣ ਅਤੇ ਵਧਣ ਫੁਲਣ ਪਿਛੇ ਅਸਲੀ ਸ਼ਕਤੀ ਹੈ। ਬਿਪਨ ਚੰਦਰ ਪਾਲ ਲਈ ਮਾਤਾ ਦਾ ਇਹ ਸੰਕਲਪ ਨਿਰੋਲ ਅਧਿਆਤਮਕ ਨਹੀਂ ਸੀ। ਉਸ ਲਈ ਮਾਤਾ ਦਾ ਇਹ ਸੰਕਲਪ ਸਾਂਖ ਦਰਸ਼ਨ ਵਿਚ ਪ੍ਰਾਕਿਰਤੀ ਦੇ ਸੰਕਲਪ ਨਾਲ ਮੇਲ ਖਾਂਦਾ ਸੀ। ਇਸ ਦਰਸ਼ਨ ਦੇ ਅਨੁਸਾਰ ਪ੍ਰਾਕਿਰਤੀ ਹੀ ਇਸ ਸੰਸਾਰ ਅਤੇ ਇਥੇ ਰਹਿੰਦੇ ਜੀਵਾਂ ਦੀ ਜ਼ਿੰਦਗੀ ਅਤੇ ਇਸ ਸੰਸਾਰ ਦੀ ਪ੍ਰਗਤੀ ਪਿੱਛੇ ਕੰਮ ਕਰਦੀ ਪਦਾਰਥਕ ਸ਼ਕਤੀ ਹੈ। ਇਹ ਤੱਥ ਵੀ ਮਹੱਤਵਪੂਰਨ ਹੈ ਕਿ ਸਾਂਖ ਦਰਸ਼ਨ ਵੇਦਾਂਤ ਤੋਂ ਪਹਿਲੇ ਸਮਿਆਂ ਵਿਚ ਹੋਂਦ ਵਿਚ ਆਇਆ ਸੀ। ਇਸ ਕਰਕੇ 'ਮਾਤਾ' ਦੇ ਸੰਕਲਪ ਦੀ ਇਹ ਵਿਆਖਿਆ ਇਸ ਨੂੰ ਬ੍ਰਾਹਮਣਵਾਦ ਦੇ ਵਿਚਾਰਧਾਰਕ ਚੌਖਟੇ ਦਾ ਹਿੱਸਾ ਨਹੀਂ ਰਹਿਣ ਦਿੰਦੀ। ਇਸੇ ਤਰ੍ਹਾਂ ਰਜਨੀਕਾਂਤ ਸੇਨ ਦੀਆਂ ਸਵਦੇਸ਼ੀ ਲਹਿਰ ਦੇ ਸਮੇਂ ਦੀਆਂ ਲਿਖੀਆਂ ਕਵਿਤਾਵਾਂ ਵਿਚ ਵੀ ਮਾਤਾ ਨੂੰ ਆਮ ਲੋਕਾਂ ਵਾਸਤੇ ਮੋਟਾ ਚਾਵਲ ਵਰਗੀ ਆਮ ਖ਼ੁਰਾਕ ਅਤੇ ਮੋਟਾ ਕਪੜਾ ਮੁਹੱਈਆ ਕਰਵਾਉਣ ਵਾਲੀ ਇਕੋ ਇਕ ਸ਼ਕਤੀ ਦੇ ਰੂਪ ਵਿਚ ਦੇਖਿਆ ਗਿਆ ਹੈ।[42] ਇਹਨਾਂ ਗੀਤਾਂ ਵਿਚ ਬਦੇਸ਼ੀਆਂ ਯਾਨੀ ਸਾਮਰਾਜਵਾਦੀਆਂ ਨੂੰ ਮਾਂ ਦੇ ਦੁੱਧ ਯਾਨੀ ਉਸ ਦੀ ਜੀਵਨ ਨੂੰ ਜ਼ਿੰਦਾ ਰੱਖਣ ਵਾਲੀ ਸ਼ਕਤੀ ਨੂੰ ਲੁੱਟ ਕੇ ਲਿਜਾਂਦੇ ਦਿਖਾਇਆ ਗਿਆ ਹੈ। ਮਾਤਾ ਬਾਰੇ ਅਜਿਹੀ ਸੰਕਲਪਾਤਮਕ ਸਮਝ ਇਸ ਨੂੰ ਧਰਮਾਂ ਦੀਆਂ ਵਲਗਣਾਂ ਤੋਂ ਉਪਰ ਲੈ ਜਾਂਦੀ ਹੈ। 1930 ਵਿਚ ਕਲਕੱਤਾ ਵਿਖੇ ਰਾਈਟਰਜ਼ ਬਿਲਡਿੰਗ 'ਤੇ ਹਮਲਾ ਕਰਨ ਵਾਲੇ ਇਕ ਦੇਸ਼ ਭਗਤ

ਦਿਨੇਸ਼ ਗੁਪਤਾ ਨੇ ਫਾਂਸੀ ਲੱਗਣ ਤੋਂ ਪਹਿਲਾਂ ਆਪਣੀ ਬੌਦੀ (ਭਾਬੀ ਲਈ ਬੰਗਾਲੀ ਸ਼ਬਦ) ਨੂੰ ਇਕ ਖ਼ਤ ਵਿਚ ਹਰ ਇਕ ਧਰਮ ਯਾਨੀ ਹਿੰਦੂ, ਇਸਲਾਮ ਅਤੇ ਈਸਾਈਅਤ ਦਾ ਹਵਾਲਾ ਦੇ ਕੇ ਲਿਖਿਆ ਸੀ ਕਿ ਫਾਂਸੀ ਤੋਂ ਬਾਅਦ ਉਹ ਅਮਰ ਹੋ ਜਾਵੇਗਾ। ਉਸ ਨੇ ਇਹ ਵੀ ਲਿਖਿਆ ਸੀ ਕਿ ਉਹ ਅਜਿਹੇ ਧਰਮਾਂ ਦੇ ਚਿਹਰਿਆਂ ਨੂੰ ਅੱਗ ਨਾਲ ਲੂਹ ਦੇਵੇਗਾ ਜੋ ਕਿ ਇਕ ਛੋਟੀ ਜਿਹੀ ਗਾਂ ਜਾਂ ਢੋਲ ਢਮੱਕੇ ਵਾਲਾ ਸੰਗੀਤ ਵਜਾਉਣ ਕਰਕੇ ਲੋਕਾਂ ਨੂੰ ਆਪਸ ਵਿਚ ਮਾਰ ਮੁਕਾਉਣ ਲਈ ਉਕਸਾਉਂਦੇ ਹੋਣ। ਉਸ ਨੇ ਆਪਣੀ ਮਾਂ ਨੂੰ ਪੂਰੇ ਭਾਰਤ ਦੀ ਮਾਂ ਦਾ ਦਰਜਾ ਦੇਣ ਤੋਂ ਬਾਅਦ ਫਾਂਸੀ ਦਾ ਰੱਸਾ ਆਪਣੇ ਗੱਲ ਵਿਚ ਹਾਰ ਵਾਂਗ ਪੁਆ ਲਿਆ ਸੀ।[43] ਮਾਤਾ ਦਾ ਧਰਮਾਂ ਦੀਆਂ ਠੋਸ ਪਹਿਚਾਣਾਂ ਤੋਂ ਉਪਰ ਉਠਿਆ ਹੋਇਆਅਜਿਹਾ ਚਿਹਨਾਤਮਕ ਸੰਕਲਪ ਹੀ ਬੰਗਾਲ ਦੇ ਸੰਸਾਰ ਪ੍ਰਸਿੱਧ ਕਵੀ ਕਾਜ਼ੀ ਨਜ਼ਰੁਲ ਇਸਲਾਮ ਨੇ ਆਪਣੀਆਂ ਕਵਿਤਾਵਾਂ ਵਿਚ ਵਰਤਿਆ ਸੀ। ਆਪਣੇ ਇਕ ਬਹੁਤ ਹੀ ਮਕਬੂਲ ਗੀਤ ਵਿਚ ਉਸ ਨੇ ਇਕ ਰਾਸ਼ਟਰਵਾਦੀ ਨੇਤਾ ਨੂੰ ਇਕ ਡੁੱਬ ਰਹੇ ਸਮੁੰਦਰੀ ਜਹਾਜ਼ ਦਾ ਕੈਪਟਨ ਤਸੱਵੁਰ ਕਰਕੇ ਉਸ ਨੂੰ ਆਪਣੇ ਦੇਸ਼ ਜਾਂ ਧਾਰਮਕ ਭਾਈਚਾਰੇ ਨੂੰ ਬਚਾਉਣ ਦਾ ਚੈਲਿੰਜ ਕਬੂਲ ਕਰਨ ਲਈ ਭਾਵਨਾਤਮਕ ਸੱਦਾ ਇਸ ਕਰਕੇ ਦਿਤਾ ਸੀ ਕਿਉਂਕਿ ਡੁੱਬ ਰਹੇ ਸਾਰੇ ਮੁਸਾਫਿਰ/ ਦੇਸ਼ਵਾਸੀ ਮਾਤਾ ਦੀ ਹੀ ਉਲਾਦ ਸਨ।[44] ਇਥੇ ਇਹ ਕੁੱਝ ਉਦਹਾਰਣਾਂ ਦੇਣ ਦਾ ਮਕਸਦ ਇਹੀ ਹੈ ਕਿ ਰਾਸ਼ਟਰ ਨੂੰ ਮਾਤਾ ਦੇ ਤੌਰ 'ਤੇ ਪੇਸ਼ ਕਰਨ ਪਿਛੇ ਕਾਰਨ ਹਰ ਵਾਰੀ ਹਿੰਦੂ ਧਰਮ ਦੀ ਪਹਿਚਾਣ ਅਤੇ ਰਾਸ਼ਟਰ ਦੀ ਇਕਮਿਕਤਾ ਦਿਖਾਉਣਾ ਨਹੀਂ ਸੀ। ਬੰਕਿਮ ਆਦਿ ਦੇ ਸੰਕਲਪਾਤਮਕ ਚੌਖਟੇ ਦੇ ਸਮਾਂਤਰ ਰਾਸ਼ਟਰਵਾਦ ਦੀ ਇਕ ਅਜਿਹੀ ਲਹਿਰ ਵੀ ਵਿਕਸਤ ਹੋ ਰਹੀ ਸੀ ਜੋ ਕਿ ਆਪਣੇ ਖਾਸੇ ਵਜੋਂ ਸਾਮਰਾਜ ਵਿਰੋਧੀ ਸੀ।

ਅਜਿਹੀ ਹੀ ਰਾਸ਼ਟਰਵਾਦੀ ਸਮਝ ਨੂੰ ਵਿਚਾਰਧਾਰਕ ਤੌਰ 'ਤੇ ਹੋਰ ਪਰਪੱਕ ਕਰਦੀ ਇਕ ਹੋਰ ਲਹਿਰ ਗ਼ਦਰ ਪਾਰਟੀ ਦੀ ਅਗਵਾਈ ਵਿਚ ਉਠੀ ਜਿਸ ਦਾ ਗਠਨ 1913 ਵਿਚ ਸਾਨ ਫਰਾਂਸਿਸਕੋ ਵਿਖੇ ਕੀਤਾ ਗਿਆ। ਗ਼ਦਰ ਪਾਰਟੀ ਦੀਆਂ ਲਿਖਤਾਂ ਅਤੇ ਗਤੀਵਿਧੀਆਂ ਵਿਚ ਯੋਜਨਾਬੱਧ ਢੰਗ ਨਾਲ ਅੰਗਰੇਜ਼ੀ ਸਾਮਰਾਜ ਵਲੋਂ ਹਿੰਦੁਸਤਾਨੀ ਲੋਕਾਂ ਦੀ ਕੀਤੀ ਜਾਂਦੀ ਲੁੱਟ ਦਾ ਜ਼ਿਕਰ ਹੁੰਦਾ ਹੈ। ਇਹਨਾਂ ਲਿਖਤਾਂ ਵਿਚ ਇਸ ਲੁੱਟ ਤੋਂ ਨਿਜਾਤ ਹਾਸਲ ਕਰਨ ਲਈ ਹੀ ਆਜ਼ਾਦੀ ਦੇ ਸੰਘਰਸ਼ ਉਪਰ ਜ਼ੋਰ ਦਿਤਾ ਗਿਆ। ਸਾਮਰਾਜ ਦੁਆਰਾ ਕੀਤੀ ਜਾਂਦੀ ਲੁੱਟ ਅਤੇ ਇਸ ਨੂੰ ਜੜ੍ਹੋਂ ਪੁੱਟਣ ਲਈ ਉਲੀਕੇ ਸਾਮਰਾਜ ਵਿਰੋਧੀ ਸੰਘਰਸ਼ ਦਾ ਇਕ ਜ਼ਰੂਰੀ ਅੰਗ ਇਸ ਦਾ ਧਰਮ ਨਿਰਪੱਖ ਹੋਣਾ ਸੀ। ਇਸੇ ਕਰਕੇ ਗ਼ਦਰ ਲਹਿਰ ਦੀਆਂ ਲਿਖਤਾਂ ਵਿਚ ਧਾਰਮਕ ਪਹਿਚਾਣਾਂ ਦੇ ਫਿਰਕੂ ਵਿਰੋਧਾਂ ਦੇ ਖ਼ਿਲਾਫ ਆਵਾਜ਼ ਉਠਾ ਕੇ ਲੋਕਾਂ ਦੀ ਖਰੀ ਏਕਤਾ ਉਪਰ ਜ਼ੋਰ ਦਿਤਾ ਗਿਆ ਹੈ। ਗ਼ਦਰ ਲਹਿਰ ਦੇ ਸਾਹਿਤ ਦੀ ਭਾਸ਼ਾ ਧਾਰਮਕ ਪਹਿਚਾਣਾਂ ਉਪਰ ਅਧਾਰਤ ਫਿਰਕੂ ਭਾਸ਼ਾ ਤੋਂ ਬਿਲਕੁਲ ਵੱਖਰੀ ਹੈ। ਇਸੇ ਸਾਮਰਾਜ ਵਿਰੋਧੀ ਵਿਚਾਰਾਂ

ਵਾਲੀਆਂ ਲਿਖਤਾਂ ਅਤੇ ਇਹਨਾਂ ਦੇ ਆਧਾਰ 'ਤੇ ਸ਼ੁਰੂ ਕੀਤੀ ਲਹਿਰ ਦੀ ਵਿਕਸਤ ਪਰਤ ਸਾਨੂੰ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੀਆਂ ਲਿਖਤਾਂ ਵਿਚ ਮਿਲਦੀ ਹੈ। ਇਹਨਾਂ ਵਿਚ ਸਾਮਰਾਜਵਾਦ ਦੇ ਵਿਰੋਧ ਨੂੰ ਭਾਰਤ ਦੇ ਮਿਹਨਤਕਸ਼ ਲੋਕਾਂ ਦੇ ਜਮਾਤੀ ਨਜ਼ਰੀਏ ਤੋਂ ਵੇਖਿਆ ਗਿਆ। ਸਾਮਰਾਜ ਦਾ ਵਿਰੋਧ ਮਿਹਨਤਕਸ਼ ਲੋਕਾਂ ਦੁਆਰਾ ਪੂਰੇ ਸਮਾਜ ਨੂੰ ਬਦਲਣ ਦਾ ਪ੍ਰਾਜੈਕਟ ਬਣ ਗਿਆ। ਇਸ ਕਰਕੇ ਇਹਦਾ ਬੁਨਿਆਦੀ ਸੁਭਾਅ ਲੁੱਟਣ ਵਾਲੇ ਅਤੇ ਲੁਟੀਂਦੇ ਲੋਕਾਂ ਵਿਚਕਾਰ ਜਮਾਤੀ ਸੰਘਰਸ਼ ਦੇ ਦੁਆਲੇ ਕੇਂਦ੍ਰਿਤ ਹੋ ਗਿਆ। ਇਸ ਦਾ ਪ੍ਰਵਚਨ ਬ੍ਰਾਹਮਣਵਾਦੀ ਸੋਚ ਦੀ ਬਜਾਏ ਦਲਿਤ ਅਤੇ ਨਿਮਨ ਲੋਕਾਂ ਨਾਲ ਸੰਬੰਧਤ ਸੀ। ਧਾਰਮਕ ਪਹਿਚਾਣਾਂ ਵਾਲੇ ਰਾਸ਼ਟਰਵਾਦ ਨੇ ਜਿਸ ਤਰ੍ਹਾਂ ਜਮਾਤੀ ਨਜ਼ਰੀਏ ਤੋਂ ਧਿਆਨ ਪਾਸੇ ਕਰ ਦਿਤਾ ਸੀ, ਇਸ ਸਾਮਰਾਜ ਵਿਰੋਧੀ ਰਾਸ਼ਟਰਵਾਦ ਨੇ ਮਿਹਨਤਕਸ਼ ਲੋਕਾਂ ਦੇ ਜਮਾਤੀ ਆਧਾਰ ਨੂੰ ਹੀ ਆਪਣਾ ਕੇਂਦਰੀ ਬਿੰਦੂ ਬਣਾਇਆ। ਅੱਜ ਵੀ ਜੇਕਰ ਫਿਰਕਾਪ੍ਰਸਤੀ ਅਤੇ ਇਸ ਦੇ ਆਧਾਰ ਤੇ ਉਸਰੇ ਤੰਗਨਜ਼ਰ ਰਾਸ਼ਟਰਵਾਦ ਦੇ ਖ਼ਿਲਾਫ ਖਰਾ ਸੰਘਰਸ਼ ਕਰਨਾ ਹੈ ਤਾਂ ਉਹ ਇਸੇ ਨੁਕਤਾ ਨਿਗਾਹ ਤੋਂ ਹੀ ਕੀਤਾ ਜਾ ਸਕਦਾ ਹੈ। ਇਸ ਲਈ ਫਿਰਕਾਪ੍ਰਸਤੀ ਦਾ ਵਿਰੋਧ ਕਦੇ ਵੀ ਘੱਟ ਗਿਣਤੀ ਬਨਾਮ ਬਹੁਗਿਣਤੀ ਦੇ ਉਪਰ ਉਸਾਰੀ ਗਈ ਵਿਰੋਧਤਾ ਦੇ ਆਧਾਰ 'ਤੇ ਨਹੀਂ ਕੀਤਾ ਜਾ ਸਕਦਾ। ਇਸ ਤਰ੍ਹਾਂ ਕਰਕੇ ਤਾਂ ਸਗੋਂ ਬਸਤੀਵਾਦੀ ਦੌਰ ਦੇ ਦੌਰਾਨ ਹੋਂਦ ਵਿਚ ਆਈਆਂ ਠੋਸ ਧਾਰਮਕ ਪਹਿਚਾਣਾਂ ਅਤੇ ਇਹਨਾਂ 'ਤੇ ਉਸਰੇ ਸਮਾਜਕ ਅਤੇ ਰਾਜਨੀਤਕ ਪ੍ਰਵਚਨ ਹੋਰ ਪੱਕੇ ਹੋ ਜਾਣਗੇ। ਵਿਸ਼ਵੀਕਰਨ ਦੇ ਦੌਰ ਵਿਚ ਸਾਮਰਾਜ ਅਤੇ ਅਰਧ ਬਸਤੀਵਾਦੀ ਮੁਲਕਾਂ ਦੇ ਲੋਕਾਂ ਦਰਮਿਆਨ ਇਕ ਬੁਨਿਆਦੀ ਵਿਰੋਧਤਾ ਹੈ। ਇਹ ਵਿਰੋਧਤਾ ਉਹਨਾਂ ਉਪਰਲੀਆਂ ਜਮਾਤਾਂ ਨਾਲ ਵੀ ਹੈ ਜੋ ਕਿ ਸਾਮਰਾਜੀ ਅਰਥਿਕਤਾ ਦੇ ਹਿਤਾਂ ਦੀ ਪੂਰਤੀ ਕਰਦੀਆਂ ਹਨ। ਮਿਹਨਤਕਸ਼ ਲੋਕਾਂ ਦਾ ਵਿਸ਼ਾਲ ਏਕਾ ਹੀ ਫਿਰਕਾਪ੍ਰਸਤੀ ਅਤੇ ਤੰਗਨਜ਼ਰ ਰਾਸ਼ਟਰਵਾਦ ਦੇ ਜਮਾਂ ਦਾ ਮੁਕਾਬਲਾ ਕਰ ਸਕਦਾ ਹੈ।

ਹਵਾਲੇ

1. Savarkar, Vinayak Damodar. *Hindutva : Who is a Hindu?* in Jaffrelot, Christophe (ed.). *Hindu Nationalism : A Reader.* Ranikhet: Permanent Black, 2016, P 91.
2. Islam, Shamsul. *Golwalkar's We or Our Nationhood Defined.* New Delhi: Pharos Media & Publishing Pvt. Ltd., 2006, P. 5-6.
3. Ibid., P. 8.
4. Savarkar, Vinayak Damodar. *Hindutva : Who is a Hindu?* in Jaffrelot, Christophe (ed.). *Hindu Nationalism : A Reader.* Ranikhet: Permanent Black, 2016, P. 87.
5. Islam, Shamsul. *Golwalkar's We or Our Nationhood Defined.* New Delhi: Pharos Media & Publishing Pvt. Ltd., 2006, P. 12.
6. Ibid., P. 47.
7. Ibid., P. 47-48.
8. Indianexpress.com, December 26, 2016.
9. Jaffrelot, Christophe (ed.). *Hindu Nationalism : A Reader.* Ranikhet: Permanent Black, 2016, P . 86.
10. Thapar, Romila. *Cultural Pasts.* New Delhi: OUP, 2000, P. 974.
11. Oberoi, Harjot. *The Construction of Religious Boundaries : Culture, Identity and Diversity in the Sikh Tradition*. Delhi : OUP, 1997, P. 11.
12. Ibid., P. 212.
13. Ibid., P. 2.

14. Ibid., P. 12.
15. Jaffrelot, Christophe (ed.).*Hindu Nationalism : A Reader.* Ranikhet: Permanent Black, 2016, P . 32.
16. Ibid., P. 30.
17. Ibid., P. 40-49.
18. Ibid., P. 64-69.
19. Chandra, Bipan.*Communalism : A Primer.* New Delhi : National Book Trust, 2008, P. 37.
20. Jaffrelot, Christophe (ed.).*Hindu Nationalism : A Reader.* Ranikhet: Permanent Black, 2016, P.3.
21. Ibid., P. 65.
22. Ibid., P. 62.
23. Ibid., P. 4.
24. ਗਾਂਧੀ, ਮਹਾਤਮਾ.*ਹਿੰਦੂ-ਧਰਮ ਕਿਆ ਹੈ.*ਨਵੀਂ ਦਿੱਲੀ : ਨੈਸ਼ਨਲ ਬੁਕ ਟਰੱਸਟ, 2013, ਸਫਾ 4.
25. ਉਹੀ, ਸਫਾ 1.
26. ਉਹੀ, ਸਫਾ 1.
27. ਉਹੀ, ਸਫਾ 20-21.
28. Jalal, Ayesha. *Exploding Communalism : The Politics of Muslim Identity in South Asia* in Bose, Sugata and Jalal, Ayesha (eds.).*Nationalism, Democracy &Development : State and Politics in India.* New Delhi : OUP, 1998, P. 80.
29. Ibid., P. 87.
30. Quoted in Ibid., P. 88.
31. Ibid., P. 91.
32. ਕਿਰਪਾਲ ਸਿੰਘ, ਡਾ. *ਪੰਜਾਬ ਦਾ ਬਟਵਾਰਾ ਤੇ ਸਿੱਖ ਨੇਤਾ.*ਅੰਮ੍ਰਿਤਸਰ : ਸਿੰਘ ਬ੍ਰਦਰਜ਼, 1997, ਸਫਾ 9-10.
33. Anderson, Perry.*The Indian Ideology.* Gurgaon : Three Essays Collective. 2015, P. 70-71.
34. Ibid., P. 71.
35. Ibid., P. 72.
36. Quoted in Ibid., P. 90.

37. Ibid., P. 106.

38. Ibid., P. 143.

39. Bose, Sumantra. *Hindu Nationalism and The Crisis of the Indian State : A Theoretical Perspective* in Bose, Sugata and Jalal, Ayesha (eds.). *Nationalism, Democracy &Development : State and Politics in India.* New Delhi : OUP, 1998, P. 114.

40. Anderson, Perry. *The Indian Ideology.* Gurgaon : Three Essays Collective, 2015, P. 146-147.

41. Singh, Mohinder. *Crisis and Critique : Diagnosis of the Present in the Nationalist Discourse in Hindi* (1870-1908) in Menon, Nivedita, Nigam etal. (eds.). *Critical Studies in Politics.* New Delhi: Orient Blackswan, 2014, P. 429.

42. Bose, Sugata. *Nation as Mother* in Bose, Sugata and Jalal, Ayesha. *Nationalism, Democracy & Development: State and Plitics in India.* New delhi: OUP, 1998, P. 61.

43. Ibid., P. 65.

44. Ibid., P. 63.

ਭਾਰਤ ਵਿੱਚ ਵਧ ਰਿਹਾ ਨਵ-ਫ਼ਾਸ਼ੀਵਾਦ

-ਡਾ. ਭੀਮ ਇੰਦਰ ਸਿੰਘ

> ਫਾਸ਼ੀਵਾਦ, ਵਿੱਤੀ ਪੂੰਜੀ (Finance Capital) ਦੇ ਸਭ ਤੋਂ ਵੱਧ ਸਾਮਰਾਜੀ, ਰੂੜੀਵਾਦੀ ਅਤੇ ਪਿਛਾਂਹਖਿਚੂ ਤੱਤਾਂ ਦੀ ਖੁੱਲ੍ਹੀ ਅੱਤਵਾਦੀ ਤਾਨਾਸ਼ਾਹੀ ਹੈ।
>
> **-ਕਮਿਊਨਿਸਟ ਇੰਟਰਨੈਸ਼ਨਲ ਦੀ 13 ਵੀਂ ਮੀਟਿੰਗ 'ਚ ਪੇਸ਼ ਮਤਾ**

ਅੱਜ ਨਵ ਸਾਮਰਾਜਵਾਦ ਨਾਲ ਘਿਰੇ ਹੋਏ ਗਰੀਬ ਤੇ ਵਿਕਾਸਸ਼ੀਲ, ਅਫਰੀਕਾ, ਤੀਸਰੀ ਦੁਨੀਆਂ ਅਤੇ ਲਾਤੀਨੀ ਅਮਰੀਕੀ ਦੇਸ਼ਾਂ ਦੇ ਸਾਹਮਣੇ ਸਭ ਤੋਂ ਵੱਡਾ ਸਵਾਲ ਇਹ ਬਣਿਆ ਹੋਇਆ ਹੈ ਕਿ ਉਹ ਕਾਰਨ ਤਾਂ ਕੀ ਕਰਨ? ਹੁਣ ਸੋਵੀਅਤ ਯੂਨੀਅਨ ਵੀ ਉਨ੍ਹਾਂ ਦੀ ਸਹਾਇਤਾ ਲਈ ਨਹੀਂ ਬਹੁੜ ਸਕਦਾ, ਇਸ ਕਰਕੇ ਇਨ੍ਹਾਂ ਮੁਲਕਾਂ ਦੇ ਲੋਕ ਬਹੁਤ ਹੀ ਨਾਜ਼ੁਕ ਸਥਿਤੀ 'ਚੋਂ ਗੁਜ਼ਰ ਰਹੇ ਹਨ। ਸੰਨ 2008 ਤੋਂ ਬਾਅਦ ਵਿਸ਼ਵ-ਪੂੰਜੀਵਾਦ ਦੇ ਅਜੋਕੇ ਸੰਕਟ ਕਾਰਨ ਇਹ ਮੁਲਕ ਅਨੇਕ ਤਰ੍ਹਾਂ ਦੀਆਂ ਮੁਸ਼ਕਿਲਾਂ ਵਿੱਚੋਂ ਗੁਜ਼ਰ ਰਹੇ ਹਨ। ਇਨ੍ਹਾਂ ਮੁਸ਼ਕਿਲਾਂ ਵਿੱਚ ਸਭ ਤੋਂ ਭਿਆਨਕ ਨਵ-ਫਾਸ਼ੀਵਾਦ ਹੈ, ਜੋ ਆਪਣੇ ਬਦਲੇ ਹੋਏ ਕਈ ਮਹੀਨ ਤੇ ਖ਼ਤਰਨਾਕ ਰੂਪਾਂ ਵਿੱਚ ਸਾਡੇ ਸਾਹਮਣੇ ਹੈ। ਹਰ ਦਿਨ ਵਧ ਰਹੀ ਮਹਿੰਗਾਈ, ਬੰਦ ਹੋ ਰਹੇ ਉਦਯੋਗ, ਬੇਰੁਜ਼ਗਾਰੀ ਅਤੇ ਰਾਜਸੱਤਾ 'ਤੇ ਵੱਖ-ਵੱਖ ਮਾਫ਼ੀਆਂ ਦੇ ਕਾਬਜ਼ ਹੋ ਜਾਣ ਤੋਂ ਬਾਅਦ ਤਾਂ ਸਥਿਤੀਆਂ ਹੋਰ ਵੀ ਬਦ ਤੋਂ ਬਦਤਰ ਹੁੰਦੀਆਂ ਜਾ ਰਹੀਆਂ ਹਨ। ਫਾਸ਼ੀਵਾਦ ਦੇ ਮੂਲ ਵਿੱਚ ਗੈਰ-ਬਰਾਬਰੀ ਦੀ ਧਾਰਨਾ ਛੁਪੀ ਹੋਣ ਕਰਕੇ ਆਮ ਆਦਮੀ ਦਾ ਭਵਿੱਖਹੀਣ ਵਰਤਮਾਨ ਬਹੁਤ ਹੀ ਨਾਜ਼ੁਕ ਸਥਿਤੀਆਂ ਪੈਦਾ ਕਰ ਸਕਦਾ ਹੈ।

ਬੇਰੁਜ਼ਗਾਰੀ, ਆਰਥਿਕ ਮੰਦੀ ਅਤੇ ਵਿਚਾਰਹੀਣਤਾ ਫਾਸ਼ੀਵਾਦ ਲਈ ਸਭ ਤੋਂ ਵੱਧ ਉਪਜਾਊ ਜ਼ਮੀਨ ਤਿਆਰ ਕਰ ਰਹੇ ਹਨ। ਮੋਦੀ ਸਰਕਾਰਾਂ ਵੱਲੋਂ ਲੋਕਾਂ ਦੀਆਂ ਬੁਨਿਆਦੀ ਸਮੱਸਿਆਵਾਂ ਤੋਂ ਧਿਆਨ ਹਟਾ ਕੇ ਅਤੀਤ ਦੇ ਪ੍ਰਤੀਕਾਂ ਅਤੇ ਧਾਰਮਿਕ ਅੰਧ-ਵਿਸ਼ਵਾਸਾਂ ਨਾਲ ਭਰਿਆ ਹੋਇਆ ਮਾਹੌਲ ਤਿਆਰ ਕੀਤਾ ਜਾ ਰਿਹਾ ਹੈ। ਦਾਦਰੀ ਅਤੇ ਹੋਰ ਹਿੰਸਾਤਮਕ ਘਟਨਾਵਾਂ ਰਾਹੀਂ ਭੌਤਿਕ ਅਤੇ ਸੱਭਿਆਚਾਰਕ ਰੂਪ ਤੋਂ ਉਨ੍ਹਾਂ ਸਾਰੀਆਂ ਆਵਾਜ਼ਾਂ, ਸੰਸਥਾਵਾਂ ਅਤੇ ਅੰਦੋਲਨਾਂ ਨੂੰ ਖ਼ਤਮ ਕੀਤਾ ਜਾ ਰਿਹਾ ਹੈ ਜੋ

ਆਮ ਲੋਕਾਂ ਦੀਆਂ ਸਮੱਸਿਆਵਾਂ ਦੀ ਗੱਲ ਕਰਦੇ ਹਨ। ਧਰਮ ਤੇ ਸੰਸਕ੍ਰਿਤੀ ਦੀ ਪਰਿਭਾਸ਼ਾ ਹਾਕਮ ਆਪਣੇ ਅਨੁਸਾਰ ਤੈਅ ਕਰ ਰਹੇ ਹਨ ਅਤੇ ਮੋਦੀ ਸਕਰਾਰ ਵੱਲੋਂ ਧਰਮ ਨਿਰਪੱਖਤਾ ਨੂੰ ਖ਼ਤਮ ਕਰਕੇ ਦੇਸ਼ ਨੂੰ ਇਕ ਵਿਸ਼ੇਸ਼ ਸਮੂਹ ਦਾ ਰਾਸ਼ਟਰ (ਹਿੰਦੂ) ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਸੰਘ ਪਰਿਵਾਰ ਦੇ ਹੋਂਦ ਵਿੱਚ ਆਉਣ ਤੋਂ ਬਾਅਦ ਇਸ ਦਾ ਉਦੇਸ਼ ਭਾਰ 'ਤ ਵਿੱਚ ਹਿੰਦੂ ਰਾਸ਼ਟਰ ਅਤੇ ਹਿੰਦੂ ਸੰਸਕ੍ਰਿਤੀ ਨੂੰ ਸਥਾਪਿਤ ਕਰਨਾ ਰਿਹਾ ਹੈ। ਉਸ ਦਾ ਏਜੰਡਾ 'ਹਿੰਦੂ ਏਜੰਡਾ' ਹੈ। ਭਾਵੇਂ ਕਹਿਣ ਨੂੰ ਸੰਘ ਦੇ ਸਾਰੇ ਸਹਿਯੋਗੀ ਸੰਗਠਨ ਆਜ਼ਾਦ ਹਨ, ਪਰ ਇਨ੍ਹਾਂ ਸਾਰਿਆਂ ਦੀ ਚਾਬੀ ਸੰਘ ਪਰਿਵਾਰ ਦੇ ਹੀ ਹੱਥ ਵਿੱਚ ਰਹਿੰਦੀ ਹੈ। ਇੱਕ ਪਾਸੇ ਵਿਸ਼ਵ ਹਿੰਦੂ ਪ੍ਰੀਸ਼ਦ, ਬਜਰੰਗ ਦਲ ਆਦਿ ਸੰਘ ਦੇ ਖਾੜਕੂ ਕਿਸਮ ਦੇ ਸਮੂਹ ਹਨ ਅਤੇ ਦੂਸਰੇਂ ਪਾਸੇ ਉਨ੍ਹਾਂ ਨੇ ਕਈ ਉਦਾਰਵਾਦੀ ਸੰਗਠਨ ਵੀ ਕਾਇਮ ਕੀਤੇ ਹਨ ਤਾਂ ਕਿ ਲੋਕਾਂ ਵਿੱਚ ਭਰਮ ਵਾਲੀ ਸਥਿਤੀ ਪੈਦਾ ਕੀਤੀ ਜਾ ਸਕੇ। ਇਸ ਤੋਂ ਇਲਾਵਾ ਪਿਛਲੇ ਸਮੇਂ ਵਿੱਚ ਹਿੰਦੂ ਧਾਰਮਿਕ ਵਿਵਸਥਾ ਖਿਲਾਫ਼ ਦਲਿਤ ਅਤੇ ਪਿਛੜੇ ਵਰਗਾਂ ਦੀ ਚੇਤਨਾ ਦਾ ਉਭਾਰ ਹੋਇਆ ਹੈ। ਵਿਸ਼ਵੀਕਰਨ ਦੀਆਂ ਨੀਤੀਆਂ ਲਾਗੂ ਹੋਣ ਤੋਂ ਬਾਅਦ ਭਾਜਪਾ ਨੇ ਮੱਧਵਰਗ ਵਿੱਚ ਆਪਣਾ ਅਧਾਰ ਮਜ਼ਬੂਤ ਕੀਤਾ ਹੈ। ਇਸ ਤਰ੍ਹਾਂ ਲੋਕਾਂ ਦੇ ਸੰਘਰਸ ਨੂੰ ਕਮਜ਼ੋਰ ਕਰਨ ਲਈ ਧਾਰਮਿਕ ਕੱਟੜਵਾਦ ਨਵੇਂ ਸਿਰੇ ਤੋਂ ਅਕਾਰ ਗ੍ਰਹਿਣ ਕਰ ਚੁੱਕਾ ਹੈ।

ਕੱਟੜਪੰਥੀਆਂ ਦਾ ਉਭਾਰ ਪੂੰਜੀਵਾਦ ਅਤੇ ਨਵ-ਸਾਮਰਾਜਵਾਦ ਦੇ ਹਿੱਤ ਵਿੱਚ ਹੈ। ਇਹ ਧਾਰਮਿਕ ਕੱਟੜਵਾਦ ਜਨਤਾ ਦੇ ਸੰਘਰਸ਼ਾਂ ਨੂੰ ਖੁੰਢਾ ਕਰਦਾ ਹੈ ਅਤੇ ਸੰਪ੍ਰਦਾਇਕਤਾ ਇਨ੍ਹਾਂ ਸੰਘਰਸ਼ਾਂ ਦੀ ਏਕਤਾ ਨੂੰ ਖੰਡਿਤ ਕਰਦੀ ਹੈ। ਇਸ ਦਾ ਕਾਰਨ ਇਹ ਹੈ ਕਿ ਕਿਸਾਨਾਂ ਅਤੇ ਮਜ਼ਦੂਰਾਂ ਦੀ ਏਕਤਾ ਨਵ-ਸਾਮਰਾਜਵਾਦ ਲਈ ਹਮੇਸ਼ਾ ਖ਼ਤਰਾ ਬਣੀ ਰਹੀ ਹੈ। ਇਸ ਖ਼ਤਰੇ ਤੋਂ ਬਚਣ ਲਈ ਨਵ-ਸਾਮਰਾਜਵਾਦ ਸੰਪ੍ਰਦਾਇਕਤਾ ਨੂੰ ਵਧਾਉਣ ਦਾ ਯਤਨ ਕਰਦਾ ਹੈ ਤੇ ਫਾਸ਼ੀਵਾਦ ਨੂੰ ਫੈਲਾਉਂਦਾ ਹੈ। ਭਾਰਤ ਵਿੱਚ ਨਵ-ਫਾਸ਼ੀਵਾਦ ਦਾ ਆਗਮਨ ਕੇਵਲ ਭਾਜਪਾ ਦੇ ਹਿੰਦੂ-ਰਾਸ਼ਟਰ ਨਾਲ ਹੀ ਨਹੀਂ ਜੁੜਿਆ ਹੋਇਆ ਬਲਕਿ ਇਸ ਲਈ ਪੂੰਜੀਵਾਦੀ ਨੀਤੀਆਂ ਦੀ ਸਿਆਸੀ ਚਾਲ ਵੀ ਜ਼ਿੰਮੇਵਾਰ ਹੈ। ਸੰਘ ਪਰਿਵਾਰ ਬਹੁਲਤਾਵਾਦੀ-ਸਭਿਆਚਾਰ (Multi Culture) ਦਾ ਕੱਟੜ ਵਿਰੋਧੀ ਹੈ ਅਤੇ ਪੁਰਾਣਕ ਸੰਸਕ੍ਰਿਤੀ ਦਾ ਪੱਖੀ ਹੈ। ਇਸੇ ਲਈ ਸੰਸਕ੍ਰਿਤੀ ਦੇ ਖੇਤਰ ਵਿੱਚ ਉਸ ਨੇ ਇਤਿਹਾਸ, ਪੁਰਾਣ, ਮਿੱਥ, ਪ੍ਰਤੀਕ ਆਦਿ ਵਿੱਚ ਘੁਸਪੈਠ ਕਰ ਲਈ ਹੈ। ਉਸ ਨੇ ਨਵੀਆਂ ਮਿੱਥਾ ਦਾ ਨਿਰਮਾਣ ਕੀਤਾ ਹੈ ਅਤੇ ਪ੍ਰਾਚੀਨ ਧਾਰਮਿਕ ਚਿੰਨ੍ਹਾਂ ਨੂੰ ਆਪਣੇ ਹਿੱਤਾਂ ਲਈ ਵਰਤਣ ਦਾ ਯਤਨ ਕੀਤਾ ਹੈ। ਭਾਜਪਾ ਕੇਵਲ ਹਿੰਦੂ-ਸੰਸਕ੍ਰਿਤੀ ਦਾ ਹੀ ਰਾਜ ਅਲਾਪ ਰਹੀ ਹੈ। ਭਾਜਪਾ ਦੇ ਸੱਤਾ ਵਿੱਚ ਆ ਜਾਣ ਤੋਂ ਬਾਅਦ ਤਾਂ ਕਾਰਪੋਰੇਟ-ਮੀਡੀਏ 'ਤੇ ਵੀ ਉਸ ਦਾ ਦਬ-ਦਬਾ ਹੋ ਗਿਆ ਹੈ।

ਅੱਜ ਇਰ ਪਾਸੇ ਸੰਘ ਪਰਿਵਾਰ ਦੁਆਰਾ ਜਦੋਂ ਸੰਵਿਧਾਨ ਤੇ ਕਾਨੂੰਨ ਨੂੰ

ਬਦਲਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤਾਂ ਦੂਸਰੇ ਪਾਸੇ ਅੰਤਰਰਾਸ਼ਟਰੀ ਪੂੰਜੀਵਾਦ ਵੀ ਇਹੀ ਚਾਹੁੰਦਾ ਹੈ। ਸੰਵਿਧਾਨ ਤੇ ਕਾਨੂੰਨ ਬਦਲਣ ਦੇ ਮਾਮਲੇ ਵਿੱਚ ਨਵ-ਸਾਮਰਾਜਵਾਦ ਅਤੇ ਮਨੂੰਵਾਦ ਦੇ ਦ੍ਰਿਸ਼ਟੀਕੋਣ ਵਿੱਚ ਭਾਵੇਂ ਕਿਤੇ-ਕਿਤੇ ਭਿੰਨਤਾ ਵੇਖੀ ਜਾ ਸਕਦੀ ਹੈ ਪਰ ਕਿਤੇ ਨਾ ਕਿਤੇ ਦੋਵਾਂ ਦੇ ਹਿੱਤ ਸਾਂਝੇ ਜ਼ਰੂਰ ਹਨ। ਦੋਵੇਂ ਨਹੀਂ ਚਾਹੁੰਦੇ ਕਿ ਸੰਪਤੀ ਅਤੇ ਉਤਪਾਦਨ ਦੇ ਸਾਧਨਾਂ ਦੇ ਕੇਂਦਰੀਕਰਨ 'ਤੇ ਰੋਕ ਲਗਾਈ ਜਾਵੇ। ਇਸ ਤਰ੍ਹਾਂ ਦਿਨੋ-ਦਿਨ ਡੂੰਘਾ ਹੋ ਰਿਹਾ ਅੰਤਰਰਾਸ਼ਟਰੀ ਪੂੰਜੀਵਾਦ ਦਾ ਆਰਥਿਕ ਸੰਕਟ ਅਤੇ ਸੰਘ ਪਰਿਵਾਰ ਤੇ ਭਾਜਪਾ ਵਿੱਚ ਗਹਿਰੇ ਸੰਬੰਧ ਹਨ। ਸੋ, ਜਿੰਨੀ ਦੇਰ ਤੱਕ ਪੂੰਜੀਵਾਦੀ ਸੰਕਟ ਰਹੇਗਾ ਉਨੀ ਦੇਰ ਤੱਕ ਫਾਸ਼ੀਵਾਦ ਦਾ ਖਤਰਾ ਮੰਡਰਾਉਂਦਾ ਰਹੇਗਾ, ਭਾਵੇਂ ਕਿ ਫਾਸ਼ੀਵਾਦ ਤਾਕਤਾਂ ਸੱਤਾ ਵਿੱਚ ਨਾ ਵੀ ਰਹਿਣ ਮੌਜੂਦਾ ਨਵ-ਸਾਮਰਾਜਵਾਦ ਫਾਸ਼ੀਵਾਦ ਨੂੰ ਲੋਕਾਂ ਦੇ ਸਿਰ 'ਤੇ ਤਲਵਾਰ ਵਾਂਗ ਲਟਕਾਈ ਰੱਖਣਾ ਜ਼ਰੂਰੀ ਸਮਝਦਾ ਹੈ। ਇਸ ਲਈ ਲੋਕਾਂ ਦਾ ਧਿਆਨ ਵੰਡਣ ਲਈ ਰਾਜਨੀਤਕ ਅਤੇ ਸਮਾਜਿਕ ਤਾਣੇ ਬਾਣੇ ਵਿੱਚ ਫਾਸ਼ੀਵਾਦ ਦੀ ਮੌਜੂਦਗੀ ਕਿਸੇ ਖ਼ਤਰਨਾਕ ਰੋਗ ਵਾਂਗ ਬਣੀ ਰਹਿੰਦੀ ਹੈ।

ਵਿੱਤੀ ਪੂੰਜੀਵਾਦ ਦੇ ਇਸ ਦੌਰ ਵਿੱਚ ਜਿਉਂ-ਜਿਉਂ ਭਾਰਤੀ ਉਦਯੋਗਾਂ ਵਿੱਚੋਂ ਉਤਪਾਦਨ ਘਟ ਰਿਹਾ ਹੈ ਤਿਉਂ-ਤਿਉਂ ਪੂੰਜੀ ਦਾ ਅਣ-ਉਤਪਾਦਕ ਚਰਿੱਤਰ ਫਾਸ਼ੀਵਾਦ ਨੂੰ ਹੋਰ ਵੀ ਵਧਾ ਰਿਹਾ ਹੈ। ਉਤਪਾਦਨ ਦੀ ਥਾਂ ਕਰਜ਼ੇ ਅਤੇ ਸੱਟੇਬਾਜ਼ੀ ਨੇ ਪ੍ਰਮੁੱਖਤਾ ਹਾਸਲ ਕਰ ਲਈ ਹੈ। ਪ੍ਰਤੱਖ ਵਿਦੇਸ਼ੀ ਨਿਵੇਸ਼ (ਐਫ. ਡੀ. ਆਈ.) ਨੇ ਵਾਸਤਵਿਕ ਉਤਪਾਦਨ ਦੀ ਪ੍ਰਕਿਰਿਆ ਵਿੱਚ ਕੋਈ ਵਾਧਾ ਨਹੀਂ ਕੀਤਾ ਹੈ, ਜਿਸ ਦੇ ਸਿੱਟੇ ਵੱਜੋਂ ਲਾਭ ਕੇਵਲ ਇੱਥੋਂ ਦੇ ਅਮੀਰ ਲੋਕਾਂ ਨੂੰ ਹੀ ਪਹੁੰਚ ਰਿਹਾ ਹੈ ਅਤੇ ਹੇਠਲੇ ਵਰਗ ਦੇ ਲੋਕ ਗਰੀਬੀ ਦੀ ਜ਼ਿੰਦਗੀ ਜੀਣ ਲਈ ਮਜਬੂਰ ਹਨ। ਵਿੱਤੀ ਪੂੰਜੀ ਦੇ ਪ੍ਰਭਾਵ ਵਾਲੇ ਦੌਰ ਵਿੱਚ ਉਦਯੋਗਿਕ ਵਪਾਰਕ ਪੂੰਜੀ ਦਾ ਨਿਵੇਸ਼ ਘਟਾਇਆ ਜਾ ਰਿਹਾ ਹੈ ਅਤੇ ਵਿੱਤੀ ਪੂੰਜੀ ਦੇ ਖੇਲ ਰਾਹੀਂ ਹੀ ਪੂੰਜੀ ਪੈਦਾ ਕੀਤੀ ਜਾ ਰਹੀ ਹੈ, ਭਾਵ ਸੱਟਾ ਬਾਜ਼ਾਰ, ਸ਼ੇਅਰ ਬਾਜ਼ਾਰ, ਦਲਾਲੀ, ਕਮਿਸਨ, ਸੂਦਖੋਰੀ, ਤਸਕਰੀ ਆਦਿ ਰਾਹੀਂ ਬਿਨਾ ਕਿਸੇ ਰੋਜ਼ਗਾਰ ਦੇ ਮੁਨਾਫ਼ਾ ਕਮਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਭਾਵੇਂ ਕਿ ਇਸ ਵਿੱਤੀ ਵਪਾਰ ਰਾਹੀਂ ਭਾਰਤ ਨੂੰ ਅਰਬਾਂ-ਖਰਬਾਂ ਡਾਲਰ ਦੇ ਘਾਟੇ ਪੈ ਚੁੱਕੇ ਹਨ ਫਿਰ ਵੀ ਭਾਰਤ ਦੀਆਂ ਹਾਕਮ ਜਮਾਤਾਂ ਬਹੁਰਾਸ਼ਟਰੀ ਕੰਪਨੀਆਂ ਨੂੰ ਰਿਆਇਤਾਂ ਅਤੇ ਸਹੂਲਤਾਂ ਦੇ ਰਹੀਆਂ ਹਨ। ਨੋਟ-ਬੰਦੀ ਰਾਹੀਂ ਵੱਡੇ-ਕਾਰਪੋਰੇਟ ਘਰਾਣਿਆਂ ਨੂੰ ਅਰਬਾਂ ਖਰਬਾਂ ਦੇ ਮੁਨਾਫ਼ੇ ਪਹੁੰਚਾਏ ਗਏ ਹਨ। ਇਹ ਹਾਕਮ ਜਮਾਤਾਂ ਵਿਸ਼ਵ ਬੈਂਕ ਅਤੇ ਵਿਸ਼ਵ ਵਪਾਰ ਸੰਗਠਨ ਦੇ ਨਿਰਦੇਸ਼ਾਂ ਨੂੰ ਲਾਗੂ ਕਰ ਰਹੀਆਂ ਹਨ। ਇਸ ਤਰ੍ਹਾਂ ਦੇ ਮਹੌਲ ਵਿੱਚ ਤਾਨਾਸ਼ਾਹੀ ਵੱਧਣ ਦੇ ਪੂਰੇ ਮੌਕੇ ਮੁਹੱਈਆ ਹਨ।

ਅੱਜ ਭਾਰਤ ਦੀਆਂ ਹਾਕਮ ਜਮਾਤਾਂ 'ਨਹਿਰੂ ਮਾਡਲ' ਨੂੰ ਤੋੜ ਵਿਛੋੜਾ ਦੇ ਕੇ ਵਿਸ਼ਵੀਕਰਨ ਦਾ ਸਵਾਗਤ ਕਰ ਰਹੀਆਂ ਹਨ। ਇਸ ਦਾ ਮੁੱਖ ਕਾਰਨ ਇਹ ਹੈ ਕਿ ਪਿਛਲੇ ਸੱਤਰ ਸਾਲ ਦੇ ਪੂੰਜੀਵਾਦੀ ਵਿਕਾਸ ਦੇ ਸਿੱਟੇ ਵੱਜੋਂ ਭਾਰਤੀ ਬੁਰਜੂਆਜ਼ੀ ਦਾ

ਇੱਕ ਅਜਿਹਾ ਹਿੱਸਾ ਪੈਦਾ ਹੋ ਗਿਆ ਹੈ ਜੋ ਇਹ ਸੋਚਦਾ ਹੈ ਕਿ ਉਹ ਵਿਕਸਤ ਸਰਮਾਏਦਾਰੀ ਨਾਲ ਸਾਂਝ ਪਾ ਕੇ ਹੋਰ ਮੁਨਾਫ਼ਾ ਕਮਾ ਸਕਦਾ ਹੈ। ਇਸ ਤੋਂ ਇਲਾਵਾ ਕੌਮੀ ਸਰਮਾਏਦਾਰੀ ਦਾ ਇੱਕ ਵੱਡਾ ਹਿੱਸਾ ਵਿਕਸਤ ਸਰਮਾਏਦਾਰੀ ਸਾਹਮਣੇ ਵਿਛ ਚੁੱਕਾ ਹੈ ਅਤੇ ਉਨ੍ਹਾਂ ਦੇ ਹਰ ਜਾਇਜ਼-ਨਾਜਾਇਜ਼ ਨੂੰ 'ਜੀ ਆਇਆਂ' ਕਹਿ ਰਹਿਾ ਹੈ। ਕੌਮੀ ਸਰਮਾਏਦਾਰੀ ਦੀਆਂ ਇਨ੍ਹਾਂ ਨੀਤੀਆਂ ਲਈ ਅਤੇ ਰਾਜਨੀਤੀ ਦੀ ਸੁਰੱਖਿਆ ਲਈ ਲੋਕਾਂ ਦੇ ਅਧਿਕਾਰਾਂ ਅਤੇ ਸਟੇਟ ਸੈਕਟਰ ਨੂੰ ਤੋੜਨਾ ਲਾਜ਼ਮੀ ਹੈ। ਇਨ੍ਹਾਂ ਪ੍ਰਸਥਿਤੀਆਂ ਦੇ ਚੱਲਦਿਆਂ ਸਾਡੇ ਦੇਸ਼ ਵਿੱਚ ਨਵ-ਫਾਸ਼ੀਵਾਦ ਦਾ ਖ਼ਤਰਾ ਹੋਰ ਵੀ ਵੱਧ ਗਿਆ ਹੈ।

ਮੁੱਖ ਗੱਲ ਇਹ ਹੈ ਕਿ ਅਜੋਕਾ ਨਵ-ਫਾਸ਼ੀਵਾਦ ਭਾਰਤ ਵਿਚਲੇ ਵਰਗ ਆਧਾਰਿਤ ਸੰਗਠਨ, ਰਾਜਨੀਤੀ ਅਤੇ ਸੰਘਰਸ਼ਾਂ ਤੋਂ ਜਨਤਾ ਨੂੰ ਦੂਰ ਲੈ ਜਾ ਸਕਦਾ ਹੈ। ਜਿਵੇਂ ਅਸੀਂ ਵੇਖਦੇ ਹਾਂ ਕਿ ਸੰਘ ਪਰਿਵਾਰ ਦੁਆਰਾ ਲਗਾਇਆ ਜਾਣ ਵਾਲਾ ਹਿੰਦੂਵਾਦ ਦਾ ਨਾਅਰਾ ਗਰੀਬ ਹਿੰਦੂਆਂ ਦੇ ਪੱਖ ਵਿੱਚ ਵੀ ਨਹੀਂ ਹੈ ਬਲਕਿ ਇਹ ਨਾਅਰਾ ਇਜਾਰੇਦਾਰ ਪੂੰਜੀਪਤੀਆਂ ਅਤੇ ਬਹੁਰਾਸ਼ਟਰੀ ਕੰਪਨੀਆਂ ਦੇ ਪੱਖ ਵਿੱਚ ਹੈ। 'ਹਿੰਦੂਵਾਦ' ਦਾ ਨਾਅਰਾ ਕੇਵਲ ਤੇ ਕੇਵਲ ਵੋਟ ਬੈਂਟ ਨੂੰ ਪੱਕਿਆ ਕਰਨ ਲਈ ਅਤੇ ਜਨਤਾ ਦੀ ਜਮਾਤੀ ਏਕਤਾ ਨੂੰ ਤੋੜਨ ਲਈ ਹੀ ਲਗਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਵਰਣ-ਵਿਵਸਥਾ ਅਤੇ ਜਾਤੀ-ਪ੍ਰਥਾ ਆਦਿ ਹਿੰਦੂ ਕੱਟੜਪੁਣੇ ਦੇ ਹੀ ਅੰਗ ਹਨ।

ਵਿਸ਼ਵੀਕਰਨ ਤੇ ਉਦਾਰੀਕਰਨ ਸਦਕਾ ਭਾਰਤੀ ਸਮਾਜ ਵਿੱਚ ਗੈਰ-ਬਰਾਬਰੀ ਹੋਰ ਵੀ ਗਹਿਰੀ ਹੋਈ ਹੈ। ਕੌਮੀ ਬੁਰਜੂਆਜ਼ੀ ਦਾ ਇੱਕ ਹਿੱਸਾ ਅਤਿ-ਆਧੁਨਿਕ (ਉਤਰ-ਆਧੁਨਿਕ) ਹੁੰਦਾ ਜਾ ਰਿਹਾ ਹੈ ਅਤੇ ਜ਼ਿਆਦਾਤਰ ਲੋਕਾਂ ਲਈ ਨਾ ਕੋਈ ਰੁਜ਼ਗਾਰ ਹੈ ਤੇ ਨਾ ਹੀ ਆਪਣੀ ਸਥਿਤੀ ਨੂੰ ਸੁਧਾਰਨ ਦੇ ਮੌਕੇ ਹਨ। ਇਸ ਪ੍ਰਕਿਰਿਆ ਵਿੱਚ ਹੇਠਲਾ ਮੱਧ ਵਰਗ ਤੇ ਗਰੀਬ ਵਰਗ ਗਿਣਤੀ ਪੱਖੋਂ ਹਰ ਦਿਨ ਵੱਧ ਰਿਹਾ ਹੈ। ਸਵਾਲ ਪੈਦਾ ਹੁੰਦਾ ਹੈ ਕਿ ਕੀ ਫਾਸ਼ੀਵਾਦ ਨੂੰ ਇਨ੍ਹਾਂ ਦਬੇ-ਕੁਚਲੇ ਵਰਗਾਂ ਦੇ ਕ੍ਰੋਧ ਦਾ ਸ਼ਿਕਾਰ ਹੋਣਾ ਪਵੇਗਾ? ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇਕਰ ਦੇਸ਼ ਵਿੱਚ ਕੋਈ ਅਜਿਹੀ ਰਾਜਨੀਤੀ ਚੱਲ ਰਹੀ ਹੋਵੇ ਜੋ ਬਰਾਬਰੀ ਅਤੇ ਨਿਆਂ ਦਾ ਪੱਖ ਲੈਂਦੀ ਹੋਵੇ। ਧਰਮ ਨਿਰਪੱਖ ਰਾਜਨੀਤੀ ਕੋਲ ਤਾਂ ਅਜੇ ਤੱਕ ਵਿਸ਼ਵੀਕਰਨ ਤੇ ਨਿੱਜੀਕਰਨ ਦਾ ਕੋਈ ਸਮਾਜਿਕ ਤੇ ਆਰਥਿਕ ਬਦਲ ਨਹੀਂ ਹੈ। ਇਸ ਦਾ ਸਿੱਟਾ ਇਹ ਨਿਕਲੇਗਾ ਕਿ ਇਹ ਅਸੰਤੁਸ਼ਟ ਲੋਕ ਭਾਰਤੀ ਨਵ-ਫਾਸ਼ੀਵਾਦ ਦੇ ਗੁਰੀਲਿਆਂ ਦਾ ਹੀ ਕੰਮ ਕਰਨਗੇ। ਇਸ ਲਈ ਇਨਕਲਾਬੀ ਸੋਚ ਰੱਖਣ ਵਾਲੀਆਂ ਪਾਰਟੀਆਂ ਜਾਂ ਦਲਾਂ ਨੂੰ ਚਾਹੀਦਾ ਹੈ ਕਿ ਇਸ ਇਸ ਦੱਬੇ ਕੁਚਲੇ ਵਰਗ ਦੇ ਜ਼ਿਹਨ ਵਿੱਚ ਉਹ ਵਿਚਾਰ ਪਾਉਣ ਜੋ ਆਰਥਿਕ ਤੇ ਸਮਾਜਿਕ ਢਾਂਚੇ ਦੀ ਤਬਦੀਲੀ ਵੱਲ ਨੂੰ ਲੈ ਜਾਂਦੇ ਹੋਣ। ਇਸ ਤੋਂ ਬਿਨਾਂ ਇਹ ਮਸਲਾ ਹੱਲ ਹੋਣ ਵਾਲਾ ਨਹੀਂ ਹੈ।

ਅੱਜ ਅਸੀਂ ਵੇਖ ਰਹੇ ਹਾਂ ਕਿ ਬੁਰਜੂਆ ਸਰਕਾਰਾਂ (ਖਾਸ ਕਰਕੇ ਭਾਜਪਾ) ਨਾਅਰਾ ਤਾਂ ਸਵਦੇਸ਼ੀ (Make in India) ਦਾ ਦੇ ਰਹੀਆਂ ਹਨ ਪਰ ਹਕੀਕਤ ਵਿੱਚ ਇਹ ਆਪਣੇ ਸਾਰੇ ਉਦਯੋਗਿਕ ਧੰਦਿਆਂ ਜਾਂ ਤਾਂ ਖ਼ਤਮ ਕਰ ਰਹੀਆਂ ਹਨ ਤੇ ਜਾਂ ਫਿਰ ਬਹੁਰਾਸ਼ਟਰੀ ਕੰਪਨੀਆਂ ਨੂੰ ਵੇਚ ਰਹੀਆਂ ਹਨ। ਉਹ ਜੰਗਲਾਂ, ਬਿਜਲੀ ਘਰਾਂ, ਸਟੇਸ਼ਨਾਂ, ਏਅਰਪੋਰਟਾਂ ਆਦਿ ਨੂੰ ਵੇਚ-ਵੇਚ ਕੇ ਆਪਣੇ ਘਰ ਭਰ ਰਹੀਆਂ ਹਨ। ਭਾਰਤੀ ਸੰਸਕ੍ਰਿਤੀ ਨੂੰ ਉਨ੍ਹਾਂ ਨੇ ਮੰਦਰਾਂ ਤੇ ਉਤਸਵਾਂ ਤੱਕ ਹੀ ਸੀਮਿਤ ਕਰਕੇ ਰੱਖ ਦਿੱਤਾ ਹੈ। ਹੌਲੀ-ਹੌਲੀ ਲੋਕ-ਕਲਿਆਣ ਵਾਲੀਆਂ ਯੋਜਨਾਵਾਂ ਸਮਾਪਤ ਕੀਤੀਆਂ ਜਾ ਰਹੀਆਂ ਹਨ। ਆਮ ਜਨਤਾ ਨੂੰ ਉਨ੍ਹਾਂ ਦੀਆਂ ਬੁਨਿਆਦੀ ਲੋੜਾਂ ਜਿਵੇਂ ਸਿੱਖਿਆ, ਸਿਹਤ, ਸਵੱਛ ਵਾਤਾਵਰਣ ਆਦਿ ਤੋਂ ਵੀ ਵਾਂਝੇ ਕੀਤਾ ਜਾ ਰਿਹਾ ਹੈ। ਅਜਿਹੇ ਦੌਰ ਵਿੱਚ ਕੇਵਲ ਉਹ ਹੀ ਜੀਅ ਸਕਣਗੇ ਜਿਨ੍ਹਾਂ ਕੋਲ ਕਾਲੇ/ਸਫੈਦ ਧਨ ਦੇ ਸ੍ਰੋਤ ਹਨ। ਰਾਜ ਦੀ ਜਵਾਬਦੇਹੀ ਖ਼ਤਮ ਕੀਤੀ ਜਾ ਰਹੀ ਹੈ। ਜਿਹੜੀਆਂ ਮੁੱਖ ਬੁਰਜੂਆ ਸਿਆਸੀ ਪਾਰਟੀਆਂ ਦੀ ਹੋਂਦ ਹੈ ਉਨ੍ਹਾਂ ਨੂੰ ਦੇਸੀ-ਵਿਦੇਸੀ ਕੰਪਨੀਆਂ ਹੀ ਪਾਲ ਰਹੀਆਂ ਹਨ। ਅਜਿਹੇ ਮਾਹੌਲ ਵਿੱਚ ਨਵ-ਫਾਸ਼ੀਵਾਦ ਦਾ ਉਭਰਨਾ ਲਾਜ਼ਮੀ ਹੋ ਜਾਂਦਾ ਹੈ। ਜਿੰਨੀ ਦੇਰ ਤੱਕ ਗੈਰ-ਬਰਾਬਰੀ ਵਾਲਾ ਮਾਹੌਲ ਰਹੇਗਾ ਉਨੀ ਦੇਰ ਦੇਰ ਤੱਕ ਫਾਸ਼ੀਵਾਦ ਦਾ ਨਸੂਰ ਭਾਰਤੀ ਰਾਜਨੀਤੀ ਅਤੇ ਸਮਾਜ ਵਿੱਚ ਬਣਿਆ ਰਹੇਗਾ। ਕੇਵਲ ਵਰਗ-ਸੰਘਰਸ਼ ਦੀ ਰਾਜਨੀਤੀ ਨੂੰ ਅਗਾਂਹ ਵਧਾਉਣ ਦੀ ਪ੍ਰਕਿਰਿਆ ਵਿੱਚ ਹੀ ਨਵ-ਫਾਸ਼ੀਵਾਦ ਨੂੰ ਹਰਾਉਣ ਦੀ ਲੜਾਈ ਲੜੀ ਜਾ ਸਕਦੀ ਹੈ। ਇਹ ਕੰਮ ਮੁਸ਼ਕਿਲ ਜ਼ਰੂਰ ਹੈ ਪਰ ਅਸੰਭਵ ਬਿਲਕੁਲ ਵੀ ਨਹੀਂ। ਅੱਜ ਲੋੜ ਹੈ ਕਿ ਅਗਾਂਹਵਧੂ ਸ਼ਕਤੀਆਂ ਇਕੱਠੀਆਂ ਹੋ ਕੇ ਇਸ ਸਭ ਕਾਸੇ ਵਿਰੁੱਧ ਸੰਘਰਸ਼ ਆਰੰਭ ਕਨਰ। ਅੱਜ ਜ਼ਰੂਰਤ ਉਸ ਤਰ੍ਹਾਂ ਦੀ ਰਾਜਨੀਤੀ ਦੀ ਹੈ ਜੋ ਅੱਜ ਨੂੰ ਕੱਲ੍ਹ ਨਾਲ ਜੋੜ ਸਕੇ। ਭਾਵ, ਲੋਕਾਂ ਨੂੰ ਬੁਨਿਆਦੀ ਤਬਦੀਲੀ ਵੱਲ ਲੈ ਜਾ ਸਕਣ ਵਾਲੀ ਸਿਆਸਤ ਹੀ ਉਪਰੋਕਤ ਮਸਲਿਆਂ ਦਾ ਕੋਈ ਠੋਸ ਹੱਲ ਪੇਸ਼ ਕਰ ਸਕਦੀ ਏ। ਸਰਮਾਏਦਾਰੀ ਆਧਾਰਿਤ ਸਿਆਸਤ ਜਿਹੜੀ ਕਿ ਆਪਣੇ-ਆਪ ਵਿੱਚ ਇੱਕ ਸੰਕਟ ਬਣ ਚੁੱਕੀ ਹੈ, ਉਸ ਕੋਲੋਂ ਲੋਕਾਂ ਦੇ ਸੰਕਟਾਂ ਦੇ ਹੱਲ ਦੀ ਉਮੀਦ ਰੱਖਣਾ ਹੁਣ ਗਲਤ ਹੀ ਨਹੀਂ ਬਲਕਿ ਅਸੰਭਵ ਵੀ ਹੈ ਕਿਉਂਕਿ ਬੁਰਜੂਆ ਸਿਆਸਤ ਵੀ ਹੁਣ ਉਸ ਤਰ੍ਹਾਂ ਦੀ ਨਹੀਂ ਜਿਸ ਤਰ੍ਹਾਂ ਦੀ ਆਜ਼ਾਦੀ ਵੇਲੇ ਸੀ। ਪਿਛਲੇ ਸੱਤਰ ਸਾਲ ਦੇ ਪੂੰਜੀਵਾਦੀ ਵਿਕਾਸ ਨੇ ਇਸ ਸਿਆਸਤ ਨੂੰ ਉਸ ਪੜਾਅ 'ਤੇ ਪਹੁੰਚਾ ਦਿੱਤਾ ਹੈ ਜਿੱਥੇ ਉਹ ਆਮ ਲੋਕਾਂ ਤੋਂ ਵੱਖਰੀ ਹੋ ਚੁੱਕੀ ਅਤੇ ਹਿੰਦੋਸਤਾਨ ਨੂੰ ਵਿਕਸਤ ਸਰਮਾਏਦਾਰੀ ਨੂੰ ਵੇਚਣ ਵਿੱਚ ਸਿੱਧੇ-ਅਸਿੱਧੇ ਢੰਗ ਨਾਲ ਹੀ ਉਸ ਨੂੰ ਆਪਣੇ ਹਿੱਤ ਨਜ਼ਰ ਆ ਰਹੇ ਹਨ। ਅਜਿਹੇ ਘੋਰ ਸੰਕਟ ਦੇ ਸਮੇਂ ਵਿੱਚ ਉਹ ਇੱਥੇ ਫਾਸ਼ੀਵਾਦ ਨੂੰ ਲਿਆਉਣ ਵਿੱਚ ਵੀ ਢਿੱਲ ਨਹੀਂ ਵਰਤੇਗੀ। ਅਜਿਹਾ ਕਰਨ ਵਿੱਚ ਵਿੱਤੀ-ਪੂੰਜੀ ਅਤੇ ਵਿਸ਼ਵ ਸਰਮਾਏਦਾਰੀ ਦੇ ਹਿੱਤ ਪੂਰੇ ਹੋ ਸਕਦੇ ਹਨ।

***

ਅਸੀਂ ਡਰ ਗਏ ਹਾਂ ਜਾਂ ਡਰਾ ਦਿੱਤੇ ਗਏ ਹਾਂ?

-ਸੁਕੀਰਤ

ਪਿਛਲੇ ਪੰਜ ਦਿਨਾਂ ਤੋਂ ਮੈਂ ਅਖਬਾਰਾਂ ਵਿਚ ਇਕ ਖਬਰ ਲੱਭ ਰਿਹਾ ਹਾਂ, ਜੋ ਕਿਸੇ ਵੀ ਅਖਬਾਰ ਵਿਚ ਲੱਭ ਨਹੀਂ ਰਹੀ। ਮੈਂ ਉਨ੍ਹਾਂ ਲੋਕਾਂ ਵਿਚੋਂ ਹਾਂ, ਜੋ ਰੋਜ਼ਾਨਾ ਇਕ ਦੋ ਨਹੀਂ ਅੱਠ-ਦਸ ਅਖਬਾਰ ਫਰੋਲਦੇ ਹਨ। ਪਰ ਇਹ ਖਬਰ ਕਿਸੇ ਨੇ ਨਹੀਂ ਚੁੱਕੀ, ਇਸ ਘਟਨਾ ਬਾਰੇ ਕਿਧਰੇ ਕੋਈ ਜ਼ਿਕਰ ਨਹੀਂ ਲੱਭਦਾ। ਜਿਵੇਂ ਸਾਰੀਆਂ ਅਖਬਾਰਾਂ ਨੂੰ ਸੱਪ ਸੁੰਘ ਗਿਆ ਹੋਵੇ।

ਇਹੋ ਅਖਬਾਰਾਂ, ਜੋ ਪਿਛਲੇ ਇਕ ਮਹੀਨੇ ਤੋਂ 'ਪਦਮਾਵਤੀ' ਨਾਂਅ ਦੀ ਅਣਦੇਖੀ ਫਿਲਮ ਦੇ ਪਾੜਛੇ ਲਾਹ-ਲਾਹ ਸਫ਼ੇ ਭਰ ਰਹੀਆਂ ਹਨ, ਇਹੋ ਚੈਨਲ ਜੋ ਕਿਸੇ ਕੱਲ੍ਹ ਤੱਕ ਅਣਜਾਣੀ 'ਕਰਨੀ ਸੈਨਾ' ਦੇ ਨੁਮਾਇੰਦਿਆਂ ਨੂੰ ਰੋਜ਼ ਚੀਕ-ਚਿਹਾੜਾ ਪਾਉਣ ਦੀ ਸਟੇਜ ਮੁਹੱਈਆ ਕਰ ਰਹੇ ਹਨ; ਇਨ੍ਹਾਂ ਵਿੱਚੋਂ ਕਿਸੇ ਇਕ ਨੇ ਵੀ ਇਸ ਗੱਲ ਦਾ ਜ਼ਿਕਰ ਕਰਨਾ ਵੀ ਯੋਗ ਨਹੀਂ ਸਮਝਿਆ ਕਿ ਸੀ.ਬੀ.ਆਈ ਦੇ ਜੱਜ ਬ੍ਰਿਜਗੋਪਾਲ ਹਰੀਕਿਸ਼ਨ ਲੋਇਆ ਦੀ, ਉਸ ਦੇ ਪਰਵਾਰਕ ਮੈਂਬਰਾਂ ਦੇ ਦੱਸਣ ਮੁਤਾਬਕ, ਸ਼ੱਕੀ ਹਾਲਾਤ ਵਿਚ ਮੌਤ ਹੋਈ ਸੀ ਅਤੇ ਇਸ ਮੌਤ ਦੀ ਤਹਿਕੀਕਾਤ ਹੋਣੀ ਚਾਹੀਦੀ ਹੈ। ਸਿਰਫ਼ ਏਨਾ ਹੀ ਨਹੀਂ, ਉਨ੍ਹਾਂ ਨੇ ਇਹ ਵੀ ਦੱਸਿਆ ਹੈ ਆਪਣੀ ਮੌਤ ਤੋਂ ਪਹਿਲਾਂ ਜੱਜ ਲੋਇਆ ਦੇ ਹੱਥ ਇਕੋ ਇਕ ਕੇਸ ਸੀ, ਜਿਸ ਨੂੰ ਆਰੋਪੀ ਦੇ ਹੱਕ ਵਿਚ ਭੁਗਤਾਉਣ ਲਈ ਵੇਲੇ ਦੇ ਬੰਬਈ ਹਾਈ ਕੋਰਟ ਦੇ ਮੁੱਖ-ਨਿਆਂਧੀਸ਼ ਮੋਹਿਤ ਸ਼ਾਹ ਨੇ ਜੱਜ ਲੋਇਆ ਨੂੰ 100 ਕਰੋੜ ਦੁਆਉਣ ਦੀ ਪੇਸ਼ਕਸ਼ ਕੀਤੀ ਸੀ।

ਕਿਸੇ ਵੀ ਦੇਸ ਦੇ ਮੀਡੀਆ ਲਈ ਇਹੋ ਜਿਹੀ ਖਬਰ ਨਿਹਾਇਤ ਮਹੱਤਵਪੂਰਨ ਹੈ, ਅਤੇ ਸਾਧਾਰਣ ਹਾਲਾਤ ਵਿਚ ਹਰ ਅਖਬਾਰ, ਹਰ ਟੀ ਵੀ ਚੈਨਲ ਨੇ ਇਹੋ ਜਿਹੇ ਸਨਸਨੀਖੇਜ਼ ਖੁਲਾਸੇ ਦੀ ਤਹਿਕੀਕਾਤ ਕਰਨ ਲਈ ਦਿਨ-ਰਾਤ ਇਕ ਕਰ ਦੇਣਾ ਸੀ। ਪਰ ਸਾਡਾ ਦੇਸ ਬਿਲਕੁਲ 'ਅਸਾਧਾਰਣ' ਹਾਲਾਤ ਵਿਚੋਂ ਲੰਘ ਰਿਹਾ ਹੈ ਅਤੇ ਕੇਸ ਅਸਲੋਂ 'ਅਸਾਧਾਰਣ' ਆਰੋਪੀ ਨਾਲ ਜੁੜਿਆ ਹੋਣ ਕਰਕੇ ਸਾਰਿਆਂ ਨੇ ਚੁੱਪੀ ਵੱਟ ਲਈ ਹੈ, ਆਪਣੇ ਬੁੱਲ੍ਹ ਸੀ ਲਏ ਹਨ।

ਵਿਸ਼ੇਸ਼ ਸੀ.ਬੀ.ਆਈ ਅਦਾਲਤ ਦਾ ਮਰਹੂਮ ਜੱਜ ਬ੍ਰਿਜਗੋਪਾਲ ਹਰੀਕਿਸ਼ਨ ਲੋਇਆ ਉਸ ਕੇਸ ਦੀ ਸੁਣਵਾਈ ਕਰ ਰਿਹਾ ਸੀ ਜਿਸ ਦਾ ਮੁੱਖ ਆਰੋਪੀ ਇਸ ਸਮੇਂ

ਭਾਰਤ ਵਿਚ ਰਾਜ ਕਰ ਰਹੀ ਪਾਰਟੀ ਦਾ ਪ੍ਰਧਾਨ ਅਮਿਤ ਸ਼ਾਹ ਹੈ।

ਸਭ ਤੋਂ ਪਹਿਲੋਂ ਇਸ ਕੇਸ ਬਾਰੇ। ਇਹ ਮਾਮਲਾ ਨਵੰਬਰ 2005 ਵਿਚ ਗੁਜਰਾਤ ਪੁਲਸ ਰਾਹੀਂ ਮਾਰੇ ਗਏ ਸੋਹਰਾਬੁਦੀਨ ਦੀ ਕਥਿਤ ਤੌਰ 'ਤੇ 'ਝੂਠੇ ਮੁਕਾਬਲੇ' ਵਿਚ ਹੱਤਿਆ ਕੀਤੇ ਜਾਣ ਦਾ ਕੇਸ ਸੀ, ਜਿਸ ਵਿਚ ਦਾਇਰ ਦੋਸ਼ਾਂ ਮੁਤਾਬਕ ਇਹ ਹੱਤਿਆ ਗੁਜਰਾਤ ਦੇ ਵੇਲੇ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਇਸ਼ਾਰਿਆਂ ਉਤੇ ਕੀਤੀ ਗਈ। ਇਸ ਕੇਸ ਵਿਚ ਲਗਾਤਾਰ ਹੋ ਰਹੀ ਸਿਆਸੀ ਦਖਲਅੰਦਾਜ਼ੀ ਨੂੰ ਦੇਖਦਿਆਂ ਸੁਪਰੀਮ ਕੋਰਟ ਨੇ ਇਸਨੂੰ ਸੀ.ਬੀ.ਆਈ ਦੀ ਵਿਸ਼ੇਸ਼ ਅਦਾਲਤ ਦੇ ਹੱਥ ਵਿਚ ਸੌਂਪ ਦਿੱਤਾ ਅਤੇ ਨਾਲ ਦੋ ਹਦਾਇਤਾਂ ਵੀ ਕੀਤੀਆਂ: 1) ਇਹ ਕੇਸ ਦੀ ਸੁਣਵਾਈ ਗੁਜਰਾਤ ਤੋਂ ਬਾਹਰ (ਮੁੰਬਈ) ਵਿਚ ਹੋਵੇਗੀ 2) ਕੇਸ ਸ਼ੁਰੂ ਹੋਣ ਤੋਂ ਲੈ ਕੇ ਇਸਦੇ ਮੁੱਕਣ ਤੀਕ ਇਹ ਇਕੋ ਜੱਜ ਦੇ ਅਧੀਨ ਰਹੇਗਾ। ਇਸਦਾ ਜੱਜ ਸ੍ਰੀ ਉਤਪਤ ਨੂੰ ਥਾਪਿਆ ਗਿਆ।

ਪਰ ਲਗਾਤਾਰ ਪੈਂਦੀਆਂ ਅਤੇ ਮੁਲਤਵੀ ਹੁੰਦੀਆਂ ਤਰੀਕਾਂ ਦੇ ਬਾਵਜੂਦ ਅਮਿਤ ਸ਼ਾਹ ਇਕ ਵਾਰ ਵੀ ਅਦਾਲਤ ਸਾਹਮਣੇ ਪੇਸ਼ ਨਾ ਹੋਇਆ। ਅਮਿਤ ਸ਼ਾਹ ਦੇ ਇਸ ਵਰਤਾਰੇ ਨੂੰ ਦੇਖਦਿਆਂ ਜੱਜ ਉਤਪਤ ਨੇ 26 ਜੂਨ 2014 ਦੀ ਤਰੀਕ ਮਿਥ ਕੇ ਉਸ ਨੂੰ ਹਰ ਸੂਰਤ ਵਿਚ ਉਸ ਦਿਨ ਅਦਾਲਤ ਵਿਚ ਪੇਸ਼ ਹੋਣ ਦੇ ਹੁਕਮ ਜਾਰੀ ਕਰ ਦਿੱਤੇ। ਅਮਿਤ ਸ਼ਾਹ ਨੇ ਤਾਂ ਕੀ ਪੇਸ਼ ਹੋਣਾ ਸੀ, ਇਸ ਮਿੱਥੀ ਪੇਸ਼ੀ ਤੋਂ ਐਨ ਇਕ ਦਿਨ ਪਹਿਲਾਂ ਜੱਜ ਉਤਪਤ ਨੂੰ ਹੀ ਤਬਦੀਲ ਕਰਕੇ ਪੁਨੇ ਭੇਜ ਦਿੱਤਾ ਗਿਆ। ਇਹ ਸੁਪਰੀਮ ਕੋਰਟ ਦੇ ਨਿਰਦੇਸ਼ ਦੀ ਸਰਾਸਰ ਉਲੰਘਣਾ ਸੀ, ਪਰ ਉਦੋਂ ਤੱਕ ਕੇਂਦਰ ਵਿਚ ਨਰਿੰਦਰ ਮੋਦੀ ਦੀ ਅਗਵਾਈ ਹੇਠਲੀ ਭਾਜਪਾ ਸਰਕਾਰ ਆ ਚੁੱਕੀ ਸੀ।

ਹੁਣ ਜੱਜ ਉਤਪਤ ਦੀ ਥਾਂ ਬ੍ਰਿਜਗੋਪਾਲ ਹਰੀਕਿਸ਼ਨ ਲੋਇਆ ਨੂੰ ਜੱਜ ਥਾਪਿਆ ਗਿਆ, ਪਰ ਅਮਿਤ ਸ਼ਾਹ ਇਸ ਨਵੇਂ ਜੱਜ ਅੱਗੇ ਵੀ ਪੇਸ਼ ਨਾ ਹੋਇਆ । 31 ਅਕਤੂਬਰ ਨੂੰ ਜੱਜ ਲੋਇਆ ਨੇ ਅਮਿਤ ਸ਼ਾਹ ਦੇ ਲਗਾਤਾਰ ਗੈਰ-ਹਾਜ਼ਰ ਰਹਿਣ ਉਤੇ ਸਖਤ ਇਤਰਾਜ਼ ਉਠਾਉਂਦੇ ਹੋਏ ਮੁਕੱਦਮੇ ਦੀ ਸੁਣਵਾਈ ਦੀ ਅਗਲੀ ਤਰੀਕ 15 ਦਸੰਬਰ ਮਿੱਥੀ । ਏਸੇ ਦੌਰਾਨ, ਦੀਵਾਲੀ ਦੇ ਦਿਨਾਂ ਵਿਚ, ਜੱਜ ਲੋਇਆ ਨੇ ਆਪਣੇ ਪਿਤਾ ਹਰੀਕਿਸ਼ਨ ਅਤੇ ਭੈਣ ਅਨੁਰਾਧਾ ਬਿਆਨੀ ਨੂੰ ਦੱਸਿਆ ਕਿ ਮੁੰਬਈ ਹਾਈ ਕੋਰਟ ਦੇ ਚੀਫ਼ ਜਸਟਿਸ ਨੇ ਉਸ ਨੂੰ 100 ਕਰੋੜ ਅਤੇ ਸ਼ਹਿਰ ਵਿਚ ਇਕ ਫਲੈਟ ਦੁਆਉਣ ਦੀ ਪੇਸ਼ਕਸ਼ ਕੀਤੀ ਹੈ, ਬਸ਼ਰਤੇ ਉਹ ਅਮਿਤ ਸ਼ਾਹ ਦੇ ਹੱਕ ਵਿਚ ਫੈਸਲਾ ਦੇ ਕੇ ਉਸ ਨੂੰ ਬਰੀ ਕਰ ਦੇਵੇ। ਲੋਇਆ ਨੇ ਕਿਹਾ ਕਿ ਉਹ ਪਿੰਡ ਆ ਕੇ ਵਾਹੀ ਕਰਨ ਨੂੰ ਤਿਆਰ ਹੈ, ਪਰ ਇਹੋ ਜਿਹਾ ਜ਼ਮੀਰ-ਮਾਰੂ ਕੰਮ ਉਸ ਕੋਲੋਂ ਨਹੀਂ ਹੋ ਸਕਣਾ।

ਨਵੰਬਰ ਦੇ ਅੰਤ ਵਿਚ ਜੱਜ ਲੋਇਆ ਨੂੰ ਦੋ ਹੋਰ ਜੱਜਾਂ ਨੇ ਨਾਗਪੁਰ ਕਿਸੇ ਵਿਆਹ 'ਤੇ ਨਾਲ ਚੱਲਣ ਦਾ ਸੱਦਾ ਦਿੱਤਾ। ਲੋਇਆ ਅਨਮਨਾ ਜਿਹਾ ਸੀ ਪਰ ਉਨ੍ਹਾਂ ਦੇ ਇਸਰਾਰ ਕਰਨ ਉਤੇ ਜਾਣਾ ਮੰਨ ਗਿਆ। 30 ਨਵੰਬਰ 2014 ਦੀ ਰਾਤ, ਵਿਆਹ ਭੁਗਤਾ ਕੇ, ਰਾਤ ਦੇ 11 ਵਜੇ ਉਸ ਨੇ ਤਕਰੀਬਨ 40 ਮਿਨਟ ਆਪਣੀ ਪਤਨੀ

ਸ਼ਰਮਿਲਾ ਨਾਲ ਮੋਬਾਈਲ ਉਤੇ ਗੱਲਬਾਤ ਕੀਤੀ। ਉਸ ਨੇ ਇਹ ਵੀ ਦੱਸਿਆ ਕਿ ਉਹ ਸਾਰੇ ਨਾਗਪੁਰ ਦੇ ਇਕ ਸਰਕਾਰੀ ਮਹਿਮਾਨ-ਘਰ ਰਵੀ ਭਵਨ ਵਿਚ ਠਹਿਰੇ ਹੋਏ ਹਨ। ਇਹ ਉਸ ਦੀ ਆਪਣੇ ਘਰਦਿਆਂ ਨਾਲ ਆਖਰੀ ਗੱਲਬਾਤ ਸੀ।

ਪਹਿਲੀ ਦਸੰਬਰ 2014 ਨੂੰ ਤੜਕੇ 5 ਵਜੇ ਜੱਜ ਲੋਇਆ ਦੇ ਪਰਵਾਰ ਨੂੰ ਫੋਨ ਆਉਣੇ ਸ਼ੁਰੂ ਹੋਏ ਕਿ ਬੀਤੀ ਰਾਤ ਉਸ ਨੂੰ ਦਿਲ ਦਾ ਦੌਰਾ ਪਿਆ ਸੀ ਅਤੇ ਦੋ ਹਸਪਤਾਲਾਂ ਵਿਚ ਲਿਜਾਣ ਦੇ ਬਾਵਜੂਦ ਉਸ ਨੂੰ ਬਚਾਇਆ ਨਾ ਜਾ ਸਕਿਆ ਅਤੇ ਉਸ ਦੀ ਮੌਤ ਹੋ ਗਈ ਹੈ। ਪਰਵਾਰ ਨੂੰ ਇਹ ਵੀ ਦੱਸਿਆ ਗਿਆ ਕਿ ਲਾਸ਼ ਨੂੰ ਉਨ੍ਹਾਂ ਦੇ ਜੱਦੀ ਪਿੰਡ ਗਾਟੇਗਾਓਂ ਪੁਚਾਉਣ ਦੇ ਇੰਤਜ਼ਾਮ ਕਰ ਦਿੱਤੇ ਗਏ ਹਨ ਅਤੇ ਸਾਰੇ ਓਥੇ ਹੀ ਪਹੁੰਚਣ। ਫੋਨ ਕਰਨ ਵਾਲਾ ਬੰਦਾ ਲਾਤੂਰ ਦਾ ਆਰ.ਐੱਸ.ਐੱਸ. ਵਰਕਰ ਈਸ਼ਵਰ ਬਹੇਤੀ ਸੀ। ਉਸ ਸਮੇਂ ਪਰਵਾਰ ਦੇ ਮੈਂਬਰ (ਮ੍ਰਿਤਕ ਦੀ ਪਤਨੀ ਅਤੇ ਪੁੱਤਰ, ਭੈਣਾਂ, ਪਿਤਾ) ਵੱਖੋ-ਵੱਖ ਥਾਂਈਂ ਖਿੰਡਰੇ ਹੋਏ ਸਨ ਅਤੇ ਸਾਰਿਆਂ ਨੇ ਗਾਟੇਗਾਓਂ ਪਹੁੰਚਣ ਦੇ ਇੰਤਜ਼ਾਮ ਕਰਨੇ ਸ਼ੁਰੂ ਕਰ ਦਿੱਤੇ। ਸੋਗ ਅਤੇ ਹਰਫ਼ਲ ਦੀ ਉਸ ਘੜੀ ਕਿਸੇ ਨੇ ਨਾ ਸੋਚਿਆ ਕਿ ਮ੍ਰਿਤਕ ਨੂੰ ਉਸ ਦੇ ਜੱਦੀ ਪਿੰਡ ਹੀ ਭੇਜਣ ਦਾ ਫੈਸਲਾ ਕਰਨ ਵਾਲਾ ਕੌਣ ਸੀ ਜਾਂ ਇਸ ਈਸ਼ਵਰ ਬਹੇਤੀ ਨੂੰ ਇਹ ਜ਼ਿੰਮੇਵਾਰੀ ਕਿਸ ਨੇ ਸੌਂਪੀ ਕਿ ਨਾਗਪੁਰ ਹੋਈ ਮੌਤ ਦੀ ਸੂਚਨਾ ਅਤੇ ਇੰਤਜ਼ਾਮਾਂ ਬਾਰੇ ਜਾਣਕਾਰੀ ਪਰਵਾਰ ਨੂੰ ਉਹੋ ਮੁਹੱਈਆ ਕਰੇ।

ਜੱਜ ਲੋਇਆ ਦੀ ਦੇਹ ਨੂੰ ਰਾਤ 11.30 ਵਜੇ ਐਂਬੂਲੈਂਸ ਡਰਾਈਵਰ ਗਾਟੇਗਾਓਂ ਪੁਚਾਉਣ ਆਇਆ, ਉਸ ਦੇ ਨਾਲ ਹੋਰ ਕੋਈ ਵੀ ਨਹੀਂ ਸੀ। ਉਸ ਸਮੇਂ ਪਹਿਲਾ ਸ਼ੱਕ ਉਸ ਦੀ ਭੈਣ ਅਨੁਰਾਧਾ ਬਿਯਾਨੀ ਨੂੰ ਹੋਇਆ, ਜੋ ਪੇਸ਼ੇ ਤੋਂ ਖ਼ੁਦ ਡਾਕਟਰ ਹੈ। ਪਰਵਾਰ ਨੂੰ ਦੱਸਿਆ ਗਿਆ ਸੀ ਕਿ ਸਵੇਰੇ ਲਾਸ਼ ਦਾ ਪੋਸਟ-ਮਾਰਟਮ ਕਰਾ ਕੇ ਭੇਜਿਆ ਗਿਆ ਹੈ ਜਿਸ ਤੋਂ ਸਿੱਧ ਹੋਇਆ ਹੈ ਕਿ ਮੌਤ ਦਾ ਕਾਰਨ ਦਿਲ ਫਿਹਲੀ ਸੀ। ਪਰ ਅਨੁਰਾਧਾ ਨੇ ਆਪਣੇ ਭਰਾ ਦੇ ਕੱਪੜਿਆਂ ਉਤੇ ਖ਼ੂਨ ਦੇ ਨਿਸ਼ਾਨ ਦੇਖੇ। ਬਤੌਰ ਡਾਕਟਰ ਉਹ ਇਸ ਤੱਥ ਨਾਲ ਵਾਕਫ ਸੀ ਮ੍ਰਿਤਕ ਦੇਹ ਦੀ ਚੀਰ-ਫਾੜ ਸਮੇਂ ਖ਼ੂਨ ਨਹੀਂ ਨਿਕਲਦਾ ਕਿਉਂਕਿ ਉਸ ਸਮੇਂ ਦਿਲ ਅਤੇ ਫੇਫੜੇ ਖ਼ੂਨ ਨੂੰ ਪੰਪ ਕਰਨਾ ਬੰਦ ਕਰ ਚੁੱਕੇ ਹੁੰਦੇ ਹਨ। ਫੇਰ ਇਹ ਖ਼ੂਨ ਕਿਥੋਂ ਆਇਆ? ਉਸ ਨੇ ਆਪਣਾ ਤੌਖਲਾ ਜ਼ਾਹਰ ਕੀਤਾ ਵੀ ਪਰ ਉਸ ਨੂੰ ਸਲਾਹ ਦਿੱਤੀ ਗਈ ਕਿ ਉਹ ਇਸ ਨਾਜ਼ੁਕ ਸਮੇਂ ਸਸਕਾਰ ਹੋ ਲੈਣ ਦੇਵੇ ਅਤੇ ਮਾਮਲੇ ਨੂੰ ਹੋਰ ਨਾ ਉਲਝਾਏ। ਦੂਜੇ ਪਾਸੇ, ਜਦੋਂ ਬ੍ਰਿਜ ਲੋਇਆ ਦੀ ਪਤਨੀ ਅਤੇ ਪੁੱਤਰ ਅਨੁਜ ਕੁਝ ਹੋਰ ਜੱਜਾਂ ਦੇ ਨਾਲ ਮੁੰਬਈ ਤੋਂ ਗਾਟੇਗਾਓਂ ਆ ਰਹੇ ਸਨ ਤਾਂ ਰਾਹ ਵਿਚ ਇਕ ਜੱਜ ਲਗਾਤਾਰ ਇਹ ਸਲਾਹ ਦੇਂਦਾ ਰਿਹਾ ਕਿ ਅਨੁਜ ਆਪਣੇ ਪਿਤਾ ਦੀ ਮੌਤ ਬਾਰੇ ਕਿਸੇ ਨਾਲ ਕੋਈ ਗੱਲ ਨਾ ਕਰੇ। ਇਸ ਕਾਰਨ ਅਨੁਜ ਦੇ ਮਨ ਅੰਦਰ ਕੁਝ ਭੈਅ ਜਿਹਾ ਵੀ ਪੈਦਾ ਹੋ ਗਿਆ।

ਸਸਕਾਰ ਹੋ ਗਿਆ, ਪਰਵਾਰ ਨੇ ਸ਼ੱਕੀ ਹਾਲਤਾਂ ਵਿਚ ਹੋਈ ਜਾਪਦੀ ਮੌਤ ਦੀ

ਪੜਤਾਲ ਲਈ ਦਰਖਾਸਤ ਦਿੱਤੀ, ਪਰ ਉਨ੍ਹਾਂ ਦੀ ਕਿਸੇ ਨਾ ਸੁਣੀ। ਦੂਜੇ ਪਾਸੇ ਬ੍ਰਿਜ ਲੋਇਆ ਦੀ ਥਾਂ ਅਮਿਤ ਸ਼ਾਹ ਵਾਲਾ ਕੇਸ ਫਟਾਫਟ ਨਵੇਂ ਜੱਜ ਗੋਸਾਵੀ ਨੂੰ ਸੌਂਪ ਦਿੱਤਾ ਗਿਆ। ਉਸ ਨੇ 15 ਦਸੰਬਰ ਨੂੰ ਸੁਣਵਾਈ ਸ਼ੁਰੂ ਕੀਤੀ, ਤਿੰਨ ਦਿਨ ਅਮਿਤ ਸ਼ਾਹ ਦੇ ਬਚਾਅ ਵਕੀਲਾਂ ਨੇ ਉਸ ਦੇ ਹੱਕ ਵਿਚ ਪੈਰਵੀ ਕੀਤੀ, ਪਰ ਸੀ.ਬੀ.ਆਈ. ਦੇ ਵਕੀਲ ਨੇ 15 ਮਿਨਟ ਵਿਚ ਹੀ ਆਪਣੀ ਗੱਲ ਸਮੇਟ ਦਿੱਤੀ ਅਤੇ ਕੋਈ ਜਿਰਾਹ ਨਾ ਕੀਤੀ। 17 ਦਸੰਬਰ ਨੂੰ ਨਵੇਂ ਜੱਜ ਨੇ ਮੁਕੱਦਮਾ ਸਮੇਟ ਦਿੱਤਾ ਅਤੇ ਆਪਣਾ ਫੈਸਲਾ ਰਾਖਵਾਂ ਰਖ ਲਿਆ। 30 ਦਸੰਬਰ ਨੂੰ, ਜੱਜ ਲੋਇਆ ਦੀ ਮੌਤ ਦੇ ਮਹੀਨੇ ਦੇ ਅੰਦਰ-ਅੰਦਰ ਨਵੇਂ ਜੱਜ ਗੋਸਾਵੀ ਨੇ ਆਪਣਾ ਫੈਸਲਾ ਵੀ ਸੁਣਾ ਦਿੱਤਾ। ਉਸ ਨੇ ਕਿਹਾ ਕਿ ਉਹ ਬਚਾਅ ਵਕੀਲਾਂ ਦੀ ਇਸ ਦਲੀਲ ਤੋਂ ਕਾਇਲ ਹੈ ਕਿ ਅਮਿਤ ਸ਼ਾਹ ਦੇ ਵਿਰੁੱਧ ਸੀ.ਬੀ.ਆਈ. ਨੇ ਨਿਰੋਲ ਸਿਆਸੀ ਮੰਤਵਾਂ ਕਾਰਨ ਮੁਕੱਦਮਾ ਦਾਇਰ ਕੀਤਾ ਸੀ, ਅਤੇ ਉਸ ਨੂੰ ਬਰੀ ਕਰ ਦਿੱਤਾ। ਸੀ.ਬੀ.ਆਈ. ਨੇ ਇਸ ਫੈਸਲੇ ਵਿਰੁੱਧ ਅਪੀਲ ਕਰਨ ਵੱਲ ਮੂੰਹ ਹੀ ਨਾ ਕੀਤਾ ਅਤੇ ਮਾਮਲਾ ਉਥੇ ਹੀ ਖਤਮ ਹੋ ਗਿਆ। ਓਸੇ ਦਿਨ ਮਹੇਂਦਰ ਧੋਨੀ ਨੇ ਟੈਸਟ ਕ੍ਰਿਕਟ ਤੋਂ ਰਿਟਾਇਰ ਹੋਣ ਦਾ ਐਲਾਨ ਕੀਤਾ ਸੀ, ਸੋ ਉਸ ਸਮੇਂ ਸਾਡੀ ਕ੍ਰਿਕੇਟ ਪ੍ਰੇਮੀ ਕੌਮ ਦੇ ਸਾਰੇ ਚੈਨਲ ਅਤੇ ਸਾਰੀਆਂ ਅਖਬਾਰੀ ਸੁਰਖੀਆਂ ਇਸ ਧਮਾਕੇਦਾਰ ਖਬਰ ਨੇ ਮੱਲੇ ਹੋਏ ਸਨ; ਅਮਿਤ ਸ਼ਾਹ ਦੇ ਬਾਇਜ਼ਤ ਬਰੀ ਹੋ ਜਾਣ ਵੱਲ ਕਿਸੇ ਦਾ ਬਹੁਤਾ ਧਿਆਨ ਹੀ ਨਾ ਗਿਆ।

ਪਰ 48 ਸਾਲਾਂ ਦੇ ਸਿਹਤਮੰਦ ਜੱਜ ਲੋਇਆ, ਜਿਸ ਨੂੰ ਸ਼ੂਗਰ ਜਾਂ ਬਲੱਡ ਪ੍ਰੈਸ਼ਰ ਵਰਗੀ ਵੀ ਕੋਈ ਬੀਮਾਰੀ ਨਹੀਂ ਸੀ, ਦੀ ਅਚਾਨਕ ਮੌਤ ਉਸ ਦੇ ਪਰਵਾਰ ਦੇ ਮਨ ਵਿਚ ਕਈ ਸਵਾਲ ਖੜੇ ਕਰਦੀ ਸੀ। ਜਿਹੜੇ ਜੱਜ ਖੁਦ ਇਸਰਾਰ ਕਰਕੇ ਉਸ ਨੂੰ ਇਸ ਵਿਆਹ ਉਤੇ ਨਾਗਪੁਰ ਲੈ ਕੇ ਗਏ ਸਨ, ਉਹ ਮ੍ਰਿਤਕ ਦੀ ਦੇਹ ਦੇ ਨਾਲ ਕਿਉਂ ਨਾ ਆਏ? (ਸਗੋਂ ਉਹ ਪੂਰੇ 80 ਦਿਨ ਲੰਘਾ ਕੇ ਹੀ ਪਰਵਾਰ ਕੋਲ ਅਫ਼ਸੋਸ ਕਰਨ ਆਏ)। ਪੋਸਟ-ਮਾਰਟਮ ਕਰਾਉਣ ਲਈ ਪਰਵਾਰ ਦੇ ਕਿਸੇ ਮੈਂਬਰ ਕੋਲੋਂ ਮਨਜ਼ੂਰੀ ਕਿਉਂ ਨਾ ਮੰਗੀ ਗਈ, ਜਦਕਿ ਪੋਸਟ-ਮਾਰਟਮ ਦੀ ਰਿਪੋਰਟ ਦੇ ਹਰ ਸਫ਼ੇ ਉਤੇ ਕਿਸੇ ਨੇ ਮ੍ਰਿਤਕ ਦਾ 'ਚਚੇਰਾ ਭਾਈ' ਲਿਖ ਕੇ ਦਸਤਖਤ ਕੀਤੇ ਹੋਏ ਹਨ। (ਨਾਗਪੁਰ ਵਿਚ ਲੋਇਆ ਦਾ ਕੋਈ 'ਚਚੇਰਾ ਭਾਈ' ਨਹੀਂ ਰਹਿੰਦਾ)। ਪੋਸਟ-ਮਾਰਟਮ ਰਿਪੋਰਟ ਵਿਚ ਮੌਤ ਦਾ ਸਮਾਂ ਸਵੇਰ ਦੇ ਸਵਾ ਛੇ ਵਜੇ ਦਰਜ ਹੈ, ਜਦਕਿ ਪਰਵਾਰ ਨੂੰ ਸਵੇਰੇ ਪੰਜ ਹੀ ਫੋਨ ਆ ਗਿਆ ਸੀ ਕਿ ਬੀਤੀ ਰਾਤ ਜੱਜ ਲੋਇਆ ਚੱਲ ਵਸੇ ਹਨ। ਮ੍ਰਿਤਕ ਦੀ ਦੇਹ ਨੂੰ ਗਾਟੇਗਾਓਂ ਭੇਜਣ ਦਾ ਫੈਸਲਾ ਜਾਂ ਇਸ ਬਾਰੇ ਇੰਤਜ਼ਾਮ ਕਰਨ ਵਾਲਾ ਈਸ਼ਵਰ ਬਹੇਤੀ ਕੌਣ ਹੈ ਅਤੇ ਉਸ ਨੂੰ ਲਾਤੂਰ ਬੈਠੇ ਨੂੰ ਨਾਗਪੁਰ ਤੋਂ ਕੌਣ ਨਿਰਦੇਸ਼ ਦੇ ਰਿਹਾ ਸੀ? ਅਤੇ ਮ੍ਰਿਤਕ ਦੇ ਕੱਪੜਿਆਂ ਉਤੇ ਖੂਨ ਦੇ ਨਿਸ਼ਾਨ... ਸਵਾਲ ਅਣਗਿਣਤ ਹਨ ਤੇ ਹੈਣ ਵੀ ਇਹੋ ਜਿਹੇ ਕਿ ਕਿਸੇ ਕਾਲਪਨਿਕ ਜਾਸੂਸੀ ਨਾਵਲ ਦਾ ਪਲਾਟ ਸਿਰਜ ਸਕਦੇ ਹਨ।

ਜਦੋਂ ਪਰਵਾਰ ਨੂੰ ਕੋਈ ਸੁਣਵਾਈ ਨਾ ਹੁੰਦੀ ਦਿਸੀ, ਕਿਸੇ ਨੇ ਅਗਲੇਰੀ

ਤਫ਼ਤੀਸ਼ ਕਰਾਉਣ ਦੀ ਉਨ੍ਹਾਂ ਦੀ ਦਰਖਾਸਤ ਵੱਲ ਕੰਨ ਨਾ ਧਰੇ ਤਾਂ ਉਨ੍ਹਾਂ ਨੇ ਪੱਤਰਕਾਰ ਨਿਰੰਜਨ ਟਾਕਲੇ ਨਾਲ ਸੰਪਰਕ ਕੀਤਾ। ਟਾਕਲੇ ਨੇ ਪਰਵਾਰਕ ਮੈਂਬਰਾਂ (ਬ੍ਰਿਜ ਲੋਇਆ ਦੇ ਪਿਤਾ, ਭੈਣਾਂ ਅਤੇ ਭਣੇਵੀਂ) ਨਾਲ ਕਈ ਮੁਲਾਕਾਤਾਂ ਕਰਕੇ ਉਨ੍ਹਾਂ ਦਿਨਾਂ ਦੀਆਂ ਘਟਨਾਵਾਂ ਬਾਰੇ ਸਾਰੀ ਜਾਣਕਾਰੀ ਇਕੱਤਰ ਅਤੇ ਸੂਤਰਬੱਧ ਕੀਤੀ। ਨਾਗਪੁਰ ਦੇ ਹਸਪਤਾਲਾਂ-ਜਿੱਥੇ ਲੋਇਆ ਨੂੰ ਪਹਿਲੋਂ ਖੜਿਆ ਗਿਆ, ਅਤੇ ਮਗਰੋਂ ਉਸ ਦਾ ਪੋਸਟ ਮਾਰਟਮ ਕੀਤਾ ਗਿਆ- ਵਿਚ ਜਾ ਕੇ ਕਈ ਅਹਿਮ ਸੁਰਾਗ ਲੱਭੇ। ਨਾਗਪੁਰ ਸਦਰ ਦੇ ਪੁਲਸ ਕਰਮਚਾਰੀਆਂ ਨੂੰ ਮਿਲਿਆ। ਉਸ ਨੇ ਚੀਫ਼-ਜਸਟਿਸ ਮੋਹਿਤ ਸ਼ਾਹ, ਈਸ਼ਵਰ ਬਹੇਤੀ ਤੇ ਖੁਦ ਅਮਿਤ ਸ਼ਾਹ ਤੱਕ ਨਾਲ ਸੰਪਰਕ ਕੀਤਾ ਤਾਂ ਜੋ ਪਰਵਾਰ ਦੇ ਇਨ੍ਹਾਂ ਕਥਨਾਂ ਜਾਂ ਸੰਸਿਆਂ ਬਾਰੇ ਉਹ ਵੀ ਆਪਣਾ ਪੱਖ ਪੇਸ਼ ਕਰ ਸਕਣ। ਇਨ੍ਹਾਂ ਵਿਚੋਂ ਕਿਸੇ ਵੱਲੋਂ ਅਜੇ ਤੀਕ ਕੋਈ ਜਵਾਬ ਨਹੀਂ ਆਇਆ। ਜੱਜ ਲੋਇਆ ਦੀ ਪਤਨੀ ਅਤੇ ਪੁੱਤਰ ਨੇ ਵੀ ਉਸ ਨਾਲ ਇਸ ਕੇਸ ਬਾਰੇ ਕੋਈ ਗੱਲ ਕਰਨ ਤੋਂ ਇਨਕਾਰ ਕਰ ਦਿੱਤਾ, ਕਿਉਂਕਿ ਉਹ ਅਜੇ ਤੱਕ ਡਰੇ ਹੋਏ ਹਨ।

ਇਨ੍ਹਾਂ ਸਾਰੇ ਤੱਥਾਂ ਦੇ ਆਧਾਰ ਉਤੇ, ਕਈ ਅਹਿਮ ਸਵਾਲ ਖੜ੍ਹੇ ਕਰਦਾ ਨਿਰੰਜਨ ਟਾਕਲੇ ਦਾ ਲੰਮਾ ਲੇਖ 20 ਨਵੰਬਰ ਨੂੰ ਅੰਗਰੇਜ਼ੀ ਦੇ ਮਸ਼ਹੂਰ ਪੱਤਰ 'ਦੀ ਕੈਰੇਵੈਨ' ਨੇ ਨਸ਼ਰ ਕੀਤਾ। ਕਿਸੇ ਵੀ ਹੋਰ ਸਮੇਂ ਅਤੇ ਸਥਾਨ ਵਿਚ ਏਨੇ ਸਾਰੇ ਤੱਥ ਉਜਾਗਰ ਕਰਦਾ ਇਹੋ ਜਿਹਾ ਲੇਖ ਸਾਰੇ ਚੈਨਲਾਂ ਅਤੇ ਅਖਬਾਰਾਂ ਵਲੋਂ ਫੌਰਨ ਵਿਚਾਰਿਆ ਜਾਣਾ ਚਾਹੀਦਾ ਸੀ। ਅਖਬਾਰੀ ਸੁਰਖੀਆਂ ਵਿਚ ਤਰਥੱਲੀ ਮਚਣੀ ਚਾਹੀਦੀ ਸੀ। ਪਰ ਨਹੀਂ, ਏਥੇ ਤਾਂ ਸੰਪੂਰਨ ਸੰਨਾਟਾ ਛਾਇਆ ਹੋਇਆ ਹੈ : ਤਕਰੀਬਨ ਇਕ ਹਫ਼ਤਾ ਲੰਘ ਜਾਣ ਦੇ ਬਾਵਜੂਦ ਕਿਸੇ ਚੈਨਲ ਨੇ (ਸਿਵਾਏ ਐੱਨ.ਡੀ.ਟੀ.ਵੀ. ਵਾਲੇ ਰਵੀਸ਼ ਕੁਮਾਰ ਦੇ) ਇਸ ਬਾਰੇ ਚੂੰ ਵੀ ਨਹੀਂ ਕੀਤੀ, ਕਿਸੇ ਅਖਬਾਰ ਨੇ (ਸਿਵਾਏ ਵੈਬ ਉਤੇ ਪੜ੍ਹੀਆਂ ਜਾਣ ਵਾਲੀਆਂ ਅਖਬਾਰਾਂ ਦੇ) ਇਸ ਖੁਲਾਸੇ ਨੂੰ ਸੁਰਖੀਆਂ/ ਸੰਪਾਦਕੀਆਂ ਦੀ ਵਿਚ ਤਾਂ ਥਾਂ ਕੀ ਦੇਣੀ ਸੀ, ਕਿਸੇ ਆਖਰੀ ਸਫ਼ੇ ਉਤੇ ਵੀ ਥਾਂ ਨਹੀਂ ਦਿੱਤੀ।

ਇਹ ਕਿਹੋ ਜਿਹਾ ਦੌਰ ਹੈ, ਇਹ ਕਿਹੋ ਜਿਹਾ ਨਿਜ਼ਾਮ ਹੈ? ਮਹੀਨਿਆਂ ਬੱਧੀ ਚੈਨਲ ਅਤੇ ਅਖਬਾਰਾਂ ਕਿਸੇ ਮਿਥਹਾਸਕ ਰਾਣੀ ਦੀ 'ਬੇਪਤੀ' ਬਾਰੇ ਬਹਿਸਾਂ ਕਰ ਸਕਦੇ ਹਨ, ਕਿਸੇ ਨੌਜਵਾਨ ਸਿਆਸੀ ਆਗੂ ਦੀ ਅਖਾਉਤੀ 'ਸੈਕਸ ਸੀਡੀ' ਦਾ ਮਸਲਾ ਉਛਾਲ ਸਕਦੇ ਹਨ, ਕਿਸੇ ਸ਼ਹਿਰ ਵਿਚ ਗਊਆਂ ਦੀ ਤਸਕਰੀ ਦੇ ਹੌਲਨਾਕ ਤੱਥ ਪੇਸ਼ ਕਰ ਸਕਦੇ ਹਨ, ਯੂਨੀਵਰਸਟੀਆਂ ਵਿਚ ਜਾ ਜਾ ਕੇ 'ਦੇਸ਼ਧਰੋਹੀਆਂ' ਦੇ ਟੋਲੇ ਲੱਭ ਸਕਦੇ ਹਨ। ਅਤੇ ਇਹੋ ਜਿਹੇ ਮਸਲਿਆਂ ਉਤੇ ਇਕ ਨਹੀਂ, ਕਈ ਕਈ ਰਾਜਾਂ ਦੇ ਮੁੱਖ ਮੰਤਰੀ ਬਿਆਨ ਦਾਗ ਸਕਦੇ ਹਨ। ਪਰ ਇਕ ਸੀ.ਬੀ.ਆਈ. ਜੱਜ ਦੀ ਸ਼ੱਕੀ ਹਾਲਾਤ ਵਿਚ ਹੋਈ ਮੌਤ ਬਾਰੇ ਕੋਈ ਮੂੰਹ ਵੀ ਖੋਲ੍ਹਣ ਲਈ ਤਿਆਰ ਨਹੀਂ। ਸਵਾਲ ਇਹ ਨਹੀਂ ਕਿ ਅਸੀਂ ਡਰ ਗਏ ਹਾਂ ਜਾਂ ਡਰਾ ਦਿੱਤੇ ਗਏ ਹਾਂ। ਤੱਥ ਇਹ ਹੈ ਕਿ ਅਸੀਂ ਨਪੁੰਸਕ ਕੌਮ ਬਣਦੇ ਜਾ ਰਹੇ ਹਾਂ।

☆☆☆

ਮਾਮਲਾ ਸੋਹਰਾਬੁਦੀਨ ਸ਼ੇਖ ਵਾਲੇ ਮੁਕਾਬਲੇ ਦਾ
ਜੱਜ ਲੋਇਆ ਦੀ ਮੌਤ ਨਾਲ ਜੁੜੇ ਸੁਆਲ ਨਹੀਂ ਮਰ ਰਹੇ !

-ਬਖਤੌਰ ਢਿੱਲੋਂ, ਬਠਿੰਡਾ

ਪੋਸਟ-ਮਾਰਟਮ ਦੇ ਜ਼ਰੀਏ ਮੁਢਲੇ ਦੌਰ 'ਚ ਬੇਸ਼ੱਕ ਸਿਸਟਮ ਨੇ ਇਹ ਸਥਾਪਤ ਕਰਨ ਵਿੱਚ ਸਫ਼ਲਤਾ ਹਾਸਲ ਕਰ ਲਈ ਕਿ ਅਮਿਤ ਸ਼ਾਹ ਨਾਲ ਸੰਬੰਧਤ ਹਾਈ ਪ੍ਰੋਫਾਈਲ ਸੋਹਰਾਬੁਦੀਨ ਕੇਸ ਦੀ ਸੁਣਵਾਈ ਕਰ ਰਹੇ ਮੁੰਬਈ ਦੇ ਸੀ ਬੀ ਆਈ ਜੱਜ ਬ੍ਰਿਜ ਗੋਪਾਲ ਹਰੀ ਕਿਸ਼ਨ ਲੋਇਆ ਦੀ ਮੌਤ ਦਾ ਕਾਰਨ ਦਿਲ ਦਾ ਦੌਰਾ ਸੀ, ਪਰੰਤੂ ਤਿੰਨ ਸਾਲ ਪਹਿਲਾਂ ਵਾਪਰੇ ਇਸ ਕਾਂਡ ਦੀਆਂ ਹੁਣ ਤੱਕ ਦੀਆਂ ਪ੍ਰਸਥਿਤੀਆਂ ਦਾ ਜੇ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਇਹ ਇੱਕ ਜਾਗਦੀ ਜ਼ਮੀਰ ਵਾਲੇ ਜੱਜ ਦਾ ਯੋਜਨਾਬੱਧ ਸਾਜ਼ਿਸ਼ ਨਾਲ ਕੀਤਾ ਗਿਆ ਕਤਲ ਹੈ।

ਹਕੀਕਤ ਨੂੰ ਸਮਝਣ ਲਈ ਇਸ ਮਾਮਲੇ ਦੀ ਆਦਿ ਤੋਂ ਲੈ ਕੇ ਹੁਣ ਤੱਕ ਦੀ ਚੀਰਫਾੜ ਕਰਨੀ ਜ਼ਰੂਰੀ ਹੈ। 2005 ਵਿੱਚ ਗੁਜਰਾਤ ਪੁਲਸ ਦੇ ਝੂਠੇ ਮੁਕਾਬਲੇ ਵਿੱਚ ਮਾਰਿਆ ਗਿਆ ਸੋਹਰਾਬੁਦੀਨ ਸੀ ਕੌਣ? ਉਸ ਦੇ ਮਾਮਲੇ ਦੀ ਪੈਰਵੀ ਕਰਨ ਵਾਲੇ ਵਕੀਲਾਂ ਦਾ ਕਹਿਣਾ ਹੈ ਕਿ ਉਹ ਇੱਕ ਅਜਿਹਾ ਲੱਠਮਾਰ ਸੀ, ਜੋ ਆਪਣੇ ਆਕਾ ਤੇ ਉਸ ਵੇਲੇ ਦੇ ਗੁਜਰਾਤ ਦੇ ਗ੍ਰਹਿ ਮੰਤਰੀ ਸ੍ਰੀ ਅਮਿੱਤ ਸ਼ਾਹ ਜੋ ਅੱਜਕੱਲ੍ਹ ਭਾਜਪਾ ਦੇ ਕੌਮੀ ਪ੍ਰਧਾਨ ਹਨ, ਲਈ ਰਾਜਸਥਾਨ ਦੇ ਪੱਥਰ ਦੇ ਵਪਾਰੀਆਂ ਤੋਂ ਜਜ਼ੀਆ ਉਗਰਾਹਿਆ ਕਰਦਾ ਸੀ। ਠੀਕ-ਠਾਕ ਚੱਲ ਰਹੇ ਇਸ ਧੰਦੇ ਵਿੱਚ ਉਦੋਂ ਗੜਬੜ ਪੈਦਾ ਹੋ ਗਈ, ਜਦੋਂ ਰਾਜਸਥਾਨ ਦੀ ਭਾਜਪਾ ਸਰਕਾਰ ਨੇ ਇਸ ਦਾ ਨੋਟਿਸ ਲਿਆ। ਕਿਉਂਕਿ ਉਸ ਦੌਰ ਵਿੱਚ ਭਾਰਤੀ ਜਨਤਾ ਪਾਰਟੀ ਦੇ ਅੰਦਰ ਦਾ ਮਹੌਲ ਬਹੁਤਾ ਨਰਿੰਦਰ ਮੋਦੀ-ਅਮਿੱਤ ਸ਼ਾਹ ਦੀ ਜੋੜੀ ਦੇ ਮੁਆਫ਼ਕ ਨਹੀਂ ਸੀ, ਇਸ ਲਈ ਇਹ ਅਹਿਸਾਸ ਕਰਦਿਆਂ ਕਿ ਜੇਕਰ ਇਹ ਮਾਮਲਾ ਤੂਲ ਫੜ ਗਿਆ ਤਾਂ ਸਿਆਸੀ ਨੁਕਸਾਨ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਮੁੱਦੇ ਨੂੰ ਹਮੇਸ਼ਾ ਲਈ ਗਾਇਬ ਕਰਨ ਦੀ ਯੋਜਨਾ ਬਣਾਈ ਗਈ। ਅਚਨਚੇਤ ਇਹ ਖ਼ਬਰ ਮੀਡੀਆ ਦੀਆਂ ਸੁਰਖੀਆਂ ਦਾ ਸਿੰਗਾਰ ਬਣ ਜਾਂਦੀ ਹੈ ਕਿ ਸੋਹਰਾਬੁਦੀਨ ਇੱਕ ਕਥਿਤ ਮੁਕਾਬਲੇ ਦੌਰਾਨ ਗੁਜਰਾਤੀ ਪੁਲਸ ਅਫ਼ਸਰਾਂ ਦੇ ਇੱਕ ਅਜਿਹੇ 'ਖਾਸ ਸਕਵੈਡ' ਦੇ ਹੱਥੋਂ ਮਾਰਿਆ ਗਿਆ, ਜਿਸ ਦੀ ਸੂਬੇ ਦੇ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਨਾਲ ਡਾਢੀ ਨੇੜਤਾ ਹੈ। ਜ਼ਿਕਰਯੋਗ ਹੈ ਕਿ ਸੋਹਰਾਬੁਦੀਨ ਦੀ ਪਤਨੀ

ਕੌਸਰ ਬੀ ਦਾ ਵੀ ਕਤਲ ਹੋ ਗਿਆ ਸੀ।

ਸੋਹਰਾਬੂਦੀਨ ਦੇ ਭਰਾ ਰਬਾਬੂਦੀਨ ਵੱਲੋਂ ਦਾਇਰ ਕੀਤੀ ਪਟੀਸ਼ਨ ਨੂੰ ਗੰਭੀਰਤਾ ਨਾਲ ਲੈਂਦਿਆਂ ਦੇਸ਼ ਦੀ ਸੁਪਰੀਮ ਕੋਰਟ ਨੇ ਜਾਂਚ ਲਈ ਇਹ ਮਾਮਲਾ ਸੀ ਬੀ ਆਈ ਨੂੰ ਸੌਂਪ ਦਿੱਤਾ, ਜਾਂਚ ਰਿਪੋਰਟ ਮਿਲਣ 'ਤੇ ਸਰਵਉੱਚ ਅਦਾਲਤ ਨੇ ਜੋ ਹੁਕਮ ਪਾਸ ਕੀਤਾ, ਆਪਣੇ ਆਪ ਵਿੱਚ ਉਹ ਬਹੁਤ ਹੀ ਮਹੱਤਵਪੂਰਨ ਹੈ, ਕਿਉਂਕਿ ਭਵਿੱਖ ਵਿੱਚ ਹੋਣ ਵਾਲੀ ਕਿਸੇ ਵੀ ਜਾਂਚ ਦਾ ਮੁੱਖ ਅਧਾਰ ਇਹ ਦਸਤਾਵੇਜ਼ ਹੀ ਬਣੇਗਾ। ਸਰਵਉੱਚ ਅਦਾਲਤ ਨੇ ਸਬੂਤਾਂ ਦੇ ਖਾਤਮੇ ਤੋਂ ਲੈ ਕੇ ਸੋਹਰਾਬੂਦੀਨ ਦੇ ਕਥਿਤ ਮੁਕਾਬਲੇ ਨੂੰ ਇੱਕ ਗੰਭੀਰ ਅਪਰਾਧ ਪ੍ਰਵਾਨ ਕਰਦਿਆਂ ਮੁਕੱਦਮਾ ਦਰਜ ਕਰਨ ਦਾ ਹੀ ਹੁਕਮ ਨਹੀਂ ਸੀ ਦਿੱਤਾ, ਬਲਕਿ ਇਹ ਵੀ ਹਦਾਇਤ ਸੀ ਕਿ ਇਸ ਮਾਮਲੇ ਦੀ ਜਾਂਚ ਜਿੱਥੇ ਇੱਕੋ ਹੀ ਅਧਿਕਾਰੀ ਮੁਕੰਮਲ ਕਰੇਗਾ, ਉੱਥੇ ਸੁਣਵਾਈ ਗੁਜਰਾਤ ਤੋਂ ਬਾਹਰ ਮੁੰਬਈ ਦੀ ਸੀ ਬੀ ਆਈ ਅਦਾਲਤ ਵਿਖੇ ਹੋਵੇਗੀ। ਅਦਾਲਤ ਦੇ ਹੁਕਮ ਮੁਤਾਬਿਕ ਚਾਰਜਸ਼ੀਟ ਦਾਇਰ ਹੋਣ ਤੋਂ ਲੈ ਕੇ ਫੈਸਲਾ ਸੁਣਾਉਣ ਤੱਕ ਦਾ ਸਮੁੱਚਾ ਅਮਲ ਸਿਰਫ ਤੇ ਸਿਰਫ ਇੱਕ ਹੀ ਜੱਜ ਵੱਲੋਂ ਮੁਕੰਮਲ ਕੀਤਾ ਜਾਵੇਗਾ।

ਇਸ ਮਾਮਲੇ ਵਿੱਚ ਕਿਉਂਕਿ ਅਜੇ ਚਲਾਨ ਹੀ ਪੇਸ਼ ਹੋਇਆ ਸੀ, ਦੋਸ਼ ਆਇਦ ਕੀਤੇ ਜਾਣ ਜਾਂ ਨਾ, ਮੁਢਲੀ ਸੁਣਵਾਈ ਇਸ ਅਧਾਰ 'ਤੇ ਹੋਣੀ ਸੀ। ਅਮਿਤ ਸ਼ਾਹ ਨੂੰ ਮਹਾਂਰਾਸ਼ਟਰ ਤੋਂ ਬਾਹਰ ਹੋਣ ਕਾਰਨ ਕਿਉਂਕਿ ਨਿੱਜੀ ਪੇਸ਼ੀ ਤੋਂ ਇੱਕ ਵਾਰ ਛੋਟ ਮਿਲ ਗਈ ਸੀ, ਜਿਸ ਦੇ ਅਧਾਰ 'ਤੇ ਉਹ ਲੰਬਾ ਸਮਾਂ ਅਦਾਲਤ ਵਿੱਚ ਪੇਸ਼ ਨਾ ਹੋਏ। ਉਸ ਵੇਲੇ ਦੇ ਸੀ ਬੀ ਆਈ ਅਦਾਲਤ ਦੇ ਜੱਜ ਸ੍ਰੀ ਉਤਪੱਤ ਨੇ ਸ਼ਾਹ ਦੀ ਗੈਰਹਾਜ਼ਰੀ 'ਤੇ ਜਦ ਨਰਾਜ਼ਗੀ ਪ੍ਰਗਟ ਕੀਤੀ ਤਾਂ ਡਿਫੈਂਸ ਦੇ ਵਕੀਲ ਨੇ ਇਹ ਦਲੀਲ ਪੇਸ਼ ਕਰ ਦਿੱਤੀ ਕਿ ਉਸ ਨੂੰ ਅਦਾਲਤ ਤੋਂ ਪਹਿਲਾਂ ਹੀ ਛੋਟ ਮਿਲੀ ਹੋਈ ਹੈ। ਉਦੋਂ ਤੱਕ ਮਹਾਂਰਾਸ਼ਟਰ ਵਿੱਚ ਦਵਿੰਦਰ ਫੜਨਵੀਸ ਦੀ ਅਗਵਾਈ ਹੇਠ ਭਾਜਪਾ ਦੀ ਸਰਕਾਰ ਬਣ ਚੁੱਕੀ ਸੀ, ਜਿਸ ਦੇ ਸਹੁੰ ਚੁੱਕ ਸਮਾਗਮ ਵਿੱਚ ਸ੍ਰੀ ਸ਼ਾਹ ਵੀ ਹਾਜ਼ਰ ਹੋਏ ਸਨ। 26 ਜੂਨ 2014 ਨੂੰ ਪੇਸ਼ ਹੋਣ ਦਾ ਹੁਕਮ ਸੁਣਾਉਂਦਿਆਂ ਜੱਜ ਉਤਪੱਤ ਨੇ ਇਹ ਮਹੱਤਵਪੂਰਨ ਟਿੱਪਣੀ ਕੀਤੀ ਕਿ ਜਿਹੜਾ ਸ਼ਖ਼ਸ ਡੇਢ ਕਿਲੋਮੀਟਰ 'ਤੇ ਸਹੁੰ ਚੁੱਕ ਸਮਾਗਮ 'ਚ ਹਾਜ਼ਰੀ ਭਰ ਸਕਦੈ, ਉਹ ਅਦਾਲਤ ਵਿੱਚ ਹਾਜ਼ਰ ਕਿਉਂ ਨਹੀਂ ਹੋਇਆ?

ਇਹ ਵੀ ਇੱਕ ਅਹਿਮ ਸੁਆਲ ਹੈ ਕਿ ਸੁਣਵਾਈ ਤੋਂ ਇੱਕ ਦਿਨ ਪਹਿਲਾਂ ਹੀ ਮੁੰਬਈ ਹਾਈਕੋਰਟ ਨੇ ਜੱਜ ਉਤਪੱਤ ਦੀ ਸੀ ਬੀ ਆਈ ਦੀ ਸਪੈਸ਼ਲ ਕੋਰਟ ਤੋਂ ਬਦਲੀ ਕਰ ਦਿੱਤੀ ਅਤੇ ਉਹਨਾਂ ਦੀ ਥਾਂ 'ਤੇ ਜੱਜ ਬ੍ਰਿਜ ਗੋਪਾਲ ਹਰੀ ਕਿਸ਼ਨ ਲੋਇਆ ਨੂੰ ਪ੍ਰੀਜ਼ਾਈਡਿੰਗ ਅਫ਼ਸਰ ਲਾ ਦਿੱਤਾ। ਲੋਇਆ ਸਾਹਿਬ ਨੇ ਸੁਣਵਾਈ ਲਈ 15 ਦਸੰਬਰ 2014 ਦੀ ਤਾਰੀਖ ਪੇਸ਼ੀ ਤੈਅ ਕਰਦਿਆਂ ਇਹ ਹੁਕਮ ਵੀ ਲਿਖਵਾ ਦਿੱਤਾ ਕਿ ਅਮਿਤ ਸ਼ਾਹ ਲਈ ਹਾਜ਼ਰ ਹੋਣਾ ਜ਼ਰੂਰੀ ਹੈ। ਉਦੋਂ ਤੱਕ ਅਮਿਤ ਸ਼ਾਹ ਬਹੁਤ ਜ਼ਿਆਦਾ ਤਾਕਤਵਰ ਸ਼ਖ਼ਸ ਬਣ ਚੁੱਕਾ ਸੀ, ਕਿਉਂਕਿ ਖ਼ੁਦ ਜੋ ਉਹ ਹਾਕਮ ਭਾਜਪਾ ਦਾ ਕੌਮੀ ਪ੍ਰਧਾਨ ਬਣ

ਗਿਆ ਤਾਂ ਉਸ ਦਾ ਉਹ ਜਿਗਰੀ ਯਾਰ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਵਾਲੀ ਕੁਰਸੀ 'ਤੇ ਬਿਰਾਜਮਾਨ ਹੋ ਚੁੱਕਾ ਸੀ, ਗੁਜਰਾਤ ਦੇ ਗ੍ਰਹਿ ਮੰਤਰੀ ਹੁੰਦਿਆਂ ਜਸੂਸੀ ਤੋਂ ਲੈ ਕੇ ਜਿਸਦੀ ਹਰ ਖਿਦਮਤ ਵਿੱਚ ਗ੍ਰਹਿ ਮੰਤਰੀ ਵਜੋਂ ਅਮਿਤ ਹਮੇਸ਼ਾ ਤਿਆਰ ਰਹਿੰਦਾ ਸੀ।

1 ਦਸੰਬਰ 2014 ਨੂੰ ਬਹੁਤ ਹੀ ਭੇਦਭਰੇ ਹਾਲਾਤ ਵਿੱਚ ਜੱਜ ਸ੍ਰੀ ਲੋਇਆ ਦੀ ਮੌਤ ਹੋ ਜਾਂਦੀ ਹੈ। ਪੂਰੇ ਇੱਕ ਵਰ੍ਹੇ ਤੋਂ ਇਸ ਦੀ ਪੜਤਾਲ ਕਰ ਰਹੇ ਕਾਰਵਾਂ ਦੇ ਖੋਜੀ ਪੱਤਰਕਾਰ ਨਿਲੱਜੰਣ ਟਿਕਲੇ ਵੱਲੋਂ ਇਕੱਤਰ ਕੀਤੇ ਤੱਥਾਂ, ਜੱਜ ਲੋਇਆ ਦੇ ਪਰਵਾਰਕ ਮੈਂਬਰਾਂ ਅਤੇ ਕੁੱਝ ਹੋਰ ਭਰੋਸੇਯੋਗ ਸੋਮਿਆਂ ਤੋਂ ਮਿਲੀ ਜਾਣਕਾਰੀ ਮੁਤਾਬਿਕ ਉਸ ਸਮੇਂ ਦੇ ਮੁੰਬਈ ਹਾਈਕੋਰਟ ਦੇ ਚੀਫ਼ ਜਸਟਿਸ ਮੋਹਿਤ ਸ਼ਾਹ ਨੇ ਸੌ ਕਰੋੜ ਰੁਪਏ ਦੀ ਪੇਸ਼ਕਸ਼ ਕਰਦਿਆਂ ਜੱਜ ਲੋਇਆ ਨੂੰ ਇਹ ਲਾਲਚ ਵੀ ਦਿੱਤਾ ਸੀ ਕਿ ਅਮਿਤ ਸ਼ਾਹ ਨੂੰ ਦੋਸ਼ ਮੁਕਤ ਕਰਨ ਦੀ ਸੂਰਤ ਵਿੱਚ ਮੁੰਬਈ ਵਿਖੇ ਘਰ ਬਣਾਉਣ ਲਈ ਜ਼ਮੀਨ ਅਤੇ ਲੋੜੀਂਦੀ ਰਕਮ ਦਾ ਵੀ ਪ੍ਰਬੰਧ ਕਰ ਦਿੱਤਾ ਜਾਵੇਗਾ। ਚੀਫ਼ ਜਸਟਿਸ ਨੇ ਇਹ ਵੀ ਸੁਝਾਅ ਦਿੱਤਾ ਕਿ ਦੋਸ਼ ਮੁਕਤੀ ਲਈ 30 ਦਸੰਬਰ ਦਾ ਦਿਨ ਬਹੁਤ ਹੀ ਢੁਕਵਾਂ ਰਹੇਗਾ, ਕਿਉਂਕਿ ਉਸ ਦਿਨ ਇੱਕ ਅਜਿਹੀ ਮਹੱਤਵਪੂਰਨ ਘਟਨਾ ਵਾਪਰੇਗੀ, ਬਿਜਲਈ ਤੇ ਪ੍ਰਿੰਟ ਮੀਡੀਆ ਵਿੱਚ ਉਸ ਦੀ ਦਿਨ ਭਰ ਹੋਣ ਵਾਲੀ ਚਰਚਾ ਦੇ ਚੱਲਦਿਆਂ ਅਦਾਲਤੀ ਫੈਸਲੇ ਵਾਲੀ ਖ਼ਬਰ ਅਣਗੌਲੀ ਹੋ ਕੇ ਰਹਿ ਜਾਵੇਗੀ। 30 ਨਵੰਬਰ 2014 ਲਈ ਨਾਗਪੁਰ ਵਿਖੇ ਤਾਇਨਾਤ ਇੱਕ ਜੱਜ ਦੇ ਬੱਚੇ ਦੀ ਸ਼ਾਦੀ ਰੱਖੀ ਹੋਈ ਸੀ, ਜਿੱਥੇ ਜਾਣ ਲਈ ਜੱਜ ਲੋਇਆ ਦਾ ਮਨ ਤਾਂ ਨਹੀਂ ਸੀ ਮੰਨਦਾ, ਪਰ ਦੋ ਹੋਰ ਜੱਜ ਉਸ ਨੂੰ ਬਦੋਬਦੀ ਨਾਲ ਲੈ ਜਾਂਦੇ ਹਨ। ਸ਼ਾਦੀ ਵਿੱਚ ਸ਼ਾਮਲ ਹੋਣ ਉਪਰੰਤ ਇੱਕ ਸਰਕਾਰੀ ਰੈਸਟ ਹਾਊਸ ਵਿਖੇ ਪੁੱਜ ਕੇ ਲੋਇਆ ਸਾਹਿਬ ਰਾਤ ਦੇ ਗਿਆਰਾਂ ਕੁ ਵਜੇ ਆਪਣੀ ਪਤਨੀ ਨਾਲ ਫੋਨ 'ਤੇ 40 ਮਿੰਟ ਗੱਲਬਾਤ ਕਰਦੇ ਹਨ, ਸਵੇਰੇ ਸਵਾ 5 ਵਜੇ ਪਰਵਾਰ ਨੂੰ ਸੂਚਨਾ ਮਿਲਦੀ ਹੈ ਕਿ ਉਹਨਾਂ ਦੀ ਮੌਤ ਹੋ ਗਈ। ਤਰਾਸਦੀਜਨਕ ਇਸ ਨਾਟਕ ਵਿੱਚ ਈਸਵਰ ਵਹੇਟੀ ਨਾਂਅ ਦਾ ਇੱਕ ਹੋਰ ਪਾਤਰ ਪ੍ਰਗਟ ਹੁੰਦੈ, ਜੋ ਪਰਵਾਰ ਲਈ ਤਾਂ ਅਗਿਆਤ ਹੈ, ਪਰ ਲਾਤੂਰ ਵਿਖੇ ਜੱਜ ਲੋਇਆ ਦੀ ਡਾਕਟਰ ਭੈਣ ਨੂੰ ਦੱਸਦੈ ਕਿ ਪੋਸਟ ਮਾਰਟਮ ਕਰਵਾ ਕੇ ਉਹਨਾਂ ਦੇ ਭਰਾ ਦੀ ਲਾਸ਼ ਮੁੰਬਈ ਵਾਲੀ ਰਿਹਾਇਸ਼ ਦੀ ਬਜਾਏ ਪੁਸਤੈਨੀ ਪਿੰਡ ਆ ਰਹੀ ਹੈ।

ਡਾਕਟਰ ਭੈਣ ਅਨੁਰਾਧਾ ਵਿਆਨੀ ਮੁਤਾਬਕ ਅੰਤਿਮ ਸੰਸਕਾਰ ਵੇਲੇ ਜੱਜ ਲੋਇਆ ਦੀ ਲਾਸ਼ ਦੇ ਹਾਲਾਤ ਕੁਦਰਤੀ ਮੌਤ ਦੀ ਬਜਾਏ ਕਿਸੇ ਵੱਡੀ ਸਾਜ਼ਿਸ਼ ਦੀ ਗਵਾਹੀ ਭਰਦੇ ਸਨ, ਕਿਉਂਕਿ ਗਲ ਤੋਂ ਇਲਾਵਾ ਕੱਪੜਿਆਂ 'ਤੇ ਵੀ ਖ਼ੂਨ ਦੇ ਨਿਸ਼ਾਨ ਸਨ। ਸਸਕਾਰ ਲਈ ਮੁੰਬਈ ਤੋਂ ਪੁਸਤੈਨੀ ਪਿੰਡ ਤੱਕ ਨਾਲ ਆਏ ਕੁੱਝ ਜੱਜਾਂ ਨੇ ਲੋਇਆ ਦੀ ਪਤਨੀ ਤੇ ਬੇਟੇ 'ਤੇ ਦਬਾਅ ਬਣਾਇਆ ਕਿ ਉਹਨਾਂ ਦੀ ਮੌਤ ਬਾਰੇ ਉਹ ਕਿਸੇ ਨਾਲ ਵੀ ਜ਼ੁਬਾਨ ਸਾਂਝੀ ਨਾ ਕਰਨ।

ਲੋਇਆ ਸਾਹਿਬ ਦੀ ਥਾਂ ਆਏ ਸੀ ਬੀ ਆਈ ਅਦਾਲਤ ਦੇ ਨਵੇਂ ਜੱਜ

ਗੁਸਾਵੀ ਨੇ 15 ਦਸੰਬਰ ਨੂੰ ਕੇਸ ਦੀ ਸੁਣਵਾਈ ਸ਼ੁਰੂ ਕਰਕੇ 17 ਦਸੰਬਰ ਤੱਕ ਮੁਕੰਮਲ ਕਰਦਿਆਂ ਫੈਸਲਾ ਰਿਜ਼ਰਵ ਕਰ ਦਿੱਤਾ। 30 ਦਸੰਬਰ ਨੂੰ ਜਦੋਂ ਸਾਰੇ ਦੇਸ਼ ਦਾ ਮੀਡੀਆ ਮਹਿੰਦਰ ਸਿੰਘ ਧੋਨੀ ਵੱਲੋਂ ਕ੍ਰਿਕਟ ਦੀ ਗੇਮ ਤੋਂ ਸਨਿਆਸ ਲੈਣ ਦੇ ਫੈਸਲੇ ਦੀ ਚਰਚਾ ਵਿੱਚ ਮੰਤਰ-ਮੁਗਧ ਹੋ ਚੁੱਕਾ ਸੀ, ਤਾਂ ਅਮਿੱਤ ਸ਼ਾਹ ਨੂੰ ਸੀ ਬੀ ਆਈ ਅਦਾਲਤ ਤੋਂ ਮੁਕਤੀ ਮਿਲ ਜਾਂਦੀ ਹੈ। ਅਗਲੇ ਦਿਨ ਬੱਸ ਐਨੀ ਕੁ ਖ਼ਬਰ ਪ੍ਰਕਾਸ਼ਤ ਹੁੰਦੀ ਹੈ, 'ਅਮਿਤ ਸ਼ਾਹ ਦੋਸ਼ੀ ਨਹੀਂ।'

ਇਸ ਮੁਕੱਦਮੇ ਚੋਂ ਉੱਭਰੇ ਕੁੱਝ ਸੁਆਲ ਕਾਰਜ ਪਾਲਿਕਾ, ਨਿਆਂ ਪਾਲਿਕਾ, ਵਿਧਾਨ ਪਾਲਿਕਾ ਅਤੇ ਦੇਸ਼ ਦੇ ਬੁੱਧੀਜੀਵੀਆਂ ਤੋਂ ਉੱਤਰ ਦੀ ਉਮੀਦ ਰੱਖਦੇ ਹਨ। ਪਹਿਲਾ ਦੋਵਾਂ ਧਿਰਾਂ ਭਾਵ ਮ੍ਰਿਤਕ ਸੋਹਰਾਬੂਦੀਨ ਦੇ ਭਰਾ ਮੁੱਦਈ ਰੁਬਾਬੂਦੀਨ ਤੇ ਗੁਜਰਾਤ ਸਰਕਾਰ ਨੂੰ ਪੂਰੀ ਤਰ੍ਹਾਂ ਸੁਣਨ ਉਪਰੰਤ ਸੁਪਰੀਮ ਕੋਰਟ ਨੇ ਇਹ ਨੋਟ ਕਰਦਿਆਂ ਮੁਕੰਮਲ ਸੁਣਵਾਈ ਹਿੱਤ ਜੋ ਮੁਕੱਦਮਾ ਚਲਾਉਣ ਦਾ ਹੁਕਮ ਸੁਣਾਇਆ ਸੀ, ਅਮਿਤ ਸ਼ਾਹ ਨੂੰ ਮੁੱਢਲੇ ਪੜਾਅ ਵਿੱਚ ਹੀ ਦੋਸ਼ ਮੁਕਤ ਕਰਕੇ ਸੀ ਬੀ ਆਈ ਜੱਜ ਨੇ ਸਰਵਉੱਚ ਅਦਾਲਤ ਦੇ ਫੈਸਲੇ ਨੂੰ ਕਿਉਂ ਅਣਗੌਲਿਆ ਕੀਤਾ? ਦੂਜਾ ਸੀ ਬੀ ਆਈ ਅਦਾਲਤ ਦੇ ਫੈਸਲੇ ਵਿਰੁੱਧ ਸੀ ਬੀ ਆਈ ਨੇ ਉਪਰਲੀ ਕੋਰਟ ਵਿੱਚ ਅਪੀਲ ਕਿਉਂ ਨਹੀਂ ਕੀਤੀ?

ਉਹ ਕਿਹੜੇ ਹਾਲਾਤ ਸਨ, ਜਿਹਨਾਂ ਦੀ ਬਦੌਲਤ ਆਪਣੇ ਭਰਾ ਦੇ ਕਥਿਤ ਦੋਸ਼ੀਆਂ ਨੂੰ ਦੋਸ਼ ਮੁਕਤ ਕਰਨ ਵਿਰੁੱਧ ਮੁੰਬਈ ਹਾਈ ਕੋਰਟ ਵਿਖੇ ਦਾਇਰ ਕੀਤੀ ਅਪੀਲ ਦੀ ਸੁਣਵਾਈ ਵੇਲੇ ਰੁਬਾਬੂਦੀਨ ਤੇ ਉਸ ਦਾ ਵਕੀਲ ਗੈਰ-ਹਾਜ਼ਰ ਕਿਉਂ ਹੋਏ? ਚੌਥਾ ਜ਼ਾਬਤਾ ਫੌਜਦਾਰੀ ਮੁਤਾਬਕ ਸ਼ਨਾਖਤਸੁਦਾ ਮ੍ਰਿਤਕ ਦਾ ਪੋਸਟ-ਮਾਰਟਮ ਉਸ ਦੇ ਨਜ਼ਦੀਕੀ ਰਿਸ਼ਤੇਦਾਰ ਦੀ ਲਿਖਤੀ ਸਹਿਮਤੀ ਤੋਂ ਬਿਨਾਂ ਨਹੀਂ ਹੋ ਸਕਦਾ, ਨਾਗਪੁਰ ਦੇ ਜਿਸ ਜਾਲ੍ਹੀ ਚਚੇਰੇ/ ਮੁਮੇਰੇ ਭਰਾ ਦੇ ਪੰਚਨਾਮਾ ਕਾਗਜ਼ਾਂ 'ਤੇ ਦਸਤਖਤ ਕਰਵਾਏ ਗਏ, ਉਹ ਕੌਣ ਸੀ ਤੇ ਉਸ ਦਾ ਪ੍ਰਬੰਧ ਕਿਸ ਨੇ ਕੀਤਾ, ਕਿਉਂਕਿ ਜੱਜ ਲੋਇਆ ਦੇ ਬਾਪ ਮੁਤਾਬਕ ਨਾਗਪੁਰ ਵਿਖੇ ਉਹਨਾ ਦਾ ਕੋਈ ਅਜਿਹਾ ਰਿਸ਼ਤੇਦਾਰ ਰਹਿੰਦਾ ਹੀ ਨਹੀਂ ਸੀ? ਪੰਜਵਾਂ ਫੌਜਦਾਰੀ ਨਿਯਮਾਂ ਮੁਤਾਬਿਕ ਮ੍ਰਿਤਕ ਕੋਲ ਮੌਜੂਦ ਹਰ ਚੀਜ਼ ਨੂੰ ਫਰਦ ਬਰਾਮਦਗੀ ਰਾਹੀਂ ਪੁਲਸ ਕਬਜ਼ੇ ਵਿੱਚ ਲੈਂਦੀ ਹੈ, ਪਰੰਤੂ ਜੱਜ ਸਾਹਿਬ ਦਾ ਡਿਲੀਟ ਕੀਤਾ ਹੋਇਆ ਮੋਬਾਇਲ ਫੋਨ ਆਰ ਐੱਸ ਐੱਸ ਵਰਕਰ ਈਸਵਰ ਵਹੇਟੀ ਕੋਲ ਕਿਵੇਂ ਤੇ ਕਿਉਂ ਪੁੱਜਾ?

ਤ੍ਰਿਣਮੂਲ ਕਾਂਗਰਸ ਦੇ ਇੱਕ ਮੈਂਬਰ ਨੇ ਜਦ ਪਾਰਲੀਮੈਂਟ ਵਿਖੇ ਲੋਇਆ ਦੀ ਭੇਦਭਰੇ ਹਾਲਾਤ ਵਿੱਚ ਹੋਈ ਮੌਤ ਨੂੰ ਉਠਾਉਣ ਲਈ ਬੂ-ਪਾਹਰਿਆ ਕੀਤੀ ਸੀ ਤਾਂ ਦੇਸ਼ ਦੀ ਸਭ ਤੋਂ ਵੱਡੀ ਪੰਚਾਇਤ ਨੇ ਇਸ ਹਾਈ ਪ੍ਰੋਫਾਈਲ ਮੁੱਦੇ ਨੂੰ ਨਜ਼ਰ-ਅੰਦਾਜ਼ ਕਿਉਂ ਕੀਤਾ? ਅੰਸ਼ਿਕ ਤੌਰ 'ਤੇ ਤਾਂ ਭਾਵੇਂ ਸਿਸਟਮ ਇਸ ਨੂੰ ਇੱਕ ਸਧਾਰਨ ਮੌਤ ਗਰਦਾਨਣ ਵਿੱਚ ਸਫ਼ਲ ਹੋ ਗਿਐ, ਪਰ ਦਿੱਲੀ ਹਾਈ ਕੋਰਟ ਦੇ ਸਾਬਕਾ ਚੀਫ਼

ਜਸਟਿਸ ਏ ਪੀ ਸ਼ਾਹ, ਪ੍ਰਸਿੱਧ ਕਾਨੂੰਨਦਾਨ ਪ੍ਰਸ਼ਾਂਤ ਭੂਸਣ, ਪ੍ਰਸਿੱਧ ਪੱਤਰਕਾਰ ਸਿਧਾਰਥ ਵਰਧਰਾਜਨੇ ਤੇ ਹਰਤੋਸ ਬਲ ਤੋਂ ਇਲਾਵਾ ਉੱਘੀ ਰੰਗਕਰਮੀ ਕਲਾਕਾਰ ਸ਼ਬਨਮ ਹਾਸ਼ਮੀ ਵੱਲੋਂ ਇਸ ਮਾਮਲੇ ਦੀ ਉੱਚ ਪੱਧਰੀ ਜਾਂਚ ਕਰਾਉਣ ਦੀ ਕੀਤੀ ਮੰਗ ਇਸ ਤੱਥ ਵੱਲ ਇਸ਼ਾਰਾ ਕਰਦੀ ਹੈ ਕਿ ਦਾਲ ਵਿੱਚ ਕਾਲਾ ਹੀ ਨਹੀਂ, ਸਮੁੱਚੀ ਦਾਲ ਹੀ ਕਾਲੀ ਜਾਪਦੀ ਹੈ।

***

ਗੌਰੀ ਲੰਕੇਸ਼ ਦੇ ਵਹਿਸ਼ੀਆਨਾ ਕਤਲ ਤੋਂ ਬਾਅਦ

-ਸੁਕੀਰਤ

ਗੌਰੀ ਲੰਕੇਸ਼ ਦੇ ਕਤਲ ਤੋਂ ਪਹਿਲਾਂ ਮੈਂ ਉਸ ਦੇ ਨਾਂਅ ਨਾਲ ਵਾਕਫ਼ ਨਹੀਂ ਸੀ।। ਮੇਰੇ ਵਰਗੇ ਹੋਰ ਬਹੁਤ ਸਾਰੇ ਵੀ ਨਹੀਂ ਸਨ।।

ਵਾਕਫ਼ ਸਿਰਫ਼ ਏਸ ਲਈ ਨਹੀਂ ਸਾਂ ਕਿਉਂਕਿ ਉਹ ਆਪਣੀ ਮਾਤ-ਭਾਸ਼ਾ ਕੰਨੜ ਵਿਚ ਅਖਬਾਰ ਚਲਾਉਂਦੀ ਸੀ, ਉਸੇ ਜ਼ਬਾਨ ਵਿਚ ਲਿਖਦੀ ਸੀ ਅਤੇ ਮੇਰਾ ਜਾਂ ਮੇਰੇ ਵਰਗੇ ਬਹੁਤ ਸਾਰੇ ਲੋਕਾਂ ਦਾ ਕੰਨੜ ਨਾਲ ਕੋਈ ਵਾਹ-ਵਾਸਤਾ ਨਹੀਂ। ਪਰ ਉਸਦੀ ਮੌਤ ਤੋਂ ਬਾਅਦ ਜੋ ਕੁਝ ਸਾਹਮਣੇ ਆਇਆ ਹੈ ਅਤੇ ਜੋ ਕੁਝ ਮੈਂ ਲੱਭ ਲੱਭ ਕੇ ਪੜ੍ਹਿਆ ਹੈ ਉਸਤੋਂ ਬਾਅਦ ਉਸਦੇ ਕੰਮ, ਉਸਦੀ ਦਲੇਰੀ, ਉਸਦੇ ਦਿਸਹਦਿਆਂ ਦੀ ਵਿਸ਼ਾਲਤਾ ਅਤੇ ਉਸ ਅੰਦਰਲੀ ਮਨੁੱਖਤਾ ਸਾਹਵੇਂ ਅਕੀਦਤ ਪੇਸ਼ ਕਰਨੋਂ ਰਿਹਾ ਨਹੀਂ ਜਾਂਦਾ। ਜੇ ਉਹ ਅੰਗਰੇਜ਼ੀ ਵਿਚ ਲਿਖਣਾ ਜਾਰੀ ਰਖਦੀ ਤਾਂ ਸ਼ਾਇਦ ਸਾਡੇ ਦੇਸ ਦੀ ਸਿਤਾਰਾ-ਪੱਤਰਕਾਰ ਹੁੰਦੀ। ਪਰ ਉਸਨੇ ਆਪਣੀ ਮਰਜ਼ੀ ਨਾਲ ਇਕ ਖੇਤਰੀ ਭਾਸ਼ਾ ਨੂੰ ਚੁਣਿਆ¢ ਅਤੇ ਸਿਰਫ਼ ਖੇਤਰੀ ਭਾਸ਼ਾ ਨੂੰ ਹੀ ਨਹੀਂ ਚੁਣਿਆ, ਆਪਣੀ ਮਰਜ਼ੀ ਨਾਲ ਇਨ੍ਹਾਂ ਖਤਰਨਾਕ ਸਮਿਆਂ ਵਿਚ ਔਝੜੇ ਰਾਹਾਂ 'ਤੇ ਤੁਰਨਾ ਜਾਰੀ ਰਖਿਆ।

ਗੌਰੀ ਲੰਕੇਸ਼ ਨੇ ਬਤੌਰ ਪੱਤਰਕਾਰ ਆਪਣੀ ਜ਼ਿੰਦਗੀ ਅੰਗਰੇਜ਼ੀ ਦੇ ਇਕ ਅਖਬਾਰ ਤੋਂ ਹੀ ਸ਼ੁਰੂ ਕੀਤੀ ਸੀ। ਬੰਗਲੌਰ-ਮੁੰਬਈ-ਦਿੱਲੀ ਵਰਗੇ ਸ਼ਹਿਰਾਂ ਵਿਚ ਪਲੇ-ਪੜ੍ਹੇ ਉਨ੍ਹਾਂ ਹੋਰ ਬਹੁਤ ਸਾਰੇ ਮਧ-ਵਰਗੀ ਨੌਜਵਾਨਾਂ ਵਾਂਗ, ਜੋ ਆਪਣੀ ਮਾਂ-ਬੋਲੀ ਨਾਲੋਂ ਅੰਗਰੇਜ਼ੀ ਵਿਚ ਮੁਹਾਰਤ ਵਧੇਰੇ ਰਖਦੇ ਹਨ। ਪਰ ਦਸ ਸਾਲ ਰਾਜਧਾਨੀ ਦਿੱਲੀ ਵਿਚ ਅੰਗਰੇਜ਼ੀ ਵਿਚ ਪਤਰਕਾਰੀ ਕਰਕੇ ਉਹ ਵਾਪਸ ਆਪਣੇ ਸ਼ਹਿਰ ਬੰਗਲੌਰ ਆ ਗਈ ਅਤੇ ਸਭ ਤੋਂ ਪਹਿਲਾਂ ਮਾਂ-ਬੋਲੀ ਦੇ ਆਪਣੇ ਸੀਮਤ ਗਿਆਨ ਨੂੰ ਪਤਰਕਾਰੀ ਦੀਆਂ ਲੋੜਾਂ ਮੁਤਾਬਕ ਵਿਕਾਸਿਆ ਅਤੇ ਤਰਾਸ਼ਿਆ। ਉਸਨੂੰ ਮਹਿਸੂਸ ਹੋਣ ਲਗ ਪਿਆ ਸੀ ਕਿ ਅੰਗਰੇਜ਼ੀ ਵਿਚ ਕੰਮ ਕਰਨ ਵਾਲੇ ਤਾਂ ਹੋਰ ਵੀ ਬਹੁਤ ਹਨ, ਆਮ ਲੋਕਾਂ ਨਾਲ ਸਿੱਧਾ ਜੁੜਨ, ਉਨ੍ਹਾਂ ਤਕ ਪਹੁੰਚ ਕਰਨ ਲਈ ਖੇਤਰੀ ਭਾਸ਼ਾਵਾਂ ਵਿਚ ਕੰਮ ਕਰਨ ਦੀ ਲੋੜ ਵਧੇਰੇ ਹੈ। ਸਨ 2000 ਵਿਚ ਆਪਣੇ ਪਿਤਾ ਦੀ ਮੌਤ ਤੋਂ ਬਾਅਦ ਉਸਨੇ ਉਸਦੇ ਚਲਾਏ ਗਏ ਪਰਚੇ ਦੀ ਸੰਪਾਦਨਾ ਸੰਭਾਲੀ। ਪਰ ਇਹ ਸੰਪਾਦਨਾ ਕਿਸੇ ਤਿਜਾਰਤੀ ਅਖਬਾਰ ਦੇ ਧਨਾਢ ਮਾਲਕ-ਸੰਪਾਦਕ ਦੇ ਬੱਚੇ ਵੱਲੋਂ ਆਪਣੇ ਪਿਓ ਦਾ ਛੱਡਿਆ ਵਪਾਰਕ

ਅਦਾਰਾ ਸੰਭਾਲਣ ਵਾਲੀ ਸੰਪਾਦਨਾ ਨਹੀਂ ਸੀ।। ਗੌਰੀ ਦੇ ਪਿਤਾ ਪੀ. ਲੰਕੇਸ਼ ਵੱਲੋਂ ਸ਼ੁਰੂ ਕੀਤਾ ਗਿਆ ਅਖਬਾਰ 'ਲੰਕੇਸ਼ ਪਤ੍ਰਿਕਾ' ਅਜ ਦੇ ਅਖਬਾਰਾਂ ਵਰਗਾ ਵਪਾਰਕ ਅਦਾਰਾ ਸੀ ਹੀ ਨਹੀਂ, ਇਕ ਮਿਸ਼ਨ ਵਾਂਗ ਸ਼ੁਰੂ ਕੀਤਾ ਗਿਆ ਹਫ਼ਤਾਵਾਰੀ ਅਖਬਾਰ ਸੀ। ਪੀ. ਲੰਕੇਸ਼ ਕਵੀ ਅਤੇ ਨਾਟਕਕਾਰ ਵਜੋਂ ਜਾਣਿਆ ਜਾਂਦਾ ਸੀ ਅਤੇ ਆਪਣੇ ਖੱਬੇ ਪੱਖੀ ਵਿਚਾਰਾਂ ਕਾਰਨ ਵੀ ਆਪਣੇ ਅਗਾਂਹਵਧੂ ਵਿਚਾਰਾਂ ਨੂੰ ਪਰਚਾਰਨ ਦੀ ਮਨਸ਼ਾ ਨਾਲ ਹੀ ਉਸਨੇ ਇਹ ਅਖਬਾਰ ਸ਼ੁਰੂ ਕੀਤਾ ਸੀ। ਗੌਰੀ ਨੇ ਆਪਣੇ ਪਿਤਾ ਦੀ ਬੇਵਕਤ ਮੌਤ ਪਿਛੋਂ ਨਾ ਸਿਰਫ਼ ਆਪਣੇ ਸੰਪਾਦਕ ਪਿਤਾ ਦੀ ਵਿਚਾਰਧਾਰਕ ਸੇਧ ਕਾਇਮ ਰਖੀ, ਸਗੋਂ ਉਸ ਨੂੰ ਹੋਰ ਅਗਾਂਹ ਤੋਰਿਆ। ਇਸ ਹਦ ਤਕ ਕਿ 2005 ਵਿਚ ਗੌਰੀ ਦੇ ਆਪਣੇ ਭਰਾ ਇੰਦਰਜੀਤ ਨਾਲ ਵਿਚਾਰਧਾਰਕ ਮਤਭੇਦ ਪੈਦਾ ਹੋ ਗਏ। ਇੰਦਰਜੀਤ, ਜੋ ਉਸ ਸਮੇਂ 'ਲੰਕੇਸ਼ ਪਤ੍ਰਿਕਾ' ਦਾ ਮਾਲਕ/ਪ੍ਰਕਾਸ਼ਕ ਸੀ, ਨੂੰ ਜਾਪਦਾ ਸੀ ਕਿ ਗੌਰੀ ਵਿਚਾਰਧਾਰਕ ਤੌਰ ਤੇ ਲੋੜੋਂ ਵਧ ਖੱਬੇ ਪੱਖੀ ਹੋ ਗਈ ਹੈ ਅਤੇ ਇਸ ਕਾਰਨ ਭੈਣ ਭਰਾ ਅਲਹਿਦਾ ਹੋ ਗਏ। ਗੌਰੀ ਨੇ ਆਪਣਾ ਅਖਬਾਰ 'ਗੌਰੀ ਲੰਕੇਸ਼ ਪਤ੍ਰਿਕਾ' ਦੇ ਨਾਂਅ ਹੇਠ ਸ਼ੁਰੂ ਕੀਤਾ।¢ਇਸ ਵਿਚ ਉਹ ਕਿਸੇ ਕਿਸਮ ਦੇ ਇਸ਼ਤਿਹਾਰ ਨਹੀਂ ਸੀ ਛਾਪਦੀ ਅਤੇ ਅਖਬਾਰ ਸਿਰਫ਼ ਪਾਠਕਾਂ ਦੇ ਚੰਦਿਆਂ ਨਾਲ ਚਲਦਾ ਸੀ। ਗੌਰੀ ਆਮ ਤੌਰ 'ਤੇ ਅਜਿਹੇ ਮੁੱਦੇ ਚੁੱਕਦੀ ਸੀ ਜਿਸਨੂੰ ਮੁਖ-ਧਾਰਾ (ਵੈਸੇ ਵਿਕਾਊ ਮੀਡੀਏ ਦੇ ਦੌਰ ਵਿਚ ਇਸ ਸ਼ਬਦ ਦੀ ਥਾਂ 'ਵਪਾਰਕ-ਧਾਰਾ' ਵਰਤਣਾ ਵਧ ਢੁਕਵਾਂ ਹੋਵੇਗਾ) ਦਾ ਮੀਡੀਆ ਅੱਖੋਂ-ਪਰੋਖੇ ਕਰ ਦੇਂਦਾ ਸੀ। ਇਨ੍ਹਾਂ ਗੱਲਾਂ ਕਾਰਨ ਇਸ ਅਖਬਾਰ ਦੀ ਪਹੁੰਚ ਇਸਦੀ ਅਸ਼ਾਇਤ ਨਾਲੋਂ ਕਿਤੇ ਵਡੇਰੀ ਸੀ ਅਤੇ ਹਰ ਵਿਚਾਰਧਾਰਾ ਦੇ ਕੰਨੜ-ਭਾਸ਼ੀ ਗੌਰੀ ਲੰਕੇਸ਼ ਦੇ ਨਾਂਅ ਨਾਲ ਚੰਗੀ ਤਰ੍ਹਾਂ ਵਾਕਫ਼ ਸਨ।

ਗੌਰੀ ਉਨ੍ਹਾਂ ਲੋਕਾਂ ਵਿਚੋਂ ਸੀ ਪਰ ਜਿਨ੍ਹਾਂ ਦਾ ਦਿਲ ਖੱਬੀ ਤਾਲ 'ਤੇ ਧੜਕਦਾ ਹੈ ਪਰ ਉਹ ਕਿਸੇ ਪਾਰਟੀ-ਵਿਸ਼ੇਸ਼ ਨਾਲ ਨਹੀਂ ਬੱਝੇ ਹੁੰਦੇ। ਉਹ ਅਸਲੀ ਅਰਥਾਂ ਵਿਚ ਮਨੁੱਖਵਾਦੀ ਹੁੰਦੇ ਹਨ ਅਤੇ ਹਰ ਕਿਸਮ ਦੇ ਧਾਰਮਕ, ਜ਼ਾਤੀ ਜਾਂ ਖੇਤਰੀ ਭੇਦ-ਭਾਵ ਤੋਂ ਉਪਰ ਹੁੰਦੇ ਹਨ। ਗੌਰੀ ਲੰਕੇਸ਼ ਦੇ ਫੇਸਬੁਕ ਅਕਾਊਂਟ ਨੂੰ ਦੇਖਿਆਂ ਉਸਦੀ ਮਾਨਸਿਕ ਬਣਤਰ ਅਤੇ ਮਿਸਾਲੀ ਉਦਾਰਵਾਦ ਦੀ ਸਮਝ ਸੌਖਿਆਂ ਹੀ ਪੈ ਸਕਦੀ ਹੈ। ਉਹ ਉਨ੍ਹਾਂ ਲੋਕਾਂ ਵਿਚੋਂ ਸੀ ਜੋ ਸੋਸ਼ਲ ਮੀਡੀਏ ਨੂੰ ਸਵੈ-ਪਰਚਾਰ ਜਾਂ ਪਰਵਾਰਕ ਬੈਠਕ ਵਾਂਗ ਨਹੀਂ ਵਰਤਦੇ। ਫੇਸਬੁਕ ਉਤੇ ਉਹ ਆਪਣੀਆਂ ਤਸਵੀਰਾਂ ਜਾਂ ਆਪਣੀਆਂ ਪ੍ਰਾਪਤੀਆਂ ਦਾ ਪ੍ਰਸਾਰਣ ਕਰਨ ਦੀ ਥਾਂ ਇਸ ਮੰਚ ਨੂੰ ਉਨ੍ਹਾਂ ਲੇਖਾਂ ਜਾਂ ਵਾਪਰਨੀਆਂ ਘਟਨਾਵਾਂ ਵਲ ਧਿਆਨ ਦੁਆਉਣ ਲਈ ਵਰਤਦੀ ਸੀ ਜੋ ਉਸਦੇ ਨਜ਼ਰੀਂ ਪਏ ਅਤੇ ਜਿਨ੍ਹਾਂ ਨੂੰ ਹੋਰਨਾਂ ਤਕ ਪੁਚਾਉਣਾ ਉਸਨੂੰ ਜ਼ਰੂਰੀ ਜਾਪਿਆ। 5 ਸਤੰਬਰ ਨੂੰ ਉਸਦੀ ਮੌਤ ਹੋਈ ਅਤੇ ਉਸਦੀਆਂ ਪਾਈਆਂ ਆਖਰੀ ਪੰਜ ਪੋਸਟਾਂ ਦੇ ਸਿਰਲੇਖ ਇਹ ਸਨ:

ਸੁਪ੍ਰੀਮ ਕੋਰਟ ਨੇ ਕੇਂਦਰ ਸਰਕਾਰ ਕੋਲੋਂ ਪੁਛਿਆ ਹੈ ਕਿ ਰੋਹਿੰਗਿਆ ਸ਼ਰਨਾਰਥੀਆਂ ਨੂੰ ਭਾਰਤ ਵਿਚੋਂ ਕੱਢਣਾ ਕਿਉਂ ਜ਼ਰੂਰੀ ਹੈ?

ਵਿਨੋਦ ਦੂਆ ਦਾ ਅਹਿਮ ਭਾਸ਼ਣ।

ਧਾਰਮਿਕ ਵਖਰੇਵਿਆਂ ਤੋਂ ਪਾਰ , ਸਾਰੇ ਕੇਰਲਾ ਵਾਸੀਆਂ ਦੇ ਰਲ ਕੇ ਓਨਮ ਦਾ ਤਿਓਹਾਰ ਮਨਾਉਣ ਦਾ ਵੀਡੀਓ।

ਕੰਗਨਾ ਰਾਨਾਓਤ ਦੀ ਬਰਖਾ ਦਤ ਨਾਲ ਮੁਲਾਕਾਤ: ਦੇਖਣਯੋਗ ਵੀਡੀਓ।

ਸਮਲਿੰਗੀ ਬੱਚਿਆਂ ਦੇ ਮਾਪਿਆਂ ਨੂੰ ਸਮਲਿੰਗੀ ਲੋਕਾਂ ਦੇ ਅਧਿਕਾਰਾਂ ਬਾਰੇ ਜਾਣਕਾਰੀ ਦੇਂਦਾ ਵੀਡੀਓ।

ਇਨ੍ਹਾਂ ਆਖਰੀ ਪੋਸਟਾਂ ਦੀ ਵੰਨ-ਸੁਵੰਨਤਾ ਹੀ ਦੱਸ ਦੇਂਦੀ ਹੈ ਕਿ ਗੌਰੀ ਲੰਕੇਸ਼ ਦਾ ਮਾਨਸਿਕ ਸੰਸਾਰ ਕਿੰਨਾ ਮੋਕਲਾ ਸੀ।

ਇਹੋ ਜਿਹੇ ਲੋਕ ਕਿਸੇ ਮੁੱਦੇ ਨੂੰ ਚੁਕਣ ਜਾਂ ਉਸ ਲਈ ਦਿਨ-ਰਾਤ ਇਕ ਕਰਨ ਸਮੇਂ ਰਾਜਨੀਤਕ ਦਲਾਂ ਨਾਲ ਜੁੜੇ ਕਸਬੀ ਸਿਆਸਤਦਾਨਾਂ ਤੋਂ ਉਲਟ ਆਪਣਾ ਵਕਤੀ ਨਫ਼ਾ-ਨੁਕਸਾਨ ਨਹੀਂ ਦੇਖਦੇ, ਕਿਸੇ ਪੈਂਤੜੇਬਾਜ਼ੀ ਜਾਂ ਸਿਆਸੀ ਜੋੜਾਂ-ਤੋੜਾਂ ਵਿਚ ਨਹੀਂ ਪੈਂਦੇ। ਏਸੇ ਲਈ ਜੇ ਇਕ ਪਾਸੇ ਉਹ ਹਿੰਦੁਤਵਵਾਦੀਆਂ ਦੀ ਕਰੜੀ ਅਤੇ ਤਿੱਖੀ ਆਲੋਚਕ ਸੀ ਤਾਂ ਦੂਜੇ ਪਾਸੇ ਸਰਕਾਰ ਅਤੇ ਨਕਸਲੀਆਂ ਵਿਚਕਾਰ ਸੁਹਿਰਦ ਗਲਬਾਤ ਦੀ ਵੀ ਇਛਕ ਸੀ। ਉਹ ਨਕਸਲੀ ਗਰੁਪਾਂ ਦੇ ਨੇੜੇ ਸੀ ਅਤੇ ਉਨ੍ਹਾਂ ਵਿਚੋਂ ਜਿਹੜੇ ਲੋਕ ਹਥਿਆਰ ਤੱਜ ਕੇ ਮੁਖ-ਧਾਰਾ ਵਿਚ ਸ਼ਾਮਲ ਹੋਣਾ ਚਾਹੁੰਦੇ ਸਨ, ਉਨ੍ਹਾਂ ਦੀ ਬੇਸ਼ਰਤ ਵਾਪਸੀ ਦੀ ਵੀ ਹਾਮੀ ਸੀ। ਉਸਨੇ ਕਰਨਾਟਕਾ ਵਿਚ ਭਾਜਪਾ ਦੀਆਂ 'ਅਪਰਾਧੀ ਸਰਗਰਮੀਅੜ' ਦਾ ਪਰਦਾਫ਼ਾਸ਼ ਕੀਤਾ, ਪਰ ਇਸ ਸਮੇਂ ਓਥੇ ਰਾਜ ਕਰ ਰਹੀ ਧਿਰ ਕਾਂਗਰਸ ਦੀ ਵੀ ਉਹ ਸਖਤ ਆਲੋਚਕ ਸੀ।¢

ਇਹੋ ਜਿਹੇ ਲੋਕ ਬੇਬਾਕ ਵੀ ਹੁੰਦੇ ਹਨ ਅਤੇ ਜਾਂਬਾਜ਼ ਵੀ। ਆਪਣੀ ਧੁਨ ਦੇ ਪੱਕੇ ਅਤੇ ਆਪਣੇ ਵਿਸ਼ਵਾਸਾਂ ਨੂੰ ਪਰਣਾਏ ਅਜਿਹੇ ਲੋਕ ਕਿਸੇ ਸਰਕਾਰੀ ਢਾਲ ਦਾ ਸਹਾਰਾ ਨਹੀਂ ਲੈਂਦੇ ਅਤੇ ਏਸੇ ਲਈ ਭਾੜੇ ਦੇ ਟੱਟੂਆਂ ਰਾਹੀਂ ਉਨ੍ਹਾਂ ਨੂੰ ਕਤਲ ਕਰਾਇਆ ਜਾ ਸਕਣਾ ਔਖਾ ਨਹੀਂ ਹੁੰਦਾ¢ ਅਤੇ ਅੱਜ ਉਹ ਨਰੇਂਦਰ ਦਾਭੋਲਕਰ, ਗੋਵਿੰਦ ਪਾਂਸਰੇ ਅਤੇ ਕਲਬੁਰਗੀ ਵਰਗੇ ਸ਼ਹੀਦਾਂ ਦੀ ਪਾਲ ਵਿਚ ਜਾ ਖੜੋਤੀ ਹੈ।

ਇਸ ਵਹਿਸ਼ੀਆਨਾ ਕਤਲ ਨੇ ਸਾਰੇ ਦੇਸ ਵਿਚ ਇਕੇਰਾਂ ਫੇਰ ਰੋਹ ਦੀ ਲਹਿਰ ਫੈਲਾਈ ਹੈ, ਦੇਸ ਭਰ ਵਿਚ ਮੁਜ਼ਾਹਰੇ ਹੋਏ ਹਨ, ਕਾਤਲਾਂ ਨੂੰ ਛੇਤੀਂ ਤੋਂ ਛੇਤੀਂ ਫੜਨ ਦੀ ਮੰਗ ਹੋਈ ਹੈ। ਰੋਹ ਆਪਣੀ ਚਰਮ ਸੀਮਾ 'ਤੇ ਹੈ ਅਤੇ ਇਸ ਲਈ ਵੀ ਹੈ ਕਿ ਤਕਰੀਬਨ ਇਕੋ ਢੰਗ ਨਾਲ ਹੋਏ ਪਿਛਲੇ ਤਿੰਨਾਂ ਕਤਲਾਂ ਨੂੰ ਅੰਜਾਮ ਦੇਣ ਵਾਲੇ ਲੋਕ ਅਜੇ ਤੀਕ ਫੜੇ ਨਹੀਂ ਗਏ ਅਤੇ ਇਹ ਤੱਥ ਕਿਸੇ ਸਰਕਾਰੀ ਸ਼ਹਿ ਜਾਂ ਜਾਣਬੁਝ ਕੇ ਕੀਤੀ ਜਾ ਰਹੀ ਅਣਗਹਿਲੀ ਵਲ ਸਪਸ਼ਟ ਇਸ਼ਾਰਾ ਕਰਦਾ ਹੈ। ਲੋਕ-ਰੋਹ ਦਾ ਇਹ ਪ੍ਰਗਟਾਵਾ, ਥਾਂ-ਥਾਂ ਹੋਏ ਮੁਜ਼ਾਹਰੇ ਆਪਣੀ ਥਾਂ ਜਾਇਜ਼ ਹਨ, ਪਰ ਵਡੇਰਾ ਸਵਾਲ ਇਹ ਹੈ ਕਿ ਕਾਤਲ ਫੜ ਵੀ ਲਏ ਗਏ ਤਾਂ ਕੀ ਹੋ ਜਾਵੇਗਾ। 'ਕਾਤਲ ਕੌਣ ਸੀ' ਦੀ ਗੁੱਥੀ ਸੁਲਝੇ ਜਾਂ ਨਾ ਸੁਲਝੇ, ਜੋ ਇਨਾਂ ਕਤਲਾਂ ਬਾਰੇ ਇਕ ਗੱਲ ਇਸ ਵੇਲੇ ਵੀ ਬੇਝਿਜਕ ਕਹੀ ਜਾ ਸਕਦੀ

ਹੈ ਤਾਂ ਉਹ ਇਹ ਕਿ ਜਦੋਂ ਫੜੇ ਵੀ ਗਏ, ਕਾਤਲ ਸਿਰਫ਼ ਭਾੜੇ ਦੇ ਟੱਟੂ ਨਿਕਲਣਗੇ , ਉਨਾਂ ਨੂੰ ਇਸ਼ਾਰਾ ਕਰਨ ਵਾਲੇ ਅਤੇ ਸੁਰਖਿਆ ਮੁਹੱਈਆ ਕਰਨ ਵਾਲੇ ਸਰਗਣੇ ਬੇਨਕਾਬ ਹੀ ਰਹਿਣਗੇ।

ਇਸ ਲਈ ਅੱਜ ਦੁਖ, ਰੋਹ ਅਤੇ ਬੇਬਸੀ ਦੀ ਇਸ ਘੜੀ ਇਹ ਸੋਚਣੋਂ ਨਹੀਂ ਰਿਹਾ ਜਾਂਦਾ ਕਿ ਸਾਨੂੰ ਅਸਲੀ ਅਤੇ ਲੰਮੀ ਲੜਾਈ ਉਸ ਮਾਨਸਿਕਤਾ ਨਾਲ ਲੜਨੀ ਪਵੇਗੀ ਜਿਸਨੇ ਇਹ ਮਾਹੌਲ ਪੈਦਾ ਕਰ ਦਿੱਤਾ ਹੈ ਕਿ ਹਰ ਵਿਚਾਰਧਾਰਕ ਵਿਰੋਧੀ ਨੂੰ ਖਤਮ ਕਰ ਦੇਣਾ ਨਾ ਸਿਰਫ਼ ਕਾਰਗਰ ਢੰਗ ਸਮਝਿਆ ਜਾ ਰਿਹਾ ਹੈ ਸਗੋਂ ਇਹੋ ਜਿਹੇ ਵਹਿਸ਼ੀਆਨਾ ਕਤਲ ਨੂੰ ਜਾਇਜ਼ ਵੀ ਠਹਿਰਾਇਆ ਜਾ ਰਿਹਾ ਹੈ। ਸ਼ਾਇਦ ਇਹ ਪਹਿਲੀ ਵਾਰ ਹੈ ਕਿ ਇਹੋ ਜਿਹੀ ਘਿਨੌਣੀ ਹਰਕਤ ਤੋਂ ਬਾਅਦ ਫਰਜ਼ੀ ਨਾਵਾਂ ਦੇ ਪਰਦੇ ਹੇਠ ਨਹੀਂ, ਸਗੋਂ ਸੋਸ਼ਲ ਮੀਡੀਆ ਰਾਹੀਂ ਖੁਲ੍ਹ ਡੁਲ੍ਹ ਕੇ ਜ਼ਹਿਰ ਉਗਲਿਆ ਜਾ ਰਿਹਾ ਹੈ। ਇਸ ਸ਼ਰਮਨਾਕ ਵਰਤਾਰੇ ਦੇ ਕੁਝ ਨਮੂਨੇ ਦੇਖੋ:

"ਇਕ ਕੁੱਤੀ ਕੁੱਤੇ ਦੀ ਮੌਤ ਕੀ ਮਰੀ, ਸਾਰੇ ਕਤੂਰੇ ਇਕੋ ਸੁਰ ਵਿਚ ਕੁਰਲਾਉਣ ਲਗ ਪਏ ਨੇ": ਨਿਖਿਲ ਦਧੀਚ, ਸੂਰਤ ਦਾ ਇਹ ਨੌਜਵਾਨ ਇਸ ਗਲ 'ਤੇ ਮਾਣ ਕਰਦਾ ਹੈ ਕਿ ਪ੍ਰਧਾਨ ਮੰਤਰੀ ਉਸਦੀਆਂ ਟਵਿਟਰ-ਟੂਕਾਂ ਪੜ੍ਹਨ ਵਾਲਿਆਂ ਵਿਚ ਸ਼ਾਮਲ ਹੈ ਅਤੇ ਸਮ੍ਰਿਤੀ ਇਰਾਨੀ ਨਾਲ ਉਸਦੀ ਨੇੜਤਾ ਹੈ।

"ਜੈਸੀ ਕਰਨੀ, ਵੈਸੀ ਭਰਨੀ": ਆਸ਼ਿਸ਼ ਮਿਸ਼ਰਾ, ਸੂਚਨਾ-ਤਕਨਾਲੋਜੀ ਮੰਤਰਾਲੇ ਦਾ ਸੋਸ਼ਲ ਮੀਡੀਆ ਸਲਾਹਕਾਰ।

"ਕੌਮੀ (ਇਹ ਕਮਿਊਨਿਸਟਾਂ ਲਈ ਵਰਤਿਆ ਜਾਂਦਾ ਤਿਰਸਕਾਰ ਦਾ ਸ਼ਬਦ ਹੈ) ਗੌਰੀ ਨੂੰ ਬੇਰਹਿਮੀ ਨਾਲ ਮਾਰ ਮੁਕਾਇਆ ਗਿਆ¢ ਕਹਿੰਦੇ ਨੇ ਨਾ, ਤੁਹਾਡੇ ਕਰਮਾਂ ਦਾ ਫਲ ਤੁਹਾਨੂੰ ਮਿਲਣਾ ਹੀ ਹੁੰਦਾ ਹੈ¢ ਆਮੀਨ!" ਜਾਗਰਿਤੀ ਸ਼ੁਕਲਾ, ਸਾਬਕਾ ਜ਼ੀ ਟੀਵੀ ਪੱਤਰਕਾਰ।

ਨਫ਼ਰਤ ਦਾ ਇਹ ਨੰਗਾ-ਚਿੱਟਾ ਇਜ਼ਹਾਰ ਉਸ ਵਿਹੁਲੀ ਕਾਂਗ ਦਾ ਪਰਮਾਣ ਹੈ ਜਿਸਦੀ ਲਪੇਟ ਵਿਚ ਹੁਣ ਹਰ ਕਿਸੇ ਨੂੰ ਲਿਆਉਣ ਦੇ ਮਨਸੂਬੇ ਬੰਨ੍ਹੇ ਜਾ ਰਹੇ ਹਨ ਅਤੇ ਬਹੁਤ ਸਾਰੀ ਜਨਤਾ ਜਿਸਦੇ ਪਰਭਾਵ ਹੇਠ ਆ ਵੀ ਚੁੱਕੀ ਹੈ। ਇਸ ਦਾ ਮੁਕਾਬਲਾ ਕਰਨ ਲਈ ਨਿਰੋਲ ਮੁਜ਼ਾਹਰੇ ਅਤੇ ਮੋਮਬੱਤੀ-ਮਾਰਚ ਕਾਫ਼ੀ ਨਹੀਂ ਹੋ ਸਕਣੇ। ਹਰ ਬੈਠਕ, ਹਰ ਗਲੀ, ਹਰ ਮੁਹੱਲੇ ਵਿਚ ਆਪਣੇ ਦੇਸ ਦੇ ਬਹੁ-ਧਰਮੀ, ਬਹੁ-ਕੌਮੀ, ਬਹੁ-ਸਭਿਆਚਾਰਕ ਇਤਿਹਾਸ ਬਾਰੇ ਬਹਿਸਾਂ ਕਰਨੀਆਂ ਪੈਣਗੀਆਂ। ਸੋਸ਼ਲ ਮੀਡੀਆ ਨੂੰ ਨਿਰਾ ਮਨੋਰੰਜਨ ਲਈ ਹੀ ਨਹੀਂ ਵਿਚਾਰਧਾਰਕ ਹਥਿਆਰ ਵਾਂਗ ਵਰਤਣਾ ਵੀ ਸਿਖਣਾ ਪਵੇਗਾ। ਆਪਣੇ ਸੰਵਿਧਾਨ, ਆਪਣੇ ਦੇਸ ਦੇ ਇਤਿਹਾਸ ਉਤੇ ਪਹਿਰਾ ਦੇਣ ਲਈ ਮੂੰਹ ਖੋਲ੍ਹਣਾ ਪਵੇਗਾ। ਸਿਰਫ਼ ਆਪਣੇ ਹੀ ਸੂਬੇ, ਆਪਣੀ ਹੀ ਭਾਸ਼ਾ, ਆਪਣੇ ਹੀ ਧਰਮ, ਆਪਣੇ ਹੀ ਦਲ ਦੀ ਵਿਚਾਰਧਾਰਾ ਦੀ ਰਾਖੀ ਲਈ ਬਾਹਾਂ ਟੁੰਗ ਕੇ ਨਿਤਰਨ ਦੀ ਥਾਂ ਸਮੁੱਚੇ ਦੇਸ ਦੀ ਹੋਣੀ ਨੂੰ ਪਹਿਲ ਦੇਣੀ ਪਵੇਗੀ, ਉਨ੍ਹਾਂ ਦੀ ਧਿਰ ਨੇ ਪੂਰੀ ਤਰ੍ਹਾਂ ਸਫ਼ਬੰਦੀ

ਕੀਤੀ ਹੋਈ ਹੈ, ਪਰ ਸਾਡੀ ਧਿਰ ਇਸ ਸਮੇਂ ਵੀ ਬੇਵਕਤ ਬਹਿਸਾਂ ਵਿਚ ਉਲਝੀ ਹੋਈ ਹੈ। ਆਪਣੇ ਹਰ ਅੰਦਰੂਨੀ ਮਤਭੇਦ ਨੂੰ ਤਜ ਕੇ ਸਭ ਤੋਂ ਪਹਿਲ ਆਪਣੇ ਮੁਖ ਦੁਸ਼ਮਣ ਨੂੰ ਪਛਾਣ ਕੇ ਉਸਨੂੰ ਪਛਾੜਨ ਦੀ ਲੋੜ ਹੈ। ਬਾਕੀ ਸਭ ਬਹਿਸਾਂ ਬਾਅਦ ਦੇ ਸਮਿਆਂ ਲਈ ਮੁਲਤਵੀ ਕੀਤੀਆਂ ਜਾ ਸਕਦੀਆਂ ਹਨ। ਨਹੀਂ ਤਾਂ ਅਜਿਹਾ ਦੌਰ ਆਵੇਗਾ ਕਿ ਕਿਸੇ ਵੀ ਕਿਸਮ ਦੀ ਬਹਿਸ ਦੀ ਗੁੰਜਾਇਸ਼ ਹੀ ਨਹੀਂ ਰਹਿਣ ਦਿੱਤੀ ਜਾਵੇਗੀ।

ਗੌਰੀ ਲੰਕੇਸ਼ ਦਾ ਕਤਲ, ਮਹਿਜ਼ ਕਤਲ ਹੀ ਨਹੀਂ ਦਰਅਸਲ ਇਕ ਧਮਕੀ ਹੈ ਕਿ ਅੱਜ ਗੌਰੀ ਲੰਕੇਸ਼ ਦੀ ਆਵਾਜ਼ ਬੰਦ ਕੀਤੀ ਗਈ ਹੈ, ਕਲ ਵਾਰੀ ਤੁਹਾਡੇ ਵਿਚੋਂ ਕਿਸੇ ਦੀ ਵੀ ਹੋ ਸਕਦੀ ਹੈ।

✲✲✲

ਭਾਰਤੀ ਰਾਜ ਦੀ ਦਸ਼ਾ ਤੇ ਦਿਸ਼ਾ

-ਗੰਧਰਵ ਸੇਨ ਕੋਛੜ

'ਭਾਰਤੀ ਰਾਜ ਦੀ ਦਸ਼ਾ ਅਤੇ ਦਿਸ਼ਾ', ਸਾਡੇ ਸਮੇਂ ਦਾ ਬਹੁਤ ਹੀ ਮਹੱਤਵਪੂਰਣ ਅਤੇ ਅਰਥ-ਭਰਪੂਰ ਵਿਸ਼ਾ, ਸਮੂਹ ਚਿੰਤਨਸ਼ੀਲ, ਬੁੱਧੀਜੀਵੀ, ਵਿਗਿਆਨੀ ਖੋਜਕਾਰਾਂ ਅਤੇ ਸਮਾਜਿਕ ਸਰੋਕਾਰਾਂ ਪ੍ਰਤੀ ਚਿੰਤਨ ਹਿੱਸਿਆਂ ਦੇ ਸਾਂਝ ਫ਼ਿਕਰ ਦਾ ਮੁੱਦਾ ਹੈ। ਸਾਮਰਾਜੀ ਤਾਕਤਾਂ ਆਪਣੀ ਉਮਰ ਲੰਮੀ ਕਰਨ ਦਾ ਓਹੜ ਪੋਹੜ ਕਰਨ ਵਿਚ ਲੱਗੀਆਂ ਹੋਈਆਂ ਹਨ। ਉਹ ਸਮੇਂ-ਸਮੇਂ ਨਿੱਤ ਨਵੇਂ ਪੈਂਤੜੇ ਬਦਲਣ ਅਤੇ ਦਾਅ ਖੇਡਣ ਲੱਗੀਆਂ ਹੋਈਆਂ ਹਨ।

ਇਹ ਤਾਕਤਾਂ ਕਦੇ ਸਿੱਧੇ ਹੱਲੇ ਬੋਲਣ, ਕਦੇ ਵਪਾਰ ਦਾ ਝਾਂਸਾ ਦੇਣ, ਕਦੇ ਪਛੜੇ ਮੁਲਕਾਂ ਦੇ 'ਵਿਕਾਸ' ਕਰਨ ਦੀ ਡੌਂਡੀ ਪਿੱਟਕੇ, ਸੰਧੀਆਂ, ਸਮਝੌਤਿਆਂ ਦੇ ਖ਼ੂਬਸੂਰਤ ਨਾਵਾਂ ਹੇਠ, ਸਾਡੇ ਵਰਗੇ ਮੁਲਕਾਂ ਦੀ ਸਾਹ-ਰਗ 'ਤੇ ਅੰਗੂਠਾ ਰੱਖਣ ਦਾ ਕੰਮ ਕਰਦੀਆਂ ਹਨ। ਕਦੇ 'ਵਿਸ਼ਵੀਕਰਣ' 'ਕਰ ਲਓ ਦੁਨੀਆਂ ਮੁੱਠੀ ਮੇਂ' ਦੇ ਸ਼ੋਰ ਹੇਠ ਦੁਨੀਆਂ ਭਰ ਦੇ ਲੋਕਾਂ ਦੀ ਅੰਨ੍ਹੀ ਲੁੱਟ ਕਰਦੀਆਂ ਹਨ। ਕਦੇ ਵਿਸ਼ਵੀਕਰਣ ਦੀ ਬਜਾਏ 'ਕੌਮੀ ਅੰਧਰਾਸ਼ਟਰਵਾਦ ਦੀ ਹਨੇਰੀ ਝੁਲਾਉਂਦੀਆਂ ਹਨ। ਆਪਣੇ ਮੁਲਕਾਂ ਅੰਦਰ ਵੀ ਉੱਠਣ ਵਾਲੀ ਕੌਮੀ ਅਤੇ ਜਮਾਤੀ ਚੇਤੰਨਾ ਦੇ ਉਠਾਣ ਨੂੰ ਠੱਲ੍ਹਣ ਲਈ ਹੁਣ ਅਮਰੀਕਾ, ਫਰਾਂਸ ਅਤੇ ਜਾਪਾਨ ਅੰਦਰ ਕੌਮੀ ਅੰਧਰਾਸ਼ਟਰਵਾਦ ਜਨੂੰਨ ਦਾ ਪੱਤਾ ਵਰਤਿਆ ਜਾ ਰਿਹਾ ਹੈ। ਆਪਣੇ ਦੇਸ਼ ਅੰਦਰ ਸਾਮਰਾਜੀਆਂ ਨੂੰ ਪੂੰਜੀ ਲਾਉਣ ਲਈ ਬੇਸ਼ਰਮੀ ਨਾਲ ਹੋਕਰੇ ਮਾਰਨ ਵਾਲੇ ਵੰਨ-ਸੁਵੰਨੇ ਹਾਕਮ ਧੜੇ ਹੁਣ ਕੌੜੀਆਂ ਹਕੀਕਤਾਂ ਸ਼ਰੇਆਮ ਬੇਪਰਦ ਹੋਣ ਤੇ ਹਿੰਦੂਤਵੀ ਅਜੰਡੇ ਨੂੰ ਉਭਾਰਕੇ ਆਪਣੇ ਸਾਮਰਾਜੀ ਆਕਾਵਾਂ ਦੀ ਪੈੜ 'ਚ ਪੈੜ ਧਰ ਰਹੇ ਹਨ।

ਕਾਮਰੇਡ ਲੈਨਿਨ ਦੇ ਕਥਨ ਅਨੁਸਾਰ ਸਾਮਰਾਜਵਾਦ ਸਰਮਾਏਦਾਰੀ ਦੀ ਆਖ਼ਰੀ ਅਵਸਥਾ ਹੁੰਦੀ ਹੈ। ਮੌਜੂਦਾ ਸਾਮਰਾਜੀ ਵਿਵਸਥਾ ਆਪਣੀ ਆਖ਼ਰੀ ਅਵਸਥਾ ਤੱਕ ਪਹੁੰਚ ਚੁੱਕੀ ਹੈ। ਹੁਣ ਟੈਕਨੀਕਲ ਤਰੱਕੀ ਹੋਣੀ ਖ਼ਤਮ ਹੋ ਚੁੱਕੀ ਹੈ। ਪੂੰਜੀ ਥੋੜ੍ਹੀਆਂ ਜਿਹੀਆਂ ਕੰਪਨੀਆਂ ਦੇ ਹੱਥਾਂ ਵਿਚ ਮਰਕੂਜ਼ (ਇਕੱਠੀ, Centerlise) ਹੋ ਗਈ ਹੈ। ਇਨ੍ਹਾਂ ਵੱਡੀਆਂ ਕੰਪਨੀਆਂ ਦੇ ਮਾਲਕਾਂ ਵਿੱਚ ਅਧਿਨਾਇਕਵਾਦੀ (Absolutist) ਰੁਝਾਨ ਵਿਕਸਤ ਹੋ ਚੁੱਕਾ ਹੈ। ਯਾਨੀ ਯੂ.ਕੇ.(Theresa May), ਅਮਰੀਕਾ (Donald

Trump), ਫ਼ਰਾਂਸ (Emmanuel Macron) ਰੂਸ (Putin) ਜਾਪਾਨ (Shinzo Abe) ਇਨ੍ਹਾਂ ਸਾਮਰਾਜੀ ਦੇਸ਼ਾਂ ਨੇ ਆਪਣੇ ਆਰਥਿਕ ਮੰਦਵਾੜੇ ਦਾ ਭਾਰ ਭਾਰਤ ਵਰਗੇ ਨੌ-ਆਬਾਦੀ (ਅਰਧ ਗੁਲਾਮ) ਦੇਸ਼ਾਂ ਉੱਤੇ ਪਾ ਦਿੱਤਾ ਹੈ।

ਹਿੰਦੂਵਾਦੀ ਸੋਚ

ਸਾਡੇ ਦੇਸ਼ ਵਿਚ ਸਰਮਾਏਦਾਰਾਨਾ ਪੁਰਾਤਨ ਲੁੱਟ ਨੂੰ ਚਲਾਉਣ ਲਈ ਬੀ. ਜੇ. ਪੀ. ਹਿੰਦੂ-ਧਰਮ ਦਾ ਰੂਪ ਅਖ਼ਤਿਆਰ ਕਰ ਕੇ ਕਵਾਇਲੀ-ਸੱਭਿਅਤਾ ਦਾ ਰਸਤਾ ਅਖ਼ਤਿਆਰ ਕਰ ਚੁੱਕੀ ਹੈ, ਸੁਪਰੀਮ ਕੋਰਟ ਦੇ ਕਹੇ ਅਨੁਸਾਰ ਦੇਸ਼ ਅਰਾਜਕਤਾ ਵੱਲ ਨੂੰ ਜਾ ਰਿਹਾ ਹੈ। ਮੁਲਕ ਅੰਦਰ ਭੀੜਤੰਤਰ ਨੂੰ ਬੜਾਵਾ ਦਿੱਤਾ ਜਾ ਰਿਹਾ ਹੈ। ਜਦ ਕੋਈ ਇਕ ਆਦਮੀ ਹਿੰਦੂਤਵਾਦੀਆਂ ਨੂੰ ਠੀਕ ਨਾ ਲੱਗੇ (ਜ਼ਿਆਦਾਤਰ ਮੁਸਲਮਾਨ) ਉਸ ਨੂੰ ਅੱਠ, ਦਸ ਬੰਦੇ ਘੇਰ ਕੇ ਮਾਰਨਾ ਸ਼ੁਰੂ ਕਰ ਦਿੰਦੇ ਹਨ। ਜਿਵੇਂ ਕਿ ਯੂ.ਪੀ. ਵਿਚ ਅਖ਼ਲਾਕ ਨਾਮਕ ਵਿਅਕਤੀ ਨੂੰ ਕੁਝ ਵਿਅਕਤੀਆਂ ਨੇ ਇਹ ਕਹਿ ਕੇ ਕੁੱਟ ਕੁੱਟ ਕੇ ਮਾਰ ਦਿੱਤਾ ਕਿ ਤੇਰੇ ਘਰ ਵਿਚ ਗਾਂ ਦਾ ਮੀਟ ਹੈ। ਇਸੇ ਤਰ੍ਹਾਂ ਇੰਦਖਾਨ, ਪਹਿਲੂ ਖਾਨ ਆਦਿ ਨੂੰ ਵੀ ਭੀੜ ਨੇ ਕੁੱਟ-ਕੁੱਟ ਕੇ ਮਾਰ ਦਿੱਤਾ। ਵਪਾਰਕ ਧੰਦੇ ਵਿਚ ਲੱਗੇ ਹੋਏ ਲੋਕ ਜਦ ਕਿਤੇ ਗਾਈਆਂ ਮੱਝਾਂ ਨੂੰ ਟਰੱਕਾ 'ਚ ਲੱਦ ਕੇ ਜਾਂ ਛੋਟੇ ਟੈਂਪੂਆਂ 'ਚ ਲੱਦ ਕੇ ਵੇਚਣ ਲਈ, ਜਾਂ ਖ਼ਰੀਦ ਕੇ ਲੈ ਕੇ ਆ ਰਹੇ ਹੁੰਦੇ ਤਾਂ ਉਨ੍ਹਾਂ ਨੂੰ ਰਸਤੇ ਵਿਚ ਹਿੰਦੂਵਾਦੀ ਸ਼ਕਤੀਆਂ ਘੇਰ ਕੇ ਕੁੱਟ ਕੁੱਟ ਕੇ ਮਾਰ ਦਿੰਦੀਆਂ ਤੇ ਗਾਈਆਂ ਮੱਝਾਂ ਨੂੰ ਖੁੱਲ੍ਹਾ ਛੱਡ ਦਿੱਤਾ ਜਾਂਦਾ। ਉਨ੍ਹਾਂ ਦੀਆਂ ਗੱਡੀਆਂ ਵੀ ਤੋੜ ਦਿੱਤੀਆਂ ਜਾਂਦੀਆਂ। ਪੰਜਾਬ ਵਿਚ ਗਾਈਆਂ ਮੱਝਾਂ ਰੱਖ ਕੇ ਜਿਨ੍ਹਾਂ ਪਰਿਵਾਰਾਂ ਨੂੰ ਖੇਤੀ ਵਿਚ ਮਦਦ ਮਿਲਦੀ ਸੀ। ਉਹ ਦੁੱਧ ਵੀ ਵੇਚ ਲੈਂਦੇ ਸਨ। ਉਹ ਇਨ੍ਹਾਂ ਹਿੰਦੂਵਾਦੀ ਸ਼ਕਤੀਆਂ ਤੋਂ ਡਰਦਾ ਹੋਇਆ ਨਾਂ ਤਾਂ ਇਨ੍ਹਾਂ ਗਾਈਆਂ ਮੱਝਾਂ ਨੂੰ ਡਾਕਟਰ ਕੋਲ ਲੈ ਕੇ ਜਾਂਦਾ ਤੇ ਨਾ ਹੀ ਦੁੱਧ ਦੇਣ ਤੋਂ ਹਟੀ ਮੱਝ ਮੰਡੀ ਵਿਚ ਦੇ ਕੇ ਦੂਜੀ ਮੱਝ ਦੁੱਧ ਦੇਣ ਵਾਲੀ ਲੈਣ ਦਾ ਉਪਰਾਲਾ ਕਰ ਸਕਦਾ।

ਗੁਜਰਾਤ ਦੀ ਇਕ ਦਿਲ ਹਿਲਾ ਦੇਣ ਵਾਲੀ ਘਟਨਾ ਦਾ ਜ਼ਿਕਰ ਕਰਨਾ ਬਣਦਾ ਹੈ ਜਿਸ ਵਿਚ ਕੁਝ ਨੌਜਵਾਨ ਮਰੀਆਂ ਹੋਈਆਂ ਗਾਵਾਂ ਨੂੰ ਲਿਜਾ ਰਹੇ ਸਨ ਜੋ ਕਿ ਉਨ੍ਹਾਂ ਦਾ ਪੇਸ਼ਾ ਹੈ ਤਾਂ ਕਿ ਮਰੀਆਂ ਹੋਈਆਂ ਗਾਵਾਂ ਦੀਆਂ ਖੱਲਾਂ ਲਾਹ ਕੇ ਉਨ੍ਹਾਂ ਨੂੰ ਚਮੜਾ ਵਪਾਰੀਆਂ ਨੂੰ ਦਿੱਤਾ ਜਾ ਸਕੇ। ਉਨ੍ਹਾਂ ਨੌਜਵਾਨਾਂ ਨੂੰ ਵੀ ਹਿੰਦੂਵਾਦੀ ਸੋਚ ਦੇ ਧਾਰਨੀਆਂ ਨੇ ਕੁੱਟ ਕੁੱਟ ਕੇ ਅੱਧ ਮੋਇਆ ਕਰ ਦਿੱਤਾ। ਇਹਨਾਂ ਨੌਜਵਾਨਾਂ ਨੂੰ ਡਾਂਗਾਂ ਨਾਲ ਕੁੱਟਦੇ ਹੋਏ ਟੀ.ਵੀ. 'ਤੇ ਹਰੇਕ ਚੈਨਲ ਨੇ ਦਿਖਾਇਆ। ਇਸ ਘਟਨਾ ਦੇ ਵਿਰੋਧ ਵਿਚ ਮੁਸਲਮਾਨ ਖੱਲਾਂ ਦੇ ਵਪਾਰੀਆਂ ਨੇ ਤੇ ਦਲਿਤ ਸਮਾਜ ਨੇ ਜੋ ਕਿ ਇਸ ਕਾਰੋਬਾਰ ਨਾਲ ਜੁੜੇ ਹੋਏ ਹਨ, ਗੁਜਰਾਤ ਵਿਚ ਬਹੁਤ ਵੱਡਾ ਵਿਰੋਧ ਪ੍ਰਦਰਸ਼ਨ ਕੀਤਾ। ਕੀ ਲੋਕ ਇਹ ਗੱਲ ਪੁੱਛਣ ਦਾ ਹੱਕ ਰੱਖ ਸਕਦੇ ਹਨ ਕਿ ਇਕ ਗਊ ਦੇ ਬਦਲੇ ਆਦਮੀ ਨੂੰ ਮਾਰ ਦਿਓ? ਕੀ ਕਾਨੂੰਨ ਵਿਚ ਗਊ ਹੱਤਿਆ ਦੇ ਬਦਲੇ ਮਾਨਵ ਹੱਤਿਆ ਜਾਇਜ਼ ਹੈ? ਸਾਡਾ ਮੁਲਕ ਲੋਕਤੰਤਰ ਨਹੀਂ ਰਿਹਾ। ਕਾਨੂੰਨ ਵਿਵਸਥਾ ਬਣਾਈ ਰੱਖਣਾ ਰਾਜ ਦਾ

ਅਧਿਕਾਰ ਹੈ, ਪਰ ਹਰ ਮਸਲੇ 'ਤੇ ਸੁਪਰੀਮ ਕੋਰਟ ਨੂੰ ਜਾਂ ਹਾਈਕੋਰਟ ਨੂੰ ਚਿਤਾਵਨੀ ਦੇਣੀ ਪੈਂਦੀ ਹੈ। ਜਾਂ ਇਉਂ ਕਹਿ ਲਓ ਕਿ ਇਕ ਤਰ੍ਹਾਂ ਮੱਤ ਦੇਣੀ ਪੈਂਦੀ ਹੈ ਐਨਾ ਕੁੱਢਰ ਚੱਲਕੇ, ਨਾਮੋ ਨਿਹਾਦ ਜਮਹੂਰੀਅਤ ਦਾ ਵੀ ਪੱਲਾ ਛੱਡਕੇ ਅਜੋਕੀ ਵਿਵਸਥਾ ਖਿਲਾਫ ਵਿਦਰੋਹ ਦੇ ਜਨਤਕ ਸੈਲਾਬ ਨੂੰ ਸੱਦਾ ਨਾ ਦਿਓ।

ਬੀ.ਜੇ.ਪੀ. ਨੇਤਾ ਜਿਹੜੇ ਕਿ ਐੱਮ. ਪੀ. ਹਨ ਜਾਂ ਐਮ. ਐਲ. ਏ. ਹਨ ਉਨ੍ਹਾਂ ਦੇ ਨਿੱਤ ਬੇਹੂਦੇ ਬਿਆਨ ਆਉਂਦੇ ਰਹਿੰਦੇ ਹਨ ਕਿ ਜਿਨ੍ਹਾਂ ਮੁਸਲਮਾਨਾਂ ਨੇ ਇਸ ਹਿੰਦੁਸਤਾਨ ਵਿਚ ਸਾਡੀ ਮਰਜ਼ੀ ਨਾਲ ਨਹੀਂ ਰਹਿਣਾ ਉਹ ਭਾਰਤ ਛੱਡ ਕੇ ਪਾਕਿਸਤਾਨ ਚਲੇ ਜਾਣ। ਇਹ ਕਿਹੜੇ ਸੈਕੂਲਰ, ਜਮਹੂਰੀ ਦੇਸ਼ ਦਾ ਪ੍ਰਮਾਣ ਹੈ।

ਪ੍ਰੈੱਸ ਦੀ ਆਜ਼ਾਦੀ 'ਤੇ ਹਮਲਾ

ਵਿਗਿਆਨਕ ਸੋਚ ਰੱਖਣ ਵਾਲੇ ਲੋਕਾਂ ਨੂੰ ਜਾਗਰੂਕ ਕਰਨ ਵਾਲੇ ਪ੍ਰੈੱਸ, ਲੇਖਕਾਂ, ਪੱਤਰਕਾਰਾਂ, ਸੰਪਾਦਕਾਂ ਨੂੰ ਨਿੱਤ ਧਮਕੀਆਂ ਮਿਲਦੀਆਂ ਕਿ ਜੇ ਤੁਸੀਂ ਸਾਡੀ ਹਿੰਦੂਵਾਦੀ ਵਿਚਾਰਧਾਰਾ ਦਾ ਵਿਰੋਧ ਕਰੋਗੇ ਤਾਂ ਤੁਹਾਨੂੰ ਇਸ ਦਾ ਖਮਿਆਜਾ ਭੁਗਤਣਾ ਪਵੇਗਾ। ਡਾ. ਦਾਭੋਲਕਰ, ਪੰਸਾਰੇ, ਕਲਬੁਰਗੀ ਜਿਹੇ ਲੇਖਕਾਂ ਦਾ ਕਤਲ ਇਸ ਤਹਿਤ ਹੀ ਕੀਤਾ ਗਿਆ। ਇਸ ਤੋਂ ਇਲਾਵਾ ਹੋਰ ਵੀ ਅਗਾਂਹਵਧੂ ਸੋਚ ਵਾਲੇ ਪੱਤਰਕਾਰਾਂ ਦਾ ਕਤਲ ਹੋਇਆ ਜੋ ਕਿ ਜ਼ਮੀਨ ਦੀ ਸੱਚਾਈ ਲੋਕਾਂ ਨੂੰ ਦਿਖਾਉਂਦੇ ਹਨ। ਲੋਕਾਂ ਦੀ ਤਬਾਹੀ ਤੇ ਗਰੀਬੀ ਨੂੰ ਦਿਖਾਉਣ ਵਾਲੇ ਇਨ੍ਹਾਂ ਪੱਤਰਕਾਰਾਂ ਨੂੰ ਲਗਾਤਾਰ ਡਰਾਇਆ ਧਮਕਾਇਆ ਵੀ ਜਾ ਰਿਹਾ। ਬੀਤੇ ਦਿਨੀਂ 'ਇਕਨਾਮਿਕ ਐਂਡ ਪੋਲੀਟੀਕਲ ਵੀਕਲੀ' ਦੇ ਸੰਪਾਦਕ ਪਰੰਜਾਏ ਗੁਹਾ ਠਾਕੁਰਤਾ ਨੂੰ ਸੰਪਾਦਕੀ ਜ਼ਿੰਮੇਵਾਰੀਆਂ ਤੋਂ ਮੁਕਤ ਕਰ ਦਿੱਤਾ। ਰਾਮ ਪ੍ਰਕਾਸ਼ ਆਨੰਤ ਵੱਲੋਂ ਉਹਨਾਂ ਨਾਲ ਕੀਤੀ ਮੁਲਾਕਾਤ ਗਵਾਹੀ ਭਰਦੀ ਹੈ ਕਿ ਕਿਵੇਂ ਤੱਥਾਂ ਸਹਿਤ ਉਸਨੇ ਲਿਖਿਆ ਸੀ ਕਿ ਅੰਡਾਨੀ ਪਰਿਵਾਰ ਨੂੰ ਮੋਦੀ ਸਰਕਾਰ ਨੇ 500 ਕਰੋੜ ਦਾ ਤੋਹਫਾ ਦਿੱਤਾ ਹੈ। ਬੱਸ ਏਸੇ 'ਦੋਸ਼' ਤਹਿਤ ਉਹਨਾਂ ਦੀ ਸੰਪਾਦਕੀ ਤੋਂ ਛੁੱਟੀ ਕਰ ਦਿੱਤੀ। ਇਹ ਵਿਚਾਰਾਂ ਦੇ ਪ੍ਰਗਟਾਵੇ ਅਤੇ ਤੱਥਾਂ ਦੇ ਹਵਾਲੇ ਦੀ ਆਜ਼ਾਦੀ ਉਪਰ ਸਿੱਧਾ ਹਮਲਾ ਹੈ। ਇਹ ਵਾਰਨਿੰਗ ਵੀ ਹੈ ਹੋਰਨਾਂ ਸੰਪਾਦਕਾਂ, ਲੇਖਕਾਂ ਨੂੰ ਕਿ ਉਹਨਾਂ ਨੂੰ ਭਾਜਪਾ ਹਕੂਮਤ ਦੀ ਰਜ਼ਾ ਵਿਚ ਰਹਿਕੇ ਹੀ ਲਿਖਣਾ ਪਵੇਗਾ। ਨਹੀਂ ਤਾਂ ਸਜ਼ਾ ਭੁਗਤਣ ਲਈ ਤਿਆਰ ਰਹਿਣ। ਇਨ੍ਹਾਂ ਪੱਤਰਕਾਰਾਂ ਨੂੰ ਕਦੇ ਚੁੱਕ ਕੇ ਮਾਰ ਦਿੱਤਾ ਜਾਂਦਾ ਇਹ ਪਤਾ ਹੀ ਨਹੀਂ ਲਗਦਾ। ਇਹ ਅਸਹਿਣਸ਼ੀਲਤਾ ਦੀ ਹੱਦ ਹੈ ਤੇ ਬਹੁਤ ਸਾਰੇ ਲੇਖਕਾਂ ਨੇ ਇਸ ਦਾ ਵਿਰੋਧ ਵੀ ਕੀਤਾ। ਸਰਕਾਰ ਨੇ ਇਸ ਪਾਸੇ ਕੋਈ ਧਿਆਨ ਤਾਂ ਕੀ ਦੇਣਾ ਸੀ ਉਲਟਾ ਫ਼ਿਰਕੂ ਜ਼ਹਿਰ ਉਗਲਣ ਵਾਲਿਆਂ ਅਤੇ ਰੌਸ਼ਨ ਦਿਮਾਗ, ਬੁੱਧੀਮਾਨ ਲੇਖਕਾਂ ਦੇ ਕਾਤਲਾਂ ਉਪਰ ਹਿਫ਼ਾਜ਼ਤੀ ਛਤਰੀ ਤਾਨਣ ਦਾ ਕੰਮ ਕੀਤਾ ਜਾ ਰਿਹਾ ਹੈ। ਇਸ ਤਰ੍ਹਾਂ ਪ੍ਰੈੱਸ ਦੀ ਆਜ਼ਾਦੀ 'ਤੇ ਬਹੁਤ ਵੱਡੀ ਸੱਟ ਮਾਰੀ ਜਾ ਰਹੀ ਹੈ। ਜਿਸ ਤਰ੍ਹਾਂ ਕਿ ਗੌਰੀ ਲੰਕੇਸ਼ ਦਾ ਕਤਲ ਤੇ ਤਾਜ਼ਾ ਘਟਨਾ, ਭਵਿੱਖ ਦੇ ਖ਼ਤਰਿਆਂ ਬਾਰੇ ਅਲਾਰਮ ਕਰਦੀ ਹੈ। ਪਿਛਲੇ ਦਿਨੀਂ ਵਿਨੋਦ ਵਰਮਾ ਨੂੰ ਘਰੋਂ ਅੱਧੀ ਰਾਤ ਨੂੰ ਚੁੱਕ ਲਿਆ ਅਤੇ

ਉਸ 'ਤੇ ਲਗਾਤਾਰ ਕਹਿਰ ਢਾਹਿਆ ਜਾਣਾ ਦਿਲ ਦਹਿਲਾ ਦੇਣ ਵਾਲਾ ਹੈ। ਇਨ੍ਹਾਂ ਹਿੰਦੂਵਾਦੀ ਨੇਤਾਵਾਂ ਦੇ ਚੇਲਿਆਂ ਚਪਟਿਆਂ ਦੁਆਰਾ ਲਗਾਤਾਰ ਇਹ ਧਮਕੀਆਂ ਪੱਤਰਕਾਰਾਂ ਨੂੰ ਦਿੱਤੀਆਂ ਜਾਂਦੀਆਂ ਕਿ ਜੇ ਤੁਸੀਂ ਆਰ. ਐਸ. ਐਸ. ਦਾ ਵਿਰੋਧ ਕਰੋਗੇ ਤਾਂ ਤੁਹਾਡਾ ਵੀ ਹਸ਼ਰ ਗੌਰੀ ਲੰਕੇਸ਼ ਵਰਗਾ ਹੀ ਹੋਵੇਗਾ। ਗੌਰੀ ਲੰਕੇਸ਼ ਤੋਂ ਬਾਅਦ ਐੱਨ. ਡੀ. ਟੀ. ਵੀ. ਦਾ ਪੱਤਰਕਾਰ ਰਵੀਸ਼ ਤੇ ਬਰਖਾ ਦੱਤ ਨੂੰ ਵੀ ਧਮਕਾਇਆ ਜਾ ਰਿਹਾ ਹੈ। ਰਵੀਸ਼ ਕੁਮਾਰ ਨੇ ਪ੍ਰਧਾਨ ਮੰਤਰੀ ਦੇ ਨਾਂ ਖੁੱਲ੍ਹਾ ਪੱਤਰ ਲਿਖਕੇ ਹਮਲਾਵਰਾਂ ਦੀ ਹਾਕਮਾਂ ਵੱਲੋਂ ਪਿੱਠ ਥਾਪੜਨ ਦਾ ਖੁਲਾਸਾ ਵੀ ਕੀਤਾ ਹੈ। ਸੁਆਲ ਵੀ ਉਠਾਏ ਹਨ ਜਿਹਨਾਂ ਦੇ ਜੁਆਬ ਨਹੀਂ ਦਿੱਤੇ ਜਾ ਰਹੇ। ਐਨ. ਡੀ. ਟੀ. ਵੀ. ਨੂੰ ਵੀ ਝੁਕਣ ਲਈ ਬਹੁਤ ਮਜਬੂਰ ਕੀਤਾ ਜਾ ਰਿਹਾ ਹੈ ਪਰ ਉਹ ਸੱਚ ਦੀ ਆਵਾਜ਼ ਬੋਲਣ ਤੋਂ ਕਦੇ ਨਹੀਂ ਘਬਰਾਇਆ।

ਕਾਰਪੋਰੇਟ ਘਰਾਣਿਆਂ ਦੀ ਲੁੱਟ ਕਾਰਨ ਹੋਈ ਨੋਟਬੰਦੀ

ਨੋਟਬੰਦੀ ਸਬੰਧੀ ਪਾਰਲੀਮੈਂਟ ਅਤੇ ਬਾਕੀ ਪਾਰਟੀਆਂ ਨਾਲ ਕੋਈ ਵਿਚਾਰ ਚਰਚਾ ਕਰਨ ਦੀ ਲੋੜ ਹੀ ਨਹੀਂ ਸਮਝੀ ਗਈ। ਲੋਕਤੰਤਰ ਦਾ ਤਕਾਜ਼ਾ ਹੈ ਕਿ ਪ੍ਰਧਾਨ ਮੰਤਰੀ ਕੋਈ ਅਹਿਮ ਫੈਸਲਾ ਲੈਣ ਤੋਂ ਪਹਿਲਾਂ ਪਾਰਲੀਮੈਂਟ ਵਿਚ ਸਾਰੀਆਂ ਪਾਰਟੀਆਂ ਨਾਲ ਸਲਾਹ-ਮਸ਼ਵਰਾ ਕਰੇ। ਤਾਂ ਜੋ ਸਾਰੀਆਂ ਪਾਰਟੀਆਂ ਦੇ ਨੁਮਾਇੰਦੇ ਆਪਣੀ ਰਾਇ ਦਿੰਦੀਆਂ ਕਿ ਇਸ ਫੈਸਲੇ ਨਾਲ ਆਮ ਲੋਕਾਂ ਦਾ ਕੀ ਨੁਕਸਾਨ ਹੋਵੇਗਾ। ਪਰ ਪ੍ਰਧਾਨ ਮੰਤਰੀ ਨੇ ਅਜਿਹੀ ਕੋਈ ਲੋੜ ਹੀ ਨਹੀਂ ਸਮਝੀ। ਇਹ ਕੇਹੀ ਜਮਹੂਰੀਅਤ ਹੈ?

ਜਦੋਂ ਕਾਰਪੋਰੇਟ ਘਰਾਣਿਆਂ ਨੇ ਪੈਸਾ ਲੈ ਕੇ ਵਾਪਸ ਨਹੀਂ ਕੀਤਾ ਤਾਂ ਨਰਿੰਦਰ ਮੋਦੀ ਨੇ ਅੱਠ ਨਵੰਬਰ 2016 ਰਾਤ 8 ਵਜੇ ਦੇਸ਼ ਨੂੰ ਸੰਬੋਧਨ ਕਰਦੇ ਹੋਏ ਤਾਨਾਸ਼ਾਹੀ ਫੁਰਮਾਨ ਨੋਟਬੰਦੀ ਲਾਗੂ ਕਰ ਦਿੱਤੀ ਤਾਂ ਜੋ ਖਾਲੀ ਬੈਂਕਾਂ ਦਾ ਢਿੱਡ ਭਰਿਆ ਜਾ ਸਕੇ। ਨੋਟਬੰਦੀ ਲਾਗੂ ਕਰਕੇ ਲੋਕਾਂ ਲਈ ਘੋਰ ਮੁਸ਼ਕਿਲਾਂ ਖੜ੍ਹੀਆਂ ਕਰ ਦਿੱਤੀਆਂ ਗਈਆਂ। ਨੋਟਬੰਦੀ ਨੂੰ ਇਹ ਕਹਿ ਕੇ ਲਾਗੂ ਕੀਤਾ ਗਿਆ ਸੀ ਕਿ ਇਸ ਨਾਲ ਰਿਸ਼ਵਤਖੋਰੀ ਘਟੇਗੀ, ਅੱਤਵਾਦ ਨੂੰ ਠੱਲ੍ਹ ਪਏਗੀ ਪਰ ਇਕ ਹਜ਼ਾਰ ਦੇ ਨੋਟ ਦੀ ਥਾਂ ਦੋ ਹਜ਼ਾਰ ਦਾ ਨੋਟ ਜਾਰੀ ਕਰਨ ਨਾਲ ਰਿਸ਼ਵਤਖੋਰੀ ਵਿਚ ਬੇਹੱਦ ਵਾਧਾ ਹੋਇਆ। ਨੋਟਬੰਦੀ ਕਰਕੇ ਮੋਦੀ ਦਾ ਅਸਲੀ ਮਕਸਦ ਬਾਕੀ ਪਾਰਟੀਆਂ 'ਤੇ ਸ਼ਿਕੰਜਾ ਕੱਸਣਾ ਸੀ ਤਾਂ ਕਿ ਬੀ. ਜੇ. ਪੀ. ਨੂੰ ਮਜ਼ਬੂਤ ਕਰਕੇ ਵਿਰੋਧੀ ਪਾਰਟੀਆਂ ਨੂੰ ਕਮਜ਼ੋਰ ਕਰਕੇ ਚੋਣਾਂ ਵਿਚ ਆਪਣੀ ਜਿੱਤ ਹਾਸਲ ਕੀਤੀ ਜਾ ਸਕੇ। ਨੋਟਬੰਦੀ ਦਾ ਨਤੀਜਾ ਇਹ ਹੋਇਆ ਕਿ ਮਿਹਨਤਕਸ਼ ਲੋਕੀਂ ਆਪਣਾ ਕਾਰੋਬਾਰ ਛੱਡ ਕੇ ਬੈਂਕਾਂ ਅੱਗੇ ਲਾਈਨਾਂ 'ਚ ਖੜ੍ਹੇ ਹੋਣ ਲਈ ਮਜਬੂਰ ਹੋ ਗਏ। ਉਨ੍ਹਾਂ ਦੇ ਛੋਟੇ ਤੇ ਵੱਡੇ ਕਾਰੋਬਾਰ ਬੰਦ ਹੋ ਗਏ। ਪੈਸਿਆਂ ਦੀ ਘਾਟ ਕਰਕੇ ਮਾਲਕਾਂ ਨੇ ਮਜ਼ਦੂਰਾਂ ਦੀ ਛੁੱਟੀ ਕਰ ਦਿੱਤੀ ਤੇ ਉਹ ਮਜ਼ਦੂਰ ਵਿਹਲਾ ਹੋ ਕੇ ਘਰਾਂ ਨੂੰ ਚਲਾ ਗਿਆ ਕਿਉਂਕਿ ਮਾਲਕ ਉਨ੍ਹਾਂ ਨੂੰ ਨਗਦ ਦਿਹਾੜੀ ਦੇਣ 'ਚ ਅਸਮਰੱਥ ਹੋ ਗਏ। ਲਾਈਨਾਂ 'ਚ ਖੜ੍ਹੇ ਲਗਪਗ 150 ਦੇ ਕਰੀਬ ਲੋਕ ਮੌਤ ਦਾ ਸ਼ਿਕਾਰ ਹੋ ਗਏ। ਕਈ ਔਰਤਾਂ ਦਾ ਜਣੇਪਾ ਲਾਈਨਾ ਵਿਚ ਹੀ ਹੋ ਗਿਆ। ਇੰਨਾ ਸਭ ਹੋਣ ਦੇ ਬਾਵਜੂਦ ਮੋਦੀ

ਸਰਕਾਰ ਵੱਲੋਂ ਕਿਸੇ ਨੂੰ ਇਕ ਪੈਸੇ ਦਾ ਮੁਆਵਜ਼ਾ ਵੀ ਨਹੀਂ ਦਿੱਤਾ ਗਿਆ। ਕਿਸਾਨਾਂ ਵਲੋਂ ਫ਼ਸਲਾਂ ਦੀ ਬਿਜਾਈ ਵਿਚ ਦੇਰੀ ਹੋ ਗਈ। ਤੇ ਉਹ ਸਮੇਂ ਨਾਲ ਆਪਣੀ ਫੱਸਲ ਨਹੀਂ ਬੀਜ ਸਕੇ। ਪਿਛਲੇ ਦਿਨੀਂ ਕੇਂਦਰ ਵੱਲੋਂ ਸੁਪਰੀਮ ਕੋਰਟ ਨੂੰ ਦਿੱਤੀ ਇਕ ਰਿਪੋਰਟ ਵਿਚ ਵੀ ਦੱਸਿਆ ਗਿਆ ਕਿ 2013 ਤੋਂ ਲੈ ਕੇ ਹੁਣ ਤਕ ਲਗਪਗ 14,000 ਕਿਸਾਨ ਹਰ ਸਾਲ ਖ਼ੁਦਕੁਸ਼ੀਆਂ ਕਰ ਚੁੱਕੇ ਹਨ। ਇਹ ਕਹਿਣਾ ਹੈ ਪੰਜਾਬ ਯੂਨੀਵਰਸਿਟੀ ਦੇ ਵਿਦਵਾਨਾ ਦੇ ਤਾਜ਼ਾ ਸਰਵੇਖਣ ਦਾ। ਨੋਟਬੰਦੀ ਦੇ ਅਸਰ ਨੇ ਛੋਟੇ-ਵੱਡੇ ਕਾਰੋਬਾਰ, ਛੋਟੀ ਤੇ ਘਰੇਲੂ ਦਸਤਕਾਰੀ 'ਤੇ ਪਏ ਪ੍ਰਭਾਵ ਨੇ ਇਹਨਾਂ ਨੂੰ ਅਜੇ ਤੱਕ ਪੈਰਾਂ 'ਤੇ ਨਹੀਂ ਆਉਣ ਦਿੱਤਾ। ਨੋਟਬੰਦੀ ਕਰਕੇ ਲੋਕਾਂ ਦਾ ਲੱਕ ਤੋੜ ਦਿੱਤਾ। ਖੇਤੀ ਦੀ ਜੀ.ਡੀ.ਪੀ. 1.7 ਪ੍ਰਤੀਸ਼ਤ ਰਹਿ ਗਈ ਹੈ। (ਐਕਸਪੋਰਟ ਮਾਈਨਿੰਗ)

ਜੀ. ਐੱਸ. ਟੀ. ਦਾ ਕਹਿਰ

ਇਸ ਨੋਟਬੰਦੀ ਦੀ ਦਲਦਲ ਵਿਚ ਫਸੇ ਹੋਏ ਕਿਰਤੀਆਂ ਉੱਪਰ ਦੂਜਾ ਹਮਲਾ ਜੀ.ਐਸ.ਟੀ. ਦਾ ਕਰਕੇ ਲੋਕਾਂ ਦਾ ਕਚੂੰਮਰ ਕੱਢ ਦਿੱਤਾ ਗਿਆ। ਲੋਕਾਂ ਵਿਚ ਹਹਾਕਾਰ ਮੱਚ ਗਈ। ਵਪਾਰ ਲਗਾਤਾਰ ਘਾਟੇ ਵਿਚ ਜਾ ਰਿਹਾ ਹੈ। ਮੁਰਾਦਾਬਾਦ ਵਿੱਚ ਪਿੱਤਲ ਦੇ ਭਾਂਡੇ ਬਣਾਉਣ ਤੇ ਭਾਂਡਿਆਂ 'ਤੇ ਚਿੱਤਰਕਾਰੀ ਕਰਨ ਵਾਲੇ ਮਜ਼ਦੂਰਾਂ ਨੂੰ ਵਿਹਲੇ ਹੋ ਕੇ ਘਰਾਂ ਨੂੰ ਜਾਣਾ ਪਿਆ। ਵਾਰਾਨਸੀ ਦੀ ਕਾਰਪੈਟ ਤੇ ਕੱਚ ਦੀ ਦਸਤਕਾਰੀ ਖਤਮ ਹੋ ਗਈ। ਕਿਉਂਕਿ ਕਾਰਪੈੱਟ ਬਣਾਉਣ ਅਤੇ ਉਸਨੂੰ ਹਰ ਵਾਰੀ ਨਵੀਂ ਸ਼ਕਲ ਦੇਣ ਲਈ ਹਰ ਵਾਰ 18% ਜੀ.ਐਸ.ਟੀ. ਲੱਗਣ ਲੱਗਾ। ਇਸ ਨਾਲ ਕਾਰਪੈੱਟ ਕੀਮਤਾਂ ਵਿਚ ਭਾਰੀ ਵਾਧਾ ਹੋਇਆ ਤੇ ਕਾਰਪੈੱਟ ਦੀ ਵਿਕਰੀ ਬਹੁਤ ਘੱਟ ਗਈ। ਇਸਦੇ ਖਿਲਾਫ ਵਪਾਰੀਆਂ ਤੇ ਮਜ਼ਦੂਰਾਂ ਨੇ ਰੋਹ ਭਰਪੂਰ ਪ੍ਰਦਰਸ਼ਨ ਕੀਤੇ। ਪਰ ਮੋਦੀ ਸਰਕਾਰ 'ਤੇ ਇਸਦਾ ਕੋਈ ਅਸਰ ਨਹੀਂ ਪਿਆ। ਉਹ ਆਪਣੇ ਏਜੰਡੇ ਨੂੰ ਲਾਗੂ ਕਰਨ ਲਈ ਉਤਾਰੂ ਹੈ। ਗੁਜਰਾਤ ਦੀ ਕੱਪੜਾ ਸਨਅਤ ਲੜਖੜਾ ਗਈ ਹੈ। ਸਮੁੱਚੀ ਆਰਥਿਕਤਾ ਨੂੰ ਜੜ੍ਹੋਂ ਹਿਲਾ ਕੇ ਰੱਖ ਦਿੱਤਾ ਹੈ।

ਲੋਕਾਂ 'ਤੇ ਇਸ ਦਾ ਵਾਧੂ ਬੋਝ ਪੈ ਰਿਹਾ ਹੈ। ਛੋਟੇ ਦੁਕਾਨਦਾਰਾਂ ਨੂੰ ਹਿਸਾਬ ਕਿਤਾਬ ਰੱਖਣ ਵਿਚ ਵੀ ਬਹੁਤ ਦਿੱਕਤਾਂ ਆ ਰਹੀਆਂ ਹਨ। ਲੋਕਾਂ ਦੀ ਜੇਬ੍ਹ ਹਲਕੀ ਹੋ ਰਹੀ ਹੈ। ਉਨ੍ਹਾਂ ਦੇ ਘਰ ਦਾ ਬਜਟ ਹਿੱਲ ਗਿਆ ਹੈ। ਕਈਆਂ ਘਰਾਂ ਵਿਚ ਤਾਂ ਦੋ ਸਮੇਂ ਦੀ ਰੋਟੀ ਚਲਾਉਣਾ ਮੁਸ਼ਕਿਲ ਹੋ ਗਿਆ ਹੈ।

ਲੋਕਾਂ ਦੀਆਂ ਜੇਬਾਂ ਕੱਟਕੇ ਲੁੱਟੇ ਪੈਸੇ ਦਾ ਕੇਂਦਰੀਕਰਣ ਕੀਤਾ ਜਾ ਰਿਹਾ ਹੈ। ਗੱਲਾਂ ਕੀਤੀਆਂ ਜਾ ਰਹੀਆਂ ਨੇ ਰਾਜਾਂ ਦੀ ਖੁਦਮੁਖਤਾਰੀ ਦੀਆਂ। ਧੰਨ, ਦੌਲਤ ਦਾ ਕੇਂਦਰੀਕਰਣ ਕੀਤਾ ਜਾ ਰਿਹਾ ਹੈ।

ਪੈਟ੍ਰੋਲੀਅਮ ਅਤੇ ਖਾਧ ਪਦਾਰਥਾਂ ਦੀ ਵਧ ਰਹੀ ਮਹਿੰਗਾਈ

ਕੱਚੇ ਤੇਲ ਦੀ ਕੀਮਤ ਅੰਤਰਰਾਸ਼ਟਰੀ ਬਾਜ਼ਾਰ 'ਚ ਘਟਣ ਦੇ ਬਾਵਜੂਦ ਬੀ.ਜੇ.ਪੀ. ਸਰਕਾਰ ਲਗਾਤਾਰ ਪੈਟ੍ਰੋਲ, ਡੀਜ਼ਲ ਤੇ ਗੈਸ ਦੀਆਂ ਕੀਮਤਾਂ ਵਿਚ ਵਾਧਾ ਕਰ ਰਹੀ

ਹੈ। ਜਿਸ ਨਾਲ ਲੋਕਾਂ 'ਤੇ ਵਾਧੂ ਬੋਝ ਪੈ ਰਿਹਾ ਹੈ। 2014 'ਚ ਕੱਚੇ ਤੇਲ ਦੀ ਕੀਮਤ 148 ਡਾਲਰ ਪ੍ਰਤੀ ਬੈਰਲ ਸੀ ਤੇ ਭਾਰਤ 'ਚ ਪੈਟ੍ਰੋਲ ਦੀ ਕੀਮਤ 61 ਰੁਪਏ ਤੇ ਡੀਜ਼ਲ ਦੀ ਕੀਮਤ 53 ਰੁਪਏ ਪ੍ਰਤੀ ਲੀਟਰ ਸੀ। ਫਿਰ 2017 'ਚ ਕੱਚੇ ਤੇਲ ਦੀ ਕੀਮਤ ਘਟ ਕੇ 47 ਡਾਲਰ ਪ੍ਰਤੀ ਬੈਰਲ ਹੋ ਗਈ ਪਰ ਭਾਰਤ 'ਚ ਪੈਟ੍ਰੋਲ ਦੀ ਕੀਮਤ 71 ਰੁਪਏ ਤੇ ਡੀਜ਼ਲ ਦੀ ਕੀਮਤ 61 ਰੁਪਏ ਪ੍ਰਤੀ ਲੀਟਰ ਕਰ ਦਿੱਤੀ ਗਈ। ਗੈਸ ਦੀ ਕੀਮਤ 2014 'ਚ 414 ਰੁਪਏ ਪ੍ਰਤੀ ਸਿਲੰਡਰ ਸੀ। 2017 'ਚ ਵਧ ਕੇ 777 ਰੁਪਏ ਹੋ ਗਈ ਤੇ ਸਾਲ ਦੇ ਅਖ਼ੀਰ ਵਿਚ ਸਿਲੰਡਰ ਦੀ ਕੀਮਤ 800 ਰੁਪਏ ਹੋ ਗਈ। ਜਿਸ ਕਾਰਨ ਰਸੋਈ ਦਾ ਬਜਟ ਹਿੱਲ ਗਿਆ। ਵਿਕਾਸ ਦਾ ਇਹ ਹਾਲ ਹੈ ਕਿ ਪਲੇਟਫਾਰਮਾਂ ਦੀ ਟਿਕਟ 2 ਤੋਂ 20 ਰੁਪਏ ਹੋ ਗਈ ਹੈ।

ਅਧਾਰ ਕਾਰਡ ਸੰਬੰਧੀ

ਸੁਪਰੀਮ ਕੋਰਟ ਦੇ ਵਿਰੋਧ ਦੇ ਬਾਵਜੂਦ ਮੋਦੀ ਦੀ ਬੀ. ਜੇ. ਪੀ. ਸਰਕਾਰ ਨੇ ਲੋਕਾਂ 'ਤੇ ਆਧਾਰ ਕਾਰਡ ਥੋਪ ਦਿੱਤਾ ਜਿਸ ਦਾ ਬਹੁਤ ਮਾੜਾ ਅਸਰ ਪਿਆ। ਦੇਸ਼ ਦੇ ਕਈ ਹਿੱਸਿਆਂ 'ਚ ਆਧਾਰ ਕਾਰਡ ਨਾ ਹੋਣ ਕਾਰਨ ਰਾਸ਼ਨ ਡਿਪੂਆਂ ਵੱਲੋਂ ਲੋਕਾਂ ਨੂੰ ਰਾਸ਼ਨ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ। ਜਿਸ ਨਾਲ ਲੋਕਾਂ ਨੂੰ ਲੋੜੀਂਦਾ ਅਨਾਜ ਨਾ ਮਿਲਣ ਕਰ ਕੇ ਉਨ੍ਹਾਂ ਨੂੰ ਭੁੱਖਮਰੀ ਦਾ ਸ਼ਿਕਾਰ ਹੋਣਾ ਪਿਆ। ਭੁੱਖਮਰੀ ਨਾਲ ਰੋਜ਼ਾਨਾ ਮੌਤਾਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਹੈ। ਕੰਮਾਂ ਕਾਰਾਂ ਦੀ ਮੰਦਹਾਲੀ ਨਾਲ ਹੇਠਲੇ ਵਰਗ ਦਾ ਜੀਵਨ ਦੁੱਭਰ ਕਰ ਦਿੱਤਾ ਗਿਆ ਹੈ। ਮਜ਼ਦੂਰ ਔਰਤਾਂ ਜੋ ਕਿ ਘਰਾਂ 'ਚ ਬਰਤਨ ਵਗੈਰਾ ਸਾਫ਼ ਕਰਦੀਆਂ ਹਨ, ਦੇ ਉਂਗਲੀਆਂ ਦੇ ਨਿਸ਼ਾਨ ਅਕਸਰ ਮਿਟ ਜਾਂਦੇ ਹਨ। ਅੰਗੂਠੇ ਦੀਆਂ ਰੇਖਾਵਾਂ ਦਾ ਆਧਾਰ ਕਾਰਡ ਦੇ ਨਿਸ਼ਾਨ ਨਾ ਹੋਣ ਕਾਰਣ ਉਹ ਆਪਣੀ ਜਮ੍ਹਾਂ ਪੂੰਜੀ ਕਢਵਾਉਣ ਤੋਂ ਅਸਮਰੱਥ ਹੋ ਗਏ। ਇਕ ਔਰਤ ਦਾ ਬੇਟਾ ਦੁਰਘਟਨਾ 'ਚ ਮਾਰਿਆ ਗਿਆ। ਉਸ ਦੀ ਬੁੱਢੀ ਮਾਂ ਜਿਹੜੀ ਕਿ ਵਿਧਵਾ ਸੀ ਤੇ ਅੰਨ੍ਹੀ ਸੀ ਉਹ ਆਪਣੇ ਤਿੰਨ ਪੋਤੇ ਪੋਤੀਆਂ ਨੂੰ ਨਾਲ ਲੈ ਕੇ ਬੈਂਕ ਗਈ। ਉਸ ਦੀਆਂ ਉਂਗਲੀਆਂ ਦੇ ਨਿਸ਼ਾਨ ਘਸਣ ਕਾਰਣ ਆਧਾਰ ਕਾਰਡ ਨਾਲ ਮੇਲ ਨਾ ਖਾਣ ਕਾਰਣ ਉਨ੍ਹਾਂ ਨੂੰ ਬੈਂਕ ਵਿਚੋਂ ਪੈਸਾ ਨਹੀਂ ਮਿਲ ਸਕਿਆ ਤਾਂ ਉਹ ਰੋਂਦੇ ਹੋਏ ਆਪਣੇ ਘਰਾਂ ਨੂੰ ਵਾਪਸ ਆ ਗਏ। ਆਧਾਰ ਕਾਰਡ ਦੀਆਂ ਅਜਿਹੀਆਂ ਘਟਨਾਵਾਂ ਹਨ ਕਿ ਮੱਧ ਪ੍ਰਦੇਸ਼, ਰਾਜਸਥਾਨ ਤੇ ਝਾਰਖੰਡ ਵਿਚ ਰਾਸ਼ਣ ਨਾ ਮਿਲਣ ਕਾਰਣ ਭੁੱਖ ਨਾਲ ਮੌਤਾਂ ਹੋ ਰਹੀਆਂ ਹਨ। ਇਹਨਾਂ ਸੂਬਿਆਂ ਵਿਚ ਬੇਵਸੀ ਤੇ ਲਾਚਾਰਗੀ ਦੀ ਹਾਲਤ ਨੇ ਉਥੋਂ ਦੇ ਗਰੀਬ ਪਰਿਵਾਰਾਂ ਨੂੰ ਭੁੱਖਮਰੀ ਦੇ ਕਾਗਾਰ 'ਤੇ ਪਹੁੰਚਾ ਦਿੱਤਾ ਹੈ। ਕਾਲਜੇ ਰੁੱਗ ਭਰਦੀ ਘਟਨਾ ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਝਾਰਖੰਡ ਦੀ ਇਕ ਮਾਂ ਦੀ ਗੋਦ 'ਚ ਭੁੱਖ ਨਾਲ ਵਿਲਕਦਾ ਬੱਚਾ ਰੋਟੀ-ਰੋਟੀ ਕਰਦਾ ਰਿਹਾ। ਅੱਗੋਂ ਸਰਕਾਰ ਆਧਾਰ ਕਾਰਡ ਲੈ ਕੇ ਆਉਣ ਦੀਆਂ ਸ਼ਰਤਾਂ ਲਾਉਂਦੀ ਰਹੀ। ਆਧਾਰ ਕਾਰਡ ਨਾ ਹੋਣ ਕਾਰਣ ਭੁੱਖ ਨਾਲ ਜੂਝਦਾ ਬੱਚਾ ਮਾਂ ਦੀ ਗੋਦ 'ਚ ਹੀ ਦਮ ਤੋੜ ਗਿਆ।

ਪਿਛਲੀ ਸਰਕਾਰ ਦੇ ਭ੍ਰਿਸ਼ਟਾਚਾਰ ਦੀ ਨਿਖੇਧੀ ਕਰਨ ਵਾਲੀ ਬੀ. ਜੀ. ਪੀ. ਸਰਕਾਰ ਦੇ ਆਪਣੇ ਕਾਰਜਕਾਲ 'ਚ ਵਿਆਪਮ ਘੁਟਾਲਾ ਹੋਇਆ। ਇਸ ਦੌਰਾਨ 40 ਤੋਂ ਵੱਧ ਲੋਕਾਂ ਦੀਆਂ ਮੌਤਾਂ ਹੋਈਆਂ। ਇਨ੍ਹਾਂ ਮੌਤਾਂ ਦੇ ਜਿੰਮੇਵਾਰ ਲੋਕਾਂ 'ਤੇ ਕੋਈ ਕੇਸ ਦਰਜ ਨਹੀਂ ਹੋਇਆ।

ਮੱਧ ਪ੍ਰਦੇਸ਼ ਵਿਚ ਬਹੁਤ ਵੱਡਾ ਘੋਟਾਲਾ ਹੋਇਆ ਸੀ। ਇਹ ਪ੍ਰੋਫੈਸ਼ਨਲ ਐਜੂਕੇਸ਼ਨ ਸਮੂਹ ਸੀ ਜੋ ਕੁਝ ਸਾਲਾਂ ਤੋਂ ਪ੍ਰੀਖਿਆ ਘੁਟਾਲੇ ਵਿਚ ਤਬਦੀਲ ਹੋ ਗਿਆ। ਘੁਟਾਲੇ ਦੀ ਸ਼ੁਰੂਆਤ ਕੰਟੈਕਟ ਅਧਿਆਪਕ ਵਰਗ ਇਕ ਤੋਂ ਦੋ ਵਰਗ ਤੋਂ ਹੋਈ।

ਮੈਡੀਕਲ ਪ੍ਰੀਖਿਆ ਦਾ ਘੁਟਾਲਾ ਭ੍ਰਿਸ਼ਟਾਚਾਰ ਦੀਆਂ ਸਿਖ਼ਰਾਂ ਛੋਹ ਗਿਆ। ਸਰਕਾਰ ਵੱਲੋਂ ਅਯੋਗ ਪ੍ਰੀਖਿਆਰਥੀਆਂ ਨੂੰ ਪ੍ਰੀਖਿਆ ਅੰਦਰ ਦਾਖ਼ਲਾ ਦਿੱਤਾ ਗਿਆ। ਸਿੱਖਿਆ ਦੇ ਮਿਆਰ ਨੂੰ ਉੱਚਾ ਦਿਖਾਉਣ ਲਈ ਜਿੱਥੇ ਯੂ.ਪੀ., ਬਿਹਾਰ ਤੇ ਦਿੱਲੀ ਤੋਂ ਪ੍ਰੋਫੈਸ਼ਨਲ ਡਾਕਟਰਾਂ ਨੇ ਲੱਖਾਂ ਰੁਪਏ ਲੈ ਕੇ ਉਹਨਾਂ ਅਯੋਗ ਵਿਦਿਆਰਥੀਆਂ ਦੀ ਪ੍ਰੀਖਿਆ ਦੇ ਦਿੱਤੀ। ਜਦ ਉਹੀ ਅਯੋਗ ਡਾਕਟਰ ਹਸਪਤਾਲਾਂ ਵਿਚ ਨੌਕਰੀਆਂ ਕਰਨ ਗਏ ਤਾਂ ਉਥੇ ਉਹਨਾਂ ਦੀ ਅਯੋਗਤਾ ਕਾਰਨ ਹਹਾਕਾਰ ਮਚ ਗਈ, ਜਿਸ ਤੋਂ ਬਾਅਦ ਇਹ ਘੁਟਾਲਾ ਸਾਹਮਣੇ ਆਇਆ। ਇਸ ਦੌਰਾਨ ਕਈ ਲੋਕਾਂ ਦੀ ਮੌਤ ਵੀ ਹੋ ਗਈ ਜੋ ਕਿ ਸਰਕਾਰ ਦੁਆਰਾ ਗਿਣ ਮਿਥੀ ਸਾਜ਼ਿਸ਼ ਸੀ।

ਮਧ ਪ੍ਰਦੇਸ਼ ਦਾ ਦੂਸਰਾ ਹਰਿਆਵਲ ਘੁਟਾਲਾ ਵੀ ਇਸੇ ਕੜੀ ਦਾ ਹਿੱਸਾ ਹੈ।ਮੱਧ ਪ੍ਰਦੇਸ਼ 'ਚ ਹਰਿਆਵਲ ਵਧਾਉਣ ਲਈ ਪੌਦੇ ਲਾਉਣ ਦੀ ਮੁਹਿੰਮ ਸ਼ੁਰੂ ਕੀਤੀ ਗਈ ਸੀ ਜਿਸ ਵਿਚ ਵੀ ਬਹੁਤ ਵੱਡਾ ਘੁਟਾਲਾ ਸਾਹਮਣੇ ਆਇਆ ਹੈ।

ਮੋਦੀ ਸਰਕਾਰ ਨੇ ਚੋਣਾਂ ਤੋਂ ਪਹਿਲਾਂ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਉਹ ਭ੍ਰਿਸ਼ਟਾਚਾਰ ਮਿਟਾਉਣ ਲਈ ਜੀ ਜਾਨ ਲਾ ਦੇਣਗੇ। ਉਹ ਅਕਸਰ ਚੋਣ ਰੈਲੀਆਂ 'ਚ ਇਹ ਕਹਿੰਦੇ ਸੁਣਾਈ ਦਿੱਤੇ ਕਿ ਮੈਂ ਸੱਤਾ 'ਚ ਆਉਣ ਤੋਂ ਬਾਅਦ ਨਾ ਖਾਵਾਂਗਾ ਤੇ ਨਾ ਹੀ ਖਾਣ ਦੇਵਾਂਗਾ। ਵਿਦੇਸ਼ਾਂ ਤੋਂ ਕਾਲਾ ਧਨ ਕਢਵਾ ਕੇ ਐਨਾ ਲਿਆਵਾਂਗਾ ਕਿ ਹਰੇਕ ਭਾਰਤੀ ਦੇ ਖਾਤੇ ਵਿਚ 15-15 ਲੱਖ ਆ ਜਾਵੇਗਾ। ਮੋਦੀ ਸਰਕਾਰ ਦੇ ਸਾਰੇ ਲੁਭਾਉਣੇ ਨਾਅਰਿਆਂ ਦਾ ਉਲਟ ਪ੍ਰਭਾਵ ਪਿਆ ਹੈ। ਇਹਨਾਂ ਨੀਤੀਆਂ ਨੂੰ ਜ਼ਬਰਦਸਤੀ ਠੋਸਣ ਕਾਰਣ ਸਰਕਾਰ ਤੇ ਪਾਰਟੀ ਦੇ ਆਗੂ ਧਨ ਦੌਲਤ ਇਕੱਠਾ ਕਰਨ ਵਿਚ ਮਗਨ ਹੋ ਗਏ ਹਨ। ਪਰ ਉਸ ਦੀ ਨੱਕ ਹੇਠ ਉਨ੍ਹਾਂ ਦੀ ਸੱਜੀ ਬਾਂਹ ਭਾਜਪਾ ਪ੍ਰਧਾਨ ਅਮਿਤ ਸ਼ਾਹ ਦਾ ਬੇਟਾ ਜੈ ਸ਼ਾਹ ਨੇ ਪਿਛਲੇ ਦਿਨੀਂ ਹੀ ਪੰਜਾਹ ਹਜ਼ਾਰ ਰੁਪਏ ਦੀ ਕੰਪਨੀ ਬਣਾ ਕੇ ਇਕ ਸਾਲ ਦੇ ਅੰਦਰ ਹੀ 80 ਕਰੋੜ ਰੁਪਏ ਬਣਾ ਲਏ। ਫਿਰ ਇੰਨਾ ਮੁਨਾਫਾ ਬਣਾਉਣ ਵਾਲੀ ਕੰਪਨੀ ਨੂੰ ਅਚਾਨਕ ਬੰਦ ਕਰ ਦਿੱਤਾ ਗਿਆ। ਇਸ ਦੀ ਲੋੜ ਕਿਉਂ ਪਈ? ਇਸ ਦਾ ਜਵਾਬ ਲੋਕਾਂ ਨੂੰ ਚਾਹੀਦਾ ਹੈ।

ਸਿਹਤ ਸਹੂਲਤਾਂ ਦੇ ਬਜਟ 'ਚ ਕਟੌਤੀ

ਲੋਕਾਂ ਦੀਆਂ ਸਿਹਤ ਸਹੂਲਤਾਂ ਖੋਹ ਲਈਆਂ ਜਾ ਰਹੀਆਂ ਹਨ। ਯੂ. ਪੀ. ਵਿਚ

ਆਕਸੀਜਨ ਸਿਲੰਡਰ ਮੁਹੱਈਆ ਕਰਵਾਉਣ ਵਾਲੀ ਕੰਪਨੀ ਦਾ ਅੱਠ ਲੱਖ ਰੁਪਇਆ ਬਕਾਇਆ ਅਦਾ ਨਹੀਂ ਕੀਤਾ ਗਿਆ ਜਿਸ ਕਾਰਨ ਉਨ੍ਹਾਂ ਹਸਪਤਾਲਾਂ ਨੂੰ ਆਕਸੀਜ਼ਨ ਸਿਲੰਡਰਾਂ ਦੀ ਸਪਲਾਈ ਬੰਦ ਕਰ ਦਿੱਤੀ। ਨਤੀਜੇ ਵਜੋਂ ਗੋਰਖਪੁਰ ਤੋਂ ਲੈ ਕੇ ਲਖਨਊ, ਵਾਰਾਨਸੀ ਆਦਿ ਵਿਚ 500 ਤੋਂ ਵੱਧ ਬੱਚਿਆਂ ਦੀ ਮੌਤ ਹੋ ਗਈ ਹੈ। ਮਾਵਾਂ ਜਦ ਆਪਣੇ ਬੱਚਿਆਂ ਦੀਆਂ ਲਾਸ਼ਾਂ ਨੂੰ ਹਸਪਤਾਲ ਵਿਚੋਂ ਬਾਹਰ ਕੱਢਦੀਆਂ ਸਨ ਤਾਂ ਉਹ ਦ੍ਰਿਸ਼ ਬਹੁਤ ਹੀ ਦਰਦਨਾਕ ਸੀ। ਸਰਕਾਰੀ ਹਸਪਤਾਲਾਂ ਦਾ ਬੇਹੱਦ ਮੰਦਾ ਹਾਲ ਹੈ ਜਿਸ ਕਾਰਨ ਗਰੀਬ ਤੇ ਮਿਹਨਤਕਸ਼ ਲੋਕ ਆਪਣਾ ਇਲਾਜ ਕਰਵਾਉਣ ਤੋਂ ਅਸਮਰੱਥ ਹਨ।

ਸਿੱਖਿਆ ਦਾ ਮਾੜਾ ਹਾਲ

ਸਿੱਖਿਆ ਦੇ ਖੇਤਰ ਦਾ ਵੀ ਬੁਰਾ ਹਾਲ ਹੈ। ਸਕੂਲਾਂ ਤੇ ਕਾਲਜਾਂ ਦੀਆਂ ਫੀਸਾਂ ਵਿਚ ਲਗਾਤਾਰ ਵਾਧਾ ਕੀਤਾ ਜਾ ਰਿਹਾ ਹੈ। ਮੁੱਢਲੀ ਸਿੱਖਿਆ ਦੇ ਹੱਕ ਨੂੰ ਖੋਹਲਿਆ ਗਿਆ ਹੈ। ਸਿੱਖਿਆ ਦੇ ਬਜਟ ਵਿਚ ਲਗਾਤਾਰ ਕਟੌਤੀ ਕੀਤੀ ਜਾ ਰਹੀ ਹੈ। 800 ਸਕੂਲ ਤਾਂ ਪਿਛਲੇ ਦਿਨੀਂ ਪੰਜਾਬ ਸਰਕਾਰ ਨੇ ਬੰਦ ਕਰ ਦਿੱਤੇ। ਅਧਿਆਪਕਾਂ ਦੀ ਘਾਟ ਕਾਰਨ ਸਰਕਾਰੀ ਸਕੂਲਾਂ 'ਚ ਪੜ੍ਹਾਈ ਨਹੀਂ ਹੁੰਦੀ। ਜਿਹੜੀ ਸਿੱਖਿਆ ਮੁਫ਼ਤ ਹੋਣੀ ਚਾਹੀਦੀ ਹੈ ਉਸ ਖੇਤਰ ਤੋਂ ਸਰਕਾਰ ਮੁਨਾਫੇ ਦੀ ਆਸ ਰੱਖਦੀ ਹੈ। ਸਰਕਾਰੀ ਸਕੂਲਾਂ ਵਿਚ ਬੱਚਿਆਂ ਦੀ ਗਿਣਤੀ ਲਗਾਤਾਰ ਘਟਦੀ ਜਾ ਰਹੀ ਹੈ। ਪੂਰੇ ਦੇਸ਼ ਵਿਚ ਸਰਕਾਰੀ ਸਕੂਲਾਂ ਦਾ ਇਹੋ ਹਾਲ ਹੈ। ਸਰਕਾਰੀ ਸਕੂਲਾਂ ਵਿਚ ਸਾਇੰਸ ਟੀਚਰ ਨਹੀਂ, ਖੇਡ ਅਧਿਆਪਕ ਨਹੀਂ ਹਨ, ਅੰਗਰੇਜ਼ੀ ਅਧਿਆਪਕ ਨਹੀਂ ਹਨ ਤੇ ਹੋਰ ਵੀ ਕਈ ਵਿਸ਼ਿਆਂ ਦੇ ਟੀਚਰ ਨਹੀਂ ਹਨ। ਇਕ ਇਕ ਅਧਿਆਪਕ ਚਾਰ ਚਾਰ ਜਮਾਤਾਂ ਨੂੰ ਸਾਂਭ ਰਿਹਾ ਹੈ ਜਿਸ ਕਾਰਨ ਬੱਚਿਆਂ ਦੀ ਪੜ੍ਹਾਈ 'ਤੇ ਮਾੜਾ ਅਸਰ ਪੈ ਰਿਹਾ ਹੈ। ਉਨ੍ਹਾਂ ਦੀ ਜਾਂ ਤਾਂ ਕੰਪਾਰਟਮੈਂਟ ਆਉਂਦੀ ਹੈ ਜਾਂ ਉਹ ਫੇਲ ਹੋ ਰਹੇ ਹਨ। ਯੂਨੀਵਰਸਿਟੀਆਂ ਵਿਚ ਏ.ਬੀ.ਵੀ.ਪੀ. ਵੱਲੋਂ ਅਰਾਜਕਤਾ ਦਾ ਮਾਹੌਲ ਸਿਰਜਿਆ ਜਾ ਰਿਹਾ ਹੈ। ਜਿਵੇਂ ਹੈਦਰਾਬਾਦ ਯੂਨੀਵਰਸਿਟੀ, ਦਿੱਲੀ ਯੂਨੀਵਰਸਿਟੀ, ਜੇਐੱਨਯੂ, ਅਲਾਹਾਬਾਦ ਯੂਨੀਵਰਸਿਟੀ 'ਚ ਵੀ ਮਾੜਾ ਹਾਲ ਹੈ। ਹੈਦਰਾਬਾਦ ਯੂਨੀਵਰਸਿਟੀ ਵਲੋਂ ਰੋਹਿਤ ਵੇਮੁੱਲਾ ਦਾ ਵਜ਼ੀਫਾ ਬੰਦ ਕਰ ਦਿੱਤਾ ਗਿਆ। ਕੇਂਦਰੀ ਮੰਤਰੀ ਅਤੇ ਵੀ..ਸੀ. ਦੀ ਮਿਲੀਭੁਗਤ ਨਾਲ ਦਲਿਤ ਵਿਦਿਆਰਥੀ ਦੇ ਹੱਕ ਖੋਹ ਲਏ। ਉਹ ਦਲਿਤ ਹੋਣ ਕਾਰਣ ਮੁਸ਼ਕਿਲਾਂ ਦਾ ਸਾਹਮਣਾ ਕਰਦਾ ਹੋਇਆ ਖੁਦਕੁਸ਼ੀ ਕਰਨ ਲਈ ਮਜਬੂਰ ਹੋ ਗਿਆ। ਇਸ ਮਸਲੇ ਨੂੰ ਜੇ.ਐਨ.ਯੂ. ਵਿਦਿਆਰਥੀਆਂ ਵਲੋਂ ਉਠਾਉਣ ਕਾਰਣ ਉਹਨਾਂ 'ਤੇ ਦੇਸ਼ ਧ੍ਰੋਹੀ ਵਰਗੇ ਕੇਸ ਮੜ੍ਹ ਕੇ ਜੇਲ੍ਹਾਂ ਵਿਚ ਸੁੱਟਿਆ ਗਿਆ।

ਸਥਾਨਕ ਲੋਕਾਂ ਦਾ ਉਜਾੜਾ

ਸਾਮਰਾਜੀ ਦੇਸ਼ਾਂ ਦੀਆਂ ਅਲੱਗ-ਅਲੱਗ ਸੰਸਥਾਵਾਂ ਤੋਂ ਇਲਾਵਾ ਪਿਛਲੇ ਦਿਨੀਂ ਮੂਡੀਜ਼ ਸੰਸਥਾ ਨੇ ਬਹੁਤ ਪ੍ਰਚਾਰ ਕੀਤਾ ਕਿ ਪ੍ਰਧਾਨ ਮੰਤਰੀ ਮੋਦੀ ਜੀ ਨੂੰ ਭਾਰਤ ਵਿਚ

88 ਪ੍ਰਤੀਸ਼ਤ ਲੋਕ ਪਸੰਦ ਕਰਦੇ ਹਨ। ਇਸ ਲਈ ਨਰਿੰਦਰ ਮੋਦੀ ਹਰਮਨ ਪਿਆਰੇ ਨੇਤਾ ਹਨ। ਕਿਉਂਕਿ ਸਾਮਰਾਜੀ ਦੇਸ਼ ਇਥੋਂ ਦੇ ਕੁਦਰਤੀ ਖਜਾਨਿਆਂ ਨੂੰ ਲੁੱਟਣਾ ਚਾਹੁੰਦੇ ਹਨ। (ਅੰਕੜਿਆਂ ਦਾ ਵੇਰਵਾ) ਬੀ.ਜੇ.ਪੀ. ਸਰਕਾਰ ਨੇ ਝਾਰਖੰਡ, ਉੜੀਸਾ ਅਤੇ ਮੱਧ ਪ੍ਰਦੇਸ਼ ਦੇ ਲੋਕਾਂ ਤੋਂ ਉਹਨਾਂ ਦੇ ਹੱਕ ਖੋਹ ਕੇ ਉਹਨਾਂ ਦੀਆਂ ਜ਼ਮੀਨਾਂ ਇਹਨਾਂ ਕੰਪਨੀਆਂ ਨੂੰ ਕੌਡੀਆਂ ਦੇ ਭਾਅ ਵੇਚ ਦਿੱਤੀਆਂ ਹਨ। ਇਹ ਜ਼ਮੀਨਾਂ ਬੌਕਸਾਈਟ, ਟਿੱਨ, ਜ਼ਮੀਨਾਂ ਲੋਹੇ, ਕੋਲੇ, ਮੈਗਨਿਟ, ਤਾਂਬੇ ਆਦਿ ਨਾਲ ਬੇਸ਼ੁਮਾਰ ਭਰਪੂਰ ਹਨ। ਸਵਰਨ ਰੇਖਾ ਨਦੀ ਵਿਚੋਂ ਕਣ ਛਾਣਕੇ ਲੋਕ ਨਾਮਾਤਰ ਸੋਨਾ ਪ੍ਰਾਪਤ ਕਰ ਲੈਂਦੇ ਸਨ। ਹੁਣ ਪੰਜ ਸਾਲ ਲਈ ਠੇਕੇ 'ਤੇ ਦਿੱਤਾ ਤਾਂ ਜੋ ਸੋਨੇ ਦੇ ਭੰਡਾਰ 'ਤੇ ਵੀ ਕਬਜ਼ਾ ਕੀਤਾ ਸਕੇ।

ਇਸਦੇ ਵਿਰੋਧ ਵਿਚ ਲੜ ਰਹੇ ਲੋਕਾਂ ਨੂੰ ਮਾਉਵਾਦੀ ਕਹਿ ਕੇ ਝੂਠੇ ਪੁਲਿਸ ਮੁਕਾਬਲਿਆਂ ਰਾਹੀਂ ਮਾਰ ਦਿੱਤਾ ਜਾਂਦਾ ਜਾਂ ਸਾਲਾਂਬੱਧੀ ਜੇਲ੍ਹਾਂ ਵਿਚ ਸੁੱਟਿਆ ਜਾ ਰਿਹਾ ਹੈ। ਹਰ ਸੰਭਵ ਤਰੀਕੇ ਨਾਲ ਮੂਲਵਾਸੀਆਂ ਨੂੰ ਉਥੋਂ ਉਜਾੜਕੇ ਕੌਮੀ ਖ਼ਜ਼ਾਨੇ ਲੁੱਟਣ ਦਾ ਰਾਹ ਪੱਧਰਾ ਕੀਤਾ ਜਾ ਰਿਹਾ ਹੈ।

ਦੇਸ਼ ਨੂੰ ਅੰਧ ਵਿਸ਼ਵਾਸ ਵਲ ਧੱਕਿਆ ਜਾ ਰਿਹਾ

ਦੇਸ਼ ਵਿਚ ਅਜਿਹੀਆਂ ਨੀਤੀਆਂ ਵੀ ਲਾਗੂ ਕੀਤੀਆਂ ਜਾ ਰਹੀਆਂ ਹਨ ਜੋ ਵਿਗਿਆਨ ਅਤੇ ਤਕਨੀਕ ਦੇ ਖੇਤਰ ਵਿਚ ਸਾਡੇ ਦੇਸ਼ ਵਿਚ ਖੋਜ ਤੇ ਸਿੱਖਿਆ ਦੇ ਖੇਤਰ ਵਿਚ ਉਲਟ ਅਸਰ ਪਾ ਰਹੀਆਂ ਹਨ। ਕੁਝ ਸਮਾਂ ਪਹਿਲਾਂ ਵਿਗਿਆਨ ਅਤੇ ਤਕਨੀਕੀ ਮੰਤਰੀ ਹਰਸ਼ਵਰਧ ਨੇ ਇਕ ਉੱਚ ਪੱਧਰੀ ਕਮੇਟੀ ਬਣਾ ਕੇ ਉਸ ਵਿਚ ਕਿਹਾ ਸੀ ਕਿ ਉਹ ਪੰਜਤੱਤ ਦੇ ਲਾਭਾਂ 'ਤੇ ਖੋਜ ਕਰੇ ਅਤੇ ਉਸ ਦੇ ਇਸਤੇਮਾਲ ਨੂੰ ਉਤਸ਼ਾਹਿਤ ਕਰੇ। ਪੰਜਤੱਤ, ਗਊ ਮੂਤਰ, ਗੋਹੇ, ਦੁੱਧ ਤੇ ਘਿਓ ਦਾ ਮੇਲ ਹੁੰਦਾ ਹੈ। ਪੰਜਤੱਤ 'ਤੇ ਖੋਜ ਲਈ ਆਈ.ਆਈ.ਟੀ. ਦਿੱਲੀ ਨੂੰ ਨੋਡਲ ਸੰਸਥਾਨ ਨਿਯੁਕਤ ਕੀਤਾ ਗਿਆ ਹੈ।

ਅਜਿਹੀਆਂ ਖ਼ਬਰਾਂ ਹਨ ਕਿ ਮੱਧ ਪ੍ਰਦੇਸ਼ ਸਰਕਾਰੀ ਹਸਪਤਾਲਾਂ ਵਿਚ ਐਸਟ੍ਰੋ ਓ.ਪੀ.ਡੀ. (ਜੋਤਿਸ਼ ਅਧਾਰਤ ਰੋਗੀ ਵਿਭਾਗ) ਸਥਾਪਤ ਕਰਨ ਜਾ ਰਿਹਾ ਹੈ ਜਿੱਥੇ ਜੋਤਿਸ਼ੀ ਮਰੀਜ਼ਾਂ ਨੂੰ ਇਹ ਦੱਸਣਗੇ ਕਿ ਉਨ੍ਹਾਂ ਨੂੰ ਕਿਹੜੀ ਬਿਮਾਰੀ ਹੈ। ਇਹ ਕੰਮ, ਸੂਬੇ ਵੱਲੋਂ ਸਥਾਪਿਤ ਅਤੇ ਸਰਪ੍ਰਸਤੀ ਵਾਲੇ ਇਕ ਸੰਸਥਾਨ ਰਾਹੀਂ ਕੀਤਾ ਜਾਵੇਗਾ। ਉੱਤਰਾਖੰਡ ਸਰਕਾਰ ਨੇ ਸਿਹਤ ਮੰਤਰਾਲੇ ਦੇ ਆਯੁਸ਼ ਵਿਭਾਗ ਦੇ ਸਹਿਯੋਗ ਨਾਲ ਜਾਦੂਈ ਸੰਜੀਵਨੀ ਬੂਟੀ ਦੀ ਭਾਲ ਕਰਨ ਦਾ ਇਕ ਪ੍ਰਾਜੈਕਟ ਸ਼ੁਰੂ ਕੀਤਾ ਹੈ। ਸੰਜੀਵਨੀ ਬੂਟੀ ਦਾ ਜ਼ਿਕਰ ਰਮਾਇਣ ਵਿਚ ਹੈ। ਜਦ ਲਕਸ਼ਮਨ, ਰਾਵਨ ਨਾਲ ਯੁੱਧ ਦੌਰਾਨ ਬੇਹੋਸ਼ ਹੋ ਗਿਆ ਸੀ ਤਦ ਹਨੂੰਮਾਨ ਨੂੰ ਇਹ ਬੂਟੀ ਲਿਆਉਣ ਲਈ ਭੇਜਿਆ ਗਿਆ ਕਿਉਂਕਿ ਉਹ ਉਸ ਬੂਟੀ ਦੀ ਪਛਾਣ ਨਹੀਂ ਕਰ ਸਕੇ ਸਨ। ਕਿਹਾ ਜਾਂਦਾ ਹੈ ਕਿ ਇਸ ਲਈ ਉਹ ਪੂਰੇ ਪਹਾੜ ਨੂੰ, ਜਿਸ 'ਤੇ ਉਹ ਉੱਗੀ ਸੀ, ਪੁੱਟ ਕੇ ਲੈ ਆਏ। ਵੱਕਾਰੀ ਆਈ.ਆਈ.ਟੀ. ਖੜਕਪੁਰ ਆਪਣੇ ਗ੍ਰੈਜੂਏਸ਼ਨ ਤੋਂ ਪਹਿਲਾਂ ਦੇ ਸਿਲੇਬਸ ਵਿਚ ਵਾਸਤੂਸ਼ਾਸਤਰ ਨੂੰ

ਸ਼ਾਮਿਲ ਕਰਨ ਜਾ ਰਿਹਾ ਹੈ। ਇੱਥੇ ਇਕ ਵਸਤੂਸ਼ਾਸਤਰ ਕੇਂਦਰ ਵੀ ਹੈ ਜੋ ਲੋਕਾਂ ਨੂੰ ਇਹ ਨਸੀਹਤ ਦਿੰਦਾ ਹੈ ਕਿ ਉਹ ਬੁਰੀ ਨਜ਼ਰ ਤੋਂ ਬਚਣ ਲਈ ਆਪਣੇ ਘਰਾਂ ਦੇ ਸਾਹਮਣੇ ਭਗਵਾਨ ਗਣੇਸ਼ ਤੇ ਹਨੂੰਮਾਨ ਦੀਆਂ ਮੂਰਤੀਆਂ ਲਾਉਣ। ਇਸ ਵਿਗਿਆਨਕ ਯੁੱਗ ਵਿਚ ਬੀ.ਜੇ.ਪੀ. ਸਰਕਾਰ ਦੇਸ਼ ਨੂੰ ਕਿਹੜੇ ਪਾਸੇ ਲਿਜਾ ਰਹੀ? ਲੋਕਾਂ ਨੂੰ ਇਸਦਾ ਜੁਆਬ ਚਾਹੀਦਾ ਹੈ। ਲੋਕ ਦੇਰ ਸਵੇਰ ਇਹ ਜਵਾਬ ਜ਼ਰੂਰ ਮੰਗਣਗੇ ਕਿਉਂਕਿ ਵਿਗਿਆਨ ਨੇ ਲੋਕਾਂ ਨੂੰ ਤਕਨੀਕੀ ਤਰੱਕੀ ਨਾਲ ਜੋੜ ਲਿਆ ਹੈ।

ਇਸ ਹਾਲਾਤ ਨੂੰ ਕਿਵੇਂ ਬਦਲਿਆ ਜਾ ਸਕਦਾ ਹੈ।

ਇਸ ਸਰਮਾਏਦਾਰੀ ਵਿਵਸਥਾ ਦੇ ਖ਼ਿਲਾਫ਼ ਕੌਣ ਲੜ ਸਕਦਾ ਹੈ? ਸਾਡੇ ਸਮਾਜ ਵਿਚ ਬਹੁਤ ਵੱਡਾ ਵਰਗ ਉਨ੍ਹਾਂ ਮਿਹਨਤਕਸ਼ ਕਿਰਤ ਕਰਨ ਵਾਲੇ ਲੋਕਾਂ ਦਾ ਹੈ, ਜਿਹੜੇ ਵਰਤਮਾਨ ਸਿਸਟਮ ਵਿਚ ਸਹੂਲਤਾਂ ਹਾਸਲ ਨਹੀਂ ਕਰ ਸਕਦੇ। ਜਿਸ ਵਿਚ ਉਨ੍ਹਾਂ ਦੇ ਜੀਵਨ ਦਾ ਵਿਕਾਸ ਅੱਛੀ ਤਰ੍ਹਾਂ ਹੋ ਸਕੇ। ਉਹ ਸਿੱਖਿਆ, ਗਿਆਨ, ਸਿਹਤ ਸਹੂਲਤਾਂ, ਰਹਿਣਯੋਗ ਮਕਾਨ, ਕੰਮ ਕਰਨ ਦਾ ਅਧਿਕਾਰ, ਆਰਥਿਕ-ਸਮਾਜਿਕ ਬਰਾਬਰੀ ਤੋਂ ਵੰਚਿਤ ਹਨ। ਇਸ ਮਿਹਨਤਕਸ਼ (ਕਿਰਤੀ ਵਰਗ) ਵਿਚ ਪੇਂਡੂ ਗਰੀਬ, ਖੇਤ ਮਜ਼ਦੂਰ, ਸਨਅਤੀ ਮਜ਼ਦੂਰ, ਗਰੀਬ ਕਿਸਾਨ, ਸ਼ਹਿਰੀ ਗਰੀਬ ਮਜ਼ਦੂਰ, ਉੱਜੜੇ ਹੋਏ ਮਜ਼ਦੂਰ, ਫੇਰੀ ਲਾਉਣ ਵਾਲੇ ਗਰੀਬ, ਤਰਖਾਣ, ਲੁਹਾਰ, ਰਾਜ ਮਿਸਤਰੀ, ਸਫਾਈ ਕਰਮਚਾਰੀ, ਭੂਮੀਹੀਣ ਗਰੀਬ ਕਿਸਾਨ, ਛੋਟੇ ਕਾਰੀਗਰ, ਕੁਲੀ, ਰਿਕਸ਼ਾ ਚਾਲਕ, ਦੁਕਾਨਾਂ 'ਤੇ ਕੰਮ ਕਰਨ ਵਾਲੇ ਕਰਮਚਾਰੀ/ਮਜ਼ਦੂਰ, ਗੰਦਗੀ ਵਿਚੋਂ ਲਿਫਾਫੇ ਚੁਗਣ ਵਾਲੇ, ਘਰਾਂ ਵਿਚ ਕੰਮ ਕਰਨ ਵਾਲੀਆਂ ਔਰਤਾਂ, ਆਦਿਵਾਸੀ, ਸ਼ਹਿਰੀ ਬਸਤੀਆਂ 'ਚ ਰਹਿਣ ਵਾਲੇ ਕਿਰਤੀ ਆਮ ਲੋਕ ਆਦਿ। ਹਰ ਤਰ੍ਹਾਂ ਦਾ ਕੰਮ ਕਰਨ ਵਾਲਾ ਮਿਹਨਤਕਸ਼, ਜਿਸ ਵਿਚ ਵੱਡਾ ਹਿੱਸਾ ਪੇਂਡੂ ਕਿਰਤ ਕਰਨ ਵਾਲੇ ਗਰੀਬਾਂ ਦਾ ਹੈ, ਜਿਹੜੇ ਕੰਮ ਨਾ ਮਿਲਣ ਕਰਕੇ ਕੰਮ ਦੀ ਤਲਾਸ਼ ਵਿਚ ਸ਼ਹਿਰ ਨੂੰ ਮਾਈਗ੍ਰੇਟ (ਕੂਚ) ਕਰ ਰਹੇ ਹਨ। ਡਾ. ਸ਼ਿਆਮ ਸੁੰਦਰ ਦੀਪਤੀ ਦੀ ਰਿਪੋਰਟ ਅਨੁਸਾਰ ਇਸ ਵਰਗ ਦਾ ਲਗਭਗ ਅੱਧਾ ਹਿੱਸਾ ਗਰੀਬੀ ਰੇਖਾ ਤੋਂ ਥੱਲੇ ਜੋ ਕੁਪੋਸ਼ਨ, ਭੁੱਖਮਰੀ ਅਤੇ ਵੱਖ-ਵੱਖ ਬਿਮਾਰੀਆਂ ਤੋਂ ਗ੍ਰਸਤ ਹੈ। ਵਿਸ਼ੇਸ਼ ਤੌਰ 'ਤੇ ਕਿਰਤੀ ਵਰਗ ਦੀਆਂ ਮਹਿਲਾਵਾਂ ਜ਼ਿਆਦਾ ਵੰਚਿਤ ਅਤੇ ਸ਼ੋਸ਼ਤ ਹਨ। ਇਸ ਕਿਰਤੀ ਵਰਗ ਦੀ ਗਿਣਤੀ ਵੱਖ-ਵੱਖ ਸਮਾਜਿਕ ਸੰਸਥਾਵਾਂ ਦੇ ਅੰਕੜਿਆਂ ਅਨੁਸਾਰ ਲਗਭਗ 75% ਤੋਂ ਉੱਪਰ ਹੈ। ਇਸ ਤਰ੍ਹਾਂ ਕਿਰਤ ਕਰਨ ਵਾਲੇ ਇਸ ਵਰਗ ਦੀ ਗਿਣਤੀ ਦੇਸ਼ ਦੀ ਆਬਾਦੀ ਦਾ ਲਗਭਗ 90 ਕਰੋੜ ਤੋਂ ਜ਼ਿਆਦਾ ਬਣਦੀ ਹੈ।

ਸੁਆਲਾਂ ਦਾ ਸੁਆਲ ਇਹ ਹੈ ਕਿ ਮੁਲਕ ਦੀ ਹਾਲਤ ਦਿਨ-ਬ-ਦਿਨ, ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ। ਆਮ ਲੋਕਾਂ ਨੂੰ ਇਸ ਹਾਲਤ ਦੇ ਹਕੀਕੀ ਕਾਰਨਾਂ ਬਾਰੇ ਵਿਗਿਆਨਕ ਸੂਝ-ਬੂਝ ਨਹੀਂ। ਇਹ ਆਰਥਿਕ, ਸਮਾਜਿਕ ਅਤੇ ਮਾਨਸਿਕ ਬੋਝ, ਚੜ੍ਹਦੇ ਸੂਰਜ ਹੋਰ ਵੀ ਵਿਆਪਕ, ਗਹਿਰਾ ਅਤੇ ਤਿੱਖਾ ਹੁੰਦਾ ਜਾ ਰਿਹਾ ਹੈ। ਇਸ ਬੋਝ

ਹੇਠ ਦੱਬੇ ਲੋਕ ਛਟ-ਪਟਾ ਰਹੇ ਹਨ ਕਿ ਸਾਨੂੰ ਇਹਨਾਂ ਪਹਾੜਾਂ ਹੇਠੋਂ ਕੌਣ ਕੱਢੇਗਾ। ਉਹ ਡੇਰਾਵਾਦ, ਅੰਧ-ਵਿਸ਼ਵਾਸ, ਅਗਿਆਨਤਾ, ਕਿਸਮਤਵਾਦ ਦੇ ਡੂੰਘੇ, ਗਹਿਰੇ ਅਤੇ ਹਨੇਰੇ ਖੱਡੇ 'ਚ ਹੋਰ ਵੀ ਬੁਰੀ ਤਰ੍ਹਾਂ ਧੱਕੇ ਜਾ ਰਹੇ ਹਨ। ਚੜ੍ਹਦੀ ਜੁਆਨੀ ਨੂੰ ਗੈਂਗਵਾਰ, ਨਸ਼ਿਆਂ ਦੀ ਸੁਨਾਮੀ ਅਤੇ ਪਰਦੇਸਾਂ ਵੱਲ ਭੱਜਣ ਦੀ ਨਾ ਮੁੱਕਣ ਵਾਲੀ ਦੌੜ ਵੱਲ ਧੱਕਿਆ ਜਾ ਰਿਹਾ ਹੈ।

ਰੰਗ-ਬਰੰਗੀਆਂ ਰਾਜਨੀਤਕ ਹਾਕਮ ਜਮਾਤੀ ਧਿਰਾਂ, ਚੜ੍ਹਦੀ ਜੁਆਨੀ ਨੂੰ ਕਦੇ ਸਵੱਛ ਭਾਰਤ, 'ਕਦੇ ਅੱਛੇ ਦਿਨ ਆਨੇ ਵਾਲੇ ਹੈ', ਕਦੇ 'ਡਿਜ਼ੀਟਲ ਇੰਡੀਆ' ਦੀ ਮਸਤੀ 'ਚ ਮੰਤਰ-ਮੁਗਧ ਕਰ ਰਹੀਆਂ ਹਨ। ਸਿੱਖਿਆ, ਸਿਹਤ, ਬਿਜਲੀ, ਪਾਣੀ, ਰੁਜ਼ਗਾਰ, ਵਰਗੀਆਂ ਮੁੱਢਲੀਆਂ ਲੋੜਾਂ ਤੋਂ ਵੀ ਵਿਰਵੀ ਜੁਆਨੀ ਨੂੰ 'ਸੈਲਫ਼ੀ ਕਲਚਰ' ਵਿਚ ਡਬੋ ਕੇ ਮਾਰਨ ਦੇ ਰੱਸੇ ਪੈੜੇ ਵੱਟੇ ਜਾ ਰਹੇ ਹਨ।

ਅਜੇਹੇ ਵੇਲੇ ਇਨਕਲਾਬੀ ਜਮਹੂਰੀ ਸ਼ਕਤੀਆਂ ਸਿਰ ਵੱਡੀ ਜ਼ਿੰਮੇਵਾਰੀ ਆਉਂਦੀ ਹੈ ਕਿ ਉਹ ਵਿਸ਼ਾਲ ਸਾਂਝ ਲਈ ਬੁੱਕਲ ਖੋਹਲਕੇ ਅੱਗੇ ਆਉਣ ਤਾਂ ਜੋ ਕੋਈ ਹੋਰ ਹਿਟਲਰ ਪੈਦਾ ਨਾ ਹੋ ਸਕੇ। ਸਭਨਾਂ ਲੋਕ ਹਿਤੈਸ਼ੀਆਂ ਦੀ ਗਲਵਕੜੀ ਮਜ਼ਬੂਤ ਕਰਦਿਆਂ ਸਾਂਝੇ, ਲੰਮੇ ਦਮ ਰੱਖਣੇ, ਵਿਗਿਆਨਕ ਸੋਝੀ ਨੂੰ ਪਰਨਾਏ, ਲੋਕ-ਸੰਗਰਾਮ ਦੇ ਅਖਾੜੇ ਮਘਾਉਣ ਲਈ ਅੱਗੇ ਆਉਣ। ਇਹੋ ਹੀ ਇਕੋ ਇਕ ਮੁਕਤੀ ਦਾ ਸੁਵੱਲੜਾ ਰਾਹ ਹੈ।

ਮਾਰਕਸਵਾਦੀ ਵਿਚਾਰਧਾਰਾ ਨੂੰ ਪ੍ਰਣਾਈਆਂ ਅਤੇ ਅਮਲੀ ਜਾਮਾ ਪਹਿਨਾਉਣ ਵਾਲੀਆਂ ਪਾਰਟੀਆਂ ਹੀ ਸਮੁੱਚੇ ਕਿਰਤੀ ਵਰਗ ਨੂੰ ਸੂਝਵਾਨ ਬਣਾ ਸਕਦੀਆਂ ਹਨ ਅਤੇ ਆਰਥਿਕ ਅਤੇ ਰਾਜਨੀਤਕ ਸੰਘਰਸ਼ ਲਈ ਤਿਆਰ ਕਰਕੇ ਰਾਜਨੀਤਕ ਸੱਤਾ ਆਪਣੇ ਹੱਥ ਵਿਚ ਲੈਣ ਦੇ ਯੋਗ ਬਣਾ ਸਕਦੀਆਂ ਹਨ ਤਾਂ ਜੋ ਇਸ ਤਾਨਾਸ਼ਾਹੀ ਲੁਟੇਰੀ ਵਿਵਸਥਾ ਨੂੰ ਬਦਲ ਕੇ ਲੋਕ ਜਮਹੂਰੀਅਤ ਦਾ ਰਾਜ ਸਥਾਪਤ ਕਰਨ ਦੇ ਯੋਗ ਬਣਾਇਆ ਜਾ ਸਕੇ।

***

ਸਵੈ-ਚਿੰਤਨ

-ਅਮੋਲਕ ਸਿੰਘ

ਜਿਨ੍ਹਾਂ ਦੇ ਲਈ ਜਿੱਤਣ ਨੂੰ ਸੰਸਾਰ ਪਿਆ
ਘੁੰਮਣਘੇਰੀ ਦੇ ਵਿੱਚ ਕਾਹਤੋਂ ਭਟਕ ਗਏ
ਜੋ ਖੋਜ਼ੀ ਅਖਵਾਉਂਦੇ ਨੇ ਬ੍ਰਹਿਮੰਡਾਂ ਦੇ
ਚਾਰ-ਦਿਵਾਰੀ ਦੇ ਵਿੱਚ ਕਾਹਤੋਂ ਅਟਕ ਗਏ

ਦਾਅਵੇ ਕਰਦੇ ਸੀ ਜੋ ਸਭ ਕੁੱਝ ਵਾਰਨ ਦੇ
ਖਾ ਗਏ ਸੰਸੇ ਆਪਣਾ ਈ ਮੁੱਖ ਸੰਵਾਰਨ ਦੇ
ਚੜ੍ਹਦੀ ਉਮਰੇ ਗ਼ਦਰੀ ਗੂੰਜ਼ਾਂ ਪੜ੍ਹਦੇ ਸੀ
ਜੋ ਮੰਚ ਤੇ ਭਗਤ ਸਿੰਘ ਬਣ ਖੜ੍ਹਦੇ ਸੀ
ਉਡਦੇ ਬਾਜ਼ ਕਿਉਂ ਸੋਚਾਂ ਉਪਰ ਝਪਟ ਗਏ
ਚਾਰ-ਦਿਵਾਰੀ ਦੇ ਵਿੱਚ ਕਾਹਤੋਂ ਅਟਕ ਗਏ

ਸਾਰੇ ਕਹਿੰਦੇ ਰਲ਼ਕੇ ਲਾਹੁਣਾ ਜੋਕਾਂ ਨੂੰ
ਧਨ ਤੇ ਧਰਤੀ ਵੰਡ ਦੇਵਾਂਗੇ ਲੋਕਾਂ ਨੂੰ
ਚੂਰ ਚੂਰ ਹੈ ਕਰਨਾ ਜਿਨ੍ਹਾਂ ਜੰਜ਼ੀਰਾਂ ਨੂੰ
ਆਪਣੇ ਹੱਥੀਂ ਖ਼ੁਦ ਲਿਖਣੈ ਤਕਦੀਰਾਂ ਨੂੰ
ਲੋਹੇ ਦੇ ਹੱਥ ਕਿਉਂ ਮਿਲਣੇ ਨੂੰ ਤੜਫ਼ ਗਏ
ਚਾਰ-ਦਿਵਾਰੀ ਦੇ ਵਿੱਚ ਕਾਹਤੋਂ ਅਟਕ ਗਏ


ਕੂਕੇ, ਗ਼ਦਰੀ, ਬੱਬਰ ਹਰ ਯੁੱਗ ਭਿੜਦੇ ਨੇ
ਸੂਹੇ ਫੁੱਲ ਗ਼ੁਲਾਬ ਕੌਰ ਬਣ ਖਿੜਦੇ ਨੇ
ਰਹਿਮਤ ਅਲੀ, ਸਰਾਭੇ ਫਾਂਸੀ ਚੜ੍ਹਦੇ ਨੇ
ਰਾਜਗੁਰੂ, ਸੁਖਦੇਵ, ਭਗਤ ਸਿੰਘ ਲੜਦੇ ਨੇ
ਉਨ੍ਹਾਂ ਦੇ ਕਿਉਂ ਸੁਪਨੇ ਅੰਬਰੀਂ ਲਟਕ ਗਏ
ਚਾਰ-ਦਿਵਾਰੀ ਦੇ ਵਿੱਚ ਕਾਹਤੋਂ ਅਟਕ ਗਏ

ਵਰ੍ਹੇ ਛਿਮਾਹੀਂ ਹੀ ਬੱਸ ਮੇਲੇ ਲਾ ਛੱਡਣੇ
ਫੁੱਲ ਵਰਸਾਉਣੇ ਤੇ ਝੰਡੇ ਲਹਿਰਾ ਛੱਡਣੇ
ਮਾਰਕੇ ਨਾਅਰੇ ਜੇ ਘਰੀਂ ਜਾ ਵੜਨਾ ਹੈ
ਕਾਜ਼ ਅਧੂਰਾ ਕਿਸਨੇ ਪੂਰਾ ਕਰਨਾ ਹੈ
ਸਾਡੇ ਨੈਣੀਂ ਕਿਉਂ ਨਾ ਐਸੀ ਰੜਕ ਪਏ
ਚਾਰ-ਦਿਵਾਰੀ ਦੇ ਵਿੱਚ ਕਾਹਤੋਂ ਅਟਕ ਗਏ

ਨਿੱਕੜੇ ਨਿੱਕੜੇ ਝਗੜੇ ਝੇੜੇ ਛੱਡ ਦੇਵੋ
ਜਿੱਤਣ ਦੇ ਲਈ ਸਾਂਝੇ ਝੰਡੇ ਗੱਡ ਦੇਵੋ
ਸਾਂਝੇ ਕਾਜ਼ ਲਈ ਜੇ ਨਈਂ ਮਿਲਕੇ ਲੜਨਾ ਹੈ
ਫੇਰ ਸਮੇਂ ਨੇ ਕਦੇ ਮਾਫ਼ ਨਾ ਕਰਨਾ ਹੈ
ਸਦਾ ਸਲਾਮਤ ਜ਼ਿੰਦਗੀ ਦੇ ਵਿੱਚ ਮਟਕ ਰਹੇ
ਚਾਰ-ਦਿਵਾਰੀ ਦੇ ਵਿੱਚ ਕਾਹਤੋਂ ਅਟਕ ਗਏ

ਨਵੀਆਂ ਮੰਜ਼ਲਾਂ ਵੱਲ ਨੂੰ ਪੈੜਾਂ ਕਰਨੇ ਲਈ
ਬੱਸ ਚਾਹੀਦੈ ਜੇਰਾ ਪਰਬਤ ਚੜ੍ਹਨੇ ਲਈ
ਕਦਮ ਕਦਮ ਤੇ ਜੋ ਕੁਰਬਾਨੀ ਕਰਦੇ ਨੇ
ਓਹੀ ਰਲ਼ਕੇ ਫਤਿਹ ਮੋਰਚੇ ਕਰਦੇ ਨੇ
ਓਹੀ ਜਿੱਤਦੇ ਜਿਹੜੇ ਬੰਧਨ ਝਟਕ ਗਏ
ਚਾਰ-ਦਿਵਾਰੀ ਦੇ ਵਿੱਚ ਕਾਹਤੋਂ ਅਟਕ ਗਏ

ਜਿਨ੍ਹਾਂ ਦੇ ਲਈ ਜਿੱਤਣ ਨੂੰ ਸੰਸਾਰ ਪਿਆ
ਘੁੰਮਣਘੇਰੀ ਦੇ ਵਿਚ ਕਾਹਤੋਂ ਭਟਕ ਗਏ
ਜੋ ਖੋਜ਼ੀ ਅਖਵਾਉਂਦੇ ਨੇ ਬ੍ਰਹਿਮੰਡਾਂ ਦੇ
ਚਾਰ-ਦਿਵਾਰੀ ਦੇ ਵਿੱਚ ਕਾਹਤੋਂ ਅਟਕ ਗਏ



1-2 Desh Bhagat Yadgar Building
G.T. Road, Jalandhar, Punjab, India
Phone : 98140-87063
5aabparkashan@gmail.com
www.5aabparkashan.com

ISBN : 978-93-86838-22-3